*Published in Punjabi & English*
Distributed in Toronto, Calgary, Vancouver and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ-10, ਅੰਕ-4, ਅਪ੍ਰੈਲ 2020 Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

ਕੋਵਿਡ-19

## ਮੋਦੀ ਸਰਕਾਰ ਦੀ ਬਦਇੰਤਜ਼ਾਮੀ ਅਤੇ ਬੇਵੱਸ ਅਵਾਮ



**-ਬੂਟਾ ਸਿੰਘ ਨਵਾਂਸ਼ਹਿਰ**

ਇਸ ਵਕਤ ਦੁਨੀਆ ਭਿਆਨਕ ਮਹਾਂਮਾਰੀ 'ਕੋਵਿਡ-19' ਦੀ ਲਪੇਟ ਵਿਚ ਹੈ। ਕੁਲ ਆਲਮ ਵਿਚ ਮਨੁੱਖੀ ਜ਼ਿੰਦਗੀ ਅਤੇ ਆਰਥਿਕਤਾ ਠੱਪ ਹੋ ਗਈ ਹੈ। ਇਹ ਲੇਖ ਲਿਖੇ ਜਾਣ ਦੇ ਵਕਤ ਦੁਨੀਆ ਭਰ ਵਿਚ ਕਰੋਨਾ ਦੇ ਕੇਸਾਂ ਦੀ ਤਾਦਾਦ 6 ਲੱਖ 63 ਹਜ਼ਾਰ 248 ਅਤੇ ਮੌਤਾਂ ਦੀ ਤਾਦਾਦ 30865 ਹੋ ਗਈ ਹੈ। ਇਟਲੀ ਅਤੇ ਸਪੇਨ ਵਿਚ ਰੋਜ਼ਾਨਾ ਮਰਨ ਵਾਲਿਆਂ ਦੀ ਤਾਦਾਦ ਸਭ ਤੋਂ ਜ਼ਿਆਦਾ ਹੈ। ਅਮਰੀਕਾ ਵਿਚ ਇਹਨਾਂ ਮੌਤਾਂ ਦੀ ਤਾਦਾਦ ਤੇਜ਼ੀ ਨਾਲ ਵੱਧ ਰਹੀ ਹੈ। ਹੋਰ ਮੁਲਕ ਵੀ 'ਕੋਵਿਡ-19' ਦੀ ਭਿਆਨਕਤਾ ਨਾਲ ਜੂਝ ਰਹੇ ਹਨ। ਆਲਮੀ ਆਰਥਿਕਤਾ ਦੇ ਥੰਮ ਮੰਨੇ ਜਾਂਦੇ ਅਰਥਚਾਰਿਆਂ ਉੱਪਰ ਇਸ ਸਥਿਤੀ ਦੇ ਮਾੜੇ ਪ੍ਰਭਾਵ ਸਪਸ਼ਟ ਨਜ਼ਰ ਆ ਰਹੇ ਹਨ। ਸ਼ੇਅਰ ਬਾਜ਼ਾਰ ਬੁਰੀ ਤਰ੍ਹਾਂ ਗਿਰਾਵਟ ਦੀ ਲਪੇਟ ਵਿਚ ਹਨ। ਜਰਮਨੀ ਦੀ ਆਰਥਿਕਤਾ 5ਫ਼ੀ ਸਦੀ ਸੁੰਗੜ ਗਈ ਹੈ। ਹਾਲ ਹੀ ਵਿਚ ਆਈ.ਐੱਮ.ਐੱਫ. ਦੇ ਮੁਖੀ ਨੇ ਮੰਨਿਆ ਹੈ ਕਿ ਸੰਸਾਰ ਆਰਥਿਕਤਾ ਵਿਚ ਮੰਦੀ ਹੈ। ਬੇਕਾਰੀ, ਕਾਰੋਬਾਰਾਂ ਦੀ ਲਗਾਤਾਰ ਬੰਦੀ ਨਾਲ ਆਮ ਨਾਗਰਿਕ ਦੀ ਜ਼ਿੰਦਗੀ ਦੀ ਗੱਡੀ ਲੀਹੋਂ ਲੱਥ ਗਈ ਹੈ, ਉੱਪਰੋਂ ਜ਼ਰੂਰੀ ਵਸਤਾਂ ਦੀ ਬਲੈਕ, ਜਮਾਂਖ਼ੋਰੀ ਅਤੇ ਭੈਭੀਤ ਹੋ ਕੇ ਵਾਧੂ ਖ਼ਰੀਦਦਾਰੀ ਆਮ ਲੋਕਾਂ ਦੀਆਂ ਜੇਬਾਂ ਕੱਟ ਰਹੀ ਹੈ। ਇਸ ਸੰਕਟ ਨਾਲ ਵੱਖੋ-ਵੱਖਰੇ ਮੁਲਕਾਂ ਦੀ ਆਰਥਿਕਤਾ ਕਿੰਨੀ ਨੁਕਸਾਨੀ ਗਈ ਇਸ ਦੀ ਅਸਲ ਹਾਲਤ ਸਾਹਮਣੇ ਆਉਣ ਲਈ ਅਜੇ ਵਕਤ ਲੱਗੇਗਾ ਲੇਕਿਨ ਇਕ ਚੀਜ਼ ਜੱਗਜ਼ਾਹਰ ਹੈ ਕਿ 'ਕੋਵਿਡ-19' ਦੀ ਰੋਕਥਾਮ ਲਈ ਮੈਡੀਸਿਨ ਈਜਾਦ ਕਰਕੇ ਮੁਨਾਫ਼ੇ ਕਮਾਉਣ ਦੀ ਕਾਰਪੋਰੇਟ ਹੋੜ ਜ਼ੋਰਾਂ 'ਤੇ ਹੈ। ਕੁਲ ਆਲਮ ਵਿਚ ਬਹੁਤ ਹੀ ਗੰਭੀਰ ਹਾਲਾਤ ਹਨ, ਸਿਰਫ਼ ਚੀਨ ਅਤੇ ਦੱਖਣੀ ਕੋਰੀਆ ਵੱਲੋਂ ਇਸ ਮਹਾਂਮਾਰੀ ਉੱਪਰ ਕਾਬੂ ਪਾ ਲੈਣ ਦੀਆਂ ਰਿਪੋਰਟਾਂ ਹਨ ਜੋ ਵੱਡੇ ਪੈਮਾਨੇ 'ਤੇ ਜਾਂਚ ਇੰਤਜ਼ਾਮਾਂ ਜ਼ਰੀਏ ਸੰਭਵ ਹੋਇਆ ਹੈ।

ਇਸ ਮਹਾਂਮਾਰੀ ਨਾਲ ਨਜਿੱਠਣ ਲਈ ਸਰਮਾਏਦਾਰਾ-ਸਾਮਰਾਜੀ ਸਰਕਾਰਾਂ ਨੂੰ ਵਿਸ਼ੇਸ਼ ਕਦਮ ਚੁੱਕਣੇ ਪਏ ਹਨ ਅਤੇ ਉਹਨਾਂ ਨੇ ਚੁੱਕੇ ਵੀ ਹਨ। ਚੀਨ ਅਤੇ ਕੋਰੀਆ ਤੋਂ ਇਲਾਵਾ ਇਟਲੀ, ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਮੁਲਕਾਂ ਦੀਆਂ ਸਰਕਾਰਾਂ ਨੇ ਵੀ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਵਿਸ਼ੇਸ਼ ਪੈਕੇਜ ਐਲਾਨੇ ਹਨ। ਜਿਹਨਾਂ ਵਿਚ ਸਿਹਤ ਸੇਵਾਵਾਂ ਅੰਦਰ ਲੋੜੀਂਦੇ ਸੁਧਾਰਾਂ ਦੇ ਨਾਲ-ਨਾਲ ਕਾਰੋਬਾਰੀਆਂ ਅਤੇ ਕਾਮਿਆਂ ਲਈ ਆਰਥਕ ਸਹਾਇਤਾ, ਫਰੀ ਜਾਂਚ ਅਤੇ ਸਿਹਤ ਸੇਵਾਵਾਂ, ਪੜ੍ਹਾਈ ਦੀ ਫ਼ੀਸ ਮਾਫ਼ੀ, ਟੈਕਸਾਂ ਅਤੇ ਕਰਜ਼ਿਆਂ ਤੋਂ ਵਿਸ਼ੇਸ਼ ਛੋਟ, ਕਈ

(ਬਾਕੀ ਸਫ਼ਾ 15 'ਤੇ)

CAMBRIDGE
Call Rani - 403-612-7881
Amar - 403-470-2627

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CONGRATULATIONS
TEAM OVER 550 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical Illness • Disability Insurance • Car Loans
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way Burnaby, B.C. V5J 3H4

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# HALL FOR RENT IN NE

For Kids Birthday Parties, Family Dinners, Meetings, Small Parties etc.

Maximum Capacity: 50 people

For more info:

Ph: 403-681-8689 or

Email: hp8689@gmail.com



# Reliance Immigration

Reliance Immigration Inc

K.P. Singh
RCIC




#205 - 13737 72 Ave
Surrey, BC, V3W 2P2
kp@relianceimmigration.ca

Off. : 604-597-0440
Fax : 604-597-2332





SECURELIFE
INSURANCE AGENCY INC.

# NOW HIRING !!!

NEW & EXPERIENCED ADVISORS

Ravinderjit Basra

416-845-6232

www.securelifeinsurance.ca



# FIVE STAR INSURANCE

Save up to 51%

• Auto • Home • Business

Get the best rates with us!

FIVE STAR INSURANCE BROKERS LIMITED

*We work with 15 major insurance companies& can get you the best prices guaranteed!*

www.fivestarinsurance.ca

*With qualified discounts

Call: Harman Pandher

905.459.0555

270 Orenda Rd., Unit # 200 Brampton, ON L6T 4X6

SARO KARAN DI AWAZ

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Malkit Singh Abbotsford (BC)
Narbhinder Singh (India) (Punjab) 935-443-0211
Buta Singh Nawan Shahr (Punjab) 946-347-4342 atoozed@gmail.com
Jaswant Zirakh (India) (Punjab) 98151-69825 jaswantzirakh@gmail.com

# ਕੈਪਟਨ ਸਰਕਾਰ ਪੰਜਾਬ ਪੁਲਿਸ ਵੱਲੋਂ ਲੋਕਾਂ ਤੇ ਢਾਹੇ ਜਾ ਰਹੇ ਤਸ਼ੱਦਦ ਨੂੰ ਤੁਰੰਤ ਰੋਕੇ : ਨੌ.ਭਾ.ਸ. ਤੇ ਪੀ.ਐੱਸ.ਯੂ.

ਕਰੋਨਾ ਦੀ ਆੜ ਹੇਠ ਪੰਜਾਬ ਸਰਕਾਰ ਦੇ ਕਰਫਿਊ ਤੋਂ ਬਾਅਦ ਕੇਂਦਰ ਸਰਕਾਰ ਨੇ ਵੀ ਇਕਦਮ 21 ਦਿਨਾਂ ਲਈ ਸਭ ਕੁੱਝ ਬੰਦ ਕਰ ਦਿੱਤਾ ਹੈ। ਲੋਕਾਂ ਦੀਆਂ ਬੁਨਿਆਦੀ ਲੋੜਾਂ ਦਾ ਪ੍ਰਬੰਧ ਕੀਤੇ ਬਿਨਾਂ ਥੋਪੇ ਇਸ ਬੰਦ ਕਾਰਨ ਸਥਿਤੀ ਇਹ ਬਣ ਗਈ ਹੈ ਕਿ ਕਰੋਨਾ ਨਾਲੋਂ ਵੱਧ ਭੁੱਖ ਨਾਲ਼ ਮੌਤਾਂ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਰੋਜਾਨਾ ਦਿਹਾੜੀ, ਮਜ਼ਦੂਰੀ ਕਰਨ ਵਾਲੇ ਲੋਕਾਂ ਦੇ ਖਾਲੀ ਭਾਂਡੇ ਖੜਕਣੇ ਸ਼ੁਰੂ ਹੋ ਗਏ ਹਨ। ਇਹਨਾਂ ਪੱਲੇ ਨਾ ਧੇਲਾ ਹੈ ਤੇ ਨਾ ਦੋ ਡੰਗ ਦੀ ਰੋਟੀ ਦਾ ਰਾਸ਼ਣ। ਇਸ ਤੋਂ ਬਿਨਾਂ ਦਵਾਈ, ਪਸ਼ੂਆਂ ਲਈ ਚਾਰਾ ਜਾਂ ਹੋਰ ਜ਼ਰੂਰੀ ਕੰਮਾਂ ਕਾਰਨ ਲੋਕਾਂ ਦਾ ਘਰੋਂ ਨਿੱਕਲਣਾ ਮਜ਼ਬੂਰ ਬਣ ਜਾਂਦੀ ਹੈ। ਲੋਕਾਂ ਦੀ ਸਮੱਸਿਆਵਾਂ ਦਾ ਢੁਕਵਾਂ ਹੱਲ ਕਰਨ ਦੀ ਥਾਂ ਸਰਕਾਰਾਂ ਵੱਲੋਂ ਪੁਲਸੀਆ ਰਾਜ ਥੋਪ ਦਿੱਤਾ ਗਿਆ ਹੈ। ਵਰਦੀਧਾਰੀ ਗੁੰਡੇ ਪਿੰਡਾਂ, ਸ਼ਹਿਰਾਂ ਵਿੱਚ ਥਾਂ-ਥਾਂ ਲੋਕਾਂ ਨੂੰ ਬੇਰਹਿਮੀ ਨਾਲ਼ ਕੁੱਟ ਰਹੇ ਹਨ। ਕੁੱਝ ਥਾਵਾਂ ਉੱਪਰ ਤਾਂ ਪੁਲਿਸ ਵੱਲੋਂ ਸਿਹਤ ਕਾਮਿਆਂ ਨੂੰ ਵੀ ਕੁੱਟਿਆ ਗਿਆ ਹੈ। ਅਸੀਂ ਨੌਜਵਾਨ ਭਾਰਤ ਸਭਾ ਤੇ ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਵੱਲੋਂ ਪੁਲਿਸ ਦੀ ਇਸ ਗੁੰਡਾਗਰਦੀ ਦੀ ਸਖਤ ਨਿਖੇਧੀ ਕਰਦੇ ਹਾਂ ਤੇ ਇਸਨੂੰ ਤੁਰੰਤ ਰੋਕੇ ਜਾਣ ਦੀ ਮੰਗ ਕਰਦੇ ਹਾਂ।



ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪਿੰਡ ਤੇ ਮੁਹੱਲਾ ਪੱਧਰ 'ਤੇ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਏ ਤੇ ਲੋਕਾਂ ਨੂੰ ਇਸ ਬਿਮਾਰੀ ਬਾਰੇ ਚੰਗੀ ਤਰ੍ਹਾਂ ਜਾਗਰੂਕ ਕਰਨ ਲਈ ਸਿਹਤ ਨਾਲ਼ ਜੁੜੇ ਵਲੰਟੀਅਰ ਭੇਜੇ। ਇਸਦੇ ਨਾਲ਼ ਹੀ ਹਰ ਨਾਗਰਿਕ ਲਈ ਭੋਜਨ, ਪਾਣੀ ਤੇ ਇਲਾਜ ਦੀ ਜ਼ਿੰਮੇਵਾਰੀ ਲਵੇ। ਲੋਕਾਂ ਨੂੰ ਸੁਚੇਤ ਕਰਕੇ ਹੀ ਬਿਮਾਰੀ ਤੋਂ ਵੀ ਬਿਹਤਰ ਢੰਗ ਨਾਲ਼ ਬਚਾਅ ਕੀਤਾ ਜਾ ਸਕਦਾ ਹੈ। ਪਰ ਇਸਦੀ ਥਾਂ ਸਰਕਾਰੀ ਗੁੰਡਾਗਰਦੀ ਕੀਤੀ ਜਾ ਰਹੀ ਹੈ। ਇਸ ਬਿਮਾਰੀ ਕਾਰਨ ਪੁਲਿਸ-ਪ੍ਰਸ਼ਾਸ਼ਨ ਹੱਥ ਅੰਨ੍ਹੀਆਂ ਤਾਕਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਨੂੰ ਭਾਰਤੀ ਰਾਜ ਪ੍ਰਬੰਧ ਲੋਕ ਮਨਾਂ ਅੰਦਰ ਆਪਣੀ ਦਹਿਸ਼ਤ ਬਿਠਾਉਣ ਲਈ ਵਰਤ ਰਿਹਾ ਹੈ। ਕਿਉਂਕਿ ਇਸ ਰਾਜ ਪ੍ਰਬੰਧ ਹੇਠ ਪੁਲਿਸ, ਸੁਰੱਖਿਆ ਬਲਾਂ ਦੀ ਭੂਮਿਕਾ ਹੀ ਲੋਕਾਂ ਦੇ ਹੱਕੀ ਸੰਘਰਸ਼ਾਂ, ਜਥੇਬੰਦੀਆਂ ਨੂੰ ਕੁਚਲਣਾ ਹੈ। ਪੰਜਾਬ ਨੇ ਅੱਤਵਾਦ ਦੇ ਦੌਰ ਨੇ ਇਸ ਵਰਦੀਧਾਰੀ ਗੁੰਡਾਗਰਦੀ ਦਾ ਕਹਿਰ ਝੱਲਿਆ ਹੈ ਤੇ ਉਸਤੋਂ ਬਾਅਦ ਵੀ ਪੁਲਿਸ ਨੂੰ ਹੱਕ ਮੰਗਦੇ ਲੋਕਾਂ ਉੱਪਰ ਜਬਰ ਕਰਨ ਲਈ ਵਰਤਿਆ ਜਾ ਰਿਹਾ ਹੈ। ਕਰੋਨਾ ਦੀ ਦਹਿਸ਼ਤ ਹੇਠ ਕਈ ਲੋਕ ਇਸ ਸਰਕਾਰੀ ਗੁੰਡਾਗਰਦੀ ਦੀ ਹਮਾਇਤ ਵੀ ਕਰ ਰਹੇ ਹਨ। ਉਹਨਾਂ ਨੂੰ ਵੀ ਅਸੀਂ ਅਪੀਲ ਕਰਦੇ ਹਾਂ ਕਿ ਉਹ ਠਰੰਮੇ ਨਾਲ ਸੋਚਣ ਤੇ ਨਜਾਇਜ਼ ਸਰਕਾਰੀ ਜਬਰ ਦੇ ਹੱਕ ਵਿੱਚ ਨਾ ਭੁਗਤਣ।

ਇਸ ਸਰਕਾਰੀ ਗੁੰਡਾਗਰਦੀ ਕਾਰਨ ਹਾਲਤ ਇੰਨੀ ਨਾਜ਼ੁਕ ਹੋ ਰਹੀ ਹੈ ਕਿ ਪੁਲਿਸ ਤੇ ਆਮ ਲੋਕਾਂ ਦਰਮਿਆਨ ਟਕਰਾਅ ਦੀਆਂ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਇਸ ਗੱਲ ਦਾ ਖ਼ਦਸ਼ਾ ਹੈ ਕਿ ਇਸ ਟਕਰਾਅ ਬਹਾਨੇ ਸਰਕਾਰ ਲੋਕਾਂ ਉੱਪਰ ਜ਼ਬਰ ਹੋਰ ਤੇਜ਼ ਕਰੇਗੀ। ਇਸ ਕਰਕੇ ਅਸੀਂ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕਰਦੇ ਹਾਂ। ਅਸੀਂ ਪੁਲਿਸ ਮੁਲਾਜ਼ਮਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਵੀ ਕਿਰਤੀ ਪਰਿਵਾਰਾਂ ਵਿੱਚੋਂ ਹਨ ਤੇ ਕਿਰਤੀ ਲੋਕਾਂ ਉੱਪਰ ਮੜ੍ਹ ਦਿੱਤੇ ਗਏ ਬੰਦ ਕਾਰਨ ਉਹਨਾਂ ਦੀਆਂ ਸਮੱਸਿਆਵਾਂ ਨੂੰ ਵੀ ਸਮਝਣ ਤੇ ਹਿੰਸਾ ਤੋਂ ਗੁਰੇਜ਼ ਕਰਨ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਇਸ ਗੁੰਡਾਗਰਦੀ ਨੂੰ ਫੌਰਨ ਨੱਥ ਪਾਈ ਜਾਵੇ ਤੇ ਲੋਕਾਂ ਦੀ ਜਾਇਜ਼ ਸਮੱਸਿਆਵਾਂ ਦਾ ਤੁਰੰਤ ਹੱਲ਼ ਕੀਤਾ ਜਾਵੇ। ਨਹੀਂ ਤਾਂ ਅਗਲੇ ਦਿਨਾਂ ਵਿੱਚ ਨਾ ਸਿਰਫ ਲੋਕ ਭੁੱਖ ਨਾਲ਼ ਮਰਨਗੇ ਸਗੋਂ ਲੋਕਾਂ ਤੇ ਪੁਲਿਸ ਦਰਮਿਆਨ ਟਕਰਾਅ ਤਿੱਖਾ ਹੋਵੇਗਾ ਜਿਸ ਲਈ ਪੂਰੀ ਤਰ੍ਹਾਂ ਸਰਕਾਰੀ ਤੰਤਰ ਜ਼ਿੰਮੇਵਾਰ ਹੋਵੇ।










ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



ਐੱਸ ਪੀ ਸਿੰਘ

# ਟੈਸਟ ਹੋ ਗਿਆ ਹੈ, ਸਭਨਾਂ ਦੇ ਅੰਦਰ ਹੈ




ਡਾਕਟਰ ਕਰੋਨਾਵਾਇਰਸ ਨੇ ਵਿਸ਼ਵੀ ਢਾਂਚੇ (ਵਰਲਡ ਆਰਡਰ) ਦਾ ਐਕਸਰੇਅ ਕੀਤਾ ਹੈ। ਸਾਡੇ ਇੱਥੇ ਇਹਨੂੰ ਸਿਸਟਮ ਆਖਦੇ ਹਨ। ਕੋਵਿਡ-19 ਦੀਆਂ ਬਿਜਲਈ ਕਿਰਨਾਂ (ਰੇਡੀਏਸ਼ਨ) ਨਾਲ ਸਾਰਾ ਢਾਂਚਾ ਚੈੱਕ ਕਰ ਲਿਆ ਗਿਆ ਹੈ। ਐਕਸਰੇਅ ਵਿੱਚ ਹਰ ਨਾੜੀ, ਹਰ ਨਬਜ਼ ਦੀ ਹਕੀਕੀ ਤਸਵੀਰ ਖਿੱਚੀ ਜਾ ਚੁੱਕੀ ਹੈ। ਸਮਾਂ ਬੀਤਣ ਦੇ ਨਾਲ ਨਾਲ ਹੋਰ ਡੂੰਘੀਆਂ ਬਿਮਾਰੀਗ੍ਰਸਤ ਤਹਿਆਂ ਦੀ ਅਸਲੀਅਤ ਵੀ ਉਜਾਗਰ ਹੁੰਦੀ ਜਾ ਰਹੀ ਹੈ। ਢਾਂਚੇ ਦੀਆਂ ਜਿਹੜੀਆਂ ਨਾੜਾਂ-ਨਬਜ਼ਾਂ ਵਿਚਦੀ ਸਿਹਤ, ਇਲਾਜ, ਭੋਜਨ, ਦਵਾਈਆਂ, ਸਿੱਖਿਆ, ਸੁਰੱਖਿਆ, ਪਿਆਰ, ਹਲੀਮੀ, ਚਿੰਤਾ, ਧਿਆਨ, ਸਹਿਜ, ਸੰਜੀਦਗੀ, ਸੰਵੇਦਨਸ਼ੀਲਤਾ, ਹਮਦਰਦੀ, ਮਦਦ ਵਰਗੇ ਪਦਾਰਥਾਂ, ਸੇਵਾਵਾਂ, ਭਾਵਨਾਵਾਂ ਨੇ ਨਿਰੰਤਰ ਵਹਿਣਾ ਸੀ, ਉੱਥੇ ਬੇਦਰਦੀ, ਉਦਾਸੀਨਤਾ, ਤੰਗੀ-ਤੁਰਸ਼ੀ, ਬੇਈਮਾਨੀ, ਹਕੂਮਤੀ ਗ਼ੈਰਯਕੀਨੀ ਨੇ ਸਭ ਵਹਿਣਾਂ ਨੂੰ ਡੱਕੇ ਲਾ ਰੱਖੇ ਹਨ।

ਪੂਰੇ ਧਰਤ-ਗ੍ਰਹਿ ਦਾ ਐਕਸਰੇਅ ਹੁਣ ਕੁੱਲ ਲੋਕਾਈ ਦੇ ਸਾਹਮਣੇ ਹੈ। ਬਿਮਾਰੀ ਬਾਰੇ ਦਹਾਕਿਆਂ ਤੋਂ ਭਰਪੂਰ ਜਾਣਕਾਰੀ ਸੀ, ਲੋਕ-ਸਰੋਕਾਰਾਂ ਨਾਲ ਜੁੜੇ ਘੁਲਾਟੀਏ ਵਰ੍ਹਿਆਂ ਤੋਂ ਤੱਥਾਂ, ਅੰਕੜਿਆਂ ਅਤੇ ਜ਼ਮੀਨੀ ਹਕੀਕਤਾਂ ਦੇ ਹਵਾਲੇ ਦੇ ਕੇ "ਸਿਸਟਮ ਹੀ ਵਿਗੜਿਆ ਪਿਆ ਹੈ" ਤੋਂ ਅਗਾਂਹ ਦੀ ਹਕੀਕੀ ਰੂਪਕਾਰੀ ਕਰਦੇ ਆ ਰਹੇ ਸਨ, ਪਰ ਸਰਕਾਰਾਂ, ਧਨਾਢਾਂ, ਸਿਸਟਮਖੋਰਾਂ ਨੇ ਜਵਾਬੀ ਬਿਆਨੀਆ ਸਿਰਜ ਲਿਆ ਸੀ। ਆਰਥਿਕਤਾ ਦਾ ਵਧਦਾ ਘੇਰਾ, ਬਜਟ ਦਾ ਆਕਾਰ, ਸ਼ੇਅਰ ਬਾਜ਼ਾਰ ਦੇ ਤਬਾਤੋੜ ਚੜ੍ਹਾਅ, ਜੀਡੀਪੀ ਦਾ ਪੈਮਾਨਾ ਅਤੇ ਗ਼ਰੀਬੀ ਰੇਖਾ ਨੂੰ 'ਤਾਹਾਂ-ਠਾਹਾਂ ਕਰਕੇ ਖੇਡੀਆਂ ਜਾ ਰਹੀਆਂ ਖੇਡਾਂ ਨਾਲ ਸਾਬਤ ਕੀਤਾ ਜਾ ਰਿਹਾ ਸੀ ਕਿ ਮੁਲਕ ਤਰੱਕੀਯਾਫ਼ਤਾ ਹੋ ਚੁੱਕਾ ਹੈ, ਸਾਡੀਆਂ ਯਾਰੀਆਂ ਵੱਡਿਆਂ-ਡਾਹਢਿਆਂ ਨਾਲ ਪੈ ਗਈਆਂ ਹਨ ਅਤੇ ਓਬਾਮਾ-ਟਰੰਪ ਨਾਲ ਸਾਡੀਆਂ ਜੱਫੀਆਂ ਜੱਗ-ਜ਼ਾਹਿਰ ਹਨ। ਕਿਸੇ ਨੂੰ ਸਾਡੀ ਸ਼ਕਤੀ ਉੱਤੇ ਸ਼ੱਕ ਹੋਵੇ ਤਾਂ ਕੋਈ ਸਰਜੀਕਲ ਸਟ੍ਰਾਈਕ ਕਰਕੇ ਵਿਖਾਈਏ?

ਵਿਸ਼ਵ ਵਿੱਚ ਸ਼ਕਤੀਸ਼ਾਲੀ ਹੋਣ ਦੀ ਦੌੜ ਲਗਾਤਾਰਤਾ ਨਾਲ ਚਲਦੀ ਆ ਰਹੀ ਹੈ। ਪਹਿਲੀ ਆਲਮੀ ਜੰਗ ਦੌਰਾਨ ਜਦੋਂ ਡਾਕਟਰ ਵਾਇਰਸ 1918 ਵਿੱਚ ਐਕਸਰੇਅ ਕਰਨ ਆਏ ਸਨ ਤਾਂ ਪ੍ਰਭਾਵਿਤ ਦੇਸ਼ ਲਾਸ਼ਾਂ ਦੇ ਅੰਕੜੇ ਲੁਕਾਉਂਦੇ ਰਹੇ। ਸੱਚ ਦੱਸਣ ਵਾਲਾ ਦੇਸ਼ਧ੍ਰੋਹੀ ਗਰਦਾਨਿਆ ਜਾਂਦਾ। ਕਿੰਨੇ ਮਰੇ, ਇਹ ਫ਼ੌਜੀ ਰਾਜ਼ ਸੀ। ਮਿਲਟਰੀ ਸੀਕ੍ਰੇਟ। ਪਰ ਸਪੇਨ ਲੜਾਈ ਦਾ ਹਿੱਸਾ ਨਹੀਂ ਸੀ, ਉਸ ਅੰਕੜੇ ਸੈਂਸਰ ਨਾ ਕੀਤੇ ਸਗੋਂ ਸੱਚ ਪ੍ਰਕਾਸ਼ਿਤ ਕਰ ਦਿੱਤਾ। ਜੰਗ ਵਿੱਚ ਸਿੱਧੇ ਸਿੱਧੇ 53,000 ਅਮਰੀਕੀ ਮਾਰੇ ਗਏ ਪਰ ਜ਼ਿਆਦਾ ਪ੍ਰਚਲਿਤ ਪੈਮਾਨੇ ਨਾਲ ਨਾਪਿਆ ਦਾਅਵਾ 116,516 ਮੌਤਾਂ ਤੱਕ ਪੁੱਜਦਾ ਹੈ। ਵਾਇਰਸ ਨਾਲ ਮਰਨ ਵਾਲੇ ਅਮਰੀਕੀ ਨਾਗਰਿਕਾਂ ਦੀ ਗਿਣਤੀ ਕੋਈ ਪੰਜ ਲੱਖ ਅਤੇ ਪੌਣੇ ਸੱਤ ਲੱਖ ਦੇ ਵਿਚਕਾਰ ਦੱਸੀ ਜਾਂਦੀ ਹੈ, ਜੰਗ ਵਿੱਚ ਮਰਨ ਵਾਲਿਆਂ ਤੋਂ ਕਈ ਗੁਣਾ ਜ਼ਿਆਦਾ। ਵਿਸ਼ਵ ਭਰ ਵਿੱਚ ਇਸ ਵਾਇਰਸ ਨੇ ਕੁੱਲ ਪੰਜ ਕਰੋੜ ਤੋਂ ਦਸ ਕਰੋੜ ਲੋਕਾਂ ਦੀ ਬਲੀ ਲਈ।

ਅਮਰੀਕਾ ਨੇ ਜੱਗ ਵਿੱਚ ਵਾਰ ਵਾਰ ਆਪਣੀ ਸ਼ਕਤੀ ਦਾ ਲੋਹਾ ਮਨਵਾਇਆ ਹੈ, ਦੂਸਰੇ ਮੁਲਕਾਂ ਦੀ ਆਰਥਿਕਤਾ ਅਤੇ ਢਾਂਚੇ ਨੂੰ ਤਬਾਹ ਕਰਨ ਦੀ ਕੁੱਵਤ ਦਾ ਮੁਜ਼ਾਹਰਾ ਕੀਤਾ ਹੈ। ਵੈਨੇਜ਼ੁਏਲਾ ਅਤੇ ਇਰਾਨ ਵਰਗੇ ਵਿਕਸਤ ਦੇਸ਼ਾਂ ਦਾ ਵੀ ਕਈ ਹੱਥਕੰਡੇ ਅਪਣਾ ਕੇ ਬੁਰਾ ਹਾਲ ਕਰਨ ਵਿੱਚ ਸਫ਼ਲ ਰਿਹਾ ਹੈ। ਸੋਵੀਅਤ ਸੰਘ ਨੂੰ ਤਬਾਹ ਕਰਨ ਲਈ ਹਰ ਹੀਲਾ ਵਰਤਿਆ ਗਿਆ। ਹਕੀਕੀ ਇਤਿਹਾਸ ਪੜ੍ਹੋ ਤਾਂ ਸਮਝ ਆਉਂਦਾ ਹੈ ਕਿ 1918 ਵਿੱਚ ਇੰਗਲੈਂਡ, ਫਰਾਂਸ, ਅਮਰੀਕਾ, ਜਪਾਨ, ਆਸਟਰੇਲੀਆ, ਕੈਨੇਡਾ, ਚੈਕੋਸਲੋਵਾਕੀਆ, ਸਰਬੀਆ, ਇਟਲੀ, ਪੋਲੈਂਡ, ਯੂਨਾਨ ਅਤੇ ਰੋਮਾਨੀਆ ਦਾ ਸੋਵੀਅਤ ਸੰਘ ਉੱਤੇ ਸਾਂਝਾ ਹਮਲਾ ਸੀ। ਜਾਪਾਨ ਦੀ ਇਸ ਮੁਲਕ ਉੱਤੇ 1931 ਵਾਲੀ ਚੜ੍ਹਾਈ ਤੋਂ ਬਾਅਦ ਹਮਲਾ ਲਗਾਤਾਰ ਜਾਰੀ ਰਿਹਾ ਪਰ ਸਭਨਾਂ ਧਾੜਵੀਆਂ ਨੂੰ ਅੰਤ ਸੋਵੀਅਤ ਯੂਨੀਅਨ ਨੇ ਦੂਜੀ ਆਲਮੀ ਜੰਗ ਵਿੱਚ ਹਰਾ ਦਿੱਤਾ। ਅਗਲੇ 45 ਸਾਲ ਸ਼ੀਤ ਯੁੱਧ ਚੱਲਿਆ, ਸੋਵੀਅਤ ਯੂਨੀਅਨ ਦੇ ਟੋਟੇ ਹੋਏ ਪਰ ਕੀ ਅਮਰੀਕਾ ਜੇਤੂ ਉੱਭਰਿਆ?

ਜ਼ਰਾ ਸੋਚੋ, ਜੇ ਦੂਜੀ ਆਲਮੀ ਜੰਗ ਵਾਲੀ ਆਪਸੀ ਮਿਲਵਰਤਣ ਦੀ ਨੀਤੀ ਨੂੰ ਜਾਰੀ ਰੱਖਿਆ ਜਾਂਦਾ ਤਾਂ ਅਮਰੀਕੀ, ਰੂਸੀ, ਵਿਸ਼ਵੀ ਮਨੁੱਖੀ ਸੱਭਿਅਤਾ ਅਤੇ ਆਰਥਿਕਤਾ ਅੱਜ ਕਿਸ ਮੁਕਾਮ 'ਤੇ ਹੁੰਦੀ? ਅੱਜ ਦੁਨੀਆ ਦੇ ਸਭ ਤੋਂ ਅਮੀਰ-ਤਰੀਨ ਦੇਸ਼ ਵਿੱਚ ਇੱਕ ਪ੍ਰਤੀਸ਼ਤ ਬਨਾਮ 99 ਪ੍ਰਤੀਸ਼ਤ ਦੀ ਜੰਗ ਜਾਰੀ ਹੈ, ਸਭਨਾਂ ਮਿਆਰਾਂ ਉੱਤੇ ਅਮਰੀਕਾ ਦਾ ਸਿਹਤ ਢਾਂਚਾ ਚਰਮਰਾ ਰਿਹਾ ਹੈ, ਪਬਲਿਕ ਐਜੂਕੇਸ਼ਨ ਦਾ ਬੁਰਾ ਹਾਲ ਹੈ, ਜਨਤਕ ਗ਼ਫ਼ਲਤ ਚਾਰੋਂ ਪਾਸੇ ਤਾਰੀ ਹੈ। ਸਿਆਸੀ ਢਾਂਚੇ ਦੀਆਂ ਚੂਲਾਂ ਹਿੱਲ ਚੁੱਕੀਆਂ ਹਨ। ਬਹੁਤੀ ਬੁਰਾਈ ਕੀ ਕਰਨੀ, ਟਰੰਪ ਉਨ੍ਹਾਂ ਦਾ ਰਾਸ਼ਟਰਪਤੀ ਹੈ। ਤੁਹਾਡੇ ਕੋਲ ਦੇਣ ਲਈ ਕੋਈ ਸਰਾਪ ਹੀ ਨਹੀਂ ਬਚਿਆ।

ਅਮਰੀਕਾ ਦਾ ਦੂਜਾ ਵੱਡਾ ਹਮਲਾ ਚੀਨ 'ਤੇ ਰਿਹਾ। ਵਿਸ਼ਵੀ ਸਰਬਉੱਚਤਾ (supremacy) ਦੀ ਇਹ ਜੰਗ ਦੋਹਾਂ ਨੂੰ ਮਹਿੰਗੀ ਪੈ ਰਹੀ ਹੈ। ਜਿਸ ਇਰਾਨ ਨੂੰ ਤਬਾਹ ਕਰਨ ਵਿੱਚ ਅਮਰੀਕਾ ਨੇ ਕੋਈ ਕਸਰ ਨਹੀਂ ਛੱਡੀ, ਅੱਜ ਜਦੋਂ ਮਹਾਂਮਾਰੀ ਨਾਲ ਨਾ ਨਿਪਟ ਸਕਿਆ ਤਾਂ ਕੀ ਉਸ ਤੋਂ ਬਾਕੀ ਦੀ ਦੁਨੀਆਂ ਨੂੰ ਖ਼ਤਰਾ ਨਹੀਂ? ਅਮਰੀਕਾ ਵਰਗੇ ਵਿਕਸਤ ਅਮੀਰ ਦੇਸ਼ ਵਿੱਚ ਵੀ ਹਫ਼ਤਿਆਂ ਤੱਕ ਹੇਠਲਾ ਸਿਹਤ ਢਾਂਚਾ ਕਰੋਨਾ ਵਾਇਰਸ ਦੇ ਵਿਆਪਕ ਟੈਸਟ ਕਰਨ ਲਈ ਤਿਆਰ ਨਹੀਂ ਸੀ। ਸਾਡੇ ਮੁਲਕ ਵਿੱਚ ਕਿਸ ਦਾ ਟੈਸਟ ਕੀਤਾ ਜਾਣਾ ਹੈ, ਇਸ ਬਾਰੇ ਸਰਕਾਰੀ ਤਹਿਰੀਰ ਵਿੱਚ ਵਿਆਪਕ ਬਰਬਾਦੀ ਦੀ ਦਾਸਤਾਨ ਲਿਖ ਦਿੱਤੀ ਗਈ ਸੀ। ਗੁਆਂਢੀ ਪਾਕਿਸਤਾਨ ਕੋਲ ਕਿਹੋ ਜਿਹੀਆਂ ਸਿਹਤ ਸਹੂਲਤਾਂ ਹਨ, ਕਿਸੇ ਤੋਂ ਲੁਕਿਆ ਨਹੀਂ। ਅਸੀਂ ਆਪਣਾ ਨਿਸ਼ਾਨਾ ਪਾਕਿਸਤਾਨ ਨੂੰ ਹਰਾਉਣ 'ਤੇ ਲਾ ਰੱਖਿਆ ਹੈ। ਥਾਲੀਆਂ, ਤਾੜੀਆਂ ਵਜਾਉਣ ਤੋਂ ਬਾਅਦ ਮਾਹਿਰਾਂ ਦੀ ਸੁਣੋਗੇ ਤਾਂ ਟੀਵੀ ਉੱਤੇ ਸਾਹੋ-ਸਾਹ ਹੋਏ ਪੱਤਰਕਾਰਾਂ ਦੇ ਇਹ ਫਕਵੰਜ ਭੁੱਲ ਜਾਣਗੇ ਕਿ ਹਮ ਨੇ ਦੇਸ਼ ਜਿਤਾਨਾ ਹੈ, ਕਰੋਨਾ ਕੋ ਹਰਾਨਾ ਹੈ।

ਦੇਸ਼ ਇੰਝ ਨਹੀਂ ਜਿੱਤਦੇ ਅਤੇ ਮਹਾਂਮਾਰੀਆਂ ਇੰਝ ਨਹੀਂ ਲੜੀਆਂ ਜਾਂਦੀਆਂ। ਇਹਦੇ ਲਈ ਇੱਕ ਸਿਹਤਯਾਬ, ਨਰੋਆ ਸਮਾਜ ਉਸਾਰਨਾ ਪੈਂਦਾ ਹੈ। ਦਹਾਕਿਆਂ ਦੇ ਨਵ-ਉਦਾਰਵਾਦ ਨੇ ਅੱਜ ਕਿੱਥੇ ਲਿਆ ਖੜ੍ਹਾ ਕੀਤਾ ਹੈ? ਮਹਾਂਮਾਰੀ ਆਪਣੀ ਚਾਲ ਚਲਦੀ ਹੈ। ਵਿਕਸਤ ਮਨੁੱਖੀ ਸੱਭਿਅਤਾ ਨੇ ਉਹਦੀ ਚਾਲ ਨੂੰ ਰੋਕਣਾ ਹੁੰਦਾ ਹੈ। ਇਹਦੇ ਲਈ ਕਾਰਗਰ ਸਿਹਤ ਸਹੂਲਤਾਂ ਵਾਲਾ ਸਿਸਟਮ ਬਣਾਉਣਾ ਪੈਂਦਾ ਹੈ। ਮਨੁੱਖੀ ਸੱਭਿਅਤਾ ਨੇ ਹੁਣ ਤੱਕ ਮਹਾਂਮਾਰੀਆਂ ਦਾ ਨਿਰੰਤਰ ਪ੍ਰਵਾਹ ਵੇਖਿਆ ਹੈ। ਹਰ ਵਾਰੀ ਇਹ ਨਵੇਂ ਤਰੀਕੇ ਨਾਲ ਹਮਲਾ ਕਰਦੀ ਹੈ, ਹਰ ਵਾਰੀ 'ਚਾਣਚੱਕ ਆਉਂਦੀ ਹੈ, ਪਰ ਫਿਰ ਵੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ ਕਿ ਅਗਲੀ ਵਾਰੀ ਵੀ ਇਹ ਆਵੇਗੀ, ਅਤੇ ਚਾਣਚੱਕ ਹੀ ਆਵੇਗੀ।

ਜੇ ਅਸੀਂ ਸੱਚਮੁੱਚ ਸੱਭਿਅਕ ਹਾਂ ਤਾਂ ਡਾਕਟਰ ਵਾਇਰਸ ਤੋਂ ਕੀ ਸਿੱਖਿਆ ਹੈ? ਕਿਸੇ ਕਾਰਗਰ ਸਮਾਜ ਵਿੱਚ ਇਨ੍ਹਾਂ ਮਹਾਂਮਾਰੀਆਂ ਅਤੇ ਇਨ੍ਹਾਂ ਤੋਂ ਛੋਟੀਆਂ ਵੱਡੀਆਂ ਦਰਜਨਾਂ, ਸ਼ਾਇਦ ਸੈਂਕੜੇ, ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਲੱਖਾਂ ਹੀ ਲੋਕ ਇੰਤਜ਼ਾਮੀਏ ਵਿੱਚ ਪੱਕੇ ਤੌਰ ਉੱਤੇ ਸ਼ੁਮਾਰ ਹੁੰਦੇ। ਪਿੰਡ ਦੇ ਮੁੱਢਲੇ ਸਿਹਤ ਕੇਂਦਰ, ਕਸਬੇ ਦੀ ਡਿਸਪੈਂਸਰੀ ਤੋਂ ਲੈ ਕੇ ਸ਼ਹਿਰਾਂ, ਮਹਾਂਨਗਰਾਂ ਦੇ ਹਸਪਤਾਲ ਧਰਵਾਸ ਦੇਂਦੇ ਕਿ ਸਮਾਜ ਦਾ ਤਹੱਈਆ ਹੈ ਕਿ ਕਰੋਨਾ ਕੋ ਹਰਾਨਾ ਹੈ। ਹਾਲੇ ਤਾਂ ਕੇਵਲ ਥਾਲੀ ਵਜਾਉਣਾ ਹੈ।

ਗ਼ਰੀਬ ਨੂੰ ਕੀ ਸੋਸ਼ਲ ਡਿਸਟੈਂਸ ਸਮਝਾਉਣਾ? ਉਹਦੇ ਤੋਂ ਤਾਂ ਸਾਡਾ ਸਮਾਜਿਕ ਫਾਸਲਾ ਪਹਿਲਾਂ ਹੀ ਮੀਲਾਂ ਦਾ ਹੈ। ਘਰਾਂ ਅੰਦਰ ਰਹਿਣ ਲਈ ਕਹਿਣ ਤੋਂ ਪਹਿਲੋਂ ਨਿੱਤ ਘਰ ਕੰਮ ਕਰਦੀਆਂ ਮਾਈਆਂ ਨੂੰ ਘਰਾਂ ਵਿੱਚੋਂ ਕੱਢ ਦਿੱਤਾ ਗਿਆ ਹੈ। ਦਿਹਾੜੀਦਾਰਾਂ ਨੂੰ ਘਰ-ਬੰਦ ਤਾਂ ਕੀਤਾ ਗਿਆ ਹੈ, ਪਰ ਬੰਦੋਬਸਤ ਦੀ ਕੋਈ ਸਰਕਾਰੀ ਸੁਰਖ਼ੀ ਨਹੀਂ ਛਪੀ। ਕਦੀ ਚਿਹਰੇ ਉੱਤੇ ਜਾਤ ਚੜ੍ਹਾ ਲੈਂਦੇ ਹਾਂ, ਕਦੀ ਉਹਦੀ ਔਕਾਤ ਦਾ ਪਰਦਾ ਬਣਾ ਲੈਂਦੇ ਹਾਂ। ਉਹਦੇ ਸਕੂਲ, ਕਾਲਜ, ਹਸਪਤਾਲ ਵੱਖਰੇ, ਉਹਦੀ ਚਾਹ ਦੀ ਦੁਕਾਨ ਵੱਖਰੀ। ਉਹਦੀਆਂ ਬਸਤੀਆਂ, ਨਾਲੀਆਂ, ਪਗਡੰਡੀਆਂ ਵੱਖਰੀਆਂ। ਹੁਣ ਸ਼ਤਾਬਦੀਆਂ ਅਤੇ ਰਾਜਧਾਨੀਆਂ ਦੇ ਦੌਰ ਵਿੱਚ ਉਹਦੀਆਂ ਰੇਲਗੱਡੀਆਂ ਵੱਖਰੀਆਂ। ਸਾਡੇ ਮਾਲ ਅਤੇ ਸ਼ੌਪਿੰਗ ਸੈਂਟਰ ਤੋਂ ਦੂਰ ਕਿਸੇ ਫੁੱਟਪਾਥ ਕਿਨਾਰੇ ਉਹਦੀ ਸਸਤੇ ਅਤੇ ਟਿਕਾਊ ਮਾਲ ਦੀ ਸੇਲ, ਉਹਦੀਆਂ ਰਾਸ਼ਨ ਦੀਆਂ ਦੁਕਾਨਾਂ ਵੱਖਰੀਆਂ। ਇਹ ਡਾਕਟਰ ਕਰੋਨਾ ਵਾਇਰਸ ਹੀ ਇੱਕੋ ਅੱਖ ਨਾਲ ਵੇਖ ਸਭਨਾਂ ਨੂੰ ਯਕਜ਼ਿਹਤੀ ਦਾ ਮੰਤਰ ਵੰਡੀ ਜਾ ਰਿਹਾ ਹੈ। ਕਰੋਨਾ ਤੋਂ ਉਨ੍ਹਾਂ ਨੂੰ ਡਰਾ ਰਹੇ ਹੋ ਜਿਹੜੇ ਨਜ਼ਲੇ-ਖਾਂਸੀ-ਜ਼ੁਕਾਮ-ਜੁਲਾਬ ਨਾਲ ਵੀ ਮਰ ਜਾਂਦੇ ਨੇ, ਕੋਈ ਬਾਤ ਨਹੀਂ ਪੁੱਛਦਾ। ਕਰੋਨਾ ਚਲਾ ਗਿਆ ਤਾਂ ਲੂ ਨਾਲ ਮਰਨੇ ਨੇ। ਤੁਹਾਨੂੰ ਪਤਾ ਹੈ ਕਿ ਤੁਸਾਂ ਉਹ ਸੁਰਖ਼ੀਆਂ ਵੀ ਪੜ੍ਹਨੀਆਂ ਹਨ।

ਜੇ ਬਚੇ ਤਾਂ ਅਸਾਂ ਕਰੋਨਾ-ਫ਼ਾਇਦਿਆਂ ਵਾਲਾ ਦੌਰ ਵੀ ਵੇਖਣਾ ਹੈ। ਇਸੇ ਨੂੰ ਨਾਓਮੀ ਕਲੇਨ ਨੇ ਆਪਣੀ ਕਿਤਾਬ 'The Shock Therapy' (ਸਦਮਾ ਸਿਧਾਂਤ) ਵਿੱਚ 'ਆਫ਼ਤੀ ਪੂੰਜੀਵਾਦ' (disaster capitalism) ਦਾ ਖ਼ਿਤਾਬ ਦਿੱਤਾ ਹੈ, ਜਿੱਥੇ ਜੰਗਾਂ-ਯੁੱਧਾਂ, ਆਤੰਕੀ ਹਮਲਿਆਂ, ਕੁਦਰਤੀ ਬਿਪਤਾਵਾਂ ਤੋਂ ਹੰਭੀ ਹੋਈ ਸਦਮਾਗ੍ਰਸਤ ਲੋਕਾਈ ਤੋਂ ਨਫ਼ਾ ਕਮਾਇਆ ਜਾਂਦਾ ਹੈ।

ਹਰ ਵਾਰੀ ਹਰ ਮਹਾਂਮਾਰੀ ਨੇ ਉਹੀ ਸਵਾਲ ਦੁਬਾਰਾ ਪੁੱਛੇ ਹਨ। ਸਮਾਜ ਬਾਰੇ; ਸਮਾਜਿਕ ਹੋਣ ਬਾਰੇ; ਤਿਆਗ, ਪਿਆਰ, ਮੌਤ ਅਤੇ ਸਾਡੇ ਆਖ਼ਰੀ ਨਿਸ਼ਾਨੇ ਬਾਰੇ, ਹੋਣੀ ਬਾਰੇ। ਇਹ ਹੋਂਦ ਦੇ ਸਵਾਲ ਹਨ। ਉੱਠ ਖਲੋਂਦੇ ਹਨ ਤਾਂ ਕਿਧਰੇ ਜਾਣ ਦਾ ਨਾਮ ਨਹੀਂ ਲੈਂਦੇ। ਮੇਰਾ ਕੀ ਹੋਵੇਗਾ? ਕੀ ਪਰਿਵਾਰ, ਰਿਸ਼ਤੇਦਾਰ ਨਾਲ ਖੜ੍ਹਨਗੇ? ਕੀ ਜੀਵਨ ਜੀਊਣ ਜੋਗਾ ਬਚੇਗਾ? ਕੀ ਦੁਬਾਰਾ ਸਭ ਪਹਿਲਾਂ ਵਰਗਾ ਹੋ ਜਾਵੇਗਾ? ਮੇਰੇ ਮਨਸੂਬਿਆਂ, ਸੁਫ਼ਨਿਆਂ ਦਾ ਕੀ ਬਣੇਗਾ? ਪਿਆਰ ਅਤੇ ਤਿਆਗ ਦੀ ਆਖ਼ਰੀ ਸੀਮਾ ਕੀ ਹੋਵੇਗੀ?

ਮੈਂ ਇਨ੍ਹਾਂ ਸਵਾਲਾਂ ਦਾ ਕੋਈ ਕਰੋਨਾ-ਉਲਥਾ ਵੀ ਕਰ ਸਕਦਾ ਹਾਂ ਜਿਸ ਵਿੱਚ ਮੂੰਹ 'ਤੇ ਬੰਨ੍ਹਣ ਵਾਲੀ ਤਣੀਆਂ ਵਾਲੀ ਕੱਪੜੇ ਦੀ ਟਾਕੀ ਤੋਂ ਲੈ ਕੇ ਬਾਜ਼ਾਰ ਵਿੱਚੋਂ ਹੱਥਾਂ ਉੱਤੇ ਮਲਣ ਲਈ ਨਾਖੁਸ਼ਗਵਾਰ ਜਿਹੀ ਦੁਰਗੰਧ ਵਾਲੇ ਤਰਲ ਪਦਾਰਥ ਲਈ ਭਟਕਦੀਆਂ ਭੀੜਾਂ ਨਾਲ ਜੁੜੇ ਕਈ ਜੁਮਲੇ ਵੀ ਜੁੜ ਜਾਣਗੇ ਪਰ ਤੁਸੀਂ ਰਤਾ ਪੁਰਾਣੀ ਹੀ ਲਿਖਤ ਪੜ੍ਹੋ ਜਿਹੜੀ ਉਸ ਸਾਲ ਲਿਖੀ ਗਈ ਸੀ ਜਦੋਂ ਅਸਾਂ ਇਹ ਦੇਸ਼ ਬਣਾਇਆ ਸੀ, ਹਮਸਾਇਆਂ ਦੇ ਕਤਲਾਂ ਨਾਲ ਨਾਮ ਰੁਸ਼ਨਾਇਆ ਸੀ, ਕੁਝ ਐਸਾ ਕਰ ਵਿਖਾਇਆ ਸੀ ਕਿ ਟਰੱਕ ਤੋਂ ਲੈ ਕੇ ਰਾਕੇਟ ਤਕ, ਆਪਣੀ ਢੂਈ 'ਤੇ ਵੀ ਲਿਖ ਸਕੀਏ ਕਿ ਮੇਰਾ ਭਾਰਤ ਮਹਾਨ (ਵਜਾਓ ਤਾਲੀ/ਥਾਲ਼ੀ):

"ਮੈਨੂੰ ਇਹ ਪੱਕਾ ਪਤਾ ਹੈ... ਕਿ ਸਾਡੇ ਵਿੱਚੋਂ ਹਰ ਇੱਕ ਦੇ ਅੰਦਰ ਮਹਾਂਮਾਰੀ ਪਈ ਹੋਈ ਹੈ। ਕੋਈ ਵੀ, ਧਰਤੀ ਉੱਤੇ ਕੋਈ ਵੀ ਇਹਦੇ ਤੋਂ ਮੁਕਤ ਨਹੀਂ ਹੈ। ਅਤੇ ਮੈਨੂੰ ਇਹ ਵੀ ਪਤਾ ਹੈ ਕਿ ਸਾਨੂੰ ਲਗਾਤਾਰ ਇਹ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਕਿਸੇ ਲਾਪ੍ਰਵਾਹ ਪਲ ਕਿਸੇ ਦੇ ਚਿਹਰੇ ਉੱਤੇ ਸਾਹ ਨਾ ਛੱਡ ਬੈਠੀਏ, ਉਹਦੇ ਉੱਤੇ ਇਨਫੈਕਸ਼ਨ ਨਾ ਜੜ੍ਹ ਦੇਈਏ। ਕੇਵਲ ਇਹ ਬਿਮਾਰੀ ਦੇਂਦਾ ਜੀਵਾਣੂ ਹੀ ਕੁਦਰਤੀ ਹੈ। ਬਾਕੀ ਸਭ, ਜਿਵੇਂ ਸਿਹਤ, ਇਖ਼ਲਾਕ, ਅੰਦਰੂਨੀ ਸ਼ੁੱਧਤਾ ਇਨਸਾਨੀ ਤੌਫ਼ੀਕ ਦੀ ਦੇਣ ਹਨ, ਉਸ ਜਾਗਰੂਕਤਾ ਦੀ ਜਿਹੜੀ ਇੱਕ ਪਲ ਵੀ ਥਿੜਕਣੀ ਨਹੀਂ ਚਾਹੀਦੀ। ਭਲਾਮਾਣਸ ਉਹੀ ਹੈ ਜਿਹੜਾ ਕਿਸੇ ਨੂੰ ਬਿਮਾਰੀ ਨਾ ਦੇਵੇ, ਪਲ ਭਰ ਲਈ ਵੀ ਧਿਆਨ ਨਾ ਹਟਾਵੇ। ਇਸ ਲਈ ਬੇਹੱਦ ਅੰਤਰੀਵੀ ਮਾਨਸਿਕ ਸ਼ਕਤੀ ਲੋੜੀਂਦੀ ਹੈ। ਮਹਾਂਮਾਰੀ-ਗ੍ਰਸਤ ਹੋ ਜਾਣਾ ਔਖਾ ਕਾਰਜ ਹੈ। ਇਸ ਤੋਂ ਨਿਰਲੇਪ ਰਹਿਣ ਦਾ ਤਰੱਦਦ ਵੀ ਥਕਾ ਦਿੰਦਾ ਹੈ। ਇਸੇ ਲਈ ਅੱਜ ਹਰ ਕੋਈ ਥੱਕਿਆ-ਥੱਕਿਆ ਜਾਪ ਰਿਹਾ ਹੈ। ਮਹਾਂਮਾਰੀ ਤੋਂ ਤਾਂ ਹਰ ਕੋਈ ਹੀ ਤੰਗ ਪੈ ਚੁੱਕਾ ਹੈ, ਪਰ ਇਹੋ ਹੀ ਤਾਂ ਕਾਰਨ ਹੈ ਕਿ ਸਾਡੇ ਵਿੱਚੋਂ ਕੁਝ, ਉਹ ਜਿਹੜੇ ਆਪਣੇ ਸਿਸਟਮ ਵਿੱਚੋਂ ਮਹਾਂਮਾਰੀ ਕੱਢ ਵਗਾਹ ਮਾਰਨਾ ਚਾਹੁੰਦੇ ਹਨ, ਏਨੀ ਬੁਰੀ ਤਰ੍ਹਾਂ ਥੱਕੇ ਪਏ ਹਨ, ਨਿਸਰੇ ਪਏ ਹਨ ਕਿ ਹੁਣ ਕੁਝ ਵੀ ਹੋਰ ਸਾਨੂੰ ਆਜ਼ਾਦ ਨਹੀਂ ਕਰ ਸਕਦਾ, ਸਿਵਾਏ ਮੌਤ ਤੋਂ। ੩ਜੋ ਦੁਨੀਆ ਦੀਆਂ ਸਾਰੀਆਂ ਬੁਰਾਈਆਂ ਬਾਰੇ ਸੱਚ ਹੈ, ਉਹ ਇਸ ਮਹਾਂਮਾਰੀ ਬਾਰੇ ਵੀ ਸੱਚ ਹੈ ਕਿ ਇਹ ਇਨਸਾਨਾਂ ਨੂੰ ਆਪਣੇ ਤੋਂ ਉੱਤੇ ਉੱਠਣ ਵਿੱਚ ਮਦਦ ਕਰੇਗੀ। ੩ਬਚਿਆ ਸਵਾਲ ਇਹ ਕਿ ਇਹ ਮਹਾਂਮਾਰੀ ਹੁੰਦੀ ਹੀ ਕੀ ਹੈ? ਇਹ ਜ਼ਿੰਦਗੀ ਹੀ ਹੈ, ਬਸ ਏਨੀ ਜਿਹੀ ਗੱਲ ਹੈ।"

– ਅਲਬਰਟ ਕਾਮੂ, 'ਦਿ ਪਲੇਗ' (1947)

**(ਲੇਖਕ ਸੀਨੀਅਰ ਪੱਤਰਕਾਰ ਹੈ ਅਤੇ ਕਰੋਨਾ ਤੋਂ ਵੱਧ ਇਸ ਡਰ ਨਾਲ ਜੀਊਂ ਰਿਹਾ ਹੈ ਕਿ ਕਿਤੇ ਮੁਹੱਜ਼ਬ ਸਮਾਜ ਬਾਲਕੋਨੀਆਂ ਵਿੱਚ ਖੜ੍ਹ ਹਰ ਭੁੱਖੇ, ਬਿਮਾਰੀਗ੍ਰਸਤ, ਹਾਸ਼ੀਏ-ਧੱਕੇ, ਗੁਰਬਤ-ਮਾਰੇ ਨੂੰ ਵੇਖ ਥਾਲੀਆਂ ਵਜਾਉਣਾ ਹੀ ਨਾ ਸ਼ੁਰੂ ਕਰ ਦੇਵੇ, ਹਕੂਮਤਾਂ ਨੂੰ ਪਲੇਗ ਹੋ ਸਕਦੀ ਹੈ।)**

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲੱਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com



ਜਸਵੰਤ ਜੀਰਖ

# ਡਾ. ਅਬਰਾਹਮ ਥੌਮਸ ਕਾਵੂਰ ਦੇ ਜਨਮ ਦਿਨ ਦੀ ਮੌਜੂਦਾ ਸਮੇਂ 'ਚ ਮਹੱਤਤਾ

ਅੱਜ ਜਦੋਂ ਅਸੀਂ ਡਾ. ਕਾਵੂਰ ਨੂੰ ਉਹਨਾਂ ਦੇ ਜਨਮ ਤੋਂ 124 ਸਾਲ ਬਾਅਦ ਯਾਦ ਕਰ ਰਹੇ ਹਾਂ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਸਾਡੇ ਦੇਸ਼ ਵਾਸੀਆਂ ਨੂੰ ਅੱਜ ਉਹਨਾਂ ਵੱਲੋਂ ਰੁਸ਼ਨਾਏ ਰਾਹਾਂ ਤੇ ਚੱਲਕੇ ਹੀ ਹਨੇਰੇ ਵਿੱਚ ਭਟਕਣ ਤੋਂ ਕੱਢਿਆ ਜਾ ਸਕਦਾ ਹੈ ਕਰਾਮਾਤੀ ਕ੍ਰਿਸਮਿਆਂ ਦੇ ਅਡੰਬਰ ਕਰਨ ਵਾਲੇ 'ਮਹਾਂਪੁਰਸ਼' ਅਖਵਾਉਣ ਵਾਲਿਆਂ ਦੇ ਅਸਲ ਚੇਹਰੇ ਡਾ ਕਾਵੂਰ ਨੇ ਆਪਣੀ ਪੂਰੀ ਜ਼ਿੰਦਗੀ ਲਾਕੇ ਲੋਕਾਂ ਸਾਹਮਣੇ ਲਿਆਂਦੇ ਸਨ। ਪਰ ਅੱਜ ਵੀ ਅਜਿਹੇ 'ਮਹਾਂਪੁਰਸ਼ਾਂ' ਨੂੰ ਹਕੂਮਤਾਂ ਦਾ ਥਾਪੜਾ ਜਿਉਂ ਦਾ ਤਿਉਂ ਵੇਖਿਆ ਜਾ ਸਕਦਾ ਹੈ ਜਿਸ ਨੂੰ ਦ੍ਰਿੜ੍ਹਤਾ ਨਾਲ ਲੋਕਾਂ ਦੇ ਸਨਮੁੱਖ ਕਰਨਾ ਬੇਹੱਦ ਜ਼ਰੂਰੀ ਹੈ।

ਡਾ. ਕਾਵੂਰ ਦਾ ਜਨਮ 10 ਅਪ੍ਰੈਲ 1897 ਨੂੰ ਕੇਰਲਾ ਦੇ ਸ਼ਹਿਰ ਤਿਰੂਵਾਲਾ ਵਿਖੇ ਪਿਤਾ ਸ੍ਰੀ ਰੈਵ ਕਾਵੂਰ ਦੇ ਘਰ ਹੋਇਆ ਜੋ ਕਿ ਇਕ ਗਿਰਜੇ ਦੇ ਪੁਜਾਰੀ ਸਨ। ਉਹਨਾਂ ਨੇ ਆਪਣੀ ਮੁਢਲੀ ਪੜ੍ਹਾਈ ਆਪਣੇ ਪਿਤਾ ਦੁਆਰਾ ਘਰ ਵਿੱਚ ਹੀ ਚਲਾਏ ਜਾ ਰਹੇ ਸਕੂਲ ਰਾਹੀਂ ਪ੍ਰਾਪਤ ਕੀਤੀ। ਇਸ ਉਪਰੰਤ ਆਪਣੇ ਛੋਟੇ ਭਰਾ ਡਾ ਬਹਿਨਾਨ ਕਾਵੂਰ ਨਾਲ ਬੰਗਵਾਸੀ ਕਾਲਜ ਕਲਕੱਤਾ ਤੋਂ ਜੀਵ ਵਿਗਿਆਨ ਅਤੇ ਬਨਸਪਤੀ ਵਿਗਿਆਨ ਵਿੱਚ ਉੱਚ ਵਿੱਦਿਆ ਪ੍ਰਾਪਤ ਕੀਤੀ। ਉਹਨਾਂ ਸ੍ਰੀ ਲੰਕਾ ਨੂੰ ਆਪਣੇ ਦੇਸ਼ ਦੇ ਤੌਰ ਤੇ ਅਤੇ ਤਰਕਸ਼ੀਲਤਾ ਨੂੰ ਆਪਣੇ ਮਾਰਗ ਦਰਸ਼ਨ ਦੇ ਤੌਰ 'ਤੇ ਚੁਣਿਆਂ। ਉਹ ਇਕ ਮਨੋਚਕਿਤਸਕ ਅਤੇ ਸੁਚੇਤ ਵਿਗਿਆਨੀ ਦੇ ਤੌਰ 'ਤੇ ਦੁਨੀਆਂ ਭਰ ਵਿੱਚ ਮਸ਼ਹੂਰ ਹੋਏ, ਜ਼ਿਹਨਾਂ ਉਸ ਸਮੇਂ ਸਮਾਜ ਵਿੱਚ ਫੈਲੇ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਨੂੰ ਵਿਗਿਆਨਿਕ ਤਰਕਸ਼ੀਲ ਨਜ਼ਰੀਏ ਰਾਹੀਂ ਭਾਂਜ ਦੇਕੇ ਲੋਕਾਂ ਨੂੰ ਹਨੇਰੇ 'ਚੋਂ ਕੱਢਕੇ ਨਵੀਂ ਰੌਸ਼ਨੀ ਦੇਕੇ ਜ਼ਿੰਦਗੀ ਜਿਉਣ ਦਾ ਅਸਲ ਰਸਤਾ ਵਿਖਾਇਆ। ਸ੍ਰੀਲੰਕਾ ਵਿੱਚ ਉਹਨਾਂ ਤਰਕਸ਼ੀਲ ਵਿਦਵਾਨਾਂ ਦੀ ਜੱਥੇਬੰਦੀ ਦਾ ਪ੍ਰਧਾਨ ਹੁੰਦਿਆਂ ਹਰ ਤਰ੍ਹਾਂ ਦੇ ਮਾਨਸਿਕ, ਅਰਧ ਮਾਨਸਿਕ ਅਤੇ ਦੈਵੀ ਚਮਤਕਾਰਾਂ ਦੀ ਡੂੰਘਾਈ ਤੱਕ ਜਾਕੇ ਖੋਜ ਕੀਤੀ। ਉਹਨਾਂ ਸਿੱਧ ਕੀਤਾ ਕਿ ਕਿਸੇ ਵੀ ਦੈਵੀ ਸ਼ਕਤੀ ਨੂੰ ਵੱਸ ਵਿੱਚ ਕਰਕੇ ਕੋਈ ਚਮਤਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਧਰਤੀ ਉੱਪਰ ਕਿਸੇ ਦੈਵੀ ਸ਼ਕਤੀ ਦੀ ਕੋਈ ਹੋਂਦ ਹੀ ਨਹੀਂ ਹੈ। ਦੁਨੀਆਂ ਭਰ ਦੇ ਮਨੋਚਕਿਤਸਕਾਂ ਵਿੱਚੋਂ ਉਹ ਪਹਿਲੇ ਤੇ ਸਿਰਫ ਇੱਕੋ ਇਕ ਵਿਅਕਤੀ ਸਨ, ਜਿਹਨਾਂ ਨੂੰ ਇਸ ਤਰ੍ਹਾਂ ਦੀ ਖੋਜ ਕਰਨ ਬਦਲੇ ਪੀ ਐਚ ਡੀ ਦੀ ਡਿਗਰੀ ਮਿਲੀ। ਉਹਨਾਂ ਨੇ ਇਸ ਗੱਲ ਦਾ ਐਲਾਨ ਕੀਤਾ ਕਿ ਜੋ ਵਿਅਕਤੀ ਆਪਣੇ ਕੋਲ ਰੂਹਾਨੀ, ਦੈਵੀ ਜਾਂ ਅਲੌਕਿਕ ਸ਼ਕਤੀਆਂ ਹੋਣ ਦਾ ਦਾਅਵਾ ਕਰਦੇ ਹਨ, ਉਹ ਫ਼ਰੇਬੀ, ਧੋਖੇਬਾਜ਼ ਤੇ ਪਾਖੰਡੀ ਹਨ ਜਾਂ ਕਿਸੇ ਮਨੋਵਿਕਾਰ ਦੇ ਸ਼ਿਕਾਰ ਹੁੰਦੇ ਹਨ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਨਾ ਤਾਂ ਕਦੀ ਕੋਈ ਅਲੌਕਿਕ ਦੈਵੀ ਸ਼ਕਤੀ ਵਾਲਾ ਪੈਦਾ ਹੋਇਆ ਹੈ ਤੇ ਨਾ ਹੀ ਅੱਜ ਕਿਸੇ ਕੋਲ ਕੋਈ ਗ਼ੈਬੀ ਜਾਂ ਦੈਵੀ ਸ਼ਕਤੀ ਹੈ। ਅਜਿਹੀਆਂ ਅਖੌਤੀ ਸ਼ਕਤੀਆਂ ਦਾ ਹਵਾਲਾ ਸਿਰਫ ਧਰਮ ਗ੍ਰੰਥਾਂ ਵਿੱਚ ਜਾਂ ਸਨਸਨੀ ਫੈਲਾਉਣ ਵਾਲੇ ਅਖ਼ਬਾਰਾਂ ਵਿੱਚ ਹੀ ਹੁੰਦਾ ਹੈ।

ਡਾ. ਕਾਵੂਰ ਦੋ ਸਾਲ ਸੀ ਐਮ ਐਸ ਕਾਲਜ ਕੋਟਿਆਮ ਵਿੱਚ ਸਹਾਇਕ ਪ੍ਰੋਫੈਸਰ ਦੀ ਨੌਕਰੀ ਕਰਨ ਉਪਰੰਤ ਪ੍ਰਿੰਸੀਪਲ, ਕੇਂਦਰੀ ਕਾਲਜ ਜਾਫਨਾ ਦੇ ਸੱਦੇ ਤੇ ਜਾਫਨਾ ਚਲੇ ਗਏ। ਇੱਥੇ ਪਹਿਲੇ ਸਾਲ ਹੀ ਉਹਨਾਂ ਨੂੰ ਬਨਸਪਤੀ ਵਿਗਿਆਨ ਦੇ ਨਾਲ ਬਾਈਬਲ ਪੜ੍ਹਾਉਣ ਦੀ ਜ਼ੁੰਮੇਵਾਰੀ ਵੀ ਦਿੱਤੀ ਗਈ। ਜਦੋਂ ਉਹਨਾਂ ਵੱਲੋਂ ਪੜ੍ਹਾਏ ਵਿਦਿਆਰਥੀਆਂ ਦਾ ਯੂਨੀਵਰਸਿਟੀ ਨਤੀਜਾ ਆਇਆ , ਤਾਂ ਸਾਰੇ ਵਿਦਿਆਰਥੀ ਬਾਈਬਲ ਵਿੱਚੋਂ ਬਹੁਤ ਚੰਗੇ ਨੰਬਰ ਲੈਕੇ ਪਾਸ ਹੋਏ। ਪਰ ਅਗਲੇ ਸਾਲ ਡਾ ਕਾਵੂਰ ਨੂੰ ਬਾਈਬਲ ਦਾ ਵਿਸ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਜਦੋਂ ਡਾ ਕਾਵੂਰ ਨੇ ਇਸ ਦੇ ਕਾਰਣ ਬਾਰੇ ਪ੍ਰਿੰਸੀਪਲ ਤੋਂ ਪੁੱਛਿਆ ਤਾਂ ਪ੍ਰਿੰਸੀਪਲ ਨੇ ਮੁਸਕਰਾਉਂਦਿਆਂ ਜਵਾਬ ਦਿੱਤਾ ਕਿ ਡਾ ਕਾਵੂਰ ਮੈਂ ਜਾਣਦਾ ਹਾਂ ਕਿ ਤੁਸੀਂ ਬਾਈਬਲ ਦਾ ਵਧੀਆ ਨਤੀਜਾ ਕੱਢਿਆ ਹੈ, ਪ੍ਰੰਤੂ ਤੁਹਾਡੇ ਸਾਰੇ ਵਿਦਿਆਰਥੀਆਂ ਦਾ ਧਰਮ ਵਿੱਚੋਂ ਵਿਸ਼ਵਾਸ ਉਠ ਗਿਆ ਹੈ। 1943 ਵਿੱਚ ਉਹਨਾਂ ਜਾਫਨਾ ਕੇਂਦਰੀ ਕਾਲਜ ਛੱਡਕੇ ਥਾਮਸ ਕਾਲਜ ਮਾਊਂਟ ਲਾਵੀਨੀਆ ਵਿੱਚ ਨੌਕਰੀ ਕਰ ਲਈ। ਅੰਤ 1959 ਵਿੱਚ ਉਹ ਥਰਸਟਨ ਕਾਲਜ ਕੋਲੰਬੋ ਤੋਂ ਸਾਇੰਸ ਡਿਪਾਰਟਮੈਂਟ ਦੇ ਮੁੱਖੀ ਵਜੋਂ ਸੇਵਾ ਮੁਕਤ ਹੋਏ।

ਆਪਣੇ ਅਹੁਦੇ ਤੋਂ ਸੇਵਾ ਮੁਕਤ ਹੋਣ ਉਪਰੰਤ ਉਹਨਾਂ ਨੇ ਜ਼ਿੰਦਗੀ ਭਰ ਦੇ ਦੈਵੀ ਚਮਤਕਾਰਾਂ ਅਤੇ ਮਨੋਵਿਗਿਆਨ ਸੰਬੰਧੀ ਕੀਤੀਆਂ ਖੋਜਾਂ ਬਾਰੇ ਲਿਖਣਾ ਅਤੇ ਬੋਲਣਾ ਸ਼ੁਰੂ ਕੀਤਾ। ਅੱਜ ਵੀ ਸਮਾਜ ਵਿੱਚ ਪ੍ਰਚੱਲਤ ਧਰਮਾਂ ਵੱਲੋਂ ਮੰਨੇ ਜਾਂਦੇ, ਮਨੁੱਖ ਦੇ ਅਗਲੇ ਪਿਛਲੇ ਜਨਮਾਂ ਅਤੇ ਸਵਰਗਾਂ/ਨਰਕਾਂ ਦੀਆਂ ਮਾਨਤਾਵਾਂ ਨੂੰ ਉਹਨਾਂ ਨੇ ਝੁਠਲਾਇਆ। ਉਹਨਾਂ ਸਪਸਟ ਕਰਦਿਆਂ ਕਿਹਾ ਕਿ ਸਾਰੇ ਬੱਚਿਆਂ ਦੀ ਤਰ੍ਹਾਂ ਮੈਨੂੰ ਵੀ ਬਚਪਨ ਵਿੱਚ




ਆਪਣੇ ਮਾਪਿਆਂ ਵੱਲੋਂ ਧਰਮ ਅਤੇ ਝੂਠੇ ਵਿਸ਼ਵਾਸਾਂ ਦੀ ਸਿੱਖਿਆ ਦਿੱਤੀ ਗਈ। ਜਵਾਨੀ ਵਿੱਚ ਮੇਰੇ ਲਈ ਇਨ੍ਹਾਂ ਝੂਠੇ ਵਿਸ਼ਵਾਸਾਂ ਤੋਂ ਬਚਣਾ ਪਹਾੜ ਜਿੱਡਾ ਕੰਮ ਸੀ।

ਇਸੇ ਲਈ ਉਹਨਾਂ ਫੈਸਲਾ ਕੀਤਾ ਕਿ ਉਹ ਆਪਣੇ ਬੱਚਿਆਂ ਨੂੰ ਧਰਮ ਦੇ ਨਾਂ ਤੇ ਗਲਤ ਵਿਚਾਰਾਂ ਦੀ ਸਿੱਖਿਆ ਤੋਂ ਪਾਸੇ ਰੱਖਣਗੇ। ਇਸੇ ਕਰਕੇ ਉਹਨਾਂ ਆਪਣੇ ਇਕਲੌਤੇ ਪੁੱਤਰ ਏਰੀਸ ਕਾਵੂਰ ਨੂੰ ਤਰਕਸ਼ੀਲ ਨਜ਼ਰੀਆ ਅਪਨਾਉਣ ਵੱਲ ਸੇਧਿਤ ਕੀਤਾ। ਆਪਣੇ ਪਿਤਾ ਦੇ ਪਦ-ਚਿੰਨ੍ਹਾਂ ਤੇ ਚੱਲਦਿਆਂ ਪ੍ਰੋਫੈਸਰ ਏਰੀਸ ਕਾਵੂਰ ਨੇ ਵੀ ਆਪਣੇ ਤਿੰਨਾਂ ਪੁੱਤਰਾਂ ਉੱਪਰ ਕਿਸੇ ਵੀ ਧਰਮ ਦਾ ਪ੍ਰਭਾਵ ਪੈਣ ਤੋਂ ਬਿਨਾ ਪਾਲਣ ਦਾ ਫੈਸਲਾ ਕੀਤਾ, ਜਿਸ ਲਈ ਉਹਨਾਂ ਦੀ ਬੁੱਧੀਮਾਨ ਪਤਨੀ ਜੈਕਲਿਨ ਕਾਵੂਰ ਦੀ ਵੀ ਪੂਰੀ ਹਮਾਇਤ ਹਾਸਲ ਸੀ।

ਜਦੋਂ ਡਾ. ਕਾਵੂਰ ਦੀ ਪਤਨੀ ਸ੍ਰੀਮਤੀ ਅੱਕਾ ਕਾਵੂਰ ਦੀ ਮੌਤ 1974 ਵਿੱਚ ਹੋਈ ਤਾਂ ਉਹਨਾਂ ਦਾ ਮ੍ਰਿਤਕ ਸਰੀਰ ਸ੍ਰੀ ਲੰਕਾ ਦੀ ਕੋਲੰਬੋ ਯੂਨੀਵਰਸਿਟੀ ਦੇ ਮੈਡੀਕਲ ਵਿਭਾਗ ਨੂੰ ਸੌਂਪ ਦਿੱਤਾ ਗਿਆ ਸੀ। ਉਸ ਨੂੰ ਦਫ਼ਨਾਉਣ ਜਾਂ ਸੰਸਕਾਰ ਕਰਨ ਆਦਿ ਜਾਂ ਫੁੱਲ ਪਾਉਣ ਆਦਿ ਦੀ ਕੋਈ ਵੀ ਰਸਮ ਨਹੀਂ ਸੀ ਕੀਤੀ ਗਈ। ਉਹਨਾਂ ਦੀ ਮੌਤ ਤੇ ਜੋ ਸੰਦੇਸ਼ ਉੱਥੋਂ ਦੀ ਪਾਰਲੀਮੈਂਟ 'ਚ ਪੜ੍ਹਿਆ ਗਿਆ ਉਹ ਇਸ ਤਰ੍ਹਾਂ ਸੀ, ਸ੍ਰੀਮਤੀ ਅੱਕਾ ਕਾਵੂਰ ਆਪਣੀ ਆਤਮਾ ਜਾਂ ਰੂਹ ਨੂੰ ਛੱਡੇ ਬਗੈਰ ਚੱਲ ਵੱਸੀ ਤਾਂ ਜੋ ਉੱਥੋਂ ਦੇ ਲਾਈ ਲੱਗ ਲੋਕ ਫਿਕਰਾਂ ਵਿੱਚ ਨਾ ਪੈਣ।ਡਾ . ਕਾਵੂਰ ਦੇ ਖੋਜ ਕਾਰਜਾਂ ਵਿੱਚ ਸ੍ਰੀ ਮਤੀ ਅੱਕਾ ਕਾਵੂਰ ਦੀ ਬਹੁਤ ਹੀ ਅਹਿਮ ਭੂਮਿਕਾ ਸੀ। ਸ੍ਰੀ ਮਤੀ ਅੱਕਾ ਦੇ ਮਰਨ ਦੀ ਖ਼ਬਰ ਸ੍ਰੀਲੰਕਾ ਦੇ ਸਾਰੇ ਅਖ਼ਬਾਰਾਂ ਵਿੱਚ ਤਾਂ ਛਪੀ ਪਰ ਰੇਡੀਓ ਵਿੱਚ ਨਸਰ ਨਹੀਂ ਹੋਈ। ਜਦੋਂ ਇਸ ਬਾਰੇ ਪ੍ਰਸਾਰਨ ਮੰਤਰੀ ਤੋਂ ਪੁੱਛਿਆ ਗਿਆ ਤਾਂ ਪਤਾ ਲੱਗਾ ਕਿ ਇਕ ਪਾਦਰੀ ਨੇ ਇਹ ਨਹੀਂ ਹੋਣ ਦਿੱਤੀ ਕਿਉਂਕਿ ਉਹ ਡਾ ਕਾਵੂਰ ਦੇ ਵਿਚਾਰਾਂ ਨੂੰ ਆਪਣੇ ਧਰਮ ਦੇ ਵਿਰੋਧੀ ਸਮਝਦਾ ਸੀ।

ਅੱਜ ਵੀ ਵੱਖ ਵੱਖ ਧਰਮਾਂ ਦੇ ਅਖੌਤੀ ਠੇਕੇਦਾਰ, ਵਿਗਿਆਨਿਕ ਅਤੇ ਸਹੀ ਵਿਚਾਰਾਂ ਦੇ ਵਿਰੋਧ ਵਿੱਚ ਝੂਠੇ ਪ੍ਰਚਾਰ ਰਾਹੀਂ ਲੋਕਾਂ ਨੂੰ ਇਸ ਕਰਕੇ ਗੁਮਰਾਹ ਕਰ ਰਹੇ ਹਨ, ਕਿਉਂਕਿ ਝੂਠੇ ਧਾਰਮਿਕ ਅਡੰਬਰਾਂ ਨਾਲ ਹੀ ਉਹਨਾਂ ਦੀਆਂ ਦੁਕਨਦਾਰੀਆਂ ਚੱਲ ਰਹੀਆਂ ਹਨ। ਮੌਜੂਦਾ ਸਮੇਂ ਵਿੱਚ ਦੁਨੀਆਂ ਭਰ ਵਿੱਚ ਫੈਲੀ ਕਰੋਨਾ ਵਾਇਰਸ ਦੀ ਬਿਮਾਰੀ ਦੇ ਇਲਾਜ ਲਈ ਭਾਰਤ ਵਿੱਚ ਗਊ ਮੂਤਰ ਪੀਣ,ਗਊ ਗੋਹੇ ਨਾਲ ਇਸ਼ਨਾਨ ਕਰਨ, ਹਵਨ ਤੇ ਪੂਜਾ ਪਾਠਾਂ ਰਾਹੀਂ ਇਸ ਦੇ ਇਲਾਜ ਦੇ ਵਿਖਿਆਨ ਆਮ ਹੀ ਵੇਖੇ ਸੁਣੇ ਜਾ ਰਹੇ ਹਨ। ਇੱਥੋਂ ਤੱਕ ਕਿ ਇਕ ਕੇਂਦਰੀ ਮੰਤਰੀ ਤਾਂ ਕਰੋਨਾ ਗੋ, ਕਰੋਨਾ ਗੋ ਦਾ ਬਾਰ ਬਾਰ ਮੰਤਰ ਬੋਲਕੇ ਇਸ ਬਿਮਾਰੀ ਨੂੰ ਭਜਾਉਣ ਦਾ ਉਪਦੇਸ਼ ਦੇ ਰਿਹਾ ਹੈ। ਅਜਿਹੇ ਅੰਧਵਿਸਵਾਸਾਂ ਨੂੰ ਖਤਮ ਕਰਨ ਲਈ ਡਾ ਕਾਵੂਰ ਨੇ ਆਪਣੀ ਸਾਰੀ ਜਿੰਦਗੀ ਲੋਕਾਂ ਨੂੰ ਜਾਗਰੁਕ ਕਰਨ ਦੇ ਲੇਖੇ ਲਾਈ। ਪਰ ਰਾਜਸੱਤਾ ਤੇ ਕਾਬਜ ਸਿਆਸਤਦਾਨ ਧਰਮਾਂ ਅਤੇ ਅੰਧਵਿਸਵਾਸਾਂ ਨੂੰ ਆਪਣੀ ਸਿਆਸਤ ਲਈ ਵਰਤ ਰਹੇ ਹਨ। ਧਰਮਾਂ ਅਤੇ ਹਕੂਮਤਾਂ ਦੀ ਸਾਂਝ ਭਿਆਲੀ ਇਸੇ ਕਰਕੇ ਚੱਲ ਰਹੀ ਹੈ, ਕਿਉਂਕਿ ਧਾਰਮਿਕ ਅੰਧਿਵਿਸਵਾਸਾਂ ਦੀ ਸਿਆਸਤਦਾਨਾ ਨੂੰ ਵੀ ਲੋੜ ਹੈ। ਲੋਕ ਧਰਮਾਂ ਵਿੱਚ ਵੰਡੇ ਰਹਿਣ ਅਤੇ ਆਪਣੀ ਤਰਸਯੋਗ ਮਾੜੀ ਜਿੰਦਗੀ ਲਈ ਪਿਛਲੇ ਜਨਮ ਵਿੱਚ ਕੀਤੇ ਗਲਤ ਕੰਮਾਂ ਦਾ ਫਲ ਸਮਝਕੇ ਭੋਗਦੇ ਰਹਿਣ। ਉਹ ਇਹ ਨਾ ਸਮਝ ਸਕਣ ਕਿ ਇਸ ਮਾੜੀ ਜ਼ਿੰਦਗੀ ਲਈ ਸਾਡਾ ਪਿਛਲਾ ਜਨਮ ਨਹੀਂ ਸਗੋਂ ਮੌਜੂਦਾ ਗਲਤ ਰਾਜ ਪ੍ਰਬੰਧ ਹੈ, ਜਿਸ ਨੂੰ ਵੱਡੀ ਗਿਣਤੀ ਲੋਕਾਂ ਦੇ ਪੱਖ ਵਿੱਚ ਬਦਲਣ ਦੀ ਲੋੜ ਹੈ। ਪਰ ਲੋਕ ਇਸ ਖੇਡ ਨੂੰ ਸਮਝਣ ਦੀ ਬਜਾਏ ਆਪਣੀ ਜਿੰਦਗੀ ਸੁਧਾਰਨ ਲਈ ਤਰ੍ਹਾ ਤਰ੍ਹਾਂ ਦੇ ' ਚਮਤਕਾਰੀ ਬਾਬਿਆਂ' ਦੇ ਡੇਰਿਆਂ ਵਿੱਚ ਮੱਥੇ ਰਗੜ ਰਹੇ ਹਨ ਜਿਹੜੇ ਸਰਕਾਰਾਂ ਦੀ ਛਤਰ ਛਾਇਆ ਹੇਠ ਨਿਰਵਿਘਨ ਵਧ- ਫੁਲ ਰਹੇ ਹਨ। ਜਦੋਂ ਕਿ ਡਾ ਕਾਵੂਰ ਨੇ ਆਪਣੀਆਂ ਖੋਜਾਂ ਅਤੇ ਤਜਰਬਿਆਂ ਰਾਹੀਂ ਇਹ 3 ਤੱਥ ਸਿੱਧ ਕੀਤੇ:

1. ਜਿਹੜਾ ਪੁਰਸ਼ ਆਪਣੇ ਚਮਤਕਾਰਾਂ ਦੀ ਪੜਤਾਲ ਕਰਨ ਦੀ ਆਗਿਆ ਨਹੀਂ ਦਿੰਦਾ, ਉਹ ਧੋਖੇਬਾਜ ਹੈ। 2. ਜਿਸ ਵਿੱਚ ਚਮਤਕਾਰਾਂ ਦੀ ਪੜਤਾਲ ਕਰਨ ਦਾ ਹੌਸਲਾ ਨਹੀਂ ਹੁੰਦਾ , ਉਹ ਲਾਈਲੱਗ ਹੁੰਦਾ ਹੈ। 3. ਜਿਹੜਾ ਪੜਤਾਲ ਕਰਨ ਤੋਂ ਬਿਨਾ ਵਿਸ਼ਵਾਸ ਕਰਦਾ ਹੈ , ਉਹ ਮੂਰਖ ਹੁੰਦਾ ਹੈ। ਸੋ ਇਸ ਤਰ੍ਹਾਂ ਉਹਨਾਂ ਨੇ ਸਮਾਜ ਵਿੱਚ ਵਾਪਰਨ ਵਾਲੀ ਹਰ ਘਟਨਾ ਦੀ ਪੜਤਾਲ ਕਰਕੇ ਸਹੀ ਵਿਗਿਆਨਿਕ ਸਿੱਟੇ ਕੱਢਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਉਹਨਾਂ ਨੇ ਆਪਣੀ ਜਿੰਦਗੀ ਦੌਰਾਨ ਅਨੇਕਾਂ ਹੀ ਅਜਿਹੇ ਸਾਧਾਂ, ਸੰਤਾਂ, ਸੁਆਮੀਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਖੁੱਲ੍ਹੇ ਰੂਪ ਵਿਚ ਚਣੌਤੀ ਰਾਹੀਂ ਆਪਣੀਆਂ ਅਲੌਕਿਕ ਸ਼ਕਤੀਆਂ ਦਾ ਪ੍ਰਗਟਾਵਾ ਕਰਨ ਦੇ ਬਾਰ ਬਾਰ ਸੱਦੇ ਦਿੱਤੇ ਅਤੇ ਆਪਣੇ ਵੱਲੋਂ ਰੱਖਿਆ ਵਿਸ਼ੇਸ਼ ਨਗਦ ਇਨਾਮ ਜਿੱਤਣ ਲਈ ਵੰਗਾਰਿਆ। ਪਰ ਦੁਨੀਆਂ ਭਰ ਵਿਚੋਂ ਇੱਕ ਵੀ ਚਮਤਕਾਰੀ ਕਹਾਉਣ ਵਾਲਾ ਸ਼ਖਸ ਇਹ ਇਨਾਮ ਜਿੱਤਣ ਵਿੱਚ ਸਫਲ ਨਹੀਂ ਹੋ ਸਕਿਆ।

ਉਹਨਾਂ ਨੇ ਆਪਣੀਆਂ ਖੋਜਾਂ ਦੇ ਅਧਾਰਿਤ ਕਿਤਾਬ Begone Goldman ਵਿੱਚ ਬਹੁਤ ਸਾਰੇ ਚਮਤਕਾਰਾਂ ਦੇ ਵਿਗਿਆਨਿਕ ਕਾਰਣਾਂ ਬਾਰੇ ਸਪਸਟ ਕੀਤਾ। ਇਸ ਕਿਤਾਬ ਦੇ ਪੰਜਾਬੀ ਅਨੁਵਾਦ 'ਤੇ ਦੇਵ ਪੁਰਸ਼ ਹਾਰ ਗਏ' ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਥਾਪਨਾ ਲਈ ਨੀਂਹ ਪੱਥਰ ਦਾ ਕੰਮ ਕੀਤਾ। ਇਹ ਕਿਤਾਬ ਨੂੰ ਲੱਖਾਂ ਹੀ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਤਰਕਸ਼ੀਲ ਸੁਸਾਇਟੀ ਡਾ ਕਾਵੂਰ ਦੇ ਪਦ ਚਿੰਨ੍ਹਾਂ 'ਤੇ ਚਲਦੀ ਹੋਈ ਸਮਾਜ ਵਿੱਚ ਫੈਲੇ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਦਾ ਸਫਾਇਆ ਕਰਨ ਲਈ ਯਤਨਸੀਲ ਹੈ। ਇਸ ਦੀਆਂ ਬ੍ਰਾਂਚਾਂ ਵਿਦੇਸ਼ਾਂ ਵਿੱਚ ਵੀ ਬਹੁਤ ਹੀ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਡਾ. ਕਾਵੂਰ ਦੀ ਉਪਰੋਕਤ ਚੁਣੌਤੀ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਹੈ, ਜਿਸ ਵਿੱਚ ਪੂਰੇ ਭਾਰਤ ਅਤੇ ਵਿਦੇਸ਼ਾਂ ਦੀਆਂ ਸੁਸਾਇਟੀਆਂ ਵੱਲੋਂ ਘੋਸ਼ਤ ਕੀਤੇ ਸਾਰੇ ਇਨਾਮਾਂ ਦੀ ਰਾਸ਼ੀ ਕ੍ਰੋੜਾਂ ਰੁਪਿਆਂ ਵਿੱਚ ਬਣਦੀ ਹੈ। ਪਰ ਡਾ. ਕਾਵੂਰ ਦੇ 18.9.1978 ਵਿੱਚ ਸਾਡੇ ਕੋਲੋਂ ਸਦਾ ਲਈ ਵਿੱਛੜ ਜਾਣ ਬਾਅਦ ਵੀ ਇਹ ਰਾਸ਼ੀ ਅੱਜ ਤੱਕ ਕੋਈ ਵੀ ਗ਼ੈਬੀ ਸ਼ਕਤੀਆਂ ਵੱਸ ਵਿੱਚ ਹੋਣ ਦਾ ਦਾਅਵੇਦਾਰ ਜਿੱਤ ਨਹੀਂ ਸਕਿਆ। ਇਸ ਲਈ ਗ਼ੈਰ ਵਿਗਿਆਨਿਕ ਅਤੇ ਚਮਤਕਾਰਾਂ ਨੂੰ ਬੜਾਵਾ ਦੇਣ ਵਾਲੀ ਹਰ ਵਿਚਾਰਧਾਰਾ ਨੂੰ ਭਾਂਜ ਦੇਣ ਲਈ ਡਾ. ਕਾਵੂਰ ਦੇ ਵਿਚਾਰਾਂ ਤੇ ਪਹਿਰਾ ਦੇਣ ਅਤੇ ਅੱਗੇ ਵਧਾਉਣ ਦੀ ਬੇਹੱਦ ਲੋੜ ਹੈ। ਆਓ ਉਹਨਾਂ ਦੇ ਜਨਮ ਦਿਨ ਤੇ ਸਮਾਜ ਨੂੰ ਹਰ ਤਰ੍ਹਾਂ ਦੇ ਝੂਠੇ 'ਮਹਾਂਪੁਰਸ਼ਾਂ' ਅਤੇ ਫ਼ਰੇਬੀ ਸਿਆਸਤਦਾਨਾਂ ਦੇ ਚੁੰਗਲ 'ਚੋਂ ਬਾਹਰ ਕੱਢਣ ਲਈ ਇੱਕਜੁੱਟ ਹੰਭਲਾ ਮਾਰਨ ਲਈ ਅੱਗੇ ਆਈਏ।

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096



Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com



ਮੂਲ਼ ਲੇਖਕ -ਬਰਨੀ ਸੈਡਰਜ
ਅਨੁਵਾਦ-ਹਰੀਪਾਲ
403-714-4816

# ਅਮੀਰਾਂ ਦੀਆਂ ਐਸ਼ਪ੍ਰਸਤੀਆਂ

*ਇਹ ਲੇਖ ਪ੍ਰਸਿੱਧ ਪੱਤਰਕਾਰ ਥਰੀਸਾ ਕਮਿੰਗਜ ਦੇ ਲੇਖ 'ਲਗਜਰਜੀ ਔਫ ਰਿੱਚ ਪੀਪਲ' ਤੇ ਅਧਾਰਿਤ ਹੈ । ਉਸ ਨੇ ਸਿਰਫ ਦਸ ਕੁ ਅਮੀਰਾਂ ਦੀ ਹੀ ਗੱਲ ਕੀਤੀ ਪਰ ਜੇਕਰ ਸਾਰੀ ਦੁਨੀਆਂ ਦੇ ਐਸ਼ਪ੍ਰਸਤਾਂ ਬਾਰੇ ਲਿਖਣਾ ਹੋਵੇ ਤਾਂ ਇੱਕ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ ।*

ਅਮਰੀਕਾ ਦੀ ਇੱਕ ਸੁਪਰਸਟਾਰ ਹੈ ਮਾਰੀਆ ਕੈਰੇ, ਤੁਸੀਂ ਭਾਵੇਂ ਉਸਦੇ ਫੈਨ ਹੋਵੋਂ ਜਾਂ ਨਾ ਹੋਵੋਂ ਪਰ ਉਹ ਮਾਡਲਿੰਗ ਤੋਂ 500 ਮਿਲੀਅਨ ਦੀ ਦੌਲਤ ਇਕੱਠੀ ਕਰਦੀ ਹੈ। ਉਸ ਕੋਲ਼ ਨੌਕਰਾਂ ਦੀ ਇੱਕ ਬਟਾਲੀਅਨ ਹੈ, ਜਿਹੜੀ ਕੇ ਉਸਦੀ ਨਿੱਕੀ ਤੋਂ ਨਿੱਕੀ ਚੀਜ਼ ਦਾ ਖਿਆਲ ਰੱਖਦੀ ਹੈ। ਉਸਦਾ ਇੱਕ ਨੌਕਰ ਹੈ ਜਿਸਦਾ ਕੰਮ ਹੈ, ਹਰ ਵੇਲ਼ੇ ਮੈਡਮ ਦੀ ਖਾਤਰ ਸੈਨੇਟਾਈਜਰ ਪੇਪਰ ਰੱਖਣਾ। ਜਦ ਮਾਰੀਆ ਕਿਸੇ ਨਾਲ਼ ਹੱਥ ਮਿਲਾਉਂਦੀ ਹੈ ਤਾਂ, ਉਸਦੀ ਜੌਬ ਹੈ ਫੱਟਾਫੱਟ ਮਾਰੀਆ ਦਾ ਹੱਥ ਸਾਫ ਕਰੇ। ਹੱਥ ਸਾਫ ਕਰਕੇ ਮਾਰੀਆ ਪੇਪਰ ਸੁੱਟ ਦਿੰਦੀ ਹੈ ਤੇ ਨੌਕਰ ਉਸੇ ਵੇਲ਼ੇ ਪੇਪਰ ਚੱਕ ਕੇ ਗਾਰਬੇਜ਼ ਵਿੱਚ ਸੁਟਦਾ ਹੈ। ਇਸ ਨੌਕਰ ਦਾ ਬੱਸ ਇੰਨਾ ਹੀ ਕੰਮ ਹੈ ਤੇ ਇਸਦੇ ਬਦਲੇ ਉਹ ਵਧੀਆ ਤਨਖ਼ਾਹ ਲੈਂਦਾ ਹੈ। ਉਸਦਾ ਇੱਕ ਹੋਰ ਨੌਕਰ ਹੈ ਜਿਸਦਾ ਕੰਮ ਹੈ, ਮਾਰੀਆ ਨੂੰ ਦਿਨ ਵਿੱਚ ਕਈ ਵਾਰ ਕਹੇ "ਮੈਡਮ ਯੂ ਆਰ ਬਿਊਟੀਫੁੱਲ"। ਉਹ ਦਿਨ ਵਿੱਚ ਕਈ ਵਾਰ ਮਾਰੀਆ ਨੂੰ ਇਸ ਤਰ੍ਹਾਂ ਕਹਿੰਦਾ ਹੈ ਤੇ ਇਸ ਨਾਲ਼ ਮਾਰੀਆ ਦਾ ਮੂਡ ਠੀਕ ਰਹਿੰਦਾ ਹੈ। ਮਾਰੀਆ ਦਾ ਕਹਿਣਾ ਹੈ ਕਿ ਮੂਡ ਠੀਕ ਰਹਿਣ ਦੇ ਕਾਰਨ ਉਸਦੀ ਸੁੰਦਰਤਾ ਵੀ ਬਰਕਰਾਰ ਰਹਿੰਦੀ ਹੈ ਤਾਂ ਕਿ ਜਿਹੜਾ ਉਸ ਨੂੰ ਮਿਲ਼ੇ ਫਟਾਫੱਟ ਉਸਦੀ ਸੁੰਦਰਤਾ ਦਾ ਕਾਇਲ ਹੋ ਜਾਵੇ। ਇਹ ਮਾਰੀਆ ਦੀ ਸੁੰਦਰਤਾ ਹੈ ਜਿਸਨੇ ਉਸ ਨੂੰ ਮਿਲੀਆਨੇਅਰ ਬਣਾਇਆ ਹੈ। ਮੈਗਾ ਫਿਲਮਾਂ ਦੀ ਸਟਾਰਲੈਟ ਐਂਜਲੀਨਾ ਜੋਲੀ ਕੋਲ਼ ਵੀ ਨੌਕਰਾਂ ਦੀ ਫੌਜ ਹੈ। ਉਸ ਨੇ ਵੱਖ-ਵੱਖ ਦੇਸ਼ਾਂ ਤੋਂ ਜਿਹੜੇ ਬੱਚੇ ਅਡਾਪਟ ਕੀਤੇ ਹਨ, ਉਹਨਾਂ ਉਹਨਾਂ ਦੇਸ਼ਾਂ ਦੀਆਂ ਨੈਨੀਆਂ, ਉਸ ਨੇ ਬੱਚਿਆਂ ਦੀ ਦੇਖ ਭਾਲ਼ ਲਈ ਰੱਖੀਆਂ ਹਨ ਤਾਂ ਕਿ ਬੱਚਿਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਾਂ ਆਵੇ। ਉਸਦਾ ਇੱਕ ਪਰਸਨਲ ਡਾਕਟਰ ਅਤੇ ਚਾਰ ਨਰਸਾਂ ਵੀ ਰੱਖੀਆਂ ਹੋਈਆਂ ਹਨ, ਯਾਦ ਰਹੇ ਇਸੇ ਅਮਰੀਕਾ ਵਿੱਚ ਲੱਖਾਂ ਲੋਕ ਕੋਲ਼ ਹੈਲਥ ਕੇਅਰ ਦੀ ਮੁਢਲੀ ਸਹੂਲਤ ਵੀ ਨਹੀਂ ਹੈ। ਇਸਤੋਂ ਇਲਾਵਾ ਉਸ ਕੋਲ਼, ਪਰਸਨਲ ਡਰਾਈਵਰ, ਸੈਕਟਰੀ, ਬਾਵਰਚੀ ਅਤੇ ਹੋਰ ਨਿੱਕੇ ਮੋਟੇ ਕੰਮ ਕਰਨ ਬਾਲ਼ੇ ਨੌਕਰਾਂ ਦੀ ਧਾੜ ਹੈ। ਇਹੀ ਐਨਜਲੀਨਾ ਜੋਲੀ ਜਾਂ ਮਾਰੀਆ ਕੈਰੇ ਜਦ ਚੈਰੀਟੀਆਂ ਲਈ ਲੋਕਾਂ ਨੂੰ ਦਾਨ ਦੇਣ ਦੀ ਅਪੀਲ ਕਰਦੀਆਂ ਹਨ ਤਾਂ ਹਾਸਾ ਆਉਂਦਾ ਹੈ ਕਿ ਜਿਹੜਾ ਪੈਸਾ ਤੁਸੀਂ ਟੈਕਸ ਚੋਰੀ ਕਰਕੇ ਬਚਾਇਆ ਹੈ, ਪਹਿਲਾਂ ਆਪ ਲੋਕਾਂ ਨੂੰ ਉਹ ਤਾਂ ਦਾਨ ਕਰ ਦੇਵੋ ।



ਜੈਨੀ ਜੋਨਜ ਜਿਹੜਾ ਕਿ ਨੈਸ਼ਨਲ ਫੁੱਟਬਾਲ ਟੀਮ ਦੀ 'ਡੈਲਿਸ ਕਾਓ ਬੁਆਏ' ਦਾ ਮਾਲਕ ਹੈ, ਉਸ ਨੇ ਇਹ ਟੀਮ 150 ਮਿਲੀਅਨ ਡਾਲਰ ਵਿੱਚ ਖਰੀਦੀ ਹੈ। ਓਸਦੀ ਪ੍ਰਾਪਰਟੀ ਜਾਂ ਨੈਟਵਰਥ ਦੋ ਬਿਲੀਅਨ ਡਾਲਰ ਦੇ ਲੱਗ ਪੱਗ ਹੈ। ਜੈਨੀ ਸਿਰਫ 'ਡੈਲਿਸ ਕਾਓ ਬੁਆਏ' ਦਾ ਹੀ ਨਹੀਂ ਸਗੋਂ ਸਟੇਡੀਅਮ ਦਾ ਮਾਲਕ ਵੀ ਹੈ। ਜਦ ਇਹ ਟੀਮ ਖੇਡਦੀ ਹੈ ਤਾਂ ਜੈਨੀ ਨੂੰ ਜਿਹੜਾ ਮੁਨਾਫਾ ਹੁੰਦਾ ਹੈ ਉਹ ਮਿਲੀਅਨਾਂ ਵਿੱਚ ਹੁੰਦਾ ਹੈ। ਅੱਜ ਉਸਦੀ ਇਸ ਇਨਵੈਸਟਮੈਂਟ ਦੀ ਕੀਮਤ ਬਿਲੀਅਨਾਂ ਵਿੱਚ ਹੈ। ਮਾਈਕਰੋਸੌਫਟ ਦੇ ਮਾਲਕ ਬਿੱਲ ਗੇਟਸ ਦਾ ਭਾਈਵਾਲ਼, ਪਾਲ ਐਲਨ ਜਿਸਦੀ ਅਣ-ਐਲਾਨੀ ਜਾਇਦਾਦ 13 ਬਿਲੀਅਨ ਹੈ, ਉਸ ਕੋਲ਼ ਦੋ ਪ੍ਰੋਫੈਸ਼ਨਲ ਟੀਮਾਂ ਹਨ। ਉਸਨੇ ਨੈਸ਼ਨਲ ਬਾਸਕਿਟ ਬਾਲ ਦੀ ਇੱਕ ਟੀਮ 'ਪੋਰਟਲੈਂਡ ਟਰੇਲ ਬਲੇਜਰ' 70 ਮਿਲੀਅਨ ਵਿੱਚ ਖਰੀਦੀ ਤੇ ਨੈਸ਼ਨਲ ਫੁੱਟਬਾਲ ਲੀਗ ਦੀ 'ਸਿਆਟਲ ਸੀ ਹਾਕਸ' 200 ਮਿਲੀਅਨ ਵਿੱਚ ਖਰੀਦੀ ਹੈ, ਅੱਜ ਇਹ ਦੋਵੇਂ ਟੀਮਾਂ ਲੱਗ ਪੱਗ 1.4 ਬਿਲੀਅਨ ਡਾਲਰ ਦੇ ਬਰਾਬਰ ਹਨ। ਬਹੁਤੇ ਲੋਕਾਂ ਨੇ ਇਹ ਟੀਮਾਂ ਟੈਕਸਾਂ ਨੂੰ ਚੋਰੀ ਕਰਨ ਲਈ ਖਰੀਦੀਆਂ ਹੁੰਦੀਆਂ ਹਨ।

ਮਾਰਥਾ ਸਟੂਅਰਟ ਦੀ ਆਪਦੀ ਮੀਡੀਆ ਪ੍ਰੋਡਕਸ਼ਨ ਕੰਪਨੀ ਹੈ। ਉਸ ਨੇ ਆਪਦਾ ਕੁੱਕ ਕਰਨ ਦਾ ਬਿਜਨਿਸ, ਮਲਟੀ ਬਿਲੀਅਨ ਡਾਲਰ ਦੀ ਕਾਰਪੋਰੇਸ਼ਨ ਵਿੱਚ ਖੜ੍ਹਾ ਕਰ ਦਿੱਤਾ ਹੈ। ਉਸਦਾ ਆਪਣਾ ਮੈਗਜ਼ੀਨ ਹੈ ਅਤੇ ਆਪਦਾ ਟੀ. ਵੀ. ਸ਼ੋਅ ਹੈ ਅਤੇ ਕਿੰਨੀਆਂ ਹੀ ਚੀਜ਼ਾਂ ਦੀ ਮਾਰਕੀਟ ਕਰਕੇ ਉਹ ਐਨਾ ਪੈਸਾ ਬਣਾਉਂਦੀ ਹੈ। ਐਨਾ ਪੈਸਾ ਹੋਣ ਕਰਕੇ, ਫਰਾਡ ਵਿੱਚ ਲੱਗੇ ਦੋਸ਼ਾਂ ਵਿੱਚ ਉਸ ਨੂੰ ਕੁੱਝ ਨਹੀਂ ਹੋਇਆ। ਓਪਰਾ ਵਿਨ ਫਰੇਅ ਇੱਕ ਹੋਰ ਸੈਲੀਬਰਿਟੀ ਹੈ ਜਿਸਦੇ ਅਸਾਸੇ ਢਾਈ ਬਿਲੀਅਨ ਦੇ ਨੇੜੇ ਤੇੜੇ ਹਨ। ਓਪਰਾ ਦਾ ਆਪਣਾ ਕੇਬਲ ਟੀ. ਵੀ. ਨੈਟਵਰਕ ਹੈ। ਓਪਰਾ ਦੇ ਸ਼ੋਅ ਵਿਚਲੀਆਂ ਐਡਾਂ ਹੀ ਮਿਲੀਅਨਜ਼ ਡਾਲਰ ਕਮਾਉਂਦੀਆਂ ਹਨ। ਇਸ ਤੋਂ ਬਿਨਾਂ ਉਸ ਕੋਲ਼ ਅਰਬਾਂ ਡਾਲਰਾਂ ਦੀ ਰੀਅਲ ਅਸਟੇਟ, ਜਹਾਜ਼, ਮਹਿੰਗੀਆਂ ਕਾਰਾਂ ਕਿਸ਼ਤੀਆਂ ਹਨ। ਕੁੱਝ ਅਰਬਪਤੀਆਂ ਦੇ ਇੱਡੇ ਵੱਡੇ ਵੱਡੇ ਘਰ ਹਨ ਜਿਵੇਂ ਕੋਈ ਛੋਟਾ ਜਿਹਾ ਦੇਸ਼ ਹੋਵੇ। ਐਰਨ ਸਪੈਲਿੰਗ ਦਾ ਲੌਸ ਏਂਜਲਸ ਵਿਚਲਾ ਘਰ 56 000 ਵਰਗ ਫੁੱਟ ਦਾ ਹੈ, ਜਿਸਦੇ 120 ਕਮਰੇ ਹਨ ਇਹ ਘਰ ਸਾਢੇ ਚਾਰ ਏਕੜ ਵਿੱਚ ਫੈਲਿਆ ਹੋਇਆ ਹੈ, ਜਿਸਦੀ ਕੀਮਤ 2004 ਵਿੱਚ 200 ਮਿਲੀਅਨ ਡਾਲਰ ਤੋਂ ਉਪਰ ਸੀ। ਮਾਈਕਰੋ ਸੌਫਟ ਦੇ ਮਾਲਕ ਬਿੱਲ ਗੇਟਸ ਦਾ ਘਰ 66000 ਵਰਗ ਫੁੱਟ ਦਾ ਹੈ। ਇਸਦੇ ਵਿੱਚ ਬਹੁਤ ਸਾਰੇ ਕਮਰੇ, ਪੂਲ ਹਾਲ, ਲਾਏਬਰੇਰੀ, ਬਾਰ, ਮੀਟਿੰਗ ਰੂਮ ਵਗੈਰਾ ਹਨ। ਇਸਦੀ ਕੀਮਤ ਵੀ ਦੋ ਸੌ ਮਿਲੀਅਨ ਡਾਲਰ ਤੋਂ ਉਪਰ ਹੈ। ਇੰਡੀਆ ਦੇ ਮੁਕੇਸ਼ ਅੰਬਾਨੀ ਜਿਸਦੇ ਅਸਾਸੇ 50 ਬਿਲੀਅਨ ਡਾਲਰ ਤੋਂ ਵੀ ਵੱਧ ਹਨ ਦਾ ਘਰ ਦੋ ਬਿਲੀਅਨ ਡਾਲਰ ਤੋਂ ਵੀ ਉਪਰ ਹੈ, ਜਿਹੜਾ ਕਿ 27 ਮੰਜ਼ਿਲਾ ਹੈ, ਜਿਸ ਤੇ ਤਿੰਨ ਹੈਲੀਪੈਡ ਹਨ, 168 ਕਾਰਾਂ ਦਾ ਗਰਾਜ, ਬਾਰ, 80 ਸੀਟ ਥੀਏਟਰ, ਟੈਰੇਸ ਗਾਰਡਨ, ਸਪਾ ਅਤੇ ਮੰਦਰ ਵੀ ਘਰ ਵਿੱਚ ਹੀ ਹੈ। ਥੋੜ੍ਹੀ ਹੀ ਦੂਰ ਝੁੱਗੀਆਂ ਦੀ ਕਲੋਨੀ ਇਸ ਘਰ ਦਾ ਮਖੌਲ ਉਡਾ ਰਹੀ ਹੈ ।

ਛੋਟੇ ਸਮੁੰਦਰੀ ਜਹਾਜ਼ ਜਿਹਨਾਂ ਨੂੰ ਯਾਚਟ ਕਿਹਾ ਜਾਂਦਾ ਹੈ, 80 ਫੁੱਟ ਜਾਂ ਇਸਤੋਂ ਜ਼ਿਆਦਾ ਲੰਮੇ ਹੁੰਦੇ ਹਨ। ਇੱਕ ਰੂਸੀ ਅਰਬਪਤੀ ਰੋਮਨ ਐਬਰੋਮੋਵਿੱਚ ਦਾ ਯਾਚਟ ਜਿਸਦਾ ਨਾਂ 'ਇੱਕਲਿਪਸ' ਹੈ, 531.5 ਫੁੱਟ ਲੰਬਾ ਹੈ। ਸ਼ੇਖ ਮੁਹੰਮਦ ਬਿਨ ਰਸ਼ੀਦ ਜਿਹੜਾ ਕਿ ਡੁਬਈ ਦਾ ਰਾਜਾ ਹੈ, ਉਸਦਾ ਯਾਚਟ 526 ਫੁੱਟ ਲੰਬਾ ਹੈ। ਇਹ ਸਮੁੰਦਰੀ ਜਹਾਹ ਇੱਕ ਤਰ੍ਹਾਂ ਪਾਣੀ ਉਤੇ ਤੁਰਦੇ ਫਿਰਦੇ ਘਰ ਹੀ ਹੁੰਦੇ ਹਨ। ਇਹਨਾਂ ਵਿੱਚ ਪ੍ਰਾਈਵੇਟ ਜਿੰਮ, ਲਗਜਰੀ ਬੈਡਰੂਮ, ਹੈਲੀਕਾਪਟਰ ਪੈਡ, ਸਬਮੈਰੀਨਜ, ਜੈਟ ਸਕੀਅ ਸਾਰਾ ਕੁੱਝ ਉਪਲਬਧ ਹੁੰਦਾ ਹੈ। ਇਹਨਾਂ ਦੀ ਕੀਮਤ ਲੱਗਪੱਗ 20 ਮਿਲੀਅਨ ਡਾਲਰ ਦੇ ਨੇੜੇ ਹੈ। ਪਾਲ ਐਲਨ ਜਿਹੜਾ ਕਿ ਮਾਈਕਰੋਸੌਫਟ ਦਾ ਕੋ-ਓਨਰ ਹੈ, ਉਸਦਾ ਯਾਚਟ ਜਿਸਦਾ ਨਾਂ ਆਕਟੋਪੁਸ ਹੈ, 414 ਫੁੱਟ ਲ਼ੰਬਾ ਹੈ, ਇਸ ਉਤੇ ਦੋ ਹੈਲੀਕਾਪਟਰ ਪੈਡ ਹਨ, ਬਾਸਕਟਬਾਲ ਦਾ ਗਰਾਊਂਡ ਹੈ, ਨਾਈਟ ਕਲੱਬ, ਜੈਟ-ਸਕੀਅ, ਦੋ ਸਬਮਰੀਨਾਂ ਅਤੇ ਇੱਕ ਪੂਲ ਹੈ। ਇਸਦਾ ਭਾਰ 9000 ਟਨ ਹੈ ਅਤੇ 2003 ਵਿੱਚ ਇਸਦੀ ਕੀਮਤ 200 ਮਿਲੀਅਨ ਡਾਲਰ ਸੀ। ਇਸਦਾ ਸਲਾਨਾ ਖਰਚਾ 20 ਮਿਲੀਅਨ ਡਾਲਰ ਹੈ।



Call Romi Sidhu For Insurance & Financial Needs





StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILTY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN

Calgary Best Buy
Furniture & Mattress





Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com
Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

IQBAL SIDHU INSURANCE ADVISOR
FINANCIAL SERVICES
• Life Insurance; - Term Life - Universal Life
• Critical Illness Insurance • Segregated Funds
• RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
• Personal Tax Returns • Corporate Tax Returns
• Computerized Book Keeping
• Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca
Unit 202, 4656 Westwinds Dr. NE Calgary, AB. T3J 3Z5 (Near Sikh Virsa Office)



ਮੈਗਾ ਸਟਾਰ ਮੇਲ ਗਿਬਸਨ ਨੇ, ਫਿਜੀ ਵਿੱਚ ਇੱਕ ਟਾਪੂ ਲਿਆ ਹੈ ਜਿਸਦੀ ਕੀਮਤ ਦਸ ਸਾਲ ਪਹਿਲਾਂ 15 ਮਿਲੀਅਨ ਡਾਲਰ ਸੀ। ਮੈਜਿਕ ਮੈਨ ਡੇਵਿਡ ਕਾਪਰਫੀਲਡ ਜਿਸਦੀ ਸਲਾਨਾਂ ਆਮਦਨ 57 ਮਿਲੀਅਨ ਡਾਲਰ ਹੈ, ਨੇ ਬਹਾਮਾਂ ਵਿੱਚ ਕਿੰਨੇ ਹੀ ਨਿੱਕੇ ਨਿੱਕੇ ਟਾਪੂ ਲਏ ਹਨ। ਪਾਈਰੇਟਸ ਔਫ ਦਾ ਕੈਰੀਬੀਅਨ ਦੇ ਐਕਟਰ ਜੌਨੀ ਡਿੱਪ ਨੇ 304 ਮਿਲੀਅਨ ਦਾ ਟਾਪੂ 2004 ਵਿੱਚ ਲਿਆ ਸੀ। ਸਮੁੰਦਰ ਦੇ ਵਿੱਚ ਨਿੱਕੇ ਨਿੱਕੇ ਟਾਪੂ ਤਿੰਨ ਤੋਂ ਲੈ ਕੇ ਪੱਚੀ ਮਿਲੀਅਨ ਤੱਕ ਵੇਚੇ ਜਾ ਰਹੇ ਹਨ। ਅਮੀਰ ਲੋਕ ਕਹਿੰਦੇ ਹਨ ਕਿ ਇਹਨਾਂ ਟਾਪੂਆਂ ਵਿੱਚ ਆ ਕੇ ਉਹਨਾਂ ਨੂੰ ਮਨ ਦੀ ਸ਼ਾਂਤੀ ਅਤੇ ਸਕੂਨ ਮਿਲ਼ਦਾ ਹੈ ।

ਵੱਡੇ ਵੱਡੇ ਅਮੀਰ ਜਿਵੇਂ ਓਪਰਾ ਵਿੱਨਫਰੇਅ, ਵਾਰਨ ਬਫੇਅ ਜਾਂ ਰੈਲਫ ਕੌਰਨ ਵਗੈਰਾ ਦੇ ਆਪਣੇ ਵੱਡੇ ਵੱਡੇ ਜਹਾਜ ਹਨ। ਜਿਹਨਾਂ ਵਿੱਚ ਬੈਡਰੂਮ, ਲਿਵਿੰਗ ਰੂਮ, ਕਿਚਨ, ਬਾਰ ਵਗੈਰਾ ਹਨ। ਇਹ ਜੀ. 650 ਜਹਾਜ ਲੱਗਪੱਗ 13 000 ਕਿਲੋਮੀਟਰ ਤੱਕ ਨਾਨ-ਸਟਾਪ ਉਡਾਣ ਭਰ ਸਕਦਾ ਹੈ। ਅਠਾਰਾਂ ਸਵਾਰੀਆਂ ਵਾਲ਼ੇ ਇਸ ਜਹਾਜ਼ ਵਿੱਚ ਸਭ ਤਰਾਂ ਦੀਆਂ ਸਹੂਲਤਾਂ ਹਨ।

ਸਭ ਨੂੰ ਪਤਾ ਹੈ ਕਿ ਬੌਕਸਰ ਮਾਈਕ ਟਾਈਸਨ ਨੇ ਆਪਦੇ ਘਰ ਮੈਨਸ਼ਨ ਜ਼ ਵਿੱਚ ਤਿੰਨ ਬੰਗਾਲੀ ਟਾਈਗਰ ਰੱਖੇ ਹੋਏ ਹਨ। ਇਸੇਤਰਾਂ ਨਿੱਕੋਲਸ ਕੇਜ ਨੇਜ ਨੇ ਇੱਕ ਡਾਇਨਾਸੋਰ ਦੇ ਪਿੰਜਰ ਲਈ 2 76 000 ਡਾਲਰ ਖਰਚੇ ਹਨ ਬਾਦ ਵਿੱਚ ਉਸਨੇ ਇੰਨੇ ਹੀ ਪੈਸੇ ਦੋ ਕਿੰਗਕੋਬਰਾ ਸੱਪਾ ਲਈ ਅਤੇ ਇੱਕ ਆਕਟੋਪੁਸ ਲਈ ਖਰਚੇ। ਉਸ ਕੋਲ਼ 22 ਕਾਰਾਂ ਹਨ, ਜਿਹਨਾਂ ਵਿੱਚ 9 ਰੋਲਜਰੋਇਸ ਹਨ, 30 ਮੋਟਰਸਾਈਕਲ, ਇੱਕ ਦਰਮਿਆਨਾ ਕਿਲਾ, ਦੋ ਪ੍ਰਾਈਵੇਟ ਟਾਪੂ ਬਹਾਮਾਂ ਵਿੱਚ ਹਨ ।

ਅਖੀਰ ਵਿੱਚ ਇਸ ਦੁਨੀਆਂ ਵਿੱਚ 25 ਹਜ਼ਾਰ ਲੋਕ ਹਰ ਰੋਜ਼ ਭੁੱਖ ਨਾਲ਼ ਮਰ ਰਹੇ ਹਨ, ਜਿਹਨਾਂ ਵਿੱਚੋਂ 8500 ਬੱਚੇ ਹਨ। ਲੱਖਾਂ ਹੀ ਔਰਤਾਂ ਆਪਦੀ ਕੁੱਖ ਕਿਰਾਏ 'ਤੇ ਦੇ ਕੇ ਜਾਂ ਆਪਦਾ ਸਰੀਰ ਵੇਚ ਕੇ ਗੁਜ਼ਾਰਾ ਕਰਦੀਆਂ ਹਨ। ਇਸ ਦੁਨੀਆਂ ਵਿੱਚ ਲੱਖਾਂ ਹੀ ਬੱਚੇ, ਜਿਹਨਾਂ ਦੀ ਸਕੂਲ ਜਾਣ ਦੀ ਉਮਰ ਸੀ ਬਾਲ ਮਜ਼ਦੂਰੀ ਕਰ ਰਹੇ ਹਨ। ਇਸ ਦੁਨੀਆਂ ਦੇ 40% ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਜਿਹੜੇ ਲੋਕ ਇਹਨਾਂ ਅਮੀਰਾਂ ਦੇ ਲਾਲਚਾਂ ਤੋਂ ਇਸ ਧਰਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ, ਪੁਲੀਸ ਦੀਆਂ ਗੋਲ਼ੀਆਂ ਦਾ ਸ਼ਿਕਾਰ ਹੁੰਦੇ ਹਨ। ਧਰਤੀ ਨਾਲ਼ ਜਦੋਂ ਖਿਲਵਾੜ ਹੁੰਦਾ ਹੈ, ਉਸਦਾ ਜਵਾਬ ਧਰਤੀ ਵੀ ਮਹਾਂਮਾਰੀਆਂ ਪੈਦਾ ਕਰਕੇ ਦਿੰਦੀ ਹੈ। ਜਦੋਂ ਇਹ ਬਿਮਾਰੀਆਂ 'ਕਰੋਨਾ', ਟੀ.ਬੀ, ਪਲੇਗ, ਈਬੋਲਾ ਵਰਗੀਆਂ, ਫੈਲਦੀਆਂ ਹਨ ਜਿਹੜੀਆਂ ਕਿ ਕਿਸੇ ਗਰੀਬ ਅਮੀਰ ਨੂੰ ਨਹੀਂ ਬਖਸ਼ਦੀਆਂ ਫੇਰ ਇਹਨਾਂ ਨੂੰ ਭਾਜੜਾਂ ਪੈਂਦੀਆਂ ਹਨ। ਜਿਹੜੀਆਂ ਬਿਮਾਰੀਆਂ ਸਿਰਫ ਗਰੀਬਾਂ ਨੂੰ ਪੈਂਦੀਆ ਹਨ ਜਿਵੇਂ ਭੁੱਖਮਰੀ, ਕੁਪੋਸ਼ਣ, ਬਾਲ ਮਜ਼ਦੂਰੀ ਵਗੈਰਾ ਉਦੋਂ ਇਹਨਾਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਹੁੰਦਾ, ਓਦੋਂ ਕੋਈ ਡਬਲਯੂ. ਐਚ. ਓ. ਵਗੈਰਾ ਭੁੱਖਮਰੀ ਨੂੰ, ਮਹਾਂਮਾਰੀ ਕਿਉਂ ਨਹੀ ਐਲਾਨ ਕਰਦੀਆਂ। ਟੈਕਸਾਂ ਨੂੰ ਚੋਰੀ ਕਰਕੇ , ਮਜ਼ਦੂਰਾਂ ਦੀ ਮਜ਼ਦੂਰੀ ਮਾਰ ਕੇ ਬਣੇ ਹੋਏ ਇਹ ਅਮੀਰ ਵੀ ਇੱਕ ਦਿਨ ਜਵਾਬ ਦੇਹ ਹੋਣਗੇ ਹਾਲੇ ਤਾਂ ਇਹਨਾਂ ਦਾ ਫਰਾਂਸ ਦੀ ਰਾਣੀ ਵਰਗਾ ਹਾਲ ਹੈ, ਜਿਹੜੀ ਕਹਿੰਦੀ ਸੀ ਕਿ ਜੇਕਰ ਲੋਕਾਂ ਨੂੰ ਰੋਟੀ ਨਹੀਂ ਮਿਲ਼ਦੀ ਤਾਂ ਬਿਸਕੁਟ ਖਾ ਲੈਣ

# ਵਿਨੀਪੈਗ ਵਿੱਚ ਇਸਤਰੀ ਦਿਵਸ ਨੂੰ ਸਮਰਪਿਤ ਦਿਲ ਦੇ ਰੋਗਾਂ ਦੇ ਮਾਹਿਰ ਡਾ. ਰਬਿੰਦਰ ਸਿੰਘ ਦਾ ਪਬਲਿਕ ਲੈਕਚਰ

**ਅਦਾਰਾ ਸਰੋਕਾਰ**

ਕਨੇਡਾ ਵਿੱਚ ਮੌਤਾਂ ਦਾ ਦੂਜਾ ਪ੍ਰਮੁੱਖ ਕਾਰਨ ਦਿਲ ਦੀਆਂ ਬਿਮਾਰੀਆਂ ਹਨ। ਦੱਖਣੀ ਏਸ਼ੀਆ ਦੇ ਲੋਕ ਵੱਧ ਗਿਣਤੀ ਵਿੱਚ ਇਹਨਾਂ ਦਾ ਸ਼ਿਕਾਰ ਕਿਉਂ ਹੁੰਦੇ ਹਨ ? ਇਹਨਾਂ ਬਾਰੇ ਸਮੇਂ ਸਿਰ ਜਾਨਣਾ ਅਤੇ ਡਾਕਟਰੀ ਸਹਾਇਤਾ ਕਿਵੇਂ ਖ਼ਤਰੇ ਨੂੰ ਘਟਾ ਸਕਦੀ ਹੈ ? ਜੀਵਨ ਸ਼ੈਲੀ (ਲਾਈਫ ਸਟਾਈਲ) ਬਦਲਣਾ, ਕਸਰਤ ਕਰਨਾ ਅਤੇ ਜ਼ਿੰਮੇਦਾਰਾਨਾ ਸ਼ਰਾਬ ਦਾ ਸੇਵਨ ਸਾਡੇ ਦਿਲ ਦੀ ਸਿਹਤ 'ਤੇ ਕਿਹੋ ਜਿਹਾ ਅਸਰ ਪਾਉਂਦਾ ਹੈ ?



ਇਹਨਾਂ ਮਹੱਤਵਪੂਰਨ ਸਵਾਲਾਂ ਦੇ ਜਵਾਬ ਦੇਣ ਲਈ ਪੰਜਾਬੀ ਸਾਹਿਤ ਅਤੇ ਸੱਭਿਆਚਰਕ ਸਭਾ, ਵਿਨੀਪੈੱਗ (ਕਨੇਡਾ) ਦੁਆਰਾ ਡਾ. ਰਬਿੰਦਰ ਸਿੰਘ ਜੋ ਕਿ ਦਿਲ ਦੇ ਰੋਗਾਂ ਦੇ ਮਾਹਿਰ, ਮੈਨੀਟੋਬਾ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਅਤੇ ਕਾਰਡੀਐਕ ਸਾਇੰਸਜ਼ ਪ੍ਰੋਗਰਾਮ ਦੇ ਡਾਇਰੈਕਟਰ ਹਨ ਦਾ ਮਿਤੀ 1 ਮਾਰਚ, 2020 ਨੂੰ ਵਿਨੀਪੈਗ ਪਬਲਿਕ ਲਾਇਬ੍ਰੇਰੀ, 765 ਕੀਵਾਟਨ ਸਟਰੀਟ ਵਿਖੇ ਪਬਲਿਕ ਲੈਕਚਰ ਕਰਵਾਇਆ ਗਿਆ। ਇਸਤਰੀ ਦਿਵਸ ਨੂੰ ਸਮਰਪਿਤ ਇਸ ਪ੍ਰੋਗਰਾਮ ਦੀ ਸ਼ੁਰੂਆਤ ਸਟੇਜ ਸਕੱਤਰ ਸਭਜੀਤ ਨੇ ਇਸਤਰੀ ਜਾਤੀ ਬਾਰੇ ਇੱਕ ਕਵਿਤਾ ਪੜ੍ਹਕੇ ਕੀਤੀ।

ਡਾਕਟਰ ਸਾਹਿਬ ਨੇ ਦੁੱਧ ਅਤੇ ਖੰਡ ਤੋਂ ਬਣੀਆਂ ਅਤੇ ਤੇਲ ਜਾਂ ਘਿਉ 'ਚ ਬਣੀਆਂ ਵਸਤੂਆਂ ਖਾਣ ਤੋਂ ਪ੍ਰਹੇਜ਼ ਕਰਨ ਲਈ ਕਿਹਾ। ਜੀਵਨ-ਸ਼ੈਲੀ ਬਦਲਦਿਆਂ ਰੋਜ਼ਾਨਾ ਘੱਟੋ-ਘੱਟ ਵੀਹ ਮਿੰਟ ਕਸਰਤ ਕਰਨ ਲਈ ਕਿਹਾ। ਛਾਤੀ ਵਿੱਚ ਹੋਣ ਵਾਲ਼ੇ ਦਰਦ ਨੂੰ ਗੰਭੀਰ ਨਾਲ਼ ਲੈਣ ਲਈ ਆਖਿਆ। ਇਸ ਪ੍ਰੋਗਰਾਮ ਵਿੱਚ ਸੱਤਰ ਤੋਂ ਵੱਧ ਸ੍ਰੋਤਿਆਂ ਨੇ ਇਕੱਤਰ ਹੋ ਕੇ ਡਾਕਟਰ ਸਾਹਿਬ ਦੁਆਰਾ ਦਿੱਤੀ ਗਈ ਜਾਣਕਾਰੀ ਦਾ ਫ਼ਾਇਦਾ ਉਠਾਇਆ।

ਸਭਾ ਵੱਲੋਂ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਦਸੰਬਰ ਮਹੀਨੇ ਤੋਂ ਫਾਸ਼ੀਵਾਦੀ ਗੁੰਡਿਆਂ ਵੱਲੋਂ ਮੁਸਲਿਮ ਘੱਟਗਿਣਤੀ ਉੱਪਰ ਕੀਤੇ ਜਾ ਰਹੇ ਹਮਲ਼ਿਆਂ ਦੀ ਸਖ਼ਤ ਨਿਖੇਧੀ ਕੀਤੀ ਗਈ। ਇਹਨਾਂ ਹੱਲਿਆਂ ਨੂੰ ਬੀਜੇਪੀ ਦੀ ਲੀਡਰਸ਼ਿੱਪ, ਦਿੱਲੀ ਪੁਲਿਸ ਅਤੇ ਕੇਂਦਰ ਸਰਕਾਰ ਦੀ ਮਿਲੀਭੁਗਤ ਦਾ ਸਿੱਟਾ ਐਲਾਨਿਆ ਗਿਆ। ਮੰਗਾਂ ਕੀਤੀਆਂ ਗਈਆਂ:

1. ਕਿ ਇਹਨਾਂ ਹਮਲਿਆਂ ਦੇ ਪੀੜਤਾਂ ਨੂੰ ਫ਼ੌਰਨ ਰਾਹਤ ਮੁਹੱਈਆ ਕਰਵਾਈ ਜਾਵੇ।
2. ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹਨਾਂ ਹਮਲਿਆਂ ਦੀ ਜ਼ਿੰਮੇਦਾਰੀ ਲੈਣ ਅਤੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣ।
3. ਕਿ ਲੋਕਤੰਤਰੀ ਜਥੇਬੰਦੀਆਂ ਅਤੇ ਸੁਪਰੀਮ ਕੋਰਟ ਦੇ ਰਿਟਾਇਰਡ ਜੱਜਾਂ ਦੀ ਕਮੇਟੀ ਗਠਿਤ ਕਰਕੇ ਇਸ ਸਾਰੇ ਘਟਨਾਕ੍ਰਮ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਅਤੇ ਨਿਰਦੋਸ਼ਿਆਂ ਨੂੰ ਨਿਆਂ ਦਵਾਇਆ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।
4. ਕਿ CAA, NRC ਅਤੇ NPR ਵਰਗੇ ਧਰਮ ਦੇ ਅਧਾਰ 'ਤੇ ਵਿਤਕਰਾ ਕਰਨ ਵਾਲ਼ੇ ਕਾਨੂੰਨ ਵਾਪਸ ਲਏ ਜਾਣ।
5. ਕਿ ਮੁਸਲਿਮ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

ਭਾਰਤ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਸ ਵਿੱਚ ਭਾਈਚਾਰਕ ਸਾਂਝ ਬਣਾਈ ਰੱਖਣ। ਉਪਰੋਕਤ ਮੰਗਾਂ ਬਾਰੇ ਇਕੱਤਰ ਹੋਏ ਲੋਕਾਂ ਨੇ ਹੱਥ ਉਠਾਕੇ ਸਹਿਮਤੀ ਦਿਖਾਈ। ਇਸ ਮੌਕੇ 'ਤੇ ਡਾ. ਜਸਵਿੰਦਰ ਸਿੰਘ, ਕੀਵਾਟਨ ਮੈਡੀਕਲ ਸੈਂਟਰ, ਸਭਾ ਦੇ ਮੈਂਬਰ ਮੰਗਤ ਸਹੋਤਾ, ਹਰਨੇਕ ਧਾਲੀਵਾਲ, ਜਸਵੀਰ ਮੰਗੂਵਾਲ, ਮੁਖ਼ਤਿਆਰ ਸਿੰਘ, ਹਰਿੰਦਰ ਗਿੱਲ, ਦਲਜੀਤ ਸਰੋਆ, ਵਿਜੇ ਸਾਂਪਲਾ ਅਤੇ ਬਲਜੀਤ ਖ਼ਾਨ ਹਾਜ਼ਰ ਸਨ। ਸਟੇਜ ਸਕੱਤਰ ਸਭਜੀਤ ਨੇ ਨਵਸਵੇਰ ਤੇ ਪੰਜਾਬ ਟੂਡੇ ਅਖ਼ਬਾਰਾਂ ਅਤੇ ਸਰੋਕਾਰਾਂ ਦੀ ਅਵਾਜ਼ ਪੱਤ੍ਰਿਕਾ ਦਾ ਧੰਨਵਾਦ ਕੀਤਾ। ਪੰਜਾਬੀ ਟ੍ਰਿਬਿਊਨ ਅਖ਼ਬਾਰ ਦੇ ਪੱਤਰਕਾਰ ਸ੍ਰੀ ਸੁਰਿੰਦਰ ਮਾਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਅੰਤ ਵਿੱਚ ਡਾਕਟਰ ਰਬਿੰਦਰ ਸਿੰਘ ਨੂੰ ਸਭਾ ਦੁਆਰਾ ਸਨਮਾਨਿਤ ਕੀਤਾ ਗਿਆ। ਸਮੁੱਚੇ ਤੌਰ 'ਤੇ ਇਹ ਪ੍ਰੋਗਰਾਮ ਸਫ਼ਲ ਹੋ ਨਿੱਬੜਿਆ।

HMP ਐਚ ਐਮ ਪੀ ਪ੍ਰੋਫ਼ੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph.: 403-719-4947

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਅਫਗਾਨਿਸਤਾਨ ਵਿੱਚ ਸਿੱਖਾਂ ਤੇ ਹੋਏ ਅੱਤਵਾਦੀ ਹਮਲੇ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ?



ਹਰਚਰਨ ਸਿੰਘ ਪਰਹਾਰ
403-681-8689
hp8689@gmail.com



ਪਿਛਲੇ ਦਿਨੀਂ 25 ਮਾਰਚ, 2020 ਨੂੰ ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਵਿੱਚ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੀ ਯਾਦ ਵਿੱਚ ਬਣੇ ਹੋਏ ਇਤਿਹਾਸਕ ਗੁਰਦੁਆਰੇ ਵਿੱਚ ਜੁੜੀ ਸੰਗਤ ਤੇ ਚਾਰ ਹਮਲਾਵਰਾਂ ਨੇ ਅੰਨ੍ਹੇਵਾਹ ਫਇਰਿੰਗ ਕਰਕੇ 25 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਤੇ ਦਰਜਨਾਂ ਜ਼ਖਮੀ ਹੋਏ ਸਨ। ਇਸ ਤੋਂ ਪਹਿਲਾਂ 1 ਜੁਲਾਈ, 2018 ਨੂੰ ਇਸੇ ਤਰ੍ਹਾਂ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੂੰ ਮਿਲਣ ਜਾ ਰਹੇ ਇੱਕ ਸਿੱਖ ਵਫਦ ਤੇ ਹਮਲਾ ਕਰਕੇ 19 ਸਿੱਖ ਮਾਰ ਦਿੱਤੇ ਗਏ ਸਨ ਤੇ ਦਰਜਨਾਂ ਜ਼ਖਮੀ ਹੋ ਗਏ ਸਨ। 1979 ਵਿੱਚ ਰੂਸ ਵਲੋਂ ਅਫਗਾਨਿਸਤਾਨ ਤੇ ਹਮਲਾ ਕਰਨ ਤੋਂ ਪਹਿਲਾਂ ਅਫਗਾਨਿਸਤਾਨ ਵਿੱਚ ਲੱਖਾਂ ਦੀ ਗਿਣਤੀ ਵਿੱਚ ਹਿੰਦੂ ਤੇ ਸਿੱਖ ਵਸਦੇ ਸਨ, ਪਰ 1979-1989 ਤੱਕ ਚੱਲੀ ਲੜਾਈ ਤੇ ਫਿਰ 1990 ਵਿੱਚ ਤਾਲੀਬਾਨਾਂ ਵਲੋਂ ਅਫਗਾਨਿਤਾਨ ਤੇ ਕਾਬਿਜ ਹੋਣ ਤੋਂ ਬਾਅਦ ਬਹੁ ਗਿਣਤੀ ਮੁਸਲਿਮ ਭਾਈਚਾਰੇ ਤੇ ਅੱਤਵਾਦੀ ਗਰੁੱਪਾਂ ਵਲੋਂ ਘੱਟ ਗਿਣਤੀਆਂ ਤੇ ਹਮਲਿਆਂ ਕਾਰਨ, ਇਹ ਗਿਣਤੀ ਲੱਖਾਂ ਤੋਂ ਘਟ ਕੇ ਹਜ਼ਾਰਾਂ ਵਿੱਚ ਹੋ ਗਈ। ਫਿਰ 2001 ਵਿੱਚ ਅਲ ਕਾਇਦਾ ਤੇ ਤਾਲੀਬਾਨਾਂ ਵਲੋਂ ਅਮਰੀਕਾ ਤੇ ਹਮਲੇ ਤੋਂ ਬਾਅਦ ਅਮਰੀਕਾ ਵਲੋਂ ਅਫਗਾਨਿਸਤਾਨ ਤੇ ਕੀਤੇ ਹਮਲੇ ਕਾਰਨ ਚੱਲ ਰਹੀ ਜੰਗ ਦੌਰਾਨ ਇਹ ਗਿਣਤੀ ਘਟ ਕੇ ਸੈਂਕੜਿਆਂ ਵਿੱਚ ਰਹਿ ਗਈ ਸੀ, ਹੁਣ ਜੋ ਹਾਲਾਤ ਹਨ, ਇਸ ਹਮਲੇ ਤੋਂ ਬਾਅਦ ਬਾਕੀ ਰਹਿੰਦੇ ਹਜ਼ਾਰ ਕੁ ਅਫਗਾਨੀ ਸਿੱਖ ਤੇ ਹਿੰਦੂ ਵੀ ਇਥੋਂ ਨਿਕਲ ਜਾਣਗੇ, ਸ਼ਾਇਦ ਇਹੀ ਇਸ ਹਮਲੇ ਦਾ ਮਕਸਦ ਹੋਵੇ? ਬੇਸ਼ੱਕ ਇਸ ਹਮਲੇ ਦੀ ਸਿੱਧੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਆਫ ਇਰਾਕ ਐਂਡ ਲੇਵੈਂਟ (ਆਈ ਐਸ ਆਈ ਐਲ ISIL) ਵਲੋਂ ਲਈ ਗਈ ਹੈ। ਇਹ ਕੱਟੜ ਇਸਲਾਮੀ ਅੱਤਵਾਦੀ ਗਰੁੱਪ ਇਸਲਾਮਕਿ ਸਟੇਟ ਆਫ ਇਰਾਕ ਐਂਡ ਸੀਰੀਆ (ਆਈ ਐਸ ਆਈ ਐਸ ISIS) ਦਾ ਹੀ ਬਦਲਵਾਂ ਰੂਪ ਹੈ। ਇਥੇ ਪਾਠਕਾਂ ਦੀ ਜਾਣਕਾਰੀ ਲਈ ਦੱਸ ਦੇਈਏ ਕਿ ਇਹ ਸਾਰੇ ਕੱਟੜ ਇਸਲਾਮੀ ਅੱਤਵਾਦੀ ਗਰੁੱਪ 18ਵੀਂ ਸਦੀ ਵਿੱਚ ਸਾਉਦੀ ਅਰਬੀਆ ਵਿੱਚ ਕੱਟੜ ਸੁੰਨੀ ਨੇਤਾ ਮੁਹੰਮਦ ਅਲ ਵਹਾਬੀ ਵਲੋਂ ਸ਼ੁਰੂ ਕੀਤੀ ਗਈ 'ਵਹਾਬੀ ਲਹਿਰ' ਦਾ ਹਿੱਸਾ ਹਨ, ਜਿਸਦਾ ਮਕਸਦ ਸਿਰਫ ਅੱਲਾ ਨੂੰ ਮੰਨਣ ਵਾਲਿਆਂ ਦਾ ਰਾਜ ਸਥਾਪਤ ਕਰਨਾ ਤੇ ਕਾਫਿਰਾਂ ਨੂੰ ਮਾਰ ਮੁਕਾਉਣਾ ਸੀ। ਇਹੀ 'ਵਹਾਬੀ ਮੂਵਮੈਂਟ' 19ਵੀਂ ਸਦੀ ਵਿੱਚ ਨਵੇਂ ਰੂਪ ਵਿੱਚ 'ਸਲਾਫੀ ਮੂਵਮੈਂਟ' ਦੇ ਰੂਪ ਵਿੱਚ ਸਾਹਮਣੇ ਆਈ ਸੀ, ਜਿਸਨੂੰ ਮੁਹੰਮਦ ਅਬਦੂ ਵਲੋਂ ਸ਼ੁਰੂ ਕੀਤਾ ਗਿਆ ਸੀ। 'ਅਲ ਕਾਇਦਾ', 'ਤਾਲੀਬਾਨ' ਆਦਿ ਵਰਗੀਆਂ ਦਰਜਨਾਂ ਖੂੰਖਾਰ ਅੱਤਵਾਦੀ ਜਥੇਬੰਦੀਆਂ, ਇਨ੍ਹਾਂ ਦੋਨਾਂ ਮੂਵਮੈਂਟਾਂ ਤੋਂ ਪ੍ਰਭਾਵਤ ਹਨ। ਇਨ੍ਹਾਂ ਗਰੁੱਪਾਂ ਦੇ ਅੱਤਵਾਦੀ ਹੀ ਜ਼ਿਆਦਾਤਰ ਆਤਮਘਾਤੀ ਹਮਲੇ ਕਰਦੇ ਹਨ। ਪਾਕਿਸਤਾਨ, ਅਫਗਾਨਿਸਤਾਨ, ਸੀਰੀਆ, ਇਰਾਕ, ਇਰਾਨ ਆਦਿ ਅਨੇਕਾਂ ਦੇਸ਼ਾਂ ਵਿੱਚ ਇਹ ਗਰੁੱਪ ਹੀ ਘੱਟ ਗਿਣਤੀਆਂ ਤੇ ਹਮਲਿਆਂ ਲਈ ਜ਼ਿੰਮੇਵਾਰ ਮੰਨੇ ਜਾਂਦੇ ਹਨ। ਇਨ੍ਹਾਂ ਦੀ ਵਿਚਾਰਧਾਰਾ ਅਨੁਸਾਰ ਇਸਲਾਮਿਕ ਦੇਸ਼ਾਂ ਵਿੱਚ ਸੁੰਨੀ ਮੁਸਲਮਾਨਾਂ ਤੋਂ ਬਿਨਾਂ ਹੋਰ ਕਿਸੇ ਨੂੰ ਰਹਿਣ ਦਾ ਹੱਕ ਨਹੀਂ। ਇਸੇ ਕਰਕੇ ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਇਸਾਈਆਂ ਤੋਂ ਇਲਾਵਾ ਇਹ ਸ਼ੀਆ, ਸੂਫੀ, ਅਹਿਮਦੀਆ ਆਦਿ ਮੁਸਲਮਾਨ ਫਿਰਕਿਆਂ 'ਤੇ ਵੀ ਹਮਲੇ ਕਰਦੇ ਰਹਿੰਦੇ ਹਨ। ਪਿਛਲੇ ਦਿਨੀਂ ਕੀਤੇ ਗਏ ਆਤਮਘਾਤੀ ਹਮਲੇ ਤੇ ਫਾਇਰਿੰਗ ਵਿੱਚ ਮਾਰਿਆ ਗਿਆ ਇੱਕ ਅੱਤਵਾਦੀ ਇੰਡੀਆ ਦੇ ਸੂਬੇ ਕੇਰਲਾ ਦਾ ਵਾਸੀ ਮੁਹੰਮਦ ਸਾਜਿਦ ਸੀ, ਜੋ ਕੁਝ ਸਾਲ ਪਹਿਲਾਂ ਇਨ੍ਹਾਂ ਅੱਤਵਾਦੀ ਗਰੁੱਪਾਂ ਵਿੱਚ ਸ਼ਾਮਿਲ ਹੋ ਗਿਆ ਸੀ। ਹਮਲਾਵਾਰਾਂ ਨੇ ਹਮਲੇ ਦੀ ਲਈ ਜ਼ਿੰਮੇਵਾਰੀ ਵਿੱਚ ਕਿਹਾ ਤਾਂ ਇਹ ਹੈ ਕਿ ਹਮਲਾ ਭਾਰਤ ਵਲੋਂ ਕਸ਼ਮੀਰ ਵਿੱਚ ਕੀਤੇ ਜਾ ਰਹੇ ਜ਼ੁਲਮਾਂ ਦੇ ਜਵਾਬ ਵਿੱਚ ਹੈ, ਪਰ ਇਸਦਾ ਸਿੱਖਾਂ ਨਾਲ ਕੀ ਸਬੰਧ ਤੇ ਖਾਸਕਰ ਉਸ ਵਕਤ ਜਦੋਂ ਸਿੱਖ ਖੁੱਲੇਆਮ ਭਾਰਤ ਸਰਕਾਰ ਖਿਲਾਫ ਜਾ ਕੇ ਕਸ਼ਮੀਰੀਆਂ ਦੀ ਦੇਸ਼-ਵਿਦੇਸ਼ ਮਦਦ ਕਰ ਰਹੇ ਹਨ। ਇਸ ਲਈ ਹਮਲੇ ਪਿਛੇ ਕੋਈ ਸਾਜ਼ਿਸ਼ ਨਜ਼ਰ ਆ ਰਹੀ ਹੈ?

ਸਾਡਾ ਇਥੇ ਇਸ ਘਟਨਾ ਦਾ ਜ਼ਿਕਰ ਕਰਨ ਦਾ ਮਕਸਦ ਇਹ ਨਹੀਂ ਕਿ ਇਸ ਹਮਲੇ ਦੀ ਸਾਜ਼ਿਸ਼ ਪਿਛੇ ਕੌਣ ਹੈ, ਸਗੋਂ ਇਹ ਵਿਚਾਰਨਾ ਹੈ ਕਿ ਜਿਥੇ ਵੀ ਧਰਮ ਜਾਂ ਕਿਸੇ ਖਾਸ ਵਿਚਾਰਧਾਰਾ ਅਧਾਰਿਤ ਬਹੁ-ਗਿਣਤੀ ਲੋਕਾਂ ਵਲੋਂ ਸਰਕਾਰਾਂ ਚਲਾਈਆਂ ਜਾਂਦੀਆਂ ਹਨ, ਉਹ ਡਿਕਟੇਟਰਸ਼ਿਪ ਵਾਲੀਆਂ ਹੋਣ ਜਾਂ ਲੋਕਤੰਤਰੀ ਹੋਣ, ਸਭ ਜਗ੍ਹਾ ਘੱਟ ਗਿਣਤੀ ਫਿਰਕਿਆਂ ਨਾਲ ਹਰ ਪੱਧਰ 'ਤੇ ਵਿਤਕਰੇ ਸਰਕਾਰਾਂ ਵੀ ਕਰਦੀਆਂ ਹਨ ਤੇ ਬਹੁ-ਗਿਣਤੀ ਭਾਈਚਾਰੇ ਦੇ ਲੋਕ ਵੀ ਕਰਦੇ ਹਨ। ਖਾਸਕਰ ਧਰਮ ਅਧਾਰਤ ਜਾਂ ਕਿਸੇ ਖਾਸ ਵਿਚਾਰਧਾਰਾ ਨੂੰ ਪਰਨਾਏ ਹੋਏ ਦੇਸ਼ਾਂ ਵਿੱਚ ਇਹ ਵਰਤਾਰਾ ਆਮ ਦੇਖਣ ਨੂੰ ਮਿਲਦਾ ਹੈ। ਪਿਛਲੇ ਸਾਲਾਂ ਵਿੱਚ ਮਾਈਨਾਮਾਰ (ਬਰਮਾ) ਵਿੱਚ ਬਹੁ-ਗਿਣਤੀ ਬੋਧੀ ਭਾਈਚਾਰੇ ਵਲੋਂ ਰੋਹੰਗੀਆ ਮੁਸਲਮਾਨਾਂ ਦਾ ਵੱਡੇ ਪੱਧਰ 'ਤੇ ਕਤਲੇਆਮ ਹੋਇਆ ਸੀ। ਇਸੇ ਤਰ੍ਹਾਂ ਸ੍ਰੀਲੰਕਾ ਵਿੱਚ ਸਿਨਹਾਲੀ ਬੋਧੀ ਬਹੁ-ਗਿਣਤੀ ਭਾਈਚਾਰੇ ਵਲੋਂ ਘੱਟ ਤਾਮਿਲ ਹਿੰਦੂਆਂ ਨਾਲ ਵਿਤਕਰੇ ਤੇ ਕਤਲੇਆਮ ਅਕਸਰ ਹੁੰਦੇ ਹਨ। ਜੇ ਅਸੀਂ ਇੰਡੀਆ ਦੇ ਪੱਖ ਤੋਂ ਦੇਖੀਏ ਤਾਂ ਪਹਿਲਾਂ ਇਥੇ ਦਰਾਵੜਾਂ ਦੀ ਸਿੰਧੂ ਘਾਟੀ ਸਭਿਅਤਾ ਸੀ। ਫਿਰ 4 ਕੁ ਹਜ਼ਾਰ ਸਾਲ ਪਹਿਲਾਂ ਸੈਂਟਰਲ ਏਸ਼ੀਆ, ਅਰਬ ਤੇ ਯੂਰਪ ਵਿੱਚੋਂ ਕੁਝ ਆਰੀਅਨ ਕਬੀਲੇ ਇਸ ਖੇਤਰ ਵਿੱਚ ਆਏ, ਜਿਨ੍ਹਾਂ ਨੇ ਤਕਰੀਬਨ ਇੱਕ ਹਜ਼ਾਰ ਸਾਲ ਇਥੇ ਦੇ ਮੂਲ ਨਿਵਾਸੀ ਦਰਾਵੜਾਂ ਨਾਲ ਲੜਾਈਆਂ ਲੜੀਆਂ ਤੇ ਅਖੀਰ ਜਿੱਤ ਪ੍ਰਾਪਤ ਕਰਕੇ ਵਰਣ ਆਸ਼ਰਮ ਅਧਾਰਿਤ ਹਿੰਦੂ (ਵੈਦਿਕ-ਆਰੀਅਨ) ਧਰਮ ਦੀ ਸਥਾਪਨਾ ਕੀਤੀ। ਪਰ ਇਹ ਲੜਾਈ ਕਦੇ ਖਤਮ ਨਹੀਂ ਹੋਈ, ਵੱਖ-ਵੱਖ ਢੰਗਾਂ ਨਾਲ 4 ਹਜ਼ਾਰ ਸਾਲ ਤੋਂ ਹੀ ਜਾਰੀ ਹੈ। ਫਿਰ 2500 ਸਾਲ ਪਹਿਲਾਂ ਇਸ ਖਿੱਤੇ ਵਿੱਚ ਬੁੱਧ ਧਰਮ ਪੈਦਾ ਹੋਇਆ, ਜਿਸਨੇ ਵਰਣ ਆਸ਼ਰਮ ਸਮੇਤ ਆਰੀਅਨਾਂ ਵਲੋਂ ਸਥਾਪਿਤ ਕੀਤੇ ਗਏ ਬ੍ਰਾਹਮਣਵਾਦੀ ਹਿੰਦੂ ਧਰਮ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਇਥੋਂ ਤੱਕ ਕਿ ਉਸਨੇ ਬ੍ਰਾਹਮਣ ਦੇ ਰੱਬ ਨੂੰ ਰੱਦ ਕਰ ਦਿੱਤਾ, ਇਸੇ ਕਰਕੇ ਬੁੱਧ ਧਰਮ ਨੂੰ ਨਾਸਤਿਕ ਧਰਮ ਵੀ ਕਿਹਾ ਜਾਂਦਾ ਹੈ, ਜਦਕਿ ਅਸਲੀਅਤ ਵਿੱਚ ਬੁੱਧ ਧਰਮ ਨਾਸਤਿਕ ਨਹੀਂ? ਬੁੱਧ ਤੋਂ ਤਕਰੀਬਨ 200 ਸਾਲ ਬਾਅਦ ਸਮਰਾਟ ਅਸ਼ੋਕ ਨੇ ਬੁੱਧ ਧਰਮ ਨੂੰ ਇੰਡੀਆ ਤੇ ਸਾਊਥ ਏਸ਼ੀਆ ਵਿੱਚ ਵੱਡੇ ਪੱਧਰ ਤੇ ਫੈਲਾਇਆ। ਤਕਰੀਬਨ 6-7 ਸਦੀਆਂ ਇੰਡੀਆ ਵਿੱਚ ਬੁੱਧ ਧਰਮ ਦਾ ਬੋਲ-ਬਾਲਾ ਰਿਹਾ। ਇਸ ਤੋਂ ਬਾਅਦ ਬੁੱਧ ਧਰਮ ਨੂੰ ਸ਼ੰਕਰਾਚਾਰੀਆ ਦੀ ਅਗਵਾਈ ਵਿੱਚ ਆਰੀਅਨ ਹਿੰਦੂਆਂ ਨੇ ਖਤਮ ਕਰਨ ਲਈ ਜਬਰਦਸਤ ਹਮਲੇ ਕੀਤੇ। ਤਕਰੀਬਨ 6-7 ਸਦੀ ਤੱਕ ਆਉਂਦਿਆਂ ਬੁੱਧ ਧਰਮ ਭਾਰਤ ਵਿਚੋਂ ਅਲੋਪ ਜਿਹਾ ਹੀ ਹੋ ਗਿਆ ਸੀ ਤੇ ਹੋਰ ਨੇੜਲੇ ਦੇਸ਼ਾਂ ਵਿੱਚ ਫੈਲ ਗਿਆ ਸੀ। ਇਸ ਤੋਂ ਬਾਅਦ ਇੱਕ ਵਾਰ ਫਿਰ ਹਿੰਦੂ ਧਰਮ ਦਾ ਬੋਲ-ਬਾਲਾ ਹੋਇਆ, ਜੋ ਕਿ ਇਸਲਾਮਿਕ ਹਮਲਾਵਰਾਂ ਦੇ 10ਵੀਂ-11ਵੀਂ ਸਦੀ ਵਿੱਚ ਭਾਰਤ ਵੱਲ ਆਉਣ ਤੱਕ ਜਾਰੀ ਰਿਹਾ। ਇਸ ਤੋਂ ਬਾਅਦ ਮੁਹੰਮਦ ਗਜਨਵੀ, ਮੁਹੰਮਦ ਗੋਰੀ, ਚੰਗੇਜ ਖਾਨ, ਬਾਬਰ ਆਦਿ ਹਮਲਾਵਰਾਂ ਦੇ ਆਉਣ ਨਾਲ ਭਾਰਤ ਵਿੱਚ ਇਸਲਾਮ ਦਾ ਬੋਲ-ਬਾਲਾ ਹੋ ਗਿਆ। ਜੋ ਕਿ ਅੰਗਰੇਜ਼ਾਂ ਦੇ ਆਉਣ ਤੱਕ ਤਕਰੀਬਨ 8-9 ਸੌ ਸਾਲ ਜਾਰੀ ਰਿਹਾ। ਬੋਧੀਆਂ ਨੂੰ ਭਾਰੀ ਤਾਕਤ ਦੀ ਵਰਤੋਂ ਕਰਕੇ ਹਿੰਦੂਆਂ ਵਲੋਂ ਹਰਾਇਆ ਗਿਆ ਸੀ, ਇਸ ਲਈ ਬੋਧੀਆਂ ਵਲੋਂ ਵੀ ਭਾਰਤ ਵਿੱਚ ਇਸਲਾਮ ਦਾ ਰਾਜ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਗਈ ਸੀ। ਬਹੁਤੇ ਬੋਧੀ, ਜੋ ਹਿੰਦੂਆਂ ਦੇ ਜ਼ੁਲਮਾਂ ਅੱਗੇ ਝੁਕ ਕੇ ਹਿੰਦੂ ਬਣ ਗਏ ਸਨ,









ਉਹੀ ਵੱਡੀ ਗਿਣਤੀ ਵਿੱਚ ਇਸਲਾਮ ਵਿੱਚ ਆ ਗਏ। ਬੇਸ਼ੱਕ ਇਸਲਾਮਕ ਹਮਲਾਵਰਾਂ ਵਲੋਂ ਕਾਫਰਾਂ ਦੇ ਧਰਮ ਪਰਿਵਤਰਨ ਨਾਲ ਵੀ ਵੱਡੀ ਗਿਣਤੀ ਵਿੱਚ ਲੋਕ ਇਸਲਾਮ ਵਿੱਚ ਆਏ ਸਨ, ਪਰ ਬੋਧੀਆਂ ਦਾ ਵੀ ਵੱਡਾ ਰੋਲ ਸੀ। ਜੇ ਅਸੀਂ ਬਾਕੀ ਦੁਨੀਆਂ ਦਾ ਇਤਿਹਾਸ ਵੀ ਦੇਖਦੇ ਹਾਂ ਤਾਂ ਯਹੂਦੀਆਂ, ਇਸਾਈਆਂ, ਮੁਸਲਮਾਨਾਂ ਆਦਿ ਨੇ ਵੀ ਆਪਣੇ ਰਾਜਾਂ ਤੇ ਧਰਮ ਨੂੰ ਵਧਾਉਣ ਲਈ ਮਨੁੱਖਤਾ ਤੇ ਭਾਰੀ ਜ਼ੁਲਮ ਕੀਤੇ ਸਨ। ਬਸਤੀਵਾਦੀ ਗੋਰਿਆਂ ਵਲੋਂ ਸਾਰੀ ਦੁਨੀਆਂ ਵਿੱਚ ਰਾਜ ਕਰਨ ਦੇ ਮਨਸੂਬਿਆਂ ਵਿੱਚ ਚਰਚ ਦਾ ਵੱਡਾ ਹੱਥ ਸੀ। ਇਸੇ ਬਦੌਲਤ ਇਸਾਈ ਧਰਮ ਦੁਨੀਆਂ ਦਾ ਸਭ ਤੋਂ ਵੱਡਾ ਧਰਮ ਬਣ ਸਕਿਆ। ਇਸੇ ਤਰ੍ਹਾਂ ਇਸਲਾਮਿਕ ਹਮਲਾਵਰਾਂ ਨਾਲ ਮੂਹਰੇ ਹੋ ਕੇ ਕੁਰਾਨ ਦਾ ਪਾਠ ਪੜ੍ਹਾਉਣ ਵਾਲੇ ਕਾਜੀ, ਮੁੱਲਾਂ-ਮੁਲਾਣਿਆਂ ਕਾਰਨ ਹੀ ਇਸਲਾਮ ਦੁਨੀਆਂ ਦਾ ਦੂਜੇ ਨੰਬਰ ਦਾ ਧਰਮ ਬਣਿਆ ਹੋਇਆ ਹੈ। ਕਹਿਣ ਤੋਂ ਭਾਵ ਹੈ ਕਿ ਸਾਰੇ ਧਰਮ ਰਾਜਸੀ ਤਾਕਤ ਦੇ ਨਾਲ ਹੀ ਵਧੇ ਫੁੱਲੇ ਹਨ, ਦੋਨੋ ਇੱਕ ਦੂਜੇ ਦੇ ਪੂਰਕ ਹੋ ਕੇ ਵਿਚਰਦੇ ਰਹੇ ਹਨ ਤੇ ਵਿਚਰ ਰਹੇ ਹਨ।

ਦੁਨੀਆਂ ਦਾ ਸਾਰਾ ਇਤਿਹਾਸ ਪੜ੍ਹ ਕੇ ਦੇਖ ਲਉ, ਆਪਣੀ ਰਾਜਸੀ ਜਾਂ ਧਾਰਮਿਕ ਸਰਦਾਰੀ ਕਾਇਮ ਕਰਨ ਲਈ ਕੋਈ ਕਿਸੇ ਤੋਂ ਘੱਟ ਨਹੀਂ ਤੇ ਆਪਣੇ ਹਿੱਤਾਂ ਲਈ ਇੱਕ ਦੂਜੇ ਦਾ ਸਾਥ ਦੇ ਕੇ ਮਨੁੱਖਤਾ ਦਾ ਘਾਣ ਕਰਦੇ ਰਹੇ ਹਨ। ਭਾਰਤੀ ਖਿੱਤੇ ਦੇ ਪੱਖ ਤੋਂ ਦੇਖੀਏ ਤਾਂ ਦਰਾਵੜਾਂ, ਹਿੰਦੂਆਂ (ਆਰੀਅਨਾਂ), ਬੋਧੀਆਂ, ਮੁਸਲਮਾਨਾਂ, ਇਸਾਈਆਂ ਦੀ ਦੁਸ਼ਮਣੀ ਸਦੀਆਂ ਪੁਰਾਣੀ ਹੈ। ਇਹ ਸਾਰੇ ਆਪਣੀ ਆਪਣੀ ਸਰਦਾਰੀ ਲਈ ਸਦੀਆਂ ਤੋਂ ਇੱਕ ਦੂਜੇ ਦਾ ਖ਼ੂਨ ਵਹਾਉਂਦੇ ਆਏ ਹਨ ਤੇ ਅੱਜ ਵੀ ਵਹਾ ਰਹੇ ਹਨ। ਪਿਛਲੇ ਕੁਝ ਸਾਲਾਂ ਤੋਂ ਭਾਰਤ ਵਿੱਚ ਇੱਕ ਵਾਰ ਫਿਰ ਹਿੰਦੂਵਾਦ ਦਾ ਬੋਲ-ਬਾਲਾ ਹੋਣ ਨਾਲ ਮੁਸਲਮਾਨ ਨਿਸ਼ਾਨੇ ਤੇ ਹਨ। ਪਰ ਜਿਥੇ ਮੁਸਲਮਾਨਾਂ ਦਾ ਬੋਲ-ਬਾਲਾ ਹੈ, ਉਥੇ ਹਿੰਦੂ-ਸਿੱਖ-ਬੋਧੀ ਨਿਸ਼ਾਨੇ ਤੇ ਹਨ। ਜਿਥੇ ਬੋਧੀਆਂ ਦਾ ਬੋਲ-ਬਾਲਾ ਹੈ, ਉਥੇ ਹਿੰਦੂ ਨਿਸ਼ਾਨੇ ਤੇ ਹਨ। ਜਿਥੇ ਇਸਾਈਆਂ ਦਾ ਜ਼ੋਰ ਚੱਲਦਾ ਹੈ, ਉਥੇ ਮੁਸਲਮਾਨ ਜਾਂ ਹੋਰ ਘੱਟ ਗਿਣਤੀਆਂ ਨਿਸ਼ਾਨੇ ਤੇ ਹਨ। ਸਿੱਖ ਧਰਮ ਗੁਰੂ ਨਾਨਕ ਸਾਹਿਬ ਦੀ 14-15 ਸਦੀ ਵਿੱਚ ਆਗਮਨ ਨਾਲ ਸ਼ੁਰੂ ਹੋਇਆ। ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂਆਂ ਤੇ ਭਗਤਾਂ ਦੀ ਬਾਣੀ (ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ) ਅਧਾਰਿਤ ਸਿੱਖ ਧਰਮ, ਜਿਥੇ ਮਨੁੱਖਤਾਵਾਦੀ ਤੇ ਸਰਬੱਤ ਦੇ ਭਲੇ ਦਾ ਧਾਰਨੀ ਹੈ, ਉਥੇ ਧਾਰਮਿਕ ਫਿਰਕਿਆਂ ਦੀਆਂ ਕਰਮਕਾਂਡੀ, ਅੰਧ ਵਿਸ਼ਵਾਸ਼ੀ, ਗੈਰ ਵਿਗਿਆਨਕ ਗੀਤਾਂ-ਰਸਮਾਂ-ਮਰਿਯਾਦਾਵਾਂ ਦਾ ਵਿਰੋਧੀ ਅਤੇ ਹੱਕ-ਸੱਚ-ਇਨਸਾਫ ਲਈ ਆਵਾਜ ਉਠਾਉਣ ਵਾਲਾ ਧਰਮ ਹੈ। ਇਸੇ ਕਰਕੇ ਇਹ ਧਰਮ ਕਦੇ ਬਹੁਤਾ ਫੈਲਿਆ ਨਹੀਂ ਤੇ ਨਾ ਹੀ ਅਜਿਹੀ ਵਿਚਾਰਧਾਰਾ ਵਾਲਾ ਧਰਮ ਬਹੁਤਾ ਫੈਲ ਸਕਦਾ ਹੈ ਕਿਉਂਕਿ ਇਤਿਹਾਸਕ ਤਜਰਬੇ ਇਹੀ ਦੱਸਦੇ ਹਨ ਕਿ ਕਿਸੇ ਧਾਰਮਿਕ ਫਿਰਕੇ ਨੂੰ ਫੈਲਾਉਣ ਲਈ ਰਾਜਸੀ ਤਾਕਤ ਦੀ ਲੋੜ ਹੁੰਦੀ ਹੈ ਤੇ ਰਾਜਸੀ ਤਾਕਤ ਲੋਕਾਂ ਤੇ ਜ਼ਬਰ-ਜ਼ੁਲਮ ਤੋਂ ਬਿਨਾਂ ਹਾਸਲ ਨਹੀਂ ਹੋ ਸਕਦੀ। ਬੇਸ਼ੱਕ ਸਿੱਖਾਂ ਨੇ ਤਕਰੀਬਨ 100 ਸਾਲ ਮੁਗਲਾਂ ਨਾਲ ਲੜ ਕੇ ਇੱਕ ਰਾਜ ਸਥਾਪਤ ਕੀਤਾ ਸੀ, ਪਰ ਉਹ ਬਹੁਤਾ ਚਿਰ ਚੱਲ ਨਹੀਂ ਸਕਿਆ ਤੇ ਹਾਲਾਂ ਕਿ ਉਸ ਵਿੱਚ ਗੁਰੂਆਂ ਦੀ ਵਿਚਾਰਧਾਰਾ ਵਾਲੇ ਕੁਝ ਕੁ ਅੰਸ਼ ਹੀ ਸਨ। ਭਗਤਾਂ ਤੇ ਗੁਰੂ ਸਾਹਿਬਾਨ ਦੇ ਸਮੇਂ ਵਿੱਚ ਪ੍ਰਚਲਤ ਧਾਰਮਿਕ ਫਿਰਕਿਆਂ (ਹਿੰਦੂਆਂ-ਮੁਸਲਮਾਨਾਂ) ਦੇ ਪੁਜਾਰੀਆਂ ਨੇ ਰਾਜ ਦਰਬਾਰਾਂ ਨਾਲ ਸਾਜ਼ਿਸ਼ ਕਰਕੇ ਭਗਤਾਂ-ਗੁਰੂਆਂ ਨੂੰ ਕਦੇ ਚੈਨ ਨਾਲ ਬੈਠਣ ਨਹੀਂ ਦਿੱਤਾ। ਬੇਸ਼ੱਕ ਗੁਰੂਆਂ ਦੀ ਵਿਚਾਰਧਾਰਾ ਮਾਨਵਤਾਵਾਦੀ ਤੇ ਸਰਬੱਤ ਦੇ ਭਲੇ ਦੀ ਸੀ, ਪਰ ਉਸ ਵਿੱਚ ਜ਼ੁਲਮ-ਜ਼ਬਰ ਜਾਂ ਬੇਇਨਸਾਫੀ ਖਿਲਾਫ ਲੜਨ ਦੀ ਪ੍ਰੇਰਨਾ ਕਰਕੇ ਸ਼ੁਰੂ ਤੋਂ ਹੀ ਗੁਰੂ ਘਰ ਦਾ ਵਿਰੋਧ ਮੌਕੇ ਦੀਆਂ ਰਾਜਸੀ ਹਕੂਮਤਾਂ ਤੇ ਧਰਮ ਵਿੱਚ ਸਥਾਪਤ ਪੁਜਾਰੀਵਾਦ ਖਿਲਾਫ ਰਿਹਾ ਹੈ। ਗੁਰੂਆਂ ਦੇ ਸਮੇਂ ਤੋਂ ਹੀ ਪੁਜਾਰੀਵਾਦ ਸਿੱਖ ਵਿਚਾਰਧਾਰਾ ਖਿਲਾਫ ਸਾਜ਼ਿਸ਼ਾਂ ਕਰਦਾ ਰਿਹਾ ਹੈ ਤੇ ਗੁਰੂ ਕਾਲ ਤੋਂ ਬਾਅਦ ਜਲਦੀ ਹੀ ਪੁਜਾਰੀਵਾਦ ਨਵੇਂ ਰੂਪ ਵਿੱਚ ਸਿੱਖੀ ਤੇ ਕਾਬਿਜ਼ ਹੋ ਗਿਆ ਸੀ, ਜੋ ਕਿ ਹੁਣ ਤੱਕ ਪੂਰੀ ਤਰ੍ਹਾਂ ਕਾਬਿਜ ਹੈ। ਅੱਜ ਦੀ ਪੁਜਾਰੀਵਾਦ ਵਿੱਚ ਜਕੜੀ ਸਿੱਖੀ ਪੁਰੀ ਤਰ੍ਹਾਂ ਬ੍ਰਾਹਮਣਵਾਦੀ ਰੰਗ ਵਿੱਚ ਰੰਗ ਚੁੱਕੀ ਹੈ। ਦੇਖਣ ਨੂੰ ਲੱਗਦੀ ਸਿੱਖੀ ਜਾਂ ਸਿੱਖਾਂ ਵਿਚੋਂ ਸਿੱਖੀ ਦਾ ਤੱਤ ਤਕਰੀਬਨ-ਤਕਰੀਬਨ ਖਤਮ ਕਰ ਦਿੱਤਾ ਗਿਆ ਹੈ। ਪਰ ਸਿੱਖਾਂ ਵਿੱਚੋਂ ਹੀ ਇੱਕ ਛੋਟਾ ਜਿਹਾ ਧੜਾ ਅਜੇ ਵੀ ਹੈ, ਜੋ ਸਿੱਖੀ ਦੀ ਮਨੁੱਖਤਾਵਾਦੀ ਤੇ ਬੇਇਨਸਾਫੀ ਵਿਰੁੱਧ ਲੜਨ ਵਾਲੀ ਵਾਲੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਪੁਜਾਰੀਵਾਦ ਤੇ ਹਕੂਮਤਾਂ ਵਿਰੁੱਧ ਖੜ੍ਹਦਾ ਰਿਹਾ ਹੈ ਤੇ ਅੱਜ ਵੀ ਅਕਸਰ ਖੜ੍ਹ ਜਾਂਦਾ ਹੈ। ਇਹ ਵਰਤਾਰਾ ਅਸੀਂ 18ਵੀ ਸਦੀ ਵਿੱਚ ਮੁਗਲਾਂ ਖਿਲਾਫ, ਫਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ, ਫਿਰ ਅੰਗਰੇਜੀ ਰਾਜ ਤੇ ਹੁਣ ਭਾਰਤ ਦੇ ਅਖੌਤੀ ਲੋਕਤੰਤਰੀ ਹਿੰਦੂ ਰਾਜ ਵਿੱਚ ਦੇਖ ਸਕਦੇ ਹਾਂ। ਪਿਛਲੇ 70 ਸਾਲ ਦੇ ਭਾਰਤੀ ਲੋਕਤੰਤਰੀ ਰਾਜ ਵਿੱਚ ਭਾਰਤੀ ਸਟੇਟ ਵਲੋਂ ਬਹੁ-ਗਿਣਤੀ ਦੀਆਂ ਵੋਟਾਂ ਬਟੋਰਨ ਦੀ ਰਾਜਨੀਤੀ ਤਹਿਤ ਘੱਟ ਗਿਣਤੀਆਂ ਨੂੰ ਵੱਖ-ਵੱਖ ਢੰਗਾਂ ਨਾਲ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ, ਉਨ੍ਹਾਂ ਖਿਲਾਫ ਦੰਗਿਆਂ ਰਾਹੀਂ ਹਿੰਸਾ ਵੀ ਫੈਲਾਈ ਜਾਂਦੀ ਹੈ। ਸਿੱਖਾਂ ਦੇ ਮਾਮਲੇ ਵਿੱਚ ਇਹ ਅਕਸਰ ਦੇਖਿਆ ਗਿਆ ਹੈ ਕਿ ਇਸ ਛੋਟੇ ਜਿਹੇ ਗਰਮ ਖਿਆਲੀ (ਪਰ ਜਜ਼ਬਾਤੀ) ਧੜੇ ਨੂੰ ਸਰਕਾਰਾਂ ਆਪਣੇ ਹਿੱਤਾਂ ਲਈ ਵਰਤਦੀਆਂ ਰਹੀਆਂ ਹਨ। ਪਿਛਲੇ 50 ਸਾਲਾਂ ਦੀ ਸਿੱਖ ਰਾਜਨੀਤੀ ਇਸਦੀ ਪ੍ਰਤੱਖ ਉਦਾਹਰਣ ਹੈ। ਸਿੱਖਾਂ ਦੀ ਇਸ ਜਜ਼ਬਾਤੀ ਤੇ ਉਲਾਰ ਪਹੁੰਚ ਨੇ ਜਿਥੇ ਸਿੱਖੀ ਦੀ ਮਨੁੱਖਤਾਵਾਦੀ ਤੇ ਸਰਬੱਤ ਦੇ ਭਲੇ ਦੀ ਪਹੁੰਚ ਦਾ ਨੁਕਸਾਨ ਕੀਤਾ ਹੈ, ਉਥੇ ਆਮ ਸਿੱਖਾਂ ਲਈ ਬਹੁਤ ਵੱਡੀਆਂ ਵੱਡੀਆਂ ਮੁਸੀਬਤਾਂ ਖੜ੍ਹੀਆਂ ਕੀਤੀਆਂ ਹਨ। ਬੇਸ਼ੱਕ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਸਿੱਖਾਂ ਵਲੋਂ ਮਾਨਵਤਾਵਾਦੀ ਸੋਚ ਅਧੀਨ ਦੁਨੀਆਂ ਭਰ ਵਿੱਚ ਲੋੜਵੰਦਾਂ ਲਈ ਲੰਗਰ ਲਗਾਉਣ, ਮਾਇਕ ਸਹਾਇਤਾ ਕਰਨ, ਮਿਹਨਤ ਕਰਨ ਤੇ ਕਿਸੇ ਬੇਇਨਸਾਫੀ ਖਿਲਾਫ ਡਟਣ ਨਾਲ ਨਾਮਣਾ ਵੀ ਖੱਟਿਆ ਹੈ, ਪਰ ਜ਼ਿਆਦਾਤਰ ਇਸ ਜਜ਼ਬਾਤੀ ਤੇ ਉਲਾਰ ਪਹੁੰਚ ਨਾਲ ਨੁਕਸਾਨ ਹੋਇਆ ਹੈ। ਜੇ ਭਾਰਤੀ ਸਟੇਟ ਸਿੱਖਾਂ ਜਾਂ ਪੰਜਾਬ ਨਾਲ ਵਿਤਕਰਾ ਕਰਦੀ ਹੈ ਤਾਂ ਉਸ ਲਈ ਪੰਜਾਬ ਵਿੱਚ ਵਸਦੇ ਸਾਰੇ ਫਿਰਕਿਆਂ ਨੂੰ ਨਾਲ ਲੈ ਕੇ ਸਾਂਝਾ ਸੰਘਰਸ਼ ਲੜਨ ਦੀ ਥਾਂ ਸਿੱਖਾਂ ਵਲੋਂ ਇਸਨੂੰ ਧਾਰਮਿਕ ਰੰਗਤ ਦੇਣ ਨਾਲ ਹਮੇਸ਼ਾਂ ਨੁਕਸਾਨ ਹੋਇਆ ਹੈ। ਸਿੱਖਾਂ ਦੀ ਇਹੀ ਪਹੁੰਚ ਅੰਗਰੇਜ਼ਾਂ ਵੇਲੇ ਵੀ ਸੀ। ਜਿਹੜੇ ਗਦਰੀ ਬਾਬੇ ਜਾਂ ਸ਼ਹੀਦ ਭਗਤ ਸਿੰਘ ਵਰਗੇ ਨੌਜਵਾਨ ਅੰਗਰੇਜਾਂ ਖਿਲਾਫ ਧਰਮ ਨਿਰਪੱਖ ਤੇ ਮਨੁੱਖਤਾਵਾਦੀ ਪਹੁੰਚ ਰਾਹੀਂ ਲੜਾਈ ਲੜਦੇ ਸਨ, ਉਨ੍ਹਾਂ ਦੇ ਉਹ ਖਿਲਾਫ ਸਨ ਤੇ ਆਪਣੀ ਲੜਾਈ ਨੂੰ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਤੱਕ ਸੀਮਤ ਕੀਤਾ ਹੋਇਆ ਸੀ। ਜੇ ਪੰਜਾਬ ਤੋਂ ਬਾਹਰ ਦੇਖੋ ਤਾਂ ਘੱਟ ਗਿਣਤੀ ਫਿਰਕਿਆਂ ਮੁਸਲਮਾਨਾਂ, ਇਸਾਈਆਂ ਤੋਂ ਇਲਾਵਾ ਦਲਿਤਾਂ, ਆਦਿਵਾਸੀਆਂ ਨਾਲ ਵੀ ਭਾਰੀ ਵਿਤਕਰੇ ਹੁੰਦੇ ਹਨ। ਜੇ ਰਾਜਸੀ ਪੱਖ ਤੋਂ ਦੇਖੋ ਤਾਂ ਭਾਰਤੀ ਸਟੇਟ ਦੀ ਸਾਰੀ ਤਾਕਤ ਸੈਂਟਰ ਸਰਕਾਰ ਕੋਲ ਇਕੱਠੀ ਕਰਨ ਦੀ ਸੋਚ ਖਿਲਾਫ ਲੋਕ ਆਪਣੇ ਇਲਾਕਿਆਂ ਵਿੱਚ ਖੇਤਰੀ ਪਾਰਟੀਆਂ ਰਾਹੀਂ ਆਪਣੇ ਹਿੱਤਾਂ ਲਈ ਲੜਨ ਦੀ ਕੋਸ਼ਿਸ਼ ਕਰਦੇ ਹਨ। ਇਹ ਵੱਖਰੀ ਗੱਲ ਹੈ ਕਿ ਉਹ ਖੇਤਰੀ ਪਾਰਟੀਆਂ ਵੀ ਧਰਮ ਨਿਰਪੱਖ ਹੋ ਕੇ ਮਨੁੱਖਤਾਵਾਦੀ ਸਾਂਝੀ ਸੋਚ ਅਧੀਨ ਸਾਰਿਆਂ ਨੂੰ ਨਾਲ ਲੈ ਕੇ ਨਹੀਂ ਚੱਲਦੀਆਂ, ਜਿਸ ਨਾਲ ਹੌਲੀ-ਹੌਲੀ ਉਹ ਵੀ ਵੱਡੀਆਂ ਸਰਮਾਏਦਾਰ ਤੇ ਲੋਕ ਵਿਰੋਧੀ ਪਾਰਟੀਆਂ ਦੀਆਂ ਪਿਛਲੱਗ ਬਣ ਜਾਂਦੀਆਂ ਹਨ। ਪਰ ਸਿੱਖਾਂ ਸਮੇਤ ਸਾਰੀਆਂ ਘੱਟ ਗਿਣਤੀਆਂ ਤੇ ਲੋਕ ਪੱਖੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਲੋਕ ਹਿੱਤਾਂ ਲਈ ਧਰਮਾਂ, ਜਾਤਾਂ, ਨਸਲਾਂ, ਕੌਮਾਂ, ਭਾਸ਼ਾਵਾਂ, ਖੇਤਰੀਵਾਦ ਆਦਿ ਦੀ ਸੋਚ ਤੋਂ ਉਪਰ ਉਠ ਕੇ ਸਰਬੱਤ ਦੇ ਭਲੇ ਦੀ ਧਾਰਨਾ ਅਧੀਨ ਸਾਂਝਾ ਮੁਹਾਜ ਬਣਾ ਕੇ ਲੜਨ, ਇਸ ਨਾਲ ਹੀ ਸਭ ਦਾ ਭਲਾ ਵੀ ਹੈ ਤੇ ਬਚਾਅ ਵੀ। ਨਹੀਂ ਤਾਂ ਸਿੱਖਾਂ ਨੇ 1980 ਤੋਂ ਇਕੱਲਿਆਂ ਲੜ ਕੇ ਦੇਖ ਲਿਆ ਹੈ, ਦੇਖ ਰਹੇ ਹਨ, ਕਿ ਵੱਡੀਆਂ ਧਿਰਾਂ ਕਿਵੇਂ ਅੱਤਵਾਦ ਦੀ ਹਊਆ ਖੜਾ ਕਰਕੇ ਜਾਂ ਦੰਗਿਆਂ ਰਾਹੀਂ ਘੱਟ ਗਿਣਤੀਆਂ ਦੀ ਤਬਾਹੀ ਕਰਦੀਆਂ ਹਨ। ਜੇ ਸਿੱਖਾਂ ਦਾ ਇੱਕ ਗਰਮ ਖਿਆਲੀ, ਜਜ਼ਬਾਤੀ ਤੇ ਉਲਾਰ ਧੜਾ ਆਪਣੀ ਮਰਜੀ ਨਾਲ ਭਾਰਤੀ ਸਟੇਟ ਖਿਲਾਫ ਬਿਨਾਂ ਕਿਸੇ ਪਲੈਨ ਦੇ ਲੜਦਾ ਰਹੇਗਾ ਜਾਂ ਹਰ ਮਸਲੇ ਵਿੱਚ ਜਾ ਫਸੇਗਾ ਤਾਂ ਅਫਗਾਨਿਸਤਾਨ, ਕਸ਼ਮੀਰ (ਜਿਥੇ 2000 ਵਿੱਚ 40 ਸਿੱਖ ਮਾਰ ਦਿੱਤੇ ਸਨ), ਦਿੱਲੀ (84 ਦਾ ਸਿੱਖ ਕਤਲੇਆਮ), ਪੰਜਾਬ (84 ਤੋਂ 94 ਖਾਲਿਸਤਾਨੀ ਸੰਘਰਸ਼) ਵਾਂਗ ਸਿੱਖ ਭਾਰਤੀ ਸਟੇਟ ਦੇ ਜ਼ੁਲਮਾਂ ਦਾ ਸ਼ਿਕਾਰ ਬਣਦੇ ਰਹਿਣਗੇ। ਅੱਜ ਸਿੱਖ ਪੰਜਾਬ ਨਾਲੋਂ ਵੱਧ, ਬਾਕੀ ਸਾਰੀ ਦੁਨੀਆਂ ਵਿੱਚ ਫੈਲ ਚੁੱਕੇ ਹਨ, ਉਨ੍ਹਾਂ ਨੂੰ ਗੁਰੂਆਂ ਦੀ ਧਰਮਾਂ ਦੇ ਪਾਖੰਡਾਂ ਤੇ ਪੁਜਾਰੀਵਾਦ ਖਿਲਾਫ ਸੰਘਰਸ਼, ਸਰਬੱਤ ਦੇ ਭਲੇ, ਹੱਕ-ਸੱਚ-ਇਨਸਾਫ ਲਈ ਲੜਨ ਦੀ ਸਪਰਿਟ ਨੂੰ ਮੁੱਖ ਰੱਖ ਕੇ ਆਪਣੀਆਂ ਨੀਤੀਆਂ ਤੇ ਸੋਚ ਨੂੰ ਬਦਲਣ ਦੀ ਲੋੜ ਹੈ ਤੇ ਬਾਕੀ ਘੱਟ-ਗਿਣਤੀਆਂ ਤੇ ਮਨੁੱਖਤਾਵਾਦੀ ਲੋਕਾਂ ਨਾਲ ਸਾਝਾ ਮੁਹਾਜ ਬਣਾਉਣ ਦੀ ਲੋੜ ਹੈ ਤਾਂ ਹੀ ਅਸੀਂ ਆਪ ਵੀ ਨਾ ਸਿਰਫ ਬਚ ਸਕਾਂਗੇ, ਸਗੋਂ ਤਰੱਕੀ ਵੀ ਕਰ ਸਕਾਂਗੇ। ਨਹੀਂ ਤਾਂ ਇਹ ਕੁਝ ਜਜ਼ਬਾਤੀ, ਗਰਮ ਖਿਆਲੀ ਤੇ ਉਲਾਰ ਬਿਰਤੀ ਦੇ ਲੋਕ ਸਿੱਖਾਂ ਦਾ ਪੰਜਾਬ ਵਿੱਚ ਹੀ ਨਹੀਂ ਦੁਨੀਆਂ ਭਰ ਵਿੱਚ ਨੁਕਸਾਨ ਕਰਵਾਉਂਦੇ ਰਹਿਣਗੇ?



Redstone Plaza ਰੈਡ ਸਟੋਨ ਪਲਾਜਾ

Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor,
Kinesiology, Clinical Psychology.
We deal with MVA, WCB
and direct bill private insurance.

REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

Universal Health It's all about "U" PHARMACY
Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com



ਜਗਦੀਸ਼ ਸਿੰਘ ਚੋਹਕਾ
91-9217997445
001-403-285-4208

# ਦਿੱਲੀ ਸੜਦੀ ਰਹੀ ਨੀਰੂ ਬੰਸਰੀ ਵਜਾਉਂਦੇ ਰਹੇ !



24 ਤੋਂ 26 ਫਰਵਰੀ-2020 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਦੇ ਉਤਰ-ਪੂਰਬੀ ਇਲਾਕਿਆਂ 'ਚ ਜਨ-ਸਮੂਹ ਕੁਰਲਾਅ ਰਿਹਾ ਸੀ ! ਹਰ ਪਾਸੇ ਸਾੜ-ਫੂਕ, ਆਮ-ਲੋਕਾਂ ਦੀ ਵੱਢ-ਟੁਕ ਅਤੇ ਬਿਨਾਂ ਝਿਜਕ, ਫਰਿਆਦ ਅਤੇ ਰਹਿਮ ਦੇ ਹਰ ਪਾਸੇ ਫਿਰਕੂ ਦੰਗਾਈਆਂ ਦਾ ਰਾਜ ਸੀ ! ਇਨ੍ਹਾਂ ਫਿਰਕੂ ਦੰਗਿਆਂ ਦੀਆਂ ਖਬਰਾਂ ਮੀਡੀਆ, ਦੁੱਨੀਆ ਭਰ 'ਚ ਨਸ਼ਰ ਕਰ ਰਿਹਾ ਸੀ। ਇਸ ਫਿਰਕੂ ਦਹਿਸ਼ਤ ਦੀ ਚਰਚਾ ਦੇਸ਼ ਹੀ ਨਹੀਂ ਸਗੋਂ ਸਾਰੀ ਦੁਨੀਆਂ ਅੰਦਰ ਵਿਸ਼ਾਂ ਬਣੀ ਹੋਈ ਸੀ ? ਪਰ ਦੇਸ਼ ਦਾ ਪ੍ਰਧਾਨ-ਮੰਤਰੀ ਅਤੇ ਗ੍ਰਿਹ-ਮੰਤਰੀ ਬੰਸਰੀ ਵਜਾ ਰਹੇ ਸਨ ! ਜਦਕਿ ਪੀੜਤ ਦਿੱਲੀ ਵਾਸੀ ਇਸ ਹਿੰਸਾ ਦਾ ਸੇਕ ਝਲ ਰਹੇ ਸਨ ? ਪ੍ਰਧਾਨ-ਮੰਤਰੀ ਮੋਦੀ ਜੀ ਦੁਨੀਆਂ ਦੇ ਸਭ ਤੋਂ ਵੱਧ 'ਮਨੁੱਖੀ ਖਾਣਾ' ਦੇਸ਼ ਸਾਮਰਾਜੀ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਮਹਿਮਾਨ-ਨਿਵਾਜ਼ੀ 'ਚ ਰੁਝੇ ਹੋਏ ਉਸ ਨਾਲ ਜੱਫੀਆ ਪਾ ਕੇ ਇਕ ਨਵਾਂ ਇਤਿਹਾਸ ਰੱਚ ਰਹੇ ਸਨ ! ਦੋਨਾਂ ਮੁਖੀਆਂ ਵਿਚਕਾਰ ਇਕ ਵੱਡੇ ਫੌਜੀ ਸਮਾਨ ਦੇ ਸੌਦਿਆ ਸਬੰਧੀ ਸੰਧੀ ਹੋ ਰਹੀ ਸੀ। ਇਹ ਇਕ ਵੱਡੀ ਸੁਰਖ਼ੀ ਸੀ। 11-ਮਾਰਚ ਨੂੰ ਦੇਸ਼ ਦੀ ਸੰਸਦ ਅੰਦਰ ਇਕ ਗੂੜ੍ਹੀ ਨੀਂਦ ਤੋਂ ਜਾਗੇ ਗ੍ਰਿਹ-ਮੰਤਰੀ ਨੇ ਦਿੱਲੀ ਅੰਦਰ ਹੋਈ ਹਿੰਸਾ ਸਬੰਧੀ ਸੰਸਦ ਮੈਂਬਰਾਂ ਸਾਹਮਣੇ ਇਕ ਬਿਆਨ ਦਿੱਤਾ ! ਦਿੱਲੀ ਦੰਗਿਆਂ 'ਚ ਸ਼ਾਮਲ ਕਿਸੇ ਨੂੰ ਵੀ ਬਖ਼ਸ਼ਿਆ ਨਹੀ ਜਾਵੇਗਾ, ਬਾਹਰਲੇ ਲੋਕਾਂ ਨੇ ਭੜਕਾਈ ਹਿੰਸਾ, 36-ਘੰਟਿਆਂ ਅੰਦਰ ਦੰਗਿਆ ਨੂੰ ਰੋਕਣ ਲਈ ਕਾਮਯਾਬ ਹੋਈ ਪੁਲੀਸ ? ਦਿੱਲੀ ਪੁਲੀਸ ਦੀ ਕੀਤੀ ਸ਼ਲਾਘਾ ! ਇਹ ਦੂਜੀ ਸੁਰਖ਼ੀ ਸੀ ?"

ਦੇਸ਼ ਦੇ ਸੰਵੇਦਨਸ਼ੀਲ ਲੋਕਾਂ ਨੇ, '1947 ਵੇਲੇ ਉਪ-ਮਹਾਂਦੀਪ ਭਾਰਤ ਦੀ ਫਿਰਕੂ ਵੰਡ ਸਮੇਂ, 1984 ਨੂੰ ਸਿੱਖਾਂ ਦਾ ਦਿੱਲੀ ਵਿਖੇ ਕਤਲੇਆਮ, 1983- ਨੂੰ ਆਸਾਮ ਵਿਖੇ ਘੱਟ ਗਿਣਤੀ ਮੁਸਲਮਾਨਾਂ ਦੇ ਕਤਲ, 2002 'ਚ ਗੁਜਰਾਤ ਅੰਦਰ ਮੁਸਲਮਾਨਾਂ ਦੇ ਕਤਲਾਂ ਸਮੇਂ ਹੋਏ ਮਾਨਵੀ ਹੱਕਾਂ ਦੇ ਘਾਣ ਅਤੇ ਖ਼ੂਨੀਕਾਰਿਆਂ, ਸਭ ਨੂੰ ਬਹੁਤ ਨੇੜੇ ਤੋਂ ਦੇਖਿਆ ਹੈ ? ਇਨ੍ਹਾਂ ਸੰਤਾਪੇ ਦਿਨਾਂ ਦੀ ਸਾਡੀ ਵਸੀਅਤ ਅੰਦਰ ਦੋਸ਼ੀਆਂ ਦੇ ਖਾਨੇ 'ਚ 'ਮੁਲਜਿਮ ਨਾ ਫੜੇ ਗਏ ਤੇ ਨਾ ਹੀ ਦੰਡਿਤ' ਹੋਏ ਸਗੋਂ ਉਹ ਰਾਜ-ਭਾਗ ਦੀਆਂ ਕੁਰਸੀਆਂ 'ਤੇ ਸੁਸ਼ੋਭਿਤ ਹਨ ? "ਕੱਚ ਕੀ ਹੈ, ਸੱਚ ਕੀ ਹੈ ?" ਇਸ ਦਾ ਫੈਸਲਾ ਕੌਣ ਕਰੇਗਾ ? ਰਾਜਸਤਾ ਤੇ ਕਾਬਜ਼ ਸ਼ਕਤੀਆਂ ਨੇ ਸਾਡੀਆਂ ਵਿਚਾਰ ਧਾਰਾਵਾਂ ਨੂੰ ਮਨੁੱਖ-ਵਾਦੀ ਬਣਾਉਣ ਦੀ ਥਾਂ ਸਾਨੂੰ ਫਿਰਕੂ ਰਾਸ਼ਟਰਵਾਦੀ ਤਾਕਤਾਂ ਦੇ ਕਬਜ਼ੇ ਅਧੀਨ ਕਰ ਦਿੱਤਾ ਹੈ। ਦਿੱਲੀ ਅੰਦਰ ਖ਼ੂਨੀ ਖੇਲ੍ਹ ਚਿੰਤਾਜਨਕ ਹੈ। ਦੇਸ਼ ਦੀ ਸਾਰੀ ਰਾਜਨੀਤੀ, ਦੇਸ਼ੀ ਵਿਦੇਸ਼ੀ ਅਤੇ ਭਾਰਤੀ ਰਾਜਤੰਤਰ ਇਥੇ ਹੈ। ਫਿਰ ਕਿਵੇਂ ਫਿਰਕੂ ਦੰਗੇ ਭੜਕ ਸਕਦੇ ਹਨ ? ਸੌ ਹੱਥ ਰੱਸਾ ਸਿਰੇ ਤੇ ਗੰਢ, ਇਹ ਹਾਕਮਾਂ ਤੋਂ ਬਿਨਾਂ ਕਿਵੇਂ ਹੋ ਸਕਦਾ ਹੈ ? ਹਾਕਮਾਂ ਦੇ ਇਕ ਇਸ਼ਾਰੇ-ਨਾਲ ਜੰਮੂ-ਕਸ਼ਮੀਰ 'ਚ ਸੰਵਿਧਾਨ ਬਦਲ ਗਿਆ, ਨਾਗਰਿਕਤਾ ਸੋਧ ਕਾਨੂੰਨ ਪਾਸ ਹੋ ਗਿਆ ਤਾਂ ਇਕ ਇਸ਼ਾਰੇ ਨਾਲ ਦੰਗੇ ਬੰਦ ਨਹੀਂ ਹੋ ਸਕਦੇ ਸਨ ?

ਭਾਰਤ ਦੀ ਰਾਜਸਤਾ ਦਾ ਉਠਾਨ ਪੱਛਮੀ ਤਰਜ਼ ਵਾਂਗ ਨਹੀਂ ਹੋਇਆ ਹੈ। ਭਾਰਤ ਦੇ ਲੋਕਾਂ ਅੰਦਰ ਮਨ ਆਦਿ ਕਾਲ ਤੋਂ ਧਰਮ ਦੇ ਸੰਕਲਪ ਨਾਲ ਪੀੜ੍ਹੀ ਦਰ ਪੀੜ੍ਹੀ ਜੁੜਿਆ ਹੋਇਆ ਹੈ। ਧਰਮ ਤੋਂ ਪ੍ਰੇਰਿਤ ਇਹ ਭਾਰਤੀ ਆਵਾਸ ਇਕ ਪਾਸੇ ਪਿਛਲੇ ਪ੍ਰਾਚੀਨ ਧਰਮ ਦੀ ਅਖੌਤੀ ਗੌਰਵਸ਼ੀਲਤਾ ਨਾਲ ਅਤੇ ਦੂਸਰੇ ਸਿਰੇ ਤੇ ਫਿਰਕੂ ਕੱਟੜਵਾਦ ਨਾਲ ਇਕ ਮਿਕ ਹੋਏ ਰਾਸ਼ਟਰਵਾਦ ਦੇ ਸੰਕਲਪ ਨਾਲ ਜੁੜੇ ਹੁੰਦੇ ਹਨ। ਕਿਉਂਕਿ ਇਨ੍ਹਾਂ ਅੰਦਰ ਗਿਆਨ-ਵਿਗਿਆਨ ਅਤੇ ਨੈਤਿਕ ਕਦਰਾਂ ਕੀਮਤਾਂ ਨੇੜੇ ਹੀ ਨਹੀਂ ਢੁੱਕੀਆ। ਇਸ ਲਈ ਧਰਮ ਨਿਰੱਪਖਤਾ ਤੋਂ ਇਹ ਸੌ ਕੋਹਾਂ ਤੋਂ ਦੂਰ ਹਨ। ਇਨ੍ਹਾਂ ਦੀ ਆਤਮਾ 'ਚ ਫਿਰਕੂ ਜਿਹਨੀਅਤ ਘਰ ਕਰ ਚੁੱਕੀ ਹੈ। ਇਸ ਲਈ ਇਹ ਧਰਮ ਦੇ ਮਨ ਤੋਂ ਗੁਲਾਮੀ ਹੰਡਾਅ ਰਹੇ ਹਨ ! ਫਿਰਕੂ ਅਧਾਰ ਤੋਂ ਗੁਲਾਮੀ ਦੇ ਆਦਿ ਕਾਲ ਤੋਂ ਅੱਜ ਤੱਕ ਦੇ ਇਹ ਮਰੀਜ਼ ਹਨ। ਆਜ਼ਾਦੀ ਤੋਂ ਬਾਦ ਵੀ ਪਿਛਾਖੜੀ ਅਤੇ ਉਲਟ-ਇਨਕਲਾਬੀ ਰੁਝਾਂਨ ਹੋਂਦ ਵਿੱਚ ਰਹੇ ਹਨ। ਇਹ ਰੁਝਾਂਨ ਜਾਗੀਰੂ ਸੰਸਕਰਨਾਂ ਦੇ ਵਿਚਾਰ ਪ੍ਰਭਾਵ 'ਤੇ ਅਧਾਰਤ ਲੋਕਾਂ ਦੇ ਪੱਛੜੇਪਣ ਦਾ ਲਾਹਾ ਲੈਂਦੇ ਰਹੇ ਹਨ। ਪਿਛਲੇ ਦਹਾਕਿਆਂ 'ਚ ਕਾਂਗਰਸ ਨੂੰ ਗਿਰਾਵਟ ਵਲ ਜਾਣ ਦੇ ਵੱਧਦੇ ਅਸੰਤੋਖ ਦਾ ਲਾਹਾ ਲੈ ਕੇ ਕਾਂਗਰਸ ਪਾਰਟੀ ਵੱਲੋਂ ਆਪਣਾਈਆਂ ਲੋਕ ਵਿਰੋਧੀ ਨੀਤੀਆਂ ਕਾਰਨ ਦੇਸ਼ ਅੰਦਰ ਖਾਲੀ ਹੋਇਆ ਰਾਜਨੀਤਕ ਪਿੜ, ਜਗੀਰੂ ਵਿਚਾਰਧਾਰਾ ਦੀ ਪ੍ਰਭਾਵ ਵਾਲੀ ਰਾਜਨੀਤੀ ਗੰਭੀਰ ਯਤਨਾਂ ਵਿੱਚ ਸੀ। ਜਿਸ ਨੂੰ ਬੀ.ਜੇ.ਪੀ ਜਿਹੜੀ ਫੁਟ-ਪਾਊ, ਫਿਰਕੂ, ਇਕ ਪਿਛਾਖੜੀ ਪਾਰਟੀ ਜਿਸ ਦੀ ਵਾਗਡੋਰ ਆਰ. ਐਸ. ਐਸ. ਹੱਥ ਹੈ, 'ਭਾਰਤ ਦੀ ਰਾਜਨੀਤੀ ਤੇ ਕਾਬਜ਼ ਹੋ ਗਈ।

ਬੀ.ਜੀ.ਪੀ. ਜਿਸ ਦਾ ਪਿਛਾਖੜੀ ਤੱਤ, 'ਦੂਸਰ ਧਰਮਾਂ ਦੇ ਖਿਲਾਫ ਨ਼ਫ਼ਰਤ, ਅਸਹਿਣ-ਸ਼ੀਲਤਾ ਅਤੇ ਅਤਿ ਦਾ ਰਾਸ਼ਟਰਵਾਦੀ-ਸ਼ਾਵਨਵਾਦ 'ਤੇ ਅਧਾਰਤ ਹੈ। ਬੀ.ਜੇ.ਪੀ. ਕੋਈ ਬੁਰਜੁਆ ਪਾਰਟੀ ਨਹੀਂ, ਸਗੋਂ ਕਿਉਂ ਕਿ ਇਸ ਨੂੰ ਸੇਧ ਫਾਸੀ-ਆਰ.ਐਸ.ਐਸ. ਦਿੰਦੀ ਹੈ ਤੇ ਇਸ ਦੀ ਵਾਗਡੋਰ ਉਸ ਦੇ ਹੱਥ ਹੈ। ਬੀ.ਜੇ.ਪੀ. ਦੇ -1998 ਤੋਂ 2004 ਅਤੇ ਹੁਣ 2014 ਤੋਂ ਅੱਜ ਤਕ ਦੇਸ਼ ਦੀ ਸਤਾ ਤੇ ਕਾਬਜ਼ ਹੋਣ ਨਾਲ ਆਰ.ਐਸ.ਐਸ. ਦੀ ਪਹੁੰਚ ਰਾਜ ਸਤਾ ਅਤੇ ਰਾਜ ਮਸ਼ਨੀਰੀ ਦੀ ਜ਼ਰੀਆਂ ਤਕ ਪੁਜਤ ਹੈ ! ਹਿੰਦੂਤਵ ਵਿਚਾਰਧਾਰਾ ਫਿਰਕੂਵਾਦ ਨੂੰ ਹਵਾ ਦਿੰਦੀ ਹੈ, ਸਿੱਟੇ ਵਜੋਂ ਘੱਟ ਗਿਣਤੀ-ਬੁਨਿਆਦ ਪ੍ਰਸਤੀ ਪੈਦਾ ਹੁੰਦੀ ਹੈ। ਦੇਸ਼ ਦੇ ਰਾਜ ਪ੍ਰਬੰਧ ਦੇ ਧਰਮ ਨਿਰਪੱਖ ਆਧਾਰ ਵਾਸਤੇ ਇਸ ਦੇ ਗੰਭੀਰ ਸਿਟੇ ਨਿਕਲ ਰਹੇ ਹਨ। ਇਹ ਵਿਚਾਰਧਾਰਾ ਖੱਬੀ ਤੇ ਜਮਹੂਰੀ ਲਹਿਰਾਂ ਲਈ ਇਕ ਗੰਭੀਰ ਖਤਰਾ ਹੈ। ਵੱਡੇ ਅਜ਼ਾਰੇਦਾਰਾਂ, ਜਾਗੀਰਦਾਰਾਂ ਦੇ ਗੁਟ ਤੋਂ ਬਿਨ੍ਹਾਂ ਸਾਮਰਾਜੀ ਅਮਰੀਕਾ ਨਾਲ ਪੂਰੀ ਭਾਈਵਾਲੀ ਦੀ ਹਿਮਾਇਤੀ ਹੈ। ਬੀ.ਜੇ.ਪੀ. ਇਕ ਹਮਲਾਵਰ ਨਵ-ਉਦਾਰਵਾਦੀ-ਏਕਾ ਅਧਿਕਾਰਵਾਦੀ ਫਿਰਕੂ ਹਕੂਮਤ ਕਾਇਮ ਕਰਨ ਵੱਲ ਵੱਧ ਰਹੀ ਹੈ। ਨਿਜੀਕਰਨ, ਸਾਮਰਾਜ ਨਾਲ ਯੁੱਧਨੀਤਕ ਨੇੜਤਾ, ਦੇਸ਼ ਅੰਦਰ ਇਕ ਭਾਸ਼ਾ, ਰਾਸ਼ਟਰਵਾਦ, ਘੱਟ ਗਿਣਤੀ, ਦਲਿਤਾਂ ਅਤੇ ਇਸਤਰੀਆਂ ਦੇ ਹਮਲਾਵਰੀ ਹਮਲੇ ਇਸ ਦੇ ਅਜੰਡੇ 'ਚ ਪਨਪ ਰਹੇ ਹਨ।

ਭਾਵੇਂ ਬੀ.ਜੇ.ਪੀ. ਨੇ 17-ਵੀਆਂ ਲੋਕ ਸਭਾ ਚੋਣਾਂ ਅੰਦਰ ਇਕ ਭਾਰੀ ਬਹੁ-ਗਿਣਤੀ ਵਾਲੀ ਜਿੱਤ ਪ੍ਰਾਪਤ ਕੀਤੀ ਸੀ। ਪਰ ਕੀ ਲੋਕਤੰਤਰੀ ਨਿਜ਼ਾਮ ਵਿੱਚ ਬੋਲਣ ਦੀ ਆਜ਼ਦੀ ਦਾ ਹੱਕ ਨਹੀਂ ਰਿਹਾ ? ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਆਵਾਜ਼ ਉਠਾਉਣੀ ਕੀ ਕੋਈ ਗੁਨਾਹ ਹੈ ? ਜੋ ਅਤੀਤ ਵਿੱਚ ਵਾਪਰ ਚੁੱਕਿਆ ਹੈ ਉਸ ਤੋਂ ਕੀ ਸਬਕ ਲਿਆ ਹੈ ? ਦਿੱਲੀ ਅੰਦਰ ਕੀ ਅਸਹਿਮਤੀ ਵਾਲੇ ਵਿਚਾਰਾਂ ਵਿਰੁਧ ਅਸਹਿਣਸ਼ੀਲਤਾ ਦਾ ਹਿੰਸਾਵਾਦੀ ਮਾਹੌਲ ਉਸ ਵੇਲੇ ਹੀ ਪੈਦਾ ਹੋਇਆ ਜਦੋਂ ਅਮਰੀਕਾ ਦਾ ਰਾਸ਼ਟਰਪਤੀ ਭਾਰਤ ਦੇ ਦੌਰੇ ਤੇ ਸੀ ਅਤੇ ਕੁਝ ਅਰਸੇ ਬਾਅਦ ਅਮਰੀਕਾ ਅੰਦਰ ਰਾਸ਼ਟਰਪਤੀ ਪੱਦ ਲਈ ਚੋਣਾਂ ਹੋਣ ਵਾਲੀਆਂ ਹਨ ? ਬੀ.ਜੇ.ਪੀ. ਦੀ ਦਿੱਲੀ ਵਿਖੇ ਹਾਰ ਬਾਦ ਹੀ ਉਥੇ ਕਿਉਂ ਹਿੰਸਾ ਹੋਈ ? ਟਰੰਪ ਸਭ ਕੁਝ ਜਾਣਦਾ ਹੋਇਆ ਦਿੱਲੀ ਘਟਨਾਵਾਂ ਬਾਰੇ ਕਿਉਂ ਚੁੱਪ ਰਿਹਾ ? ਜਾਣਕਾਰ ਹਲਕਿਆਂ ਮੁਤਾਬਿਕ ਦੋਨੋਂ ਮੁੱਖੀ ਜੋ ਫਾਸ਼ੀਵਾਦੀ ਖਾਹਿਸ਼ਾਂ ਰੱਖਣ ਵਾਲੇ ਵੱਡੇ ਨੇਤਾ ਸਨ, ਕੌਮਾਂਤਰੀ ਅਤੇ ਕੌਮੀ ਸਹਿਯੋਗ ਤੇ ਮਿੱਤਰਤਾ ਵਧਾਉਣ ਦੀ ਥਾਂ ਆਪਣੀਆਂ ਨਿੱਜੀ ਖਾਹਿਸਾਂ ਤੇ ਲਾਲਸਾਵਾਂ ਦੀ ਪੂਰਤੀ ਲਈ ਗਲਵੱਕੜੀਆਂ ਪਾਉਂਦੇ ਰਹੇ। ਕੀ ਰਾਜਨੀਤਕ ਜਿੱਤ ਨ਼ਫ਼ਰਤ ਪੈਦਾ ਕਰਨ ਲਈ ਹੀ ਹੁੰਦੀ ਹੈ ? ਅਸੀਂ -1984 ਦੇ ਦਿਲੀ ਅਤੇ 2002 ਗੁਜਰਾਤ ਦੀ ਕਤਲੋਗਾਰਦ ਤੋਂ ਕੁਝ ਨਹੀਂ ਸਿੱਖਿਆ ਹੈ ? ਜਦੋਂ ਦਿੱਲੀ ਅੰਦਰ ਹਿੰਸਾ ਦਾ ਤਾਂਡਵ ਨਾਚ ਹੌਲੀ-ਹੌਲੀ ਬੰਦ ਹੋ ਰਿਹਾ ਸੀ ਤਾਂ ਮੋਦੀ ਹਕੂਮਤ ਦਾ ਭਾਰੀ ਭਰਕਮ ਸੁਰੱਖਿਆ ਅਮਲਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੀ ਅਗਵਾਈ ਹੇਠ ਖ਼ੂਨੀ ਹੌਲੀ ਬੰਦ ਕਰਾਉਣ ਲਈ ਦੌਰੇ ਤੇ ਗਿਆ। ਉਸ ਵੇਲੇ ਜਦੋਂ ਤਾਂਡਵ ਨਾਚ ਹੋ ਰਿਹਾ ਸੀ ਤਾਂ ਗ੍ਰਿਹ-ਮੰਤਰੀ ਦੀ ਪੁਲੀਸ ਕਿਥੇ ਸੀ ਜਿਸ ਦੀ ਉਸ ਨੇ 11-ਮਾਰਚ ਨੂੰ ਪ੍ਰਸੰਸਾ ਕੀਤੀ ? ਅਸੀਂ ਸੌਖੇ ਹੀ ਇਸ ਤਾਂਡਵ ਨਾਚ ਤੇ ਪਿਛੇ ਕੌਣ ਸੀ, ਦਾ ਅੰਦਾਜ਼ਾ ਲਾ ਸਕਦੇ ਹਾਂ ?

ਦਿੱਲੀ ਅੰਦਰ 1984 ਦੇ ਸਿੱਖ ਵਿਰੋਧੀ ਇਕ ਫਿਰਕੇ ਵੱਲੋਂ ਕੀਤੇ ਹਿੰਸਕ ਹਮਲੇ ਤੇ ਉਸੇ ਰੂਪ ਵਿੱਚ 24-26 ਫਰਵਰੀ 2020 ਨੂੰ ਮੁੜ ਇਕ ਖਾਸ ਫਿਰਕੇ ਨੂੰ ਨਿਸ਼ਾਨਾ ਬਣਾ ਕੇ ਹੋਈ ਹਿੰਸਾ ਅਸਲ ਵਿੱਚ ਇਹ 2002 ਗੁਜਰਾਤ ਮਾਡਲ ਵਾਂਗ ਹਿੰਸਾ ਦੀ ਸ਼ੁਰੂਆਤ ਸੀ। ਜਿਸ ਵਿੱਚ ਸਾਜਸ਼ੀ ਸਫਲ ਨਹੀ ਹੋਏ। ਕੇਂਦਰ ਤੇ ਦਿਲੀ ਸਰਕਾਰ ਦਾ ਨਾਂਹ ਪੱਖੀ ਰੋਲ, ਸਗੋਂ ਇਨ੍ਹਾਂ ਦੰਗਿਆਂ ਤੋਂ ਪਹਿਲਾਂ ਇਨ੍ਹਾਂ ਪਾਰਟੀਆਂ ਦੇ ਆਗੂਆਂ ਦੇ ਫਿਰਕਿਆਂ ਨੂੰ ਭੜਕਾਉਣ ਵਾਲੇ ਬਿਆਨ, ਪੁਲੀਸ ਦਾ ਮੂਕ-ਦਰਸ਼ਕ ਬਣਨਾ ਤੇ ਕਈ ਥਾਵਾਂ ਤੇ ਪੁਲੀਸ ਵਲੋ ਦੰਗਾਈਆਂ ਦਾ ਸਾਥ ਦੇਣਾ ਇਸ ਹਿੰਸਾ ਦਾ ਮੁੱਖ ਕਾਰਨ ਵੀ ਸੀ। ਇਨ੍ਹਾਂ ਹਲਾਤਾਂ ਬਾਰੇ ਉਘੇ ਸਮਾਜਕ ਕਾਰਕੁਨ ਤੇ ਸਾ: ਆਈ. ਏ. ਐਸ. ਅਧਿਕਾਰੀ ਹਰਸ਼ਮੰਦਰ ਵੱਲੋਂ ਫਾਈਲ ਕੀਤੀ ਪਟੀਸ਼ਨ 'ਤੇ ਮਾਨਯੋਗ ਜੱਜ ਐਸ. ਮੁਰਲੀਧਰ ਤੇ ਜੱਜ ਤਲਵੰਤ ਸਿੰਘ ਵੱਲੋਂ ਨ਼ਫ਼ਰਤ ਭੜਕਾਉਣ ਵਾਲੇ ਬਿਆਨਾਂ ਵਾਲੀ ਬੀ.ਜੇ.ਪੀ. ਆਗੂਆਂ ਵਿਰੁੱਧ ਉਚਿਤ ਕਾਰਵਾਈ ਕਰਨ ਲਈ ਫੌਜਦਾਰੀ ਕੇਸ ਦਰਜ ਕਰਨ ਲਈ ਜੱਜ ਦਾ ਤਬਾਦਲਾ। ਕਾਰਵਾਈ ਕਰਨ ਲਈ ਚਾਰ ਹਫਤਿਆਂ ਦੀ ਤਰੀਕ ਪਾ ਦੇਣੀ, ਕੀ ਇਹ ਇਨਸਾਫ਼, ਹਿਫ਼ਾਜਤ, ਬਰਾਬਰਤਾ ਅਤੇ ਸੰਵਿਧਾਨਕ ਕਾਨੂੰਨੀ ਰੱਖਿਆ ਦੇਣ ਦੀ ਥਾਂ ਸਥਾਪਤ ਹਾਕਮਾਂ ਨੇ ਵਿਰੋਧੀ ਵਿਚਾਰ ਰੱਖਣ ਵਾਲੇ ਜਾਂ ਅਸਹਿਮਤੀ ਰੱਖਣ ਵਾਲੇ ਲੋਕਾਂ ਨੂੰ ਹਾਸ਼ੀਏ ਤੇ ਧੱਕਿਆ ਨਹੀਂ ਜਾ ਰਿਹਾ ਹੈ ? ਜੋ ਇਕ ਦਹਿਸ਼ਤਗਰਦੀ ਤੁਲ ਹੀ ਸਮਝਿਆ ਜਾਵੇਗਾ ?

ਸੰਸਦ ਦੇ ਦੋਨੋਂ ਸਦਨਾਂ ਅੰਦਰ ਗ੍ਰਿਹ ਮੰਤਰੀ ਦੇ ਦਿੱਤੇ ਬਿਆਨਾਂ ਅਨੁਸਾਰ ਇਨ੍ਹਾਂ ਫਿਰਕੂ ਦੰਗਿਆਂ ਵਿੱਚ 53-ਕੀਮਤੀ ਮਨੁੱਖੀ ਜਾਨਾਂ ਗਈਆਂ ਹਨ। ਜਦੋਂ ਦੇਸ਼ ਦੇ ਨੀਰੂ ਬੰਸਰੀ ਵਜਾ ਰਹੇ ਸਨ ਤਾਂ 36-ਘੰਟਿਆਂ ਦੇ ਫਿਰਕੂ ਤਾਂਡਵ ਨਾਚ 'ਚ 536-ਦਿੱਲੀ ਅੰਦਰ ਲੋਕ ਜਖ਼ਮੀ ਹੋਏ। ਜਦੋਂ ਇਹ ਫਿਰਕੂ ਦੁਖਾਂਤ ਹੋ ਰਿਹਾ ਸੀ ਸਾਰਾ ਰਾਜਤੰਤਰ ਸੁੱਤਾ ਪਿਆ ਸੀ। ਵਿਰੋਧੀ ਧਿਰ ਵਲੋਂ ਦਿੱਲੀ ਹਿੰਸਾ ਨੂੰ ਲੈ ਕੇ ਜੋ ਕੇਂਦਰ ਤੇ ਦਿੱਲੀ ਸਰਕਾਰਾਂ ਤੇ ਪੁਲੀਸ ਨੂੰ ਇਹ ਕਹਿ ਕੇ ਗਰਦਾਨਿਆ, 'ਕਿ "ਕੋਰੋਨਾ ਵਾਇਰਸ ਤੋਂ ਵੀ ਵੱਧ ਖਤਰਨਾਕ ਇਹ ਫ਼ਿਰਕੂ ਵਾਇਰਸ ਹੈ", ਸੱਚ ਹੈ ! ਕੀ ਕਾਰਵਾਈ ਹੋ ਰਹੀ ਹੈ ।ਅੱਜੇ ਤਕ ਦੰਗਾ ਕਰਾਉਣ ਵਾਲੇ ਨੇਤਾਵਾਂ ਵਿਰੁਧ ਕਾਰਵਾਈ ਨਾ ਕਰਨੀ ਤਿੰਨ ਐਸ.ਆਈ.ਟੀਜ਼ ਦੇ ਗਠਨ ਅਤੇ ਉਨ੍ਹਾਂ ਵੱਲੋਂ ਹੋ ਰਹੀ ਕਾਰਵਾਈ ਕੀ ਸ਼ੱਕੀ ਨਜਰ ਵਾਲੀ ਤਾਂ ਨਹੀਂ ਹੋਵੇਗੀ ? ਦੰਗਾ ਪੀੜਤ ਲੋਕਾਂ ਨੂੰ ਮੁਆਵਜ਼ਾ ਦੇਣ, ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਕਰਨ ਅਤੇ ਉਨ੍ਹਾਂ ਦੇ ਜ਼ਖ਼ਮਾਂ ਤੇ ਮਲ੍ਹਮ ਲਾਉਣ ਦੀ ਬਿਨ੍ਹਾਂ ਕਿਸੇ ਭੇਦ-ਭਾਵ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ। ਸਾਡੇ ਸਾਹਮਦੇ 1983 ਆਸਾਮ ਦੰਗੇ, 1984-ਸਿੱਖਾਂ ਦਾ ਕਤਲੇਆਮ, 2002-ਗੁਜਰਾਤ ਮੁਸਲਮਾਨਾਂ ਵਿਰੁਧ ਦੰਗਈਆਂ ਦੇ ਹਮਲੇ ਇਨ੍ਹਾਂ ਸਭ ਵਾਰਦਾਤਾਂ ਦੀ ਭਾਵੇਂ ਕਈ ਕਮਿਸ਼ਨਾਂ ਵਲੋਂ ਦੁਬਾਰਾ ਇਨਕੁਆਰੀਆਂ ਹੋਈਆਂ ਹਨ ਪਰ ਸ਼ੀਸ਼ੇ ਵਾਂਗ ਸਾਫ ਇਨਸਾਫ਼ ਨਹੀਂ ਹੋਇਆ ਹੈ। ਕਿਉਂਕਿ ਕਮਿਸ਼ਨਾਂ ਦੀਆਂ ਰਿਪੋਰਟਾਂ ਬਾਦ ਕਾਰਵਾਈ ਤਾਂ ਉਨ੍ਹਾਂ ਹਾਕਮਾਂ ਨੇ ਹੀ ਕਰਨੀ ਹੁੰਦੀ ਹੈ ਜੋ ਸ਼ੱਕੀ ਦੋਸ਼ੀ ਹੁੰਦੇ ਹਨ ? ਇਨ੍ਹਾਂ ਦੰਗਿਆ ਦੀ ਸੁਪਰੀਮ ਕੋਰਟ ਦੇ ਕਿਸੇ ਮਾਜੂਦਾ ਜੱਜ ਦੀ ਅਗਵਾਈ ਅਧੀਨ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਜਾਂਚ ਹੋਵੇ ! ਜਿਸ ਰਾਹੀ ਦੰਗਈ ਹੀ ਨਹੀਂ ਸਗੋਂ ਸਾਜਸ਼ੀ ਹਾਕਮ ਧਿਰ, ਰਾਜਤੰਤਰ ਤੇ ਪੁਲੀਸ ਦੇ ਰੋਲ ਨੂੰ ਵੀ ਲੋਕਾਂ ਸਾਹਮਣੇ ਨੰਗਾ ਕਰਕੇ ਸਜ਼ਾਵਾਂ ਮਿਲਣ। ਦਿੱਲੀ ਦੰਗਿਆ ਦੇ ਕਾਰਨ, ਪੁਲੀਸ ਦਾ ਰੋਲ, ਫੌਰੀ ਨਾ ਕਾਰਵਾਈ, ਨਾ ਹੋਣ ਦੇ ਕਾਰਨ ਤੇ ਢੁਕਵੇਂ ਸਥਾਈ ਪ੍ਰਬੰਧ ਕਰਨ ਲਈ ਸੰਸਦੀ ਕਮੇਟੀ ਬਦਲਣੀ ਚਾਹੀਦੀ ਹੈ।

ਦਿੱਲੀ ਦੇ ਫਿਰਕੂ ਦੰਗਿਆ ਕਾਰਨ ਦੁੱਨੀਆਂ ਅੰਦਰ ਭਾਰਤ ਦਾ ਅਕਸ ਧੁੰਧਲਾ ਹੋਇਆ ਹੈ। ਪਹਿਲਾਂ ਹੀ ਨਾਗਰਿਕਤਾ ਸੋਧ ਕਾਨੂੰਨ ਦੇ ਮਸਲੇ ਕਾਰਨ ਦੇਸ਼ ਅੰਦਰ ਜੋ ਹਾਲਾਤ ਪੈਦਾ ਹੋਏ ਹਨ ਹਾਕਮਾਂ ਨੂੰ ਇਸ ਸੰਵੇਦਨਸ਼ੀਲ ਮੁੱਦੇ ਦਾ ਕੋਈ ਆਪਸੀ ਮਿਲ-ਵਰਤੋ ਰਾਹੀ ਰਾਹ ਕੱਢਣਾ ਚਾਹੀਦਾ ਹੈ। ਸਗੋਂ ਬੀ.ਜੇ.ਪੀ. ਦੇ ਫਿਕਰੂਪੁਣੇ ਵਾਲੇ ਰਵੱਈਏ ਤੇ ਕੱਟੜਵਾਦ ਨੇ ਟਕਰਾਅ ਵਾਲਾ ਰਾਹ ਅਪਣਾਅ ਕੇ ਬਹੁਲਤਾਵਾਦੀ ਭਾਈਚਾਰੇ ਅੰਦਰ ਪਾੜ ਪਾਉਣ, ਫਿਰਕਿਆ ਅੰਦਰ ਫਿਰਕੂ ਘਿਰਣਾ ਪੈਦਾ ਕਰ ਕੇ ਭਾਰਤ ਨੂੰ ਇਕ ਬਹੁ ਗਿਣਤੀ ਭਾਈਚਾਰੇ ਵਾਲਾ ਹਿੰਦੂ ਰਾਸ਼ਟਰ ਬਣਾਉਣ ਲਈ ਪੂਰਾ ਤਾਣ ਲਾਇਆ ਹੋਇਆ ਹੈ। ਬੀ.ਜੇ.ਪੀ. ਦੇ ਇਨ੍ਹਾਂ ਮਨਸੂਬਿਆਂ ਨੂੰ ਦੇਸ਼ ਦਾ ਕੋਈ ਵੀ ਵਿਅਕਤੀ ਜੋ ਸੰਵੇਦਨਸ਼ੀਲ ਹੈ ਅਤੇ ਜਮਹੂਰੀ ਸੱਚ ਰੱਖਦਾ ਹੈ, ਹਰਗਿਜ਼ ਨਹੀਂ ਬਰਦਾਸ਼ਤ ਕਰ ਸਕਦਾ ਹੈ ! ਫੈਲਦੇ



ਜਾ ਰਹੇ ਅਜਿਹੇ ਨਫ਼ਰਤ ਵਾਲੇ ਮਾਹੌਲ ਅੰਦਰ ਦੇਸ਼ ਕਦੀ ਵੀ ਵਿਕਾਸ ਵੱਲ ਨਹੀ ਵੱਧ ਸਕਦਾ ਹੇ। ਇਨ੍ਹਾਂ ਹਲਾਤਾਂ ਅਤੇ ਮੋਦੀ ਸਰਕਾਰ ਵੱਲੋ ਅਪਣਾਈਆ ਨਵ-ਉਦਾਰੀਵਾਦੀ ਸਰਮਾਏ-ਦਾਰੀ ਰੁੱਖ ਵਾਲੀਆਂ ਨੀਤੀਆਂ ਕਾਰਨ ਅੱਜ ਭਾਰਤ ਅਤਿ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੈ। ਲੋਕ ਬੇਚੈਨੀ, ਬੇ-ਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਕਾਰਨ ਪੈਦਾਹੋ ਰਹੀ ਰਾਜਸੀ ਉਥਲ-ਪੁਥਲ ਦੇ ਸਿਟੇ ਵੱਜੋਂ ਮੋਦੀ ਦੀ ਰਾਜਨੀਤਕ ਸਥਿਰਤਾ ਭਾਵੇਂ ਡਾਂਵਾਡੋਲ ਨਹੀਂ ਪਰ ਉਸ ਦਾ ਅਕਸ ਬਹੁਤ ਧੁੰਧਲਾ ਹੋ ਗਿਆ ਹੈ। ਮੋਦੀ ਸਰਕਾਰ ਦੀ ਕੌਮਾਂਤਰੀ ਪੱਧਰ ਤੇ ਵੀ ਛਵੀ ਹੇਠਾਂ ਜਾ ਰਹੀ ਹੈ। ਸੀ.ਏ.ਏ. ਕਾਨੂੰਨ ਵਿਰੁਧ ਭਾਰਤ ’ਚ ਤਾਂ ਆਵਾਜ਼ ਉਠਣੀ ਸੀ, ‘ਸਗੋਂ ਯੂਰਪੀ-ਅਸੈਂਬਲੀ, ਬਰਤਾਨੀਆਂ ਦੀ ਸੰਸਦ, ਅਮਰੀਕਾ ਦੇ ਸੈਨੇਟਰਾਂ ਵਲੋਂ ਅਤੇ ਹੁਣ ਸੰਯੁਕਤ ਰਾਸ਼ਟਰ ਦੇ ਜਨਰਲ -ਸਕੱਤਰ ਐਨਤੋਨੀ ਗੁਟੇਰੇਸ ਨੇ ਵੀ ਇਸ ਕਾਨੂੰਨ ਦੀ ਵਿਰੋਧਤਾ ਕੀਤੀ ਹੈ।

ਦਿੱਲੀ ਨੇ ਇਕ ਹੋਰ ਨਸੂਰ ਦੀ ਤਾਪ ਝੱਲੀ ਹੈ। 1984 ਦੇ ਦੰਗਿਆ ਬਾਦ 2020 ਦੇ ਦੰਗੇ। ਇਸ ਤੋਂ ਪਹਿਲਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀਆਂ ਦੀ ਯੂਨੀਅਨ ਦੇ ਆਗੂਆਂ ਤੇ ਹਮਲਾ, ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵਿੱਚ ਪੁਲੀਸ ਦੇ ਸਾਹਮਣੇ ਗੋਲੀਆਂ ਚਲਾਣੀਆਂ, ਪੁਰ-ਅਮਨ ਸ਼ਾਹੀਨ ਬਾਗ ਦੇ ਅੰਦੋਲਨਕਾਰੀਆਂ ਤੇ ਗੋਲੀ ਚਲਣੀ। ਅਜਿਹੀਆਂ ਗੁੰਡਾਗਰਦੀ ਵਾਲੀਆਂ ਵਾਰਦਾਤਾਂ ਕਿਉਂ ਕਿ ਬੰਦ ਨਹੀਂ ਹੋਈਆਂ, ‘ਇਸ ਲਈ ਆਮ ਆਦਮੀ ਤਾਂ ਇਹੀ ਸਮਝਦਾ ਹੈ, ‘ਕਿ ਇਹ ਪੁਲੀਸ ਦੀ ਸ਼ਹਿ ਤੋਂ ਬਿਨਾਂ ਨਹੀਂ ਹੋ ਸਕਦਾ। ਇਨ੍ਹਾਂ ਸਾਰੀਆਂ ਵਾਰਦਾਤਾਂ ਤੋਂ ਅਸੀਂ ਇਹ ਸਮਝ ਸਕਦੇ ਹਾਂ, ‘‘ਕਿ ਕੇਂਦਰੀ ਤੇ ਦਿੱਲੀ ਸਰਕਾਰ, ਪੁਲਿਸ, ਅਦਾਲਤ ਕੀ ਸਭ ਦੇਸ਼ ਦੇ ਸੰਵਿਧਾਨਕ ਢਾਂਚੇ ਤੋਂ ਬਾਹਰ ਹਨ ? ਇਨ੍ਹਾਂ ਨੂੰ ਕਿੱਥੋਂ ਤੱਕ ਇਕ ਨਰੋਏ ਭਾਰਤੀ ਸਮਾਜ ਲਈ ਕਿਥੋਂ ਤਕ ਉਚਿਤ ਤੇ ਜ਼ਿੰਮੇਵਾਰ ਕਿਹਾ ਜਾ ਸਕਦਾ ਹੈ ? ਦਿੱਲੀ ਅੰਦਰ ਹਲਾਤਾਂ ਨੂੰ ਕਾਬੂ ਕਰਨ ਦੀ ਕਵਾਇਤ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵਲੋਂ ਸੰਭਾਲਣੀ, ਭਾਵ ਦਿੱਲੀ ਅੰਦਰ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਦਾ ਕੰਮ ਤੇ ਫੌਰੀ ਕਦਮ ਸਰਕਾਰ ਦੀ ਮਸ਼ਨੀਰੀ ਦੀ ਥਾਂ ਸਲਾਹਕਾਰ ਵੱਲੋਂ ਨਿਭਾਉਣਾ ? ਫੌਰੀ ਐਫ.ਆਈ.ਆਰ. ਕਿਉਂ ਨਹੀਂ ਦਰਜ ਹੋਈ ? ਅਦਾਲਤੀ ਟਿੱਪਣੀਆਂ, ਦੰਗਿਆਂ ਦਾ ਫਿਰਕੂ ਰੂਪ ਧਾਰਨਾ, ਜੈ ਸ੍ਰੀ ਰਾਮ ਦੇ ਨਾਹਰੇ 24-ਫਰਵਰੀ ਤੋਂ ਪਹਿਲਾਂ ਅਤੇ ਬਾਅਦ ਵੀ ਗੂੰਜਦੇ ਰਹਿਣ ? ਅਜਿਹੇ ਕਈ ਸਵਾਲ ਪੈਦਾ ਹੋਏ ਹਨ ਜਿਹੜੇ ਰਾਜਸੀ ਵੀ ਤੇ ਸੰਵਿਧਾਨਕ ਪੱਖ ਵੀ, ਜਵਾਬ ਮੰਗਦੇ ਹਨ ?

ਦਿੱਲੀ ਦੇ ਫਿਰਕੂ ਦੰਗਿਆ ਦੌਰਾਨ ਇਕ ਅਰਜ਼ੀ ਤੋਂ ਸਰਕਾਰ ਤੇ ਪੁਲੀਸ ਦੇ ਵਕੀਲ ਦੇ ਜਵਾਬਨਾਮੇ ਸਬੰਧੀ ਮਾਣਯੋਗ ਕੋਰਟ ਦੇ ਬੈਂਚ ਨੇ ਤਾਂ ਇਥੋਂ ਤੱਕ ਪੁਲੀਸ ਤੰਤਰ ਨੂੰ ਕਹਿ ਦਿੱਤਾ, ‘ਕਿ ਦਿੱਲੀ ਨੂੰ ਕਿਸੇ ਤਰ੍ਹਾਂ ਵੀ 1984 ਵਾਂਗ ਸਿੱਖ ਕਤਲੇਆਮ ਵਰਗੇ ਮਾਹੌਲ ’ਚ ਨਹੀਂ ਬਦਲ ਦਿੱਤਾ ਜਾਵੇਗਾ! ਜੱਜ ਬਦਲ ਦਿੱਤਾ, ਦੰਗਿਆਂ ਨੂੰ ਹਵਾ ਦੇਣ ਵਾਲੇ ਬੀ.ਜੇ.ਪੀ. ਆਗੂਆਂ ’ਤੇ ਐਫ.ਆਈ.ਆਰ. ਦਰਜ ਨਹੀ ਹੋਈ, ਸਗੋਂ ਇਕ ਪੀੜ੍ਹਤ ਵਰਗ ਦੇ ਲੋਕਾਂ ’ਤੇ ਪੁਲੀਸ ਤੰਤਰ ਲਈ ਕੇਸ ਦਰਜ ਕਰਨ ਲਈ ਮਨੋਵਿਗਿਆਨਕ ਦਬਾਅ ਪਾਇਆ ਜਾ ਰਿਹਾ ਹੈ। ਇਕ ਕਾਰਟੂਨ ਛੱਪਿਆ ਹੈ, ਦਿੱਲੀ ਹਿੰਸਾ ਤੇ ਰਾਜਨੀਤੀ ਗਰਮਾਈ। “ਪਹਿਲਾ ਸਾੜੋ, ਫਿਰ ਬੁਝਾਓ”! ਪਰ ਆਮ ਆਦਮੀ ਤਾਂ ? ‘‘ਦਿੱਲੀ ਸੜ ਰਹੀ ਸੀ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਰਾਜਘਾਟ ਜਾ ਕੇ ਧਰਨੇ ਤੇ ਬੈਠਿਆ ਹੋਇਆ ਸੀ।” ਦੰਗਿਆ ਦੇ ਚਾਰ ਦਿਨ ਬਾਦ ਫੌਜ ਬੁਲਾਉਣ ਦੀ ਮੰਗ ਕਰਦਾ ਹੈ। ਜਿਹੜਾ ਕਦੀ ਕਹਿੰਦਾ ਸੀ ਦਿੱਲੀ ਪੁਲੀਸ ਦੀ ਕਮਾਨ ਕੁਝ ਦਿਨਾਂ ਲਈ ਮੇਰੇ ਅਧੀਨ ਹੋ ਜਾਵੇ ਤਾਂ ਹਾਲਾਤ ਕਾਬੂ ਹੋ ਜਾਣਗੇ। ਪਰ ਕੇਂਦਰੀ ਗ੍ਰਹਿਮੰਤਰੀ ਨਾਲ ਬੈਠਕ ਕਰਨ ਬਾਅਦ ਸੰਤੁਸ਼ਟ ਨਜ਼ਰ ਆਇਆ।

ਦਿੱਲੀ ਫਿਰਕੂ ਹਿੰਸਾ ਦੌਰਾਨ ਇਕ ਲੋਕ-ਰਾਜੀ ਰਾਜਤੰਤਰ ਅੰਦਰ ਮੀਡੀਆ ਦੇ ਰੋਲ ਸਬੰਧੀ ਵੀ ਵਿਚਾਰ ਕਰਨੀ ਬਣਦੀ ਹੈ। ਸੋਸ਼ਲ ਮੀਡੀਆ ਜਿਸ ਨੇ ਜ਼ਮੀਨੀ ਪੱਧਰ ਤੇ ਲੋਕਾਂ ਦੇ ਉਠ ਰਹੇ ਮੱਸਲਿਆਂ ਨੂੰ ਹਾਕਮਾਂ ਤੱਕ ਪਹੁੰਚਾਉਣਾ ਹੁੰਦਾ ਹੈ। ਸੋਸ਼ਲ ਮੀਡੀਆ ਨੇ ਸਾਨੂੰ ਫੇਸ-ਬੁਕ ਤੇ ਵੱਟਸ-ਐਪ ਆਦਿ ਦੀ ਸਹੂਲਤ ਦਿੱਤੀ ਜੋ ਮਾਣ ਵਾਲੀ ਗੱਲ ਹੈ। ਪਰ ਇਹੀ ਮੀਡੀਆ, ਪਿਛਲੇ ਕੁਝ ਸਮਿਆਂ ਤੋਂ ਬਹੁਤ ਸਾਰੇ ਚੈਨਲ ਮੁਸਲਮਾਨ ਬਨਾਮ ਹਿੰਦੂ, ਭਾਰਤ-ਪਾਕਿਸਤਾਨ ਅਤੇ ਦੋਨੋ ਫਿਰਕਿਆਂ ਦੇ ਆਗੂਆਂ ਵੱਲੋਂ ਲੋਕ ਮੱਸਲਿਆਂ ਦੀ ਥਾਂ ਬਹਿਸਾਂ ਅੰਦਰ ਅਜਿਹੇ ਮੁੱਦੇ ਗਰਮਾਏ, ‘ਜਿਹੜੇ ਜਨਸਧਾਰਨ ਅੰਦਰ ਧਾਰਮਿਕ ਭਾਵਨਾ ਨੂੰ ਭੜਕਾਉਣ ਵਾਲੇ ਸਨ। ਕੁਝ ਪੋਸਟਾਂ ਜਿਨ੍ਹਾਂ ਰਾਹੀਂ ਟੈਲੀਵੀਜ਼ਨ ਚੈਨਲਾਂ ’ਤੇ ਟਿੱਪਣੀਆਂ ਕੀਤੀਆਂ ਗਈਆਂ, ਜਿਸ ਵਿੱਚ ਐਕਰਾਂ ਦੀਆਂ ਤਸਵੀਰਾਂ ਦੇ ਕੇ ਲਿਖਿਆ, ‘ਦਿੱਲੀ ਵਿੱਚ ਹਿੰਸਾ ਹੋਈ, ਹੈਰਾਨ ਨਾ ਹੋਵੋ। ਇਹ ਨਫ਼ਰਤ ਐਵੇਂ ਨਹੀਂ ਫੈਲੀ!” ਇਕ ਨੇਤਾ ਵੱਲੋਂ ਦਿੱਲੀ ਦੇ ਇੱਕ ਪੁਲਿਸ ਅਫਸਰ ਕੋਲ ਖੜੇ ਹੋ ਕੇ ਸੀ.ਏ.ਏ. ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ ਧਮਕੀ ਦੇਣੀ, ਜਾਂ ਤਾਂ ਪ੍ਰਦਰਸ਼ਨ ਬੰਦ ਕਰੋ ਜਾਂ ਨਤੀਜੇ ਭੁਗਤਣ ਲਈ ਤਿਆਰ ਰਹੋ ? ਕੀ ਮੀਡੀਆ ਵੀ ਫਿਰਕੂ ਏਕਤਾ ਬਣਾਈ ਰੱਖਣ ਲਈ ਸਹਾਈ ਹੁੰਦਾ ਹੈ ਤੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਕਦਮ ਪੁਟ ਰਿਹਾ ਹੈ ? ਜੰਮੂ-ਕਸ਼ਮੀਰ ਤੇ ਪੰਜਾਬ ਅੰਦਰ ਨੈਟ ਵਰਕਸ ਠੱਪ ਕੀਤਾ ਜਾ ਸਕਦਾ ਹੈ ਤਾਂ ਦਿੱਲੀ ਦੇ ਫਿਰਕੂ ਬਬਾਲ ਵਲੇ ਕਿਉਂ ਨਹੀਂ ? ਅਸੀਂ ਮੀਡੀਆਂ ਦੀ ਆਜ਼ਾਦੀ ਚਾਹੁੰਦੇ ਹਾਂ। ਸਮਾਜ ਲਈ ਉਸਾਰੂ ਰੋਲ ਅਦਾ ਕਰਨ ਦੀ ਆਸ ਰੱਖਦੇ ਹਾਂ। ਆਵਾਸ ਦਾ ਦੁਸ਼ਮਣ ਨਹੀਂ ਦੋਸਤ ਚਾਹੁੰਦੇ ਹਾਂ।

ਅੱਜ ਦੇ ਹਲਾਤਾ ਅਨੁਸਾਰ ਭਾਵੇਂ ਆਰ. ਐਸ. ਐਸ. ਦੀਆਂ ਦਿਸ਼ਾ ਨਿਰਦੇਸ਼ਾਂ ਅਧੀਲ ਬੀ.ਜੇ.ਪੀ. ਸਿਖਰ ਤੇ ਪੁੱਜ ਗਈ ਹੈ। ਪਰ ਹੁਣ ਉਸ ਦੀ ਉਤਰਾਈ ਵੀ ਸ਼ੁਰੂ ਹੋਣ ਵਾਲੀ ਹੈ। ਹਿੰਦੀ ਰਾਸ਼ਟਰ ਭਾਸ਼ਾ, ਜੇ. ਕੇ. ਅੰਦਰ ਧਾਰਾ-370 ਦਾ ਖਾਤਮਾ, ਨਾਗਰਿਕਤਾ ਸੋਧ ਕਾਨੂੰਨ ਅਤੇ ਦੇਸ਼ ਅੰਦਰ ਫਿਰਕੂ ਲਹਿਰਾਂ ਨੂੰ ਹਵਾ ਦੇਣੀ ਹੁਣ ਇਨ੍ਹਾਂ ਦੀਆਂ ਵੈਸਾਖੀਆਂ ਨਾਲ ਬੀ.ਜੇ.ਪੀ. ਹੋਰ ਅੱਗੇ ਨਹੀਂ ਵੱਧ ਸਕਦੇ।? ਦੇਸ਼ ਅੰਦਰ ਭਾਵੇਂ! ਜਮਹੂਰੀ ਲਹਿਰਾਂ ਨਾ ਤਾਂ ਇਕ ਜੁਟ ਹਨ ਤੇ ਨਾ ਹੀ ਮਜ਼ਬੂਤ, ਫਿਰ ਵੀ ਬੀ. ਜੇ. ਪੀ. ਦੇ ਲੋਕ ਵਿਰੋਧੀ, ਦੇਸ਼ ਵਿਰੋਧੀ ਮਨਸੂਬਿਆਂ ਵਿਰੁਧ ਸੰਸਦ ਦੇ ਅੰਦਰ ਅਤੇ ਗਲੀਆਂ ਅੰਦਰ ਲੋਕ ਆਵਾਜ਼ਾਂ ਉਠੀਆਂ ਹਨ। ਲੋਕਾਂ ਵੱਲੋਂ “ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਵਿਧਾਨ” ਨੂੰ ਬਚਾਉਣ ਲਈ ਵੱਡੀ ਪੱਧਰ ’ਤੇ ਅੰਦੋਲਨਾਂ ਦਾ ਰਾਹ ਅਪਣਾਇਆ ਹੈ। ਹਾਕਮਾਂ ਨੇ ਆਪਣੀ ਡਿਗਦੀ ਸ਼ਾਖ ਨੂੰ ਬਚਾਉਣ ਲਈ ਦਮਨਕਾਰੀ ਰਾਹ ਅਪਣਾ ਕੇ ਵਿਰੋਧੀਆਂ ਵਿਰੁਧ ਸੀ.ਬੀ.ਆਈ, ਇਨਕਮ ਟੈਕਸ ਵਿਭਾਗ, ਇਨਫੋਰਸਮੈਂਟ ਡਾਇਰੈਕਟੋਰੇਟ ਦੀ ਦੁਰ-ਵਰਤੋਂ, ਭ੍ਰਿਸ਼ਟਾਚਾਰ ਰਾਹੀਂ ਚੁਣੀਆਂ ਰਾਜ ਸਰਕਾਰਾਂ ਉਲਟਾਉਣ ਅਤੇ ਮੁੜ ਕੋਈ ਫਿਰਕੂ ਪੱਤਾ ਤੇ ਕੱਟੜਵਾਦੀ ਸਾਜਿਸ਼ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ। ਇਹ ਬੀ. ਜੇ. ਪੀ. ਦੀ ਏਕਾਅਧਿਕਾਰਵਾਦੀ ਰਣਨੀਤੀ ਦਾ ਅਗਲਾ ਕੋਈ ਕਦਮ ਹੋ ਸਕਦਾ ਹੈ ?

ਜਦੋਂ ਕਾਰਜ-ਪਾਲਕਾਂ ਦਾ ਏਕਾ ਅਧਿਕਾਰਵਦੀ ਪੈਂਤੜਾ ਅਤੇ ਨਿਆਪਾਲਕਾਂ ਤੋਂ ਨਿਰਾਸਾਜਨਕ ਆਸ ਹੋਵੇ, ਤਾਂ ਭਾਰਤੀ ਆਵਾਮ ਨੂੰ ਸੰਵਿਧਾਨ ਅਧੀਨ ਲੋਕਾਂ ਦੀ ਸੁਰੱਖਿਆ, ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਵਿਧਾਨ ਨੂੰ ਬਚਾਉਣ ਲਈ, ‘ਸਾਰੀਆਂ ਜਮਹੂਰੀ, ਇਨਸਾਫ਼ ਪਾਸੰਦ ਅਤੇ ਉਸਾਰੂ ਸੋਚ ਵਾਲੀਆਂ ਧਿਰਾਂ-ਪਾਰਟੀਆਂ ਨੂੰ ਫਿਰਕਾਪ੍ਰਸਤੀ ਅਤੇ ਨਵ-ਉਦਾਰਵਾਦ ਤੇ ਪਿਛਾਕੜੀ ਵਿਚਾਰਧਰਾਵਾਂ ਵਿਰੁੱਧ ਵਿਚਾਰਧਾਰਕ ਅਤੇ ਜੱਥੇਬੰਦਕ ਸੰਘਰਸ਼ ਲਾਮਬੰਦ ਕਰਨ ਲਈ ਇਕ ਜੁਟ ਹੋਣਾ ਚਾਹੀਦਾ ਹੈ ? ਇਹੀ ਵੱਧ ਰਹੇ ਫਾਸ਼ੀਵਾਦ ਵਿਰੁੱਧ ਕਾਰਗਰ ਨੁਸਖ਼ਾ ਹੈ।

# Students, teachers come together at Surrey's L.A. Matheson to support imprisoned Saibaba




**GRADE 10 and 12 students at L.A. Matheson School in Surrey joined the campaign for the release of Delhi University Professor G.N. Saibaba on Thursday, March 12.**

Wheelchair-bound Saibaba, who is ninety percent disabled below the waist is being incarcerated under inhumane conditions in India. This is despite the continued deterioration of his health because of 19 ailments.

March 7 marked the third anniversary of his life sentencing by the Indian judiciary that branded him as sympathizer of Maoist insurgents. The Indian government has refused to free him on humanitarian and compassionate grounds, even as UN experts have sought his release.

A teach-in was organized at the school by award-winning educator and social justice activist Annie Ohana along with her colleague Gurpreet Bains in partnership with Indians Abroad for Pluralist India (IAPI). They told the students about the case of Saibaba and encouraged them to write to the local MPs asking them to build international pressure for his release.

Ohana had also spoken at the rally for Saibaba held by IAPI in Surrey on the International Day for Persons with Disabilities in December. IAPI members Parshotam Dosanjh and Gurpreet Singh were also present at the Thursday event that was organized as part of the Indigenous week and Ohana tried to draw parallels between the indigenous issues in Canada and India.

Saibaba has been allegedly framed because of his opposition to the repression of indigenous communities and other minorities in India. Since Maoists are fighting a class war in the tribal belt, not only Saibaba, but others like him have been frequently labelled as ultra-leftists to suppress any voice of dissent. Saibaba has been raising concerns over the eviction of indigenous peoples from their traditional lands in the name of development by the extraction industry with the backing of the Indian state. The attacks on minorities and indigenous peoples have grown ever since the right-wing Hindu nationalist Bhartiya Janata Party (BJP) came to power with a huge majority in 2014.

Later, some of the students stuck "Free Saibaba" signs on their backs for a group picture to show their solidarity with the jailed teacher.

# ਡਾ: ਗਾਂਧੀ ਨੇ ਮੁੱਖ ਮੰਤਰੀ ਨੂੰ ਖਤ ਲਿਖਕੇ ਕਰੋਨਾ ਵਾਇਰਸ ਦੇ ਟਾਕਰੇ ਜ਼ਰੂਰੀ ਇੰਤਜ਼ਾਮਾਂ ਵੱਲ ਧਿਆਨ ਦੁਆਇਆ।

ਪਟਿਆਲਾ ਤੋਂ ਸਾਬਕਾ ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਪੱਤਰ ਲਿਖਕੇ ਸਰਕਾਰ ਵਲੋਂ ਚੁੱਕੇ ਪ੍ਰਸ਼ਾਸ਼ਨਕ ਕਦਮਾ ਦੀ ਪ੍ਰਸੰਸਾ ਕਰਦੇ ਹੋਏ ਉਹਨਾਂ ਦਾ ਧਿਆਨ ਕੁੱਝ ਹੋਰ ਅਤਿ ਜਰੂਰੀ ਕਦਮ ਚੁੱਕਣ ਵੱਲ ਦਿਵਾਇਆ ਹੈ।



ਡਾਕਟਰ ਗਾਂਧੀ ਨੇ ਲਿਖਿਆ ਹੈ ਕਿ ਇਕ ਮੈਡੀਕਲ ਪ੍ਰੋਫੈਸ਼ਨਲ ਦੇ ਤੌਰ ਤੇ ਮੈਂ ਲਗਾਤਾਰ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮਹਾਂਮਾਰੀ ਦੇ ਟਾਕਰੇ ਲਈ ਦੇਸ਼ ਦੇ ਸਿਹਤ ਪ੍ਰਬੰਧ ਨੂੰ ਦਰਪੇਸ਼ ਚਿੰਤਾਜਨਕ ਪ੍ਰਬੰਧਕੀ ਅਤੇ ਸਾਜੋ ਸਮਾਨ ਦੀ ਘਾਟ ਦੀ ਦਿੱਕਤਾਂ ਵੱਲ ਸਰਕਾਰ ਵਲੋਂ ਵੱਡੇ ਪੱਧਰ ਤੇ ਫੌਰੀ ਧਿਆਨ ਦੇਣ ਦੀ ਲੋੜ ਮਹਿਸੂਸ ਕਰਦਾ ਹਾਂ ਅਤੇ ਤੁਹਾਨੂੰ ਜ਼ਰੂਰੀ ਕਦਮ ਚੁੱਕਣ ਦੀ ਅਪੀਲ ਕਰਦਾ ਹਾਂ।

ਡਾ. ਗਾਂਧੀ ਨੇ ਲਿਖਿਆ ਹੈ ਕਿ 80 ਪ੍ਰਤੀਸ਼ਤ ਪ੍ਰਭਾਵਿਤ ਵਿਅਕਤੀਆਂ ਨੂੰ ਬਿਮਾਰੀ ਦੇ ਲੱਛਣ ਦਿਖਾਈ ਨਹੀਂ ਦਿੰਦੇ ਹੋਣਗੇ ਜਾਂ ਫਿਰ ਹਲਕੇ ਜਿਹੇ ਲੱਛਣ ਹੋਣਗੇ, ਜਿਹਨਾਂ ਨੂੰ ਅਲਹਿਹਦਾ ਰੱਖਣ ਜਾਂ ਲੱਛਣ ਅਧਾਰਿਤ ਇਲਾਜ ਦੀ ਜਰੂਰਤ ਹੋਵੇਗੀ, ਅਤੇ ਜਿਹਨਾਂ 20 ਪ੍ਰਤੀਸ਼ਤ ਦੀ ਚਿੰਤਾਜਨਕ ਹਾਲਤ ਹੋਵੇਗੀ ਜਾਂ ਉਲਝਣਾਂ ਹੋਣਗੀਆਂ ਉਹਨਾਂ ਨੂੰ ਹਸਪਤਾਲ ਵਿੱਚ ਦਾਖਲ ਕਰਨ ਦੀ ਲੋੜ ਪਵੇਗੀ ਅਤੇ ਉਹਨਾਂ ਵਿੱਚੋਂ ਸਿੱਟੇ ਵਜੋਂ ਵੈਂਟੀਲੇਟਰਾਂ ਦੀ ਲੋੜ ਪਵੇਗੀ।

ਉਹਨਾਂ ਮੁੱਖ ਮੰਤਰੀ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਐਥੋਂ ਤੱਕ ਕਿ ਸਮੁੱਚਾ ਯੋਰਪ ਅਤੇ ਯੂ.ਐਸ.ਏ. ਸਮੇਤ ਉੱਤਰੀ ਅਮਰੀਕਾ ਵਰਗੀਆਂ ਵਿਕਸਤ ਅਰਥ ਵਿਵਸਥਾਵਾਂ ਅੱਜ ਵੈਂਟੀਲੇਟਰਾਂ ਦੀ ਭਾਰੀ ਕਮੀ ਮਹਿਸੂਸ ਕਰ ਰਹੀਆਂ ਹਨ ਅਤੇ ਸਿੱਟੇ ਵਜੋਂ ਰੋਜਾਨਾ ਸੈਂਕੜੇ ਮਰੀਜ਼ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ ਜਿਹਨਾਂ ਨੂੰ ਵਰਨਾ ਬਚਾਇਆ ਜਾ ਸਕਦਾ ਸੀ।

ਉਹਨਾਂ ਨੇ ਇਸ ਸਬੰਧੀ ਨਿਊਯਾਰਕ ਟਾਇਮਜ ਅਖਬਾਰ ਵਿੱਚ ਨਿਊਯਾਰਕ ਦੇ ਮੇਅਰ ਸ਼੍ਰੀਮਾਨ ਬਿਲ ਡੇ ਬਿਲਾਸੋ ਦੇ ਬਿਆਨ ਵੱਲ ਧਿਆਨ ਦੁਆਇਆ ਜਿਸ ਵਿਚ ਮੇਅਰ ਕਹਿੰਦਾ ਹੈ ਕਿ ‘ਜੇਕਰ ਸਾਨੂੰ ਅਗਲੇ ਦਸ ਦਿਨਾਂ ਵਿੱਚ ਹੋਰ ਵੈਂਟੀਲੇਟਰ ਨਾ ਮਿਲੇ ਤਾਂ ਲੋਕ ਮਰਨਗੇ ਜਿਹਨਾਂ ਨੂੰ ਨਹੀਂ ਮਰਨਾ ਚਾਹੀਦਾ।”

ਇਸੇ ਤਰ੍ਹਾਂ ਉਹਨਾਂ ਰਾਇਟਰ ਅਖਬਾਰ ਦਾ ਹਵਾਲਾ ਦਿੱਤਾ ਹੈ ਕਿ “ਜਰਮਨ ਅਤੇ ਇਟਲੀ ਵਿੱਚ ਜੀਵਨ ਬਚਾਓ ਵੈਂਟੀਲੇਟਰ ਖਰੀਦਣ ਦੀ ਹੋੜ ਲੱਗ ਗਈ ਹੈ ਕਿਉਂਕਿ ਨਿਰਮਾਤਾਵਾਂ ਨੇ ਘਾਟ ਹੋਣ ਦੀ ਚੇਤਾਵਨੀ ਦਿੱਤੀ ਹੈ।”

ਇਸ ਤੋਂ ਇਲਾਵਾ ਇਟਲੀ, ਸਪੇਨ, ਇੰਗਲੈਂਡ ਅਤੇ ਅਮਰੀਕਾ ਮੂਹਰਲੇ ਮੋਰਚੇ ਤੇ ਬਿਮਾਰੀ ਵਿਰੁੱਧ ਜੰਗ ਲੜ ਰਹੇ ਮੈਡੀਕਲ ਪ੍ਰੋਫੈਸ਼ਨਲਜ ਲਈ ਸੁਰੱਖਿਆ ਕਵਚਾਂ ਦੀ ਘਾਟ ਦੀ ਵੀ ਗੰਭੀਰ ਸਮੱਸਿਆ ਆ ਖੜੀ ਹੈ, ਜਿਸ ਕਾਰਨ ਹੁਣ ਤੱਕ ਇਕੱਲੇ ਚੀਨ ਵਿਚ ਅੱਧੀ ਦਰਜਨ ਡਾਕਟਰ ਆਪਣੀਆਂ ਜਾਨਾਂ ਗਵਾ ਚੁੱਕੇ ਹਨ ਅਤੇ 5600 ਤੋਂ ਵੱਧ ਪੈਰਾ ਮੈਡੀਕਲ ਕਾਮੇ ਚੀਨ ਅਤੇ ਇਟਲੀ ਵਿੱਚ ਇਸ ਮਾਰੂ ਬਿਮਾਰੀ ਦੀ ਲਾਗ ਤੋਂ ਪ੍ਰਭਾਵਤ ਹੋ ਚੁੱਕੇ ਹਨ।

ਡਾਕਟਰ ਗਾਂਧੀ ਨੇ ਕਿਹਾ ਭਾਰਤ ਅਤੇ ਪੰਜਾਬ ਇਸ ਵਿਸ਼ਾਣੂ ਰੋਗ ਦੇ ਤੀਜੇ ਪੜਾਅ ਵਿਚ ਅਜੇ ਦਾਖਲ ਹੋਣਾ ਸ਼ੁਰੂ ਹੋਏ ਹਨ ਅਤੇ ਇਹ ਬੇਹੱਦ ਢੁੱਕਵਾਂ ਸਮਾਂ ਹੈ ਕਿ ਤੁਹਾਡੀ ਸਰਕਾਰ ਇਹਨਾਂ ਦੋਹਾਂ ਮੋਰਚਿਆਂ ਤੇ ਤੁਰੰਤ ਕਾਰਗਰ ਕਦਮ ਚੁੱਕੇ।

ਆਪ ਜੀ ਵਲੋਂ ਇਸ ਵਿਸ਼ਾਣੂਰੋਗ ਨੂੰ ਠੱਲ ਪਾਉਣ ਲਈ ਸਖਤ ਕਰਫਿਊ ਵਰਗੇ ਕਦਮ ਪਹਿਲਾਂ ਹੀ ਲਏ ਜਾ ਚੁੱਕੇ ਹਨ ਅਤੇ ਅਸੀਂ ਇਸ ਦੀ ਪ੍ਰਸੰਸਾ ਕਰਦੇ ਹਾਂ ਅਤੇ ਲੋਕਾਂ ਨੂੰ ਇਸਦਾ ਪਾਲਣ ਕਰਨ ਦੀ ਅਪੀਲ ਕਰਦੇ ਹਾਂ।

ਅਸੀਂ ਕੁੱਝ ਹੋਰ ਜ਼ਰੂਰੀ ਕਦਮ ਚੁੱਕਣ ਲਈ ਆਪਜੀ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ:

ਕਾਫ਼ੀ ਮਾਤਰਾ ਵਿੱਚ ਵੈਂਟੀਲੇਟਰ ਖਰੀਦੇ ਜਾਣ ਅਤੇ ਮੂਹਰਲੀ ਕਤਾਰ ਵਿੱਚ ਕੰਮ ਕਰਨ ਵਾਲੇ ਮੈਡੀਕਲ ਪ੍ਰੋਫੈਸ਼ਨਲਜ ਲਈ ਸੁਰੱਖਿਆ ਕਵਚ, ਵਿਸ਼ੇਸ਼ ਕਰਕੇ ਐਨ- 95 ਮਾਸਕ ਅਤੇ ਵਿਸ਼ਾਣੂ ਪ੍ਰੀਰੋਧਕ ਸੂਟ ਖਰੀਦੇ ਜਾਣ।

ਕਾਰਜਕਾਰੀ ਹੁਕਮਾਂ ਰਾਹੀਂ ਸਾਰੇ ਨਿੱਜੀ ਪ੍ਰਾਈਵੇਟ ਹਸਪਤਾਲਾਂ ਨੂੰ ਤਿਆਰ ਰਹਿਣ ਅਤੇ ਆਪਣੇ ਸਾਰੇ ਸੋਮੇ ਸਮੇਤ ਮਨੁੱਖੀ ਅਤੇ ਤਕਨੀਕੀ ਦੋਵੇਂ ਕਿਸਮ ਦੇ ਸਰੋਤ, ਲੋੜ ਪੈਣ ਤੇ ਪੰਜਾਬ ਸਰਕਾਰ ਦੇ ਸੁਪਰਦ ਕਰਨ ਦੀ ਹਦਾਇਤ ਕੀਤੀ ਜਾਵੇ।

ਪੰਜਾਬ ਅਤੇ ਇਸਦੇ ਨੌਜਵਾਨਾਂ ਲਈ ਤੁਹਾਡੇ ਪਿਆਰ ਵਿੱਚੋਂ ਕਿਰਪਾ ਕਰਕੇ ਮੋਬਾਇਲ ਵੰਡਣ ਦੀ ਸਕੀਮ ਖਤਮ ਕਰਕੇ ਇਸ ਪੈਸੇ ਦੀ ਵਰਤੋਂ ਸੂਬੇ ਵਿੱਚ ਸਿਹਤ ਸੇਵਾਵਾਂ ਮਜਬੂਤ ਕਰਨ ਵੱਲ ਖਰਚ ਕੀਤੀ ਜਾਵੇ।

ਕੇਂਦਰ ਸਰਕਾਰ ਤੇ ਸੂਬੇ ਵਿੱਚ ਕਰੋਨਾ ਵਾਇਰਸ ਦੇ ਸੰਕਟ ਦਾ ਮੁਕਾਬਲਾ ਕਰਨ ਲਈ ਸਿਹਤ ਲਈ 1000 ਕਰੋੜ ਦਾ ਪੈਕਜ ਮੰਗਿਆ ਜਾਵੇ ਅਤੇ ਜੇਕਰ ਉਹ ਨਾ ਮੰਨਣ ਤਾਂ ਦੂਜੇ ਰਾਜਾਂ ਨੂੰਨਾਲ ਲੈਕੇ ਜੀ.ਐਸ.ਟੀ. ਵਿਰੁੱਧ ਵਿਰੋਧ ਦਾ ਝੰਡਾ ਚੁੱਕਿਆ ਜਾਵੇ।

ਵੱਡੇ ਸਅਨਤੀ ਤੇ ਵਪਾਰਕ ਘਰਾਣਿਆਂ, ਧਰਮਅਰਥ ਦਾਨ ਦੇਣ ਵਾਲਿਆਂ ਅਤੇ ਪਰਵਾਸੀ ਭਾਰਤੀਆ ਨੂੰ ਇਸ ਮਨੁੱਖੀ ਕਾਜ ਲਈ ਦਾਨ ਦੀ ਅਪੀਲ ਕੀਤੀ ਜਾਵੇ। ਸਾਰੇ ਬਾਰਡਰ ਤੁਰੰਤ ਸੀਲ ਕੀਤੇ ਜਾਣ। ਡਾਕਟਰ ਗਾਂਧੀ ਨੇ ਇਸ ਕਾਰਜ ਲਈ ਮੁੱਖ ਮੰਤਰੀ ਰਾਹਤ ਕੋਸ਼ ਲਈ ਪੰਜਾਹ ਰੁਪਏ ਦਾ ਯੋਗਦਾਨ ਕਰਨ ਦਾ ਵੀ ਐਲਾਨ ਕੀਤਾ ਹੈ।

# Naomi Klein: Coronavirus Is the Perfect Disaster for Disaster Capitalism




he coronavirus is officially a global pandemic that has so far infected 10 times more people than SARS did. Schools, university systems, museums, and theaters across the U.S. are shutting down, and soon, entire cities may be too. Experts warn that some people who suspect they may be sick with the virus, also known as COVID-19, are going about their daily routines, either because their jobs do not provide paid time off because of systemic failures in our privatized health care system.

Most of us aren't exactly sure what to do or who to listen to. President Donald Trump has contradicted recommendations from the Centers for Disease Control and Prevention, and these mixed messages have narrowed our window of time to mitigate harm from the highly contagious virus.

These are the perfect conditions for governments and the global elite to implement political agendas that would otherwise be met with great opposition if we weren't all so disoriented. This chain of events isn't unique to the crisis sparked by the coronavirus; it's the blueprint politicians and governments have been following for decades known as the "shock doctrine," a term coined by activist and author Naomi Klein in a 2007 book of the same name.

History is a chronicle of "shocks"—the shocks of wars, natural disasters, and economic crises—and their aftermath. This aftermath is characterized by "disaster capitalism," calculated, free-market "solutions" to crises that exploit and exacerbate existing inequalities.

Klein says we're already seeing disaster capitalism play out on the national stage: In response to the coronavirus, Trump has proposed a $700 billion stimulus package that would include cuts to payroll taxes (which would devastate Social Security) and provide assistance to industries that will lose business as a result of the pandemic.

"They're not doing this because they think it's the most effective way to alleviate suffering during a pandemic—they have these ideas lying around that they now see an opportunity to implement," Klein said.

VICE spoke to Klein about how the "shock" of coronavirus is giving way to the chain of events she outlined more than a decade ago in The Shock Doctrine.

This interview has been lightly edited for length and clarity.

Let's start with the basics. What is disaster capitalism? What is its relationship to the "shock doctrine"?

The way I define disaster capitalism is really straightforward: It describes the way private industries spring up to directly profit from large-scale crises. Disaster profiteering and war profiteering isn't a new concept, but it really deepened under the Bush administration after 9/11, when the administration declared this sort of never-ending security crisis, and simultaneously privatized it and outsourced it—this included the domestic, privatized security state, as well as the [privatized] invasion and occupation of Iraq and Afghanistan.

The "shock doctrine" is the political strategy of using large-scale crises to push through policies that systematically deepen inequality, enrich elites, and undercut everyone else. In moments of crisis, people tend to focus on the daily emergencies of surviving that crisis, whatever it is, and tend to put too much trust in those in power. We take our eyes off the ball a little bit in moments of crisis.

Where does that political strategy come from? How do you trace its history in American politics?

The shock-doctrine strategy was as a response to the original New Deal under FDR. [Economist] Milton Friedman believes everything went wrong in America under the New Deal: As a response to the Great Depression and the Dust Bowl, a much more activist government emerged in the country, which made it its mission to directly solve the economic crisis of the day by creating government employment and offering direct relief.

If you're a hard-core free-market economist, you understand that when markets fail it lends itself to progressive change much more organically than it does the kind of deregulatory policies that favor large corporations. So the shock doctrine was developed as a way to prevent crises from giving way to organic moments where progressive policies emerge. Political and economic elites understand that moments of crisis is their chance to push through their wish list of unpopular policies that further polarize wealth in this country and around the world.

Right now we have multiple crises happening: a pandemic, a lack of infrastructure to manage it, and the crashing stock market. Can you outline how each of these components fit into the schema you outline in The Shock Doctrine?

The shock really is the virus itself. And it has been managed in a way that is maximizing confusion and minimizing protection. I don't think that's a conspiracy, that's just the way the U.S. government and Trump have utterly mismanaged this crisis. Trump has so far treated this not as a public health crisis but as a crisis of perception, and a potential problem for his reelection.

It's the worst-case scenario, especially combined with the fact that the U.S. doesn't have a national health care program and its protections for workers are abysmal. This combination of forces has delivered a maximum shock. It's going to be exploited to bail out industries that are at the heart of most extreme crises that we face, like the climate crisis: the airline industry, the gas and oil industry, the cruise industry—they want to prop all of this up.

How have we seen this play out before?

In The Shock Doctrine I talk about how this happened after Hurricane Katrina. Washington think tanks like the Heritage Foundation met and came up with a wish list of "pro-free market" solutions to Katrina. We can be sure that exactly the same kinds of meetings will happen now— in fact, the person who chaired the Katrina group was Mike Pence. In 2008, you saw this play out in the original [bank] bail out, where countries wrote these blank checks to banks, which eventually added up to many trillions of dollars. But the real cost of that came in the form of economic austerity [later cuts to social services]. So it's not just about what's going on right now, but how they're going to pay for it down the road when the bill for all of this comes due.

Is there anything people can do to mitigate the harm of disaster capitalism we're already seeing in the response to the coronavirus? Are we in a better or worse position than we were during Hurricane Katrina or the last global recession?

When we're tested by crisis we either regress and fall apart, or we grow up, and find reserves of strengths and compassion we didn't know we were capable of. This will be one of those tests. The reason I have some hope that we might choose to evolve is that—unlike in 2008—we have such an actual political alternative that is proposing a different kind of response to the crisis that gets at the root causes behind our vulnerability, and a larger political movement that supports it.

This is what all of the work around the Green New Deal has been about: preparing for a moment like this. We just can't lose our courage; we have to fight harder than ever before for universal health care, universal child care, paid sick leave—it's all intimately connected.

If our governments and the global elite are going to exploit this crisis for their own ends, what can people do to take care of each other?

"'I'll take care of me and my own, we can get the best insurance there is, and if you don't have good insurance it's probably your fault, that's not my problem": This is what this sort of winners-take-all economy does to our brains. What a moment of crisis like this unveils is our porousness to one another. We're seeing in real time that we are so much more interconnected to one another than our quite brutal economic system would have us believe.

We might think we'll be safe if we have good health care, but if the person making our food, or delivering our food, or packing our boxes doesn't have health care and can't afford to get tested—let alone stay home from work because they don't have paid sick leave—we won't be safe. If we don't take care of each other, none of us is cared for. We are enmeshed.

Different ways of organizing society light up different parts of ourselves. If you're in a system you know isn't taking care of people and isn't distributing resources in an equitable way, then the hoarding part of you is going to be lit up. So be aware of that and think about how, instead of hoarding and thinking about how you can take care of yourself and your family, you can pivot to sharing with your neighbors and checking in on the people who are most vulnerable.

JIS
Logistics Ltd Calgary Alberta
Warehousing / Distribution
Farhad Zain
Mohammed
General Manager
5601 46St SE
Calgary, AB T2C 4Y5
farhad_its@hotmail.com
Office : 403-723-2379
Fax : 1888-732-1303
Cell : 403-519-9373

# Context for Today's Economic Statement: Health care funding was so far behind that current announcements have just brought funding back to where it should have been before COVID-19 hit



Toronto – In advance of the Ford government's economic statement being released this afternoon, the Ontario Health Coalition released an analysis of the numbers to date to give some context to the announcements that are being made regarding COVID-19 health care funding as follows:

"We believe that governments are beginning to flow resources and may get to what is needed, ultimately, but most people have no idea how to assess what the announcements so far actually mean," said Natalie Mehra, executive director. "We are providing this briefing so that there can be some accountability and meaningful analysis of what is happening. The bottom line is that Ontario had fallen so far behind in terms of health care funding that the emergency announcements only now bring us close to where funding should have been just to keep us at the same level of service per person – that is, to meet inflation, population growth and aging pressures -- before COVID-19. And that, only if we include last fall's hospital overcrowding funding announcement and count last weeks' COVID emergency funding announcements as though they can all be considered to be added to the current year's budgets (this fiscal year ends at the end of the month). Ontario hospital and long-term care home capacity has fallen far below population need and funding was at the bottom of Canada before the pandemic."

Where are we at re. Ontario hospital funding?

In the 2019 Ontario Budget the Ford government gave $384 million in increased funding to Ontario hospitals.

• This is approximately a 2 per cent increase. But inflation, on its own, last year was an average of approximately 2 per cent (until the economic downturn with COVID-19). So this level of funding, far from "ending hallway medicine", did not even meet population growth (equals 1 per cent) and inflation (equals 2 per cent) or aging costs (equal 1 per cent). In addition, health experts generally note that there is about 1 per cent growth in utilization that is not accounted for in those figures.

• There was deep consensus in the year leading into the election that we needed about 5 per cent growth to maintain existing service levels.

• Bottom line? Ontario set the budget far short of the funding needed just to maintain the overcrowded service levels that existed without cutting more services.

In the fall the Ontario government announced another $68 million to address hospital overcrowding.

• This did not quite bring us up to inflation and population growth. It did not cover costs for aging.

In the spring Ontario's Fiscal Accountability Office reported in its 3rd quarter report that Ontario had underspent its health care budget funds by $400 million.

In the last few weeks the Ontario government has announced additional funding for COVID-19 as follows:

• On March 11 Premier Ford announced a $100 million contingency fund to fight COVID-19 for medical supplies, additional staff, testing kits, protective gear and anything else deemed necessary.

15 Gervais Drive, Suite 201, Toronto, Ontario M3C 1Y8 Tel: 416-441-2502 Email: ohc@sympatico.ca Web: www.ontariohealthcoalition.ca

• On March 17 — Ontario announced a $300 million investment in health care to combat COVID-19. $100 million was earmarked for hospitals.

• It is not clear if the March 11 announcement was reannounced in the money announced March 17.

• It is also not clear if that money is for the current fiscal year (ending March 31) or the next fiscal year.

In any case, even if we add it all together, giving the most generous latitude and assuming that all of it counts in the current fiscal year and that there were no reannouncements of previous funding and the underspending by the end of the third quarter was spent in the final quarter, this is what we get for hospital funding in Ontario:

$384 million (increase in hospital funding in 2019 Budget)

$ 68 million (fall hospital overcrowding announcement)

$100 million (March 11 COVID-19 contingency fund announcement if we assume it all goes to hospitals)

$100 million (March 17 COVID-19 emergency investment for hospitals)

$652 million -- which would have been a less than 4 per cent increase to hospital funding, thus not quite, but almost brings the funding up to the level required just to meet normal inflation, population growth and aging costs.

The Ontario Health Coalition asked for a 5.3 per cent increase in hospital funding in our 2018 election platform document to maintain existing services and address overcrowding and wait times.

Even the Ontario Hospital Association issued a report in December (summary here) asking the provincial government for a 4.85 per cent increase in hospital funding (almost $1 billion) in the Ontario Budget to maintain existing access to care. This was prior to COVID-19.

For long-term care additional major funding increases are needed to address the crisis-level PSW shortage before COVID-19 and get care levels up to a safe standard.

We hope these numbers help put government funding announcements into proper context.

Background on current funding/capacity:

Ontario funds its health care at among the lowest rates in Canada:

Click here for link to public health care spending as % of provincial GDP (only Alberta is lower than Ontario)

Click here for link to public health care funding per capita (only B.C. is lower than Ontario)

Ontario funds its hospitals at the lowest rate in Canada:

Click here for link to public hospital funding as % of provincial GDP (Ontario is lowest in Canada)

Click here for link to public hospital funding per capita (Ontario is lowest in Canada)

As a result, Ontario has the fewest hospital beds per person of any province and the second fewest long-term care beds. In comparison to OECD countries (Italy included) we are far below the number of beds per capita.

Click here for charts comparing hospital beds and long-term care beds per population

For more information: Natalie Mehra, executive director (416) 230-6402.

---

### 23 ਮਾਰਚ 2020 ਨੂੰ ਸਮਰਪਿਤ

## ਟੋਪੀ ਨਾ ਦਸਤਾਰ

ਟੋਪੀ ਨਾ ਦਸਤਾਰ ਭਗਤ ਸਿਆਂ
ਤੂੰ ਅਨਮੋਲ ਵਿਚਾਰ ਭਗਤ ਸਿਆਂ
ਜਿਸ ਦੇ ਨਾਲ਼ ਹੈ ਤਿੱਖੀ ਹੁੰਦੀ
ਕਰਾਂਤੀ ਦੀ ਤਲਵਾਰ ਭਗਤ ਸਿਆਂ

ਘਰ ਚੋਂ ਗੁੜ੍ਹਤੀ ਲੈ ਕੇ ਸਿੱਖਿਆ ਮਾਨਵਤਾ ਦਾ ਪਿਆਰ ਭਗਤ ਸਿਆਂ
ਖਿਆਲ ਨਿਖਾਰੇ ਕੀਤਾ ਸੀ ਤੈਂ ਨੇਕੀ ਨਾਲ਼ 'ਕਰਾਰ ਭਗਤ ਸਿਆਂ

ਜ਼ਬਰ-ਜ਼ੁਲਮ ਦੇ ਡੰਡੇ ਥੱਲੇ ਮੁਲਕ ਸੀ ਨਿੱਤ ਖੁਆਰ ਭਗਤ ਸਿਆਂ
ਨਾਲ਼ੇ ਲੁੱਟੇ ਨਾਲ਼ੇ ਕੁੱਟੇ ਗੋਰਿਆਂ ਦੀ ਸਰਕਾਰ ਭਗਤ ਸਿਆਂ

ਮਜ਼ਲੂਮਾਂ ਨੇ ਏਕਾ ਕਰ ਕੇ ਉੱਚੀ ਕਰੀ ਪੁਕਾਰ ਭਗਤ ਸਿਆਂ
ਲੁੱਟਿਆਂ-ਪੁੱਟਿਆਂ ਨਾਲ਼ ਖਲੋਇਆ ਤੇਰਾ ਕੁੱਲ ਪਰਿਵਾਰ ਭਗਤ ਸਿਆਂ

ਬਚਪਨ ਬੀਤਿਆ ਪੈਰ ਪਾ ਲਿਆ ਜੁਆਨੀ ਦੇ ਵਿਚਕਾਰ ਭਗਤ ਸਿਆਂ
ਵਿਆਹ ਤੇਰੇ ਦੀ ਘਰ ਦੇ ਅੰਦਰ ਲੱਗੀ ਹੋਣ ਵਿਚਾਰ ਭਗਤ ਸਿਆਂ

ਦਾਦੇ ਦੀ ਪਰਤਿੱਗਿਆ ਵਾਲਾ ਉੱਠਿਆ ਮਨੋਂ ਗ਼ੁਬਾਰ ਭਗਤ ਸਿਆਂ
ਜ਼ਿੰਦ ਦੇਸ਼ ਦੇ ਲੇਖੇ ਲਾਉਣੀ ਛੱਡਿਆ ਸੀ ਘਰ-ਬਾਰ ਭਗਤ ਸਿਆਂ

ਕਾਲਜ ਪੜ੍ਹਨ ਲਾਹੌਰ ਪੈ ਗਿਆ ਨਵੇਂ ਬਣੇ ਕਈ ਯਾਰ ਭਗਤ ਸਿਆਂ
ਢੇਰ ਕਿਤਾਬਾਂ ਪੜ੍ਹ ਕੇ ਕਰਦੇ ਡੂੰਘੀ ਨਿੱਤ ਵਿਚਾਰ ਭਗਤ ਸਿਆਂ

ਕੱਠੇ ਹੋ ਕੇ ਇਨਕਲਾਬ ਦੇ ਲਏ ਸੀ ਨਕਸ਼ ਨਿਖਾਰ ਭਗਤ ਸਿਆਂ
ਲੋਟੂ ਰਾਜ ਮਿਟਾਵਣ ਵਾਲ਼ੇ ਕਰੇ ਤਿੱਖੇ ਹਥਿਆਰ ਭਗਤ ਸਿਆਂ

ਨੌਜਵਾਨ ਤੇ ਪਾੜ੍ਹੇ ਕੀਤੇ ਇਨਕਲਾਬ ਲਈ ਤਿਆਰ ਭਗਤ ਸਿਆਂ
ਕਾਰਖਾਨੇ ਤੇ ਖੇਤ ਜਗਾਉਣੇ ਇਹ ਵੀ ਲਿਆ ਵਿਚਾਰ ਭਗਤ ਸਿਆਂ

ਲਾਲਾ ਮਾਰ ਕੇ ਸਿਰਾਂ ਤੇ ਭਾਜੀ ਫਿਰੰਗੀ ਦਿੱਤੀ ਚਾੜ੍ਹ ਭਗਤ ਸਿਆਂ
ਖ਼ੂਨ ਦੇ ਵੱਟੇ ਖ਼ੁਨ ਡੋਲ੍ਹਿਆ ਬਦਲਾ ਲਿਆ ਉਤਾਰ ਭਗਤ ਸਿਆਂ

ਹੱਕ ਦੀ ਘੰਡੀ ਨੱਪੇ ਫਿਰੰਗੀ ਕਰੇ ਕਾਨੂੰਨ ਤਿਆਰ ਭਗਤ ਸਿਆਂ
ਦੱਤ ਨੂੰ ਲੈ ਬੋਲ਼ੇ ਕੰਨ ਖੋਲ੍ਹੇ ਬੰਬ ਅਸੰਬਲੀ ਮਾਰ ਭਗਤ ਸਿਆਂ

ਗੂੰਜ ਪਈ ਸੀ ਅਰਸ਼ਾਂ ਤੀਕਰ ਨਾਹਰਿਆਂ ਦੀ ਗੂੰਜਾਰ ਭਗਤ ਸਿਆਂ
ਹੱਥਕੜੀਆਂ ਲਈ ਹੱਥ ਵਧਾਏ ਮਨਾਂ 'ਤੇ ਨਾ ਕੋਈ ਭਾਰ ਭਗਤ ਸਿਆਂ

ਵਿੱਚ ਕਚਹਿਰੀ ਕੇਸ ਆ ਗਿਆ ਮੰਨੀ ਨਹੀਂਓ ਹਾਰ ਭਗਤ ਸਿਆਂ
ਇਨਕਲਾਬ ਦੇ ਅਰਥ ਬਿਆਨੇ ਦਿੱਤਾ ਸੱਚ ਉਚਾਰ ਭਗਤ ਸਿਆਂ

ਅਦਾਲਤ ਨੂੰ ਢਕੌਂਜ ਆਖਿਆ ਮੌਤ ਲਈ ਮੁੱਢੋਂ ਤਿਆਰ ਭਗਤ ਸਿਆਂ
ਰਾਜਗੁਰੂ-ਸੁਖਦੇਵ ਸੂਰਮੇ ਨਿਭ ਗਏ ਤਾਰੋ-ਤਾਰ ਭਗਤ ਸਿਆਂ

ਘੜੀ ਮੌਤ ਦੀ ਆਈ ਖੁੱਲ੍ਹੇ ਕੋਠੜੀਆਂ ਦੇ ਬਾਰ ਭਗਤ ਸਿਆਂ
ਇਨਕਲਾਬ ਦੇ ਸੁੱਚਿਆਂ ਬੋਲਾਂ ਦਿੱਤੀ ਫਿਜ਼ਾ ਸ਼ਿੰਗਾਰ ਭਗਤ ਸਿਆਂ

ਪਰਬਤ ਜੇਡ ਬਣਾਇਆ ਜ਼ੇਰਾ ਗਲ਼ ਰੱਸਿਆਂ ਦੇ 'ਹਾਰ' ਭਗਤ ਸਿਆਂ
ਸਰੂ ਵਰਗੀਆਂ ਜ਼ਿੰਦਾਂ ਲਾ ਗਏ ਯਾਦ ਕਰੇ ਸੰਸਾਰ ਭਗਤ ਸਿਆਂ

ਜੀਅ ਕੀਤੈ ਅੱਜ ਗੱਲਾਂ ਕਰੀਏ ਬਹਿ ਕੇ ਕੋਈ ਦੋ-ਚਾਰ ਭਗਤ ਸਿਆਂ
ਨਸ਼ੈ-ਫੈਸ਼ਨਾਂ ਰੋਲ਼ੀ ਜੁਆਨੀ ਵਿਰਸਾ ਰਹੀ ਵਿਸਾਰ ਭਗਤ ਸਿਆਂ

ਸੁਪਨੇ ਥੋਡੇ ਪੂਰੇ ਕਰਨੇ ਕਰਾਂਗੇ ਯਤਨ ਅਪਾਰ ਭਗਤ ਸਿਆਂ
ਸੋਚ ਤੁਹਾਡੀ ਮਾਨਵਤਾ ਲਈ ਮੁਕਤੀ ਦਾ ਹਥਿਆਰ ਭਗਤ ਸਿਆਂ

**ਲੇਖਕ ਗੁਰਮੇਲ ਸਿੰਘ ਭੁਟਾਲ਼**
9417759042

# ਜਲ੍ਹਿਆਂਵਾਲਾ ਬਾਗ ਦੀ ਲਹੂ ਰੱਤੀ ਮਿੱਟੀ ’ਚੋਂ ਉੱਗੀ ਜਾਬਰ ਤੋਂ ਨਾਬਰ ਕਵਿਤਾ

**- ਅਮੋਲਕ ਸਿੰਘ**



ਬਰਤਾਨਵੀ ਸਾਮਰਾਜੀ ਹੁਕਮਰਾਨਾਂ ਵਲੋਂ 13 ਅਪ੍ਰੈਲ, 1919 ਨੂੰ ਅੰਮ੍ਰਿਤਸਰ ਦੀ ਧਰਤੀ ’ਤੇ ਰਚੇ ਜਲ੍ਹਿਆਂਵਾਲਾ ਬਾਗ਼ ਖ਼ੂਨੀ ਕਾਂਡ ਨੇ ਅਜ਼ਾਦੀ ਜੱਦੋ ਜਹਿਦ ਅੰਦਰ ਸਿਰ ਕੱਢਵੀਂ ਇਨਕਲਾਬੀ ਇਤਿਹਾਸਕ ਭੂਮਿਕਾ ਅਦਾ ਕੀਤੀ। ਕੌਮੀ ਮੁਕਤੀ ਅਤੇ ਲੋਕ ਮੁਕਤੀ ਸੰਗਰਾਮ ਲਈ ਨਵੇਂ ਮਾਰਗ ਦਰਸਾਏ। ਰਵਾਇਤੀ ਅਜ਼ਾਦੀ ਦੀ ਚੱਲ ਰਹੀ ਧਾਰਾ ਨਾਲੋਂ ਸਪਸ਼ਟ ਲੀਕ ਖਿੱਚਵੀਂ ਇਨਕਲਾਬੀ ਲੋਕਧਾਰਾ ਦਾ ਨਵਾਂ ਇਤਿਹਾਸ ਸਿਰਜਿਆ। ਜਲ੍ਹਿਆਂਵਾਲਾ ਬਾਗ ਦੇ ਹਿਰਦੇ ਵੇਦਕ ਕਾਂਡ ਨੇ ਬਦੇਸ਼ੀ ਅਤੇ ਦੇਸੀ ਵੰਨ-ਸੁਵੰਨੇ ਰੰਗਾਂ ਦੀ ਨਿਰਖ-ਪਰਖ ਕਰਨ ਦੀ ਰੌਸ਼ਨੀ ਦਿੱਤੀ। ਇਸ ਖ਼ੂਨੀ ਹੋਲੀ ਨੇ ਜਿਥੇ ਰਾਜਨੀਤਕ ਲਹਿਰਾਂ ਦੀਆਂ ਅਗਲੀਆਂ ਕੜੀਆਂ ਅਤੇ ਲੜੀਆਂ ਉਪਰ ਅਮਿੱਟ ਛਾਪ ਛੱਡੀ ਉਥੇ ਸਾਹਿਤ ਅਤੇ ਸਭਿਆਚਾਰ ਦੇ ਪਿੜ ਅੰਦਰ ਵੀ ਨਵਾਂ ਨਰੋਆ ਸਿਰਜਣ ਦੇ ਦੁਆਰ ਖੋਲ੍ਹੇ।

ਰਾਜਿਆਂ, ਰਾਣੀਆਂ ਬਰਤਾਨਵੀ ਹਾਕਮਾਂ ਦੀ ਮਹਿਮਾ ਗਾਉਂਦੇ, ਜਨਮ ਮਗਰੋਂ ਦੇ ਮਿਥਿਹਾਸ ਦੇ ਚੱਕਰਵਿਊ ’ਚ ਘਿਰੇ ਕੱਦਾਵਰ ਕਹਾਉਂਦੇ ਸਾਹਿਤਕਾਰਾਂ, ਲੇਖਕਾਂ ਕਵੀਆਂ ਅੱਗੇ ਇਸ ਕਾਂਡ ਨੇ ਵਡੇਰੇ ਸਵਾਲ ਖੜ੍ਹੇ ਕਰ ਦਿੱਤੇ। ਕਲਾ ਕਿਰਤਾਂ ਦੇ ਵਿਸ਼ੇ ਹਕੀਕੀ ਵਿਗਿਆਨਕ ਪੱਖ, ਅਜ਼ਾਦੀ ਸੰਗਰਾਮ ਅਤੇ ਮਨੁੱਖੀ ਸਰੋਕਾਰਾਂ ਦੀ ਬਾਂਹ ਫੜਦੇ ਸਾਹਿਤ ਦੀ ਸਿਰਜਣਾ ਪ੍ਰਮੁੱਖ ਏਜੰਡੇ ’ਤੇ ਆਣ ਖੜ੍ਹੀ। ਕਲਮਾਂ ਵਾਲਿਆਂ ਲਈ ਹਾਲਾਤ ਨੇ ਆਪਣਾ ਰਾਹ ਚੁਣਨ ਦੀ ਤਿੱਖੀ ਚੁਣੌਤੀ ਖੜ੍ਹੀ ਕਰ ਦਿੱਤੀ। ਉਨ੍ਹਾਂ ਨੇ ਲੋਕਾਂ ਨਾਲ ਖੜ੍ਹਨਾ ਹੈ ਜਾਂ ਜੋਕਾਂ ਨਾਲ। ‘ਦੜ ਵੱਟ ਜ਼ਮਾਨਾ ਕੱਟ’ ਦਾ ਲੜ ਫੜ੍ਹਨਾ ਹੈ ਜਾਂ ਸਮੇਂ ਦੇ ਹਾਣੀ ਬਣਨ ਦੀ ਬਾਤ ਪਾਉਣੀ ਹੈ। ਇਸ ਅਗਨ-ਪ੍ਰੀਖਿਆ ਭਰੇ ਦੌਰ ਨੇ ਸੱਜਰੀ, ਨਰੋਈ ਅਜ਼ਾਦੀ, ਜਮਹੂਰੀਅਤ ਅਤੇ ਸਾਂਝੀਵਾਲਤਾ ਦੀ ਗੱਲ ਕਰਦੀ ਕਵਿਤਾ ਨੂੰ ਉਭਾਰ ਕੇ ਸਾਹਮਣੇ ਲਿਆਂਦਾ। ਲੋਕਾਂ ਦੇ ਪੱਖ ਵਿਚ ਖੜ੍ਹਨ ਵਾਲੀਆਂ ਕਲਮਾਂ ਨੂੰ ਮਾਣ ਮੱਤਾ ਸਥਾਨ ਦਿੱਤਾ।

ਜਲ੍ਹਿਆਂਵਾਲਾ ਬਾਗ ਦੀ ਖ਼ੂਨੀ ਵਿਸਾਖੀ ਕਾਰਨ ਰਬਿੰਦਰਾ ਨਾਥ ਟੈਗੋਰ ਨੇ ਬਰਤਾਨਵੀ ਹਾਕਮਾਂ ਵਲੋਂ ਮਿਲਿਆ ‘ਸਰ’ ਦਾ ਖ਼ਿਤਾਬ ਵਾਪਸ ਕਰ ਦਿੱਤਾ। ਹਾਲਾਤ ਅਜਿਹੇ ਵਿਸਫੋਟਕ ਰੂਪ ਧਾਰ ਗਏ ਕਿ ਅਮਨ ਸ਼ਾਂਤੀ ਦੇ ਜਾਪ ਹੇਠ ਲੋਕ ਲਹਿਰਾਂ ਦੀ ਉਠਾਣ ਨੂੰ ਹਿੰਸਾ ਗਰਦਾਨਣ ਵਾਲੇ ਮਹਾਤਮਾ ਗਾਂਧੀ ਨੂੰ ਬਰਤਾਨਵੀ ਹਕੂਮਤ ਤੋਂ ਮਿਲੇ ਖਿਤਾਬ ‘ਕੇਸਰ-ਏ-ਹਿੰਦ’ ਅਤੇ ‘ਜਲੂ-ਜੰਗ’ ਮੈਡਲ ਵਾਪਸ ਕਰਨੇ ਪਏ। ਇਹ ਸਨਮਾਨ ਮਹਾਤਮਾ ਗਾਂਧੀ ਨੂੰ ਸਰਕਾਰ ਪ੍ਰਤੀ ਸਦਭਾਵਨਾ ਪੂਰਨ ਸੇਵਾਵਾਂ ਦੀ ਬਦੌਲਤ ਭੇਟ ਕੀਤੇ ਗਏ ਸਨ।

ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਨੇ ਅਜਿਹੇ ਚੁਣੌਤੀ ਭਰੇ ਹਾਲਾਤ ਸਿਰਜ ਦਿੱਤੇ ਕਿ ਰਾਜਨੀਤਕ ਦਲਾਂ ਅਤੇ ਵਿਅਕਤੀਆਂ ਨੂੰ ਹੀ ਨਹੀਂ ਸਾਹਿਤਕ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਵੀ ਚੋਣ ਕਰਨ ਦਾ ਵੇਲਾ ਆ ਗਿਆ ਕਿ ਉਨ੍ਹਾਂ ਨੇ ਕਿਸ ਧਿਰ ਨਾਲ ਖੜ੍ਹਨਾ ਹੈ। ਖਾਮੋਸ਼ੀ ਲਈ ਜਾਂ ਵਿਚ-ਵਿਚਾਲੇ ਦੇ ਰਾਹ ਲਈ ਕੋਈ ਥਾਂ ਨਾ ਬਚੀ। ਜਾਗਦੀਆਂ ਅਤੇ ਜਿਉਂਦੀਆਂ ਕਲਮਾਂ ਅੱਗੇ ਆਈਆਂ। ਸਾਹਮਣੇ ਖੜ੍ਹੇ ਸਵਾਲਾਂ ਤੋਂ ਪਾਸਾ ਵੱਟਣ ਵਾਲੀਆਂ ਕਲਮਾਂ ਅਣਪ੍ਰਸੰਗਕ ਹੋ ਕੇ ਰਹਿ ਗਈਆਂ। ਇਕ ਬੰਨ੍ਹੇ ਬਰਤਾਨਵੀ ਹਾਕਮ, ਉਨ੍ਹਾਂ ਦੇ ਸੇਵਾਦਾਰ, ਜਗੀਰਦਾਰ, ਰਾਜੇ-ਮਹਾਰਾਜੇ, ਜ਼ੈਲਦਾਰ, ਪ੍ਰਬੰਧਕੀ ਅਤੇ ਟੋਡੀ ਲਾਣਾ ਦੂਜੇ ਬੰਨ੍ਹੇ ਅਜ਼ਾਦੀ ਲਈ ਜੂਝਦੇ ਲੋਕ।

ਨਾਵਲਕਾਰਾਂ, ਕਹਾਣੀਕਾਰਾਂ, ਨਾਟਕਕਾਰਾਂ, ਚਿੱਤਰਕਾਰਾਂ ਅਤੇ ਕਵੀਆਂ ਦੀ ਜ਼ਮੀਰ ਹਲੂਣੀ ਗਈ। ਉਨ੍ਹਾਂ ਨੇ ਆਪਣੇ ਨੈਤਿਕ ਫਰਜ਼ਾਂ ਨੂੰ ਪਹਿਚਾਣਿਆ। ਜਲ੍ਹਿਆਂਵਾਲਾ ਬਾਗ ਖ਼ੂਨੀ ਸਾਕੇ ਬਾਰੇ ਕਵਿਤਾਵਾਂ ਦੇ ਝਰਨੇ ਵਹਿ ਤੁਰੇ। ਵੰਨ-ਸੁਵੰਨੀਆਂ ਸਾਹਿਤਕ ਵਿਧਾਵਾਂ ਵਿਚ ਕੰਮ ਹੋਣ ਲੱਗਾ। ਕਲਕੱਤੇ ਤੋਂ ਛਪਦੇ ਅਖ਼ਬਾਰ ‘ਅੰਮ੍ਰਿਤਾ ਬਾਜ਼ਾਰ ਪੱਤ੍ਰਿਕਾ’ ਵਿਚ 10 ਅਪ੍ਰੈਲ, 1920 ਨੂੰ ਸੋਵੀਅਤ ਸਮਾਜਵਾਦੀ ਗਣਰਾਜ ਸੰਘ ਦੇ ਮੁਖੀ ਕਾਮਰੇਡ ਲੈਨਿਨ ਦਾ ਪੱਤਰ ਛਪਿਆ। ਪੱਤਰ ਵਿਚ ਜਲ੍ਹਿਆਂਵਾਲਾ ਬਾਗ ਕਾਂਡ ਦਾ ਵਿਰੋਧ ਅਤੇ ਖ਼ੂਨੀ ਹੱਲੇ ਦੇ ਸ਼ਿਕਾਰ ਲੋਕਾਂ ਨਾਲ ਗਹਿਰੀ ਹਮਦਰਦੀ ਦਾ ਇਜ਼ਹਾਰ ਕੀਤਾ ਗਿਆ।

ਡਾਇਰੈਕਟਰ ਪਬਲਿਕ ਇੰਸਟਰਕਸਨ ਪੰਜਾਬ ਵਲੋਂ ਆਪਣੇ ਪੱਤਰ ਨੰਬਰ 6557-ਬੀ, ਮਿਤੀ 19 ਮਈ, 1920 ਦੁਆਰਾ ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੂੰ ‘1920 ਦੌਰਾਨ ਪੰਜਾਬ ਪ੍ਰਕਾਸ਼ਨਾਵਾਂ’ ਦੀ ਰਿਪੋਰਟ ਵਿਚ ਲਿਖਿਆ ਗਿਆ ਹੈ :

“ਕੁਝ ਪੰਜਾਬੀ ਕਵੀਆਂ ਨੇ ਦੇਸ਼ ਵਿਚ ਚੱਲ ਰਹੀ ਵਰਤਮਾਨ ਰਾਜਸੀ ਐਜੀਟੇਸ਼ਨ ਤੋਂ ਨਵੀਂ ਪ੍ਰੇਰਨਾ ਪ੍ਰਾਪਤ ਕੀਤੀ ਹੈ। ਪੰਜਾਬ ਦੀ ਬਦਅਮਨੀ, ਮਾਰਸ਼ਲ ਲਾਅ ਅਤੇ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਨੂੰ ਲੈ ਕੇ ਸਾਧਾਰਨ ਲੋਕਾਂ ਨੂੰ ਅਪੀਲ ਕਰ ਸਕਣ ਯੋਗ ਕਿੰਨੀਆਂ ਹੀ ਕਵਿਤਾਵਾਂ ਲਿਖੀਆਂ ਹਨ। ਪੰਜਾਬੀ ਅਤੇ ਉਰਦੂ ਵਿਚ ਛਪੀਆਂ ਇਹ ਕਵਿਤਾਵਾਂ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਵਿਚ ਭਾਈਚਾਰਕ ਸਾਂਝ ਦੀ ਤੰਦ ਮਜਬੂਤ ਕਰਨ ਦਾ ਕੰਮ ਕਰ ਰਹੀਆਂ ਹਨ।”

ਇਹ ਇਕ ਸ਼ੀਸ਼ਾ ਹੈ ਉਸ ਸਮੇਂ ਰਚੇ ਜਾਣ ਵਾਲੇ ਲੋਕ-ਪੱਖੀ ਸਾਹਿਤ ਵਿਸ਼ੇਸ਼ ਕਰਕੇ ਕਵਿਤਾ ਦਾ। ਇਹ ਸਾਹਿਤ ਬਰਤਾਨਵੀ ਹੁਕਮਰਾਨਾਂ ਨੂੰ ਡੂੰਘੇ ਫਿਕਰਾਂ ’ਚ ਗੋਤੇ ਲਗਾਉਂਦਾ ਰਿਹਾ।

ਉੱਘੇ ਨਾਵਲਕਾਰ, ਲੇਖਕ ਅਤੇ ਕਵੀ ਨਾਨਕ ਸਿੰਘ ਨੇ 1920 ’ਚ ‘ਖ਼ੂਨੀ ਵਿਸਾਖੀ’ ਲੰਮੀ ਕਵਿਤਾ ਲਿਖੀ ਜੋ ਅੰਗਰੇਜ਼ ਹਕੂਮਤ ਨੇ ਜ਼ਬਤ ਕਰ ਲਈ। ਕਿਸ਼ਨ ਚੰਦ ਜੇਬਾ ਦਾ ਲਿਖਿਆ ਉਰਦੂ ਨਾਟਕ ‘ਜ਼ਖ਼ਮੀ ਪੰਜਾਬ’ ਵੀ ਛਪਦੇ ਸਾਰ ਜ਼ਬਤ ਕਰ ਲਿਆ। ਡਰਾਮੈਟਿਕ ਪ੍ਰਾਫਾਰਮੈਸ ਐਕਟ ਅਧੀਨ ਇਸ ਨਾਟਕ ਦੇ ਮੰਚਨ ਉਪਰ ਵੀ ਪਾਬੰਦੀ ਮੜ ਦਿੱਤੀ।

ਰੌਲਟ ਐਕਟ ਵਿਰੋਧੀ ਸਰਗਰਮੀਆਂ ਕਰਕੇ ਵਿਦਿਆਰਥੀਆਂ ਨੂੰ ਗਰਮੀਆਂ ਦੇ ਦਿਨਾਂ ’ਚ ਸੜਕਾਂ ’ਤੇ ਨੰਗੇ ਪੈਰੀਂ ਤੁਰਨ ਲਈ ਮਜ਼ਬੂਰ ਕਰਨ, ਔਰਤਾਂ ਦੇ ਘੁੰਡ ਚੁੱਕ ਕੇ ਮੂੰਹ ’ਤੇ ਥੁੱਕਣ, ਡੰਡੌਤ ਕਰਾਉਣ, ਟਿਕਟਿਕੀਆਂ ਨਾਲ ਬੰਨ ਕੇ ਕੋੜੇ ਮਾਰਨ ਵਰਗੀਆਂ ਘਟਨਾਵਾਂ ਨੇ ਕਵਿਤਾਵਾਂ, ਨਾਟਕਾਂ ਅਤੇ ਹੋਰ ਸਾਹਿਤਕ ਵਿਧਾਵਾਂ ਨੂੰ ਵਿਸ਼ੇ ਪ੍ਰਦਾਨ ਕੀਤੇ। ਜਲ੍ਹਿਆਂਵਾਲਾ ਬਾਗ ਦੀ ਹਿਰਦੇਵੇਦਕ ਘਟਨਾ ਦੇ ਦਰਦ ਨੂੰ ਸੁਣਨ ਅਤੇ ਪੀੜਤਾਂ ਦੀ ਬਾਂਹ ਫੜਨ ਲਈ ਸੂ ਵਿਚ ਕੁਝ ਕਵੀਆਂ ਨੇ ਗੁਰੂ ਗੋਬਿੰਦ ਸਿੰਘ ਨੂੰ ਫੇਰਾ ਪਾਉਣ ਦੀਆਂ ਅਪੀਲਾਂ ਕਰਦੀ ਸੁਰ ਧਾਰਨ ਕੀਤੀ।

ਗਿਆਨੀ ਮਾਨ ਸਿੰਘ ਅਤੇ ਹਰਨਾਮ ਸਿੰਘ ਨੇ ਜਲ੍ਹਿਆਂਵਾਲਾ ਬਾਗ਼ ਦਾ ਦੁਖੜਾ ਬਿਆਨਦਿਆਂ ਇਉਂ ਆਵਾਜ਼ ਮਾਰੀ :

**‘ਕਲਗੀ ਵਾਲਿਆ ਦੇਸ਼ ਪੰਜਾਬ ਤਾਈਂ**
**ਜ਼ਾਲਿਮ ਮਾਰ ਕੇ ਦੇਖ ਮੁਕਾਣ ਲੱਗੇ’**

ਕਵਿਤਾ ਅਤੇ ਗੀਤ ਦੇ ਸਿਰਜਕਾਂ ਸਾਹਮਣੇ ਉਸ ਮੌਕੇ ਸਭ ਤੋਂ ਫੈਸਲਾਕੁੰਨ ਪਾਠਕ ਅਤੇ ਸਰੋਤੇ ਹੋਇਆ ਕਰਦੇ ਸਨ। ਕਵੀ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਵਸਤੂ ਅਤੇ ਧੁਨ ਦੀ ਚੋਣਅਜਿਹੀ ਕਰਦੇ ਤਾਂ ਜੋ ਉਹ ਸਹਿਜੇ ਹੀ ਲੋਕਾਂ ਦੀ ਜ਼ੁਬਾਨ ’ਤੇ ਚੜ੍ਹ ਸਕੇ। ਕੀ ਔਰਤ ਕੀ ਮਰਦ, ਕੀ ਬੱਚਾ ਕੀ ਬੁੱਢਾ ਉਨ੍ਹਾਂ ਦੀਆਂ ਕਵਿਤਾਵਾਂ ਦੇ ਮੁਖੜੇ ਗੁਣਗੁਣਾਉਂਦਾ ਰਹਿੰਦਾ। ਸਾਹਿਤ, ਕਲਾ, ਲੋਕ ਅਤੇ ਸੰਗਰਾਮ ਮਿਲ ਕੇ ਹੋਏ ਇਕ ਜਿੰਦ, ਇਕ ਜਾਨ।

ਗਿਆਨੀ ਮਾਨ ਸਿੰਘ ਨੇ ‘ਤਾਜ਼ੇ ਜ਼ਖ਼ਮ’ ਕਵਿਤਾ ਨੂੰ ‘ਸੋਹਣੀ’ ਦੀ ਤਰਜ਼ ਦਿੱਤੀ। ਅਬਦੁਲ ਕਾਦਰ ਬੇਗ ਨੇ ਆਪਣੀ ਰਚਨਾ, ‘ਅੱਖਾਂ ਖੋਲ੍ਹੋ ਹਿੰਦੀਓ’ ਬੋਲੀਆਂ ਦੇ ਰੂਪ ’ਚ ਰਚੀ। ਅਮੀਰ ਅਲੀ ਅਮਰ ਨੇ ‘ਬਾਰਾਂ ਮਾਹ ਕਿਚਲੂ’, ਮੁਹੰਮਦ ਹੁਸੈਨ ਅਰਸ਼ਦ ਅੰਮ੍ਰਿਤਸਰੀ ਨੇ ‘ਸਿਆਪਾ ਡਾਇਰ ਦਾ’, ਮੁਹੰਮਦ ਹੁਸੈਨ ਖ਼ੁਸ਼ਨੂਦ ਨੇ ‘ਭੈਣ ਦਾ ਵਿਰਲਾਪ’ ਵਰਗੀਆਂ ਰਚਨਾਵਾਂ ਹਰਮਨ ਪਿਆਰੀਆਂ ਲੋਕ ਧੁਨਾਂ ’ਤੇ ਸਿਰਜੀਆਂ। ਜੋ ਬੇਹੱਦ ਮਕਬੂਲ ਹੋਈਆਂ।

ਫ਼ਿਰੋਜਦੀਨ ਸ਼ਰਫ਼, ਰਣਜੀਤ ਸਿੰਘ ਤਾਜਵਰ, ਵਿਧਾਵਾ ਸਿੰਘ ਤੀਰ ਦੁਆਰਾ ਵੀ ਮਿੱਟੀ ਨਾਲ ਜੁੜੀਆਂ ਕਵਿਤਾਵਾਂ ਦੀ ਸਿਰਜਣਾ ਕੀਤੀ ਗਈ। ‘ਰਲਿਆ ਖ਼ੂਨ ਹਿੰਦੂ ਮੁਸਲਮਾਨ ਇਥੇ’ ਅਜਿਹੀ ਰਚਨਾ ਸੀ ਜੋ ਆਮ ਲੋਕਾਂ ਨੂੰ ਮੂੰਹ ਜ਼ੁਬਾਨੀ ਯਾਦ ਸੀ। ਵਿਧਾਤਾ ਸਿੰਘ ਤੀਰ ਦੀ ਇਕ ਕਾਵਿ-ਵੰਨਗੀ ਇਸਦੇ ਸਾਫ਼ ਦੀਦਾਰ ਕਰਾਉਂਦੀ ਹੈ :

**‘ਏਸ ਧਰਤ ’ਤੇ ਮਾਤਮੀ ਰੁੱਤ ਛਾਈ**
**ਲੀਨ ਗ਼ਮਾਂ ਅੰਦਰ ਕਾਲ਼ੀ ਸਿਆਹ ਦਿਸਦੀ**
**ਜੀਵ ਜੰਤ ਪੰਛੀ ਸ਼ੋਕ ਸ਼ੋਕ ਕਰਦੇ**
**ਦੁਖੀਏ ਦਿਲਾਂ ਤੋਂ ਨਿਕਲਦੀ ਆਹ ਦਿਸਦੀ’**

ਰਣਜੀਤ ਸਿੰਘ ‘ਤਾਜਵਰ’ ਨੇ ਅਜਿਹੀ ਛੰਦਬੰਦੀ ਕੀਤੀ ਕਿ ਉਨ੍ਹਾਂ ਦੀ ਕਵਿਤਾ ਲੋਕਾਂ ਵਿਚ ਲੋਕ ਗੀਤ ਵਰਗੀ ਥਾਂ ਬਣਾ ਗਈ :

**‘ਖ਼ਬਰ ਫੈਲ ਗਈ ਦੇਸ਼ ਪ੍ਰਦੇਸ ਸਾਰੇ**
**ਬੀਜ ਬੀਜਿਆ ਗਿਆ ਹੈ ਏਕਤਾ ਦਾ**
**ਖ਼ੂਨ ਸਿੰਜਿਆ ਦੇਸ਼ ਪਰਵਾਨਿਆਂ ਨੇ,**
**ਖਿੜਸੀ ਕਦੀ ਸੋਹਣਾ ਗੁਲਸਤਾਨ ਏਥੇ’**

ਅੱਜ ਸੋਹਣਾ ਗੁਲਸਤਾ ਕਿਥੇ ਗਿਆ ? ਕਰਜ਼ੇ, ਖ਼ੁਦਕੁਸ਼ੀਆਂ, ਬੇਰੁਜ਼ਗਾਰੀ, ਜਾਤ-ਪਾਤ ਦਾ ਕੋਹੜ, ਨਸ਼ੇ, ਬਲਾਤਕਾਰ, ਮਾਰ-ਧਾੜ, ਗੈਂਗਵਾਰ, ਫਿਰਕੂ ਦਹਿਸ਼ਤਗਰਦੀ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਗਲ ਗੂਠਾ ਅਤੇ ਜ਼ਬਰ ਸਿਤਮ ਨਾਲ ਕੁਰਾਹ ਰਿਹਾ ਸਾਡਾ ਗੁਲਸਤਾਨ ਅਨੇਕਾਂ ਸਵਾਲ ਕਰ ਰਿਹਾ ਹੈ।

ਖ਼ੂਨੀ ਵਿਸਾਖੀ ’ਚ ਨਾਨਕ ਸਿੰਘ ਬਾਗ ’ਚ ਹੋਏ ਕਤਲੇਆਮ ਅਤੇ ਇਸ ਦੇ ਅਸਰਾਂ ਦੀਆਂ ਬਹੁ-ਪਰਤਾਂ ਦਾ ਬਾਰੀਕ ਬੀਨੀ ਨਾਂਲ ਚਿਤਰਣ ਕਰਦਾ ਹੈ :

‘ਤੇਰੇ ਬਾਂਕਿਆ ਸੋਹਣੇ ਵਾਲ ਵੇ
ਭਿੰਨੇ ਰਹਿੰਦੇ ਸੀ ਅਤਰ ਦੇ ਨਾਲ ਵੇ
ਦਿੱਤੇ ਜ਼ਾਲਮਾਂ ਖ਼ੁਦ ਰੁਲਾ ਵੇ’

ਉਸ ਸਮੇਂ ਦੀ ਕਵਿਤਾ ਵਿਚ ਪ੍ਰਚਲਤ ਹੋਏ ਟਾਵੇਂ-ਟਾਵੇਂ ਅੰਗਰੇਜ਼ੀ ਸ਼ਬਦ ਦੀ ਆਉਂਦੇ ਹਨ। ਜਿਵੇਂ ਗੌਰਮਿੰਟ, ਰੌਲਟ ਐਕਟ, ਕੌਂਸਲ, ਜੇਲ੍ਹ, ਪੁਲਿਸ, ਲੈਕਚਰ, ਮਸ਼ੀਨਗੰਨ, ਮੋਟਰ ਅਤੇ ਲੀਡਰ ਆਮ ਹੀ ਜ਼ੁਬਾਨ ’ਤੇ ਚੜ੍ਹੇ ਸ਼ਬਦ ਕਵਿਤਾ ਵਿਚ ਵੀ ਜੜ੍ਹੇ ਗਏ ਹਨ। ਇਹ ਲੋਕਾਂ ਨੂੰ ਓਪਰੇ ਵੀ ਨਹੀਂ ਲੱਗਦੇ। ਲੋਕ ਪੱਧਰ ਦੀ ਭਾਸ਼ਾ ਦੀ ਵਰਤੋਂ ਕਾਵਿ ਅਰਥ ਲਈ ਸੋਨੇ ਤੇ ਸੁਹਾਗਾ ਹੋ ਨਿਬੜਦੀ ਹੈ। ਜਲ੍ਹਿਆਂਵਾਲਾ ਬਾਗ ਕਾਂਡ ਉਪਰੰਤ ਰਚੀ ਗਈ ਕਵਿਤਾ ਆਪਣੇ ਸਾਹਿਤਕ ਮੁੱਲਾਂ ’ਤੇ ਪੂਰੀ ਉਤਰਦੀ ਹੋਈ ਸਾਮਰਾਜੀ ਪ੍ਰਬੰਧ ਨੂੰ ਉਖਾੜ ਸੁੱਟਣ ਲਈ ਲੋਕਾਂ ਨੂੰ ਖੁੱਲ੍ਹਾ ਪੈਗ਼ਾਮ ਦਿੰਦੀ ਹੈ।

ਫਿਰਕੂ ਸਾਂਝ ਦੀ ਜੋਟੀ ਮਜਬੂਤ ਕਰਦਿਆਂ ਭਾਈਚਾਰਕ ਅਤੇ ਜਮਾਤੀ ਸਾਂਝ ਵੱਲ ਕਦਮ ਵਧਾਰੇ ਲਈ ਰਾਹ ਖੋਲ੍ਹਦੀ ਹੈ ਇਹ ਕਾਵਿ-ਸਿਰਜਣਾ।

ਅਬਦੁਲ ਕਾਦਰ ਬੈਗ਼ ‘ਅੱਖਾਂ ਖੋਲ੍ਹ ਹਿੰਦੀਆਂ’ ਕਵਿਤਾ ’ਚ ਤਿੱਖੀਆਂ ਸੈਨਤਾਂ ਕਰਦਾ ਹੈ। ਹਲੂਣਦਾ ਅਤੇ ਵੰਗਾਰਦਾ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਉਹ 1919 ਵਿਚ ਨਹੀਂ 2019 ’ਚ ਬੋਲ ਰਿਹਾ ਹੋਵੇ :

**‘ਅੱਜ ਤੱਕ ਹੋਸ਼ ਨਾ ਆਈ**
**ਅੱਜ ਤੱਕ ਹੋਸ਼ ਨਾ ਆਈ**
**ਮਾਰਾਂ ਖਾਂਦਿਆਂ ਨੂੰ**
**ਤੇ ਅੱਜ ਤੱਕ ਹੋਸ਼ ਨਾ ਆਈ’**

ਗ਼ੁਲਾਮ ਰਸੂਲ ਲੁਧਿਆਣਵੀ ਦੀ ਰਚਨਾ ਵੀ ਇਉਂ ਪ੍ਰਤੀਤ ਹੁੰਦੀ ਹੈ ਜਿਵੇਂ ਅੱਜ ਦੀ ਰਚਨਾ ਹੋਵੇ :

**‘ਮੇਰੇ ਵੱਜਣ ਕਾਲਜੇ ਛੁਰੀਆਂ**
**ਤਾਂਘਾਂ ਤਾਜ ਦੀਆਂ’**

ਰਾਜ-ਭਾਗ ਦੇ ਮਾਲਕ ਤਾਜਾਂ ਵਾਲਿਆਂ ਦੇ ਸਤਾਏ ਲੋਕਾਂ ਸਿਰ ਤਾਜ ਸਜਾਉਣ ਦੀ ਤਾਂਘ ਚਿਤਵਦੀ ਕਵਿਤਾ ਸਦਾ ਅਮਰ ਰਹੇਗੀ।

ਸਾਡੇ ਦੇਸ਼ ਵਾਸੀਆਂ ਸਮੇਤ ਪੰਜਾਬੀਆਂ ਦੇ ਵੱਡੇ ਹਿੱਸੇ ਨੂੰ ਦਿਮਾਗੀ ਗੁਲਾਮੀ ਵਿਚ ਨੂੜ ਕੇ ਰੱਖਣ ਲਈ ਦੇਸ਼ ਦੇ ਵਿਕਾਸ, ਆਧੁਨਿਕਤਾ ਦੀ ਧੁੰਦ ਪੈਦਾ ਕਰਕੇ ਬਰਤਾਨਵੀ ਹਾਕਮਾਂ ਨੇ ਆਪਣੇ ਤਖ਼ਤ ਦੇ ਪਾਵੇ ਸਲਾਮਤ ਰੱਖਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ। ਇਨ੍ਹਾਂ ਨੇ ਸਾਡੇ ਵਤਨ ਵਾਸੀਆਂ ਲਈ ਦੇਵਤੇ ਬਣ ਕੇ ਆਉਣ ਦਾ ਭਰਮ ਵੀ ਸਿਰਜਿਆ। ਵਪਾਰਕ, ਸਨਅਤੀ ਮਾਲ ਲੁੱਟਕੇ ਬਰਤਾਨਵੀਆਂ ਲਿਜਾਣ ਦੇ ਮੰਤਵਾਂ ਲਈ ਬਣਾਈਆਂ ਸੜਕਾਂ ਅਤੇ ਰੇਲਾਂ ਦਾ ਭਰਮ ਵੀ ਟੁੱਟਣ ਲੱਗਾ। ਸਾਹਿਤ ਵਿਚ ਜੀਵਨ ਮੌਤ ਅਤੇ ਅੰਧ ਵਿਸ਼ਵਾਸੀ ਦੀਆਂ ਛਾਈਆਂ ਵਲਗਣਾਂ ਟੁੱਟਣ ਲੱਗੀਆਂ। ਅੰਗਰੇਜ਼ੀ ਹਾਕਮਾਂ ਦੇ, ਸਾਡੇ ਮੁਲਕ ਨੂੰ ਗ਼ੁਲਾਮ ਬਣਾਈ ਰੱਖਣ ਦੇ ਮੰਤਵ ਸਾਹਮਣੇ ਆਉਣ ਲੱਗੇ। ਬਰਤਾਨਵੀ ਛਲਾਵੇ ਦਾ ਪਰਦਾ ਚਾਕ ਕਰਦਿਆਂ ਪੰਜਾਬੀ ਕਵੀ ਸ਼ਾਹ ਮੁਹੰਮਦ ਨੇ ਲਿਖਿਆ ਸੀ :

**‘ਸ਼ਾਹ ਮੁਹੰਮਦਾ ਦੌਲਤਾਂ ਜਮਾਂ ਕਰਦਾ**
**ਸ਼ਾਹੂਕਾਰ ਦਾ ਪੁੱਤ ਗੁਮਾਸਤਾ ਜੀ’**

ਜਿਉਂ ਜਿਉਂ ਲੋਕਾਂ ’ਚ ਰਾਜਨੀਤਕ ਜਾਗਰਤੀ ਪੈਦਾ ਹੋਣ ਲੱਗੀ ਉਹ ਸਮਝਣ ਲੱਗੇ ਕਿ ਵਿਕਾਸ ਦੀ ਡੌਂਡੀ ਪਿੱਟਣਾ ਨਿਰਾ ਛਲਾਵਾ ਹੈ। ਗ਼ੁਲਾਮੀ ਦੀਆਂ ਜੰਜ਼ੀਰਾਂ ਚਕਨਾਚੂਰ ਕਰਨ ਲਈ ਸੰਗਰਾਮ ਦੇ ਮੈਦਾਨ ’ਚ ਕੁੱਦਣਾ ਹੀ ਲਾਜ਼ਮੀ ਬਣਦਾ ਹੈ। ਵਿਧਾਤਾ ਸਿੰਘ ਤੀਰ ਦੇ ਬੋਲ ਵਕਤ ਦੀ ਹਕੀਕਤ ਪੇਸ਼ ਕਰਦੇ ਹਨ :

**’ਕੱਠੇ ਹੋ ਕੇ ਗੋਲੀਆਂ ਖਾਧੀਆਂ ਨੇ**
**ਆਏ ਵਿਛੜੇ ਵੀਰ ਮਿਲਾਨ ਏਥੇ**
**ਬੀਜ ਏਕਤਾ ਦੇ ਹੱਕੀਂ ਬੀਜੇਓ ਨੇ**
**ਰਲ਼ਿਆ ਖ਼ੂਨ ਹਿੰਦੂ ਮੁਸਲਮਾਨ ਏਥੇ**

ਕਾਵਿ-ਸਿਰਜਣਾ ਦੀ ਅਥਾਹ ਸ਼ਕਤੀ ਨੇ ਸਮੇਂ ਸਮੇਂ ਸਮਾਜਿਕ ਬਦਲਾਅ ਵਿਚ ਅਹਿਮ ਭੂਮਿਕਾ ਅਦਾ ਕੀਤੀ। ਜਾਬਰ ਤੋਂ ਨਾਬਰ ਕਵਿਤਾ, ਨਵੇਂ ਇਤਿਹਾਸ ਦਾ ਮੀਲ ਪੱਥਰ ਧਰਦੀ ਹੈ। ਬਾਬਾ ਨਾਨਕ ਦੀ ਸਾਹਿਤਕ ਰਚਨਾ, ਮਲਕ ਭਾਗੋ ਵਲੋਂ ਹੜੱਪੀ ਲੋਕਾਂ ਦੀ ਕਮਾਈ ਅਤੇ ਸੜ੍ਹਾਕੇ ਮਾਰ ਪੀਤੇ ਲਹੂ ਉਤੇ ਵਾਰ ਕਰਦੀ ਹੈ, ‘ਰਾਜੇ ਸ਼ੀਂਹ ਮੁਕੱਦਮ ਕੁੱਤੇ’

ਬੀਤੇ ਸਮਿਆਂ ਦਾ ਉਹੀ ਇਤਿਹਾਸ ਗੌਰਵ ਨਾਲ ਸਿਰ ਉਚਾ ਕਰਕੇ ਖੜ੍ਹਾ ਹੈ ਜਿਸ ਵਿਚ ਲੋਕ-ਸਰੋਕਾਰਾਂ ਦੀ ਬਾਂਹ ਫੜੀ ਗਈ ਹੈ। ਜ਼ਿੰਦਗੀ ਦੇ ਸੁਹੱਪਣ ’ਚ ਵਿਘਨ ਪਾਉਂਦੀ, ਜ਼ਹਿਰ ਧੂੜਦੀ, ਸਹਿਮ ਦੇ ਬੱਦਲ ਪੈਦਾ ਕਰਦੀ ਹਰ ਕਾਲ਼ੀ ਤਾਕਤ ਨਾਲ ਮੱਥਾ ਲਾਉਂਦੀ ਕਵਿਤਾ ਹੀ, ਲੋਕ-ਕਵਿਤਾ ਹੈ। ਨਵੇਂ ਰਾਜ, ਨਵੇਂ ਸਮਾਜ ਜਿਥੇ ਲੋਕਾਂ ਦੀ ਪੁਗਤ ਹੋਵੇ ਦੀ ਗੱਲ ਕਰਦੀ ਕਵਿਤਾ ਹੀ ਆਉਣ ਵਾਲੇ ਕੱਲ੍ਹ ਦੀ ਕਵਿਤਾ ਹੈ।

ਜਲ੍ਹਿਆਂਵਾਲਾ ਬਾਗ ਦੇ ਕਾਲਜੇ ਰੁੱਗ ਭਰਵੇਂ ਕਾਂਡ ਨੇ ਜਿਸ ਕਵਿਤਾ ਨੂੰ ਜਨਮ ਦਿੱਤਾ ਉਹ ਸਿਰਫ਼ ਸਾਹਮਣੇ ਖੜ੍ਹੇ ਜਨਰਲ ਡਾਇਰ ਜਾਂ ਗਵਰਨਰ ਮਾਈਕਲ ਓਡਵਾਇਰ ਨੂੰ ਹੀ ਮੁਜ਼ਰਿਮ ਨਹੀਂ ਮੰਨਦੀ ਸਗੋਂ ਸਾਮਰਾਜੀ ਪ੍ਰਬੰਧ ਨੂੰ ਚੋਟ ਨਿਸ਼ਾਨੇ ’ਤੇ ਰੱਖਦੀ ਹੈ। ਇਹ ਕਵਿਤਾ ਮੁਕੰਮਲ ਅਜ਼ਾਦੀ, ਜਮਹੂਰੀਅਤ, ਬਰਾਬਰੀ ਅਤੇ ਨਿਆਂ ਭਰੇ ਨਵੇਂ ਨਿਜ਼ਾਮ ਦੀ ਸਿਰਜਣਾ ਕਰਨ ਦੀ ਗੱਲ ਕਰਦੀ ਹੈ।

ਜਲਿਆਂਵਾਲੇ ਬਾਗ ਦੀ ਇਤਿਹਾਸਕਾ ਅਤੇ ਪ੍ਰਸੰਗਤਾ ਰੌਲਟ ਐਕਟ ਦੀ ਗੱਲ ਕਰਦਿਆਂ ਅਜੋਕੇ ਸਮੇਂ ਅੰਦਰ ਮੜ੍ਹੇ ਕਾਲੇ ਕਾਨੂੰਨਾਂ ਨੂੰ ਵੀ ਸਮਝਦੀ ਕਵਿਤਾ ਦੀ ਸਿਰਜਣਾ ਲਈ ਪ੍ਰੇਰਦੀ ਹੈ। ਸੌ ਵਰ੍ਹੇ ਪਹਿਲਾਂ ਚੀ ਕਵਿਤਾ ਅਤੇ ਹੋਰ ਸਾਹਿਤਕ ਵੰਨਗੀਆਂ ਸਾਡੇ ਸਮਿਆਂ ਅੰਦਰ ਭਾਈਚਾਰਕ ਏਕਤਾ ਤੋੜਨ, ਗੁਆਂਢੀ ਮੁਲਕਾਂ ਨਾਲ ਦੁਸ਼ਮਣੀ ਪਾਲਣ ਲਈ ਅੰਨ੍ਹੇ ਕੌਮੀ ਜਾਨੂੰਨ ਦੀ ਹਨ੍ਹੇਰੀ ਵਗਾਉਣ, ਮੁਲਕ ਨੂੰ ਸਾਮਰਾਜੀ ਸ਼ਾਹੂਕਾਰਾਂ ਅੱਗੇ ਨਿਲਾਮ ਨਾਲ, ਜਾਤੀ ਅਧਾਰ ’ਤੇ ਵਹਿਸ਼ੀਆਨਾ ਹੱਲੇ ਬੋਲਣ ਅਤੇ ਲੋਕਾਂ ਦੀ ਮੁਕਤੀ ਦਾ ਰਾਹ ਰੁਸ਼ਨਾਉਣ ਵਾਲੇ ਬੁੱਧੀਮਾਨਾਂ ਨੂੰ ਜੇਲ੍ਹਾਂ ਅੰਦਰ ਸੁੱਟਣ ਦੇ ਸਵਾਲਾਂ ਨੂੰ ਕਲਾਵੇ ’ਚ ਲੈਣ ਲਈ ਵੰਗਾਰਦੀ ਹੈ।

ਇਸ ਦਿਸ਼ਾ ਵੱਲ ਉਤਸ਼ਾਹਜਨਕ ਕੰਮ ਹੋ ਰਿਹਾ ਹੈ। ਜਲ੍ਹਿਆਂਵਾਲਾ ਬਾਗ ਦੀ ਸ਼ਤਾਬਦੀ ਮਨਾਉਣ ਸਮੇਂ ਜਿਥੇ ਭਖਦੇ ਅਤੇ ਬੁਨਿਆਦੀ ਆਰਥਕ, ਰਾਜਨੀਤਕ ਅਤੇ ਸਮਾਜਕ ਮੁੱਦੇ ਉਠਾਏ ਜਾ ਰਹੇ ਹਨ, ਉਥੇ ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਜ਼ੋਰ ਸ਼ੋਰ ਨਾਲ ਕੰਮ ਹੋ ਰਿਹਾ ਹੈ। ਗੰਭੀਰ ਵਿਚਾਰ ਗੋਸ਼ਟੀਆਂ ਅਤੇ ਸਾਹਿਤਕ ਸਿਰਜਣਾ ਦਾ ਅਰੁਕ ਸਿਲਸਿਲਾ ਦੇਸ਼ ਵਿਦੇਸ਼ ਅੰਦਰ ਉਤਸ਼ਾਹਜਨਕ ਵਰਤਾਰੇ ਵਜੋਂ ਸਾਹਮਣੇ ਆ ਰਿਹਾ ਹੈ।

ਚੜ੍ਹਦੇ ਸੂਰਜ ਨਵੇਂ ਨਾਟਕ, ਗੀਤ ਸੰਗੀਤ, ਇਤਿਹਾਸਕ ਅਤੇ ਬਹੁ-ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਸਾਹਮਣੇ ਆ ਰਹੀਆਂ ਹਨ। 13 ਅਪ੍ਰੈਲ ਨੂੰ ਜਲ੍ਹਿਆਂਵਾਲਾ ਬਾਗ਼ ਵੱਲ ਲੋਕਾਂ ਦੇ ਕਾਫ਼ਲੇ ਵਹੀਰਾਂ ਘੱਤ ਰਹੇ ਹਨ। 21 ਅਪ੍ਰੈਲ ਗ਼ਦਰ ਪਾਰਟੀ ਸਥਾਪਨਾ ਦਿਹਾੜਾ, ਪਹਿਲੀ ਮਈ ਕੌਮਾਂਤਰੀ ਮਜ਼ਦੂਰ ਦਿਹਾੜਾ, 27 ਸਤੰਬਰ ਦੀ ਰਾਤ ਬਰਨਾਲਾ ਅਤੇ 1 ਨਵੰਬਰ ਮੇਲਾ ਗ਼ਦਰੀ ਬਾਬਿਆਂ ਦੀ ਜਲ੍ਹਿਆਂਵਾਲਾ ਬਾਗ ਨੂੰ ਸਮਰਪਿਤ ਕੀਤੇ ਜਾ ਰਹੇ ਹਨ। ਮਿਹਨਤਕਸ਼ ਲੋਕਾਂ, ਨੌਜਵਾਨਾਂ ਵਿਦਿਆਰਥੀਆਂ ਔਰਤਾਂ, ਸਾਹਿਤ ਅਤੇ ਕਲਾ ਦੇ ਖੇਤਰ ਵਿਚ ਕੰਮ ਕਰਦੇ ਲੋਕਾਂ ਦੀ ਗਲਵਕੜੀ ਜਾਬਰ ਤੋਂ ਨਾਬਰ ਕਵਿਤਾ ਨੂੰ ਸਮੇਂ ਦੇ ਹਾਣੀ ਅਰਥ ਦੇਣ ਲਈ ਇਸ ਸ਼ਤਾਬਦੀ ਮੌਕੇ ਕੁਝ ਇਸ ਤਰ੍ਹਾਂ ਆਖਦੀ ਪ੍ਰਤੀਤ ਹੁੰਦੀ ਹੈ :

**‘ਪਾ ਗਲਵਕੜੀ ਕਲਮ ਕਲਾ ਸੰਗਰਾਮਾਂ ਦੀ**
**ਇਹਦੇ ਸੀਨੇ ਧਮਕ ਹੈ ਲੋਕ ਤੂਫ਼ਾਨਾਂ ਦੀ’।**

# ਕੋਵਿਡ-19, ਮੋਦੀ ਸਰਕਾਰ ਦੀ ਬਦਇੰਤਜ਼ਾਮੀ ਅਤੇ ਬੇਵੱਸ ਅਵਾਮ

ਸਰਕਾਰਾਂ ਨੇ ਜ਼ਰੂਰੀ ਵਸਤਾਂ ਦੀ ਘਰ-ਘਰ ਸਪਲਾਈ ਅਤੇ ਹੋਰ ਲੋਕ-ਭਲਾਈ ਕਦਮ ਚੁੱਕਣ ਦਾ ਐਲਾਨ ਕੀਤਾ ਹੈ। ਮਹਾਂਮਾਰੀ ਨੂੰ ਹੋਰ ਫੈਲਣ ਤੋਂ ਰੋਕਣ ਲਈ ਸਪੇਨ ਸਰਕਾਰ ਨੇ ਮੁਲਕ ਦੇ ਤਮਾਮ ਨਿੱਜੀ ਹਸਪਤਾਲਾਂ ਦਾ ਰਾਸ਼ਟਰੀਕਰਨ ਕਰਕੇ ਆਪਣੇ ਨਾਗਰਿਕਾਂ ਨੂੰ ਬਚਾਉਣ ਲਈ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਦਾ ਇਤਿਹਾਸਕ ਕਦਮ ਚੁੱਕਿਆ ਹੈ। ਅਵਾਮ ਨੂੰ ਰਾਹਤ ਦੇਣ ਲਈ ਹੋਰ ਵੱਡੇ ਆਰਥਕ ਪੈਕੇਜ ਵੀ ਐਲਾਨੇ ਗਏ ਹਨ। ਲੇਕਿਨ ਭਾਰਤ ਵਿਚ ਆਰ.ਐੱਸ.ਐੱਸ.-ਭਾਜਪਾ ਸਰਕਾਰ ਕੀ ਕਰ ਰਹੀ ਹੈ। ਇਸ ਨੇ 19 ਮਾਰਚ ਨੂੰ ਆਪਣੇ ਯਹੂਦੀਵਾਦੀ ਜੋਟੀਦਾਰ ਇਜ਼ਰਾਇਲ ਨਾਲ 16479 ਲਾਈਟ ਮਸ਼ੀਨ ਗੰਨਾਂ ਖ਼ਰੀਦਣ ਦਾ ਸਮਝੌਤਾ ਕੀਤਾ। ਇਸ ਨੇ ਰਾਸ਼ਟਰਪਤੀ ਭਵਨ ਤੇ ਹੋਰ ਇਮਾਰਤਾਂ ਦੇ ਮੁੜ ਵਿਕਾਸ ਲਈ ਤਾਂ 20000 ਕਰੋੜ ਰੁਪਏ ਮਨਜ਼ੂਰ ਕਰ ਦਿੱਤੇ ਲੇਕਿਨ ਜਦੋਂ ਸਿਹਤ ਸੇਵਾਵਾਂ ਦੇ ਵਿਸਤਾਰ ਦੀ ਵਾਰੀ ਆਈ ਤਾਂ ਮਹਿਜ਼ 15000 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਇਸ ਤੋਂ ਇਕ ਵਾਰ ਫਿਰ ਸਪਸ਼ਟ ਹੋ ਗਿਆ ਕਿ ਭਗਵੇਂ ਹੁਕਮਰਾਨ ਕਾਰਪੋਰੇਟ ਲੰਗੋਟੀਏ ਯਾਰਾਂ ਨੂੰ ਅਰਬਾਂ ਖਰਬਾਂ ਦੀਆਂ ਟੈਕਸ ਰਿਆਇਤਾਂ ਦੇਣ, ਬੈਂਕ, ਤੇਲ ਕੰਪਨੀਆਂ ਲੁਟਾਉਣ ਅਤੇ ਆਪਣੀ ਪਾਟਕਪਾਊ ਸਿਆਸਤ ਤੋਂ ਇਕ ਕਦਮ ਵੀ ਅੱਗੇ ਜਾਣਾ ਨਹੀਂ ਚਾਹੁੰਦੇ। ਇਸ ਪੱਖੋਂ ਸਾਮਰਾਜੀ ਸਰਗਨਾ ਟਰੰਪ ਅਤੇ ਹੋਰ ਘੋਰ-ਸੱਜੇਪੱਖੀ ਨਿਜ਼ਾਮ ਵੀ ਉਹਨਾਂ ਦੇ ਰੋਲ-ਮਾਡਲ ਨਹੀਂ।

ਭਾਰਤ ਵਿਚ ਇਸ ਵਕਤ ਇਹ ਮਹਾਂਮਾਰੀ ਦੂਜੇ ਪੜਾਅ ਵਿਚ ਹੈ। ਇਹ ਸਥਾਨਕ ਵਸੋਂ ਵਿਚ ਫੈਲਣੀ ਸ਼ੁਰੂ ਹੋ ਚੁੱਕੀ ਹੈ। ਇਸ ਲੇਖ ਨੂੰ ਅੰਤਮ ਛੋਹਾਂ ਦਿੱਤੇ ਜਾਣ ਤੱਕ 19 ਮੌਤਾਂ ਸਮੇਤ 918 ਮਾਮਲੇ ਸਾਹਮਣੇ ਆ ਚੁੱਕੇ ਸਨ। ਟੈਸਟਾਂ ਦੀ ਪੂਰੀ ਵਿਵਸਥਾ ਨਾ ਹੋਣ ਦੇ ਬਾਵਜੂਦ ਜੋ ਖ਼ੁਲਾਸੇ ਹੋ ਰਹੇ ਹਨ ਉਹ ਸ਼ਾਇਦ ਇਹੀ ਸੰਕੇਤ ਦੇ ਰਹੇ ਹਨ ਕਿ "ਕਮਿਊਨਿਟੀ ਟਰਾਂਸਮਿਸ਼ਨ" ਦਾ ਪੜਾਅ ਜ਼ਿਆਦਾ ਦੂਰ ਨਹੀਂ। 24 ਮਾਰਚ ਰਾਤ ਤੋਂ ਪੂਰੇ ਮੁਲਕ ਉੱਪਰ ਤਿੰਨ ਹਫ਼ਤੇ ਲਈ ਲੌਕਡਾਊਨ ਲਾਗੂ ਕਰ ਦਿੱਤਾ ਗਿਆ। ਇਸ ਦੌਰਾਨ ਭਾਰਤ ਦੇ 'ਮਾਸਟਰ ਸਟਰੋਕ' ਦੇ ਮਾਹਰ ਪ੍ਰਧਾਨ ਮੰਤਰੀ ਨੇ ਦੋ ਵਾਰ ਅਵਾਮ ਨੂੰ ਸੰਬੋਧਨ ਕੀਤਾ। ਬਹੁਤ ਸਾਰੇ ਹਿੱਸਿਆਂ ਨੂੰ ਉਮੀਦ ਜਾਗੀ ਕਿ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਕੋਈ ਖ਼ਾਸ ਐਲਾਨ ਜ਼ਰੂਰ ਕੀਤਾ ਜਾਵੇਗਾ। ਲੇਕਿਨ ਪਹਿਲੇ ਸੰਬੋਧਨ ਵਿਚ ਮਹਿਜ਼ ਅਵਾਮ ਲਈ 12 ਘੰਟੇ ਦਾ 'ਜਨਤਾ ਕਰਫ਼ਿਊ', ਹੌਸਲਾ ਰੱਖਣ ਦੀ ਫੋਕੀ ਤਸੱਲੀ ਅਤੇ ਥਾਲੀਆਂ-ਟੱਲੀਆਂ ਖੜਕਾਉਣ ਅਤੇ ਤਾੜੀਆਂ ਵਜਾਉਣ ਦੇ ਲਾਈਲੱਗ ਰੁਝਾਨ ਨੂੰ ਉਕਸਾਉਣ ਅਤੇ ਦੂਜੇ ਸੰਬੋਧਨ ਵਿਚ 21 ਦਿਨ ਲਈ ਲੋਕਾਂ ਨੂੰ ਘਰਾਂ ਵਿਚ ਡੱਕਣ ਦੇ ਐਲਾਨ ਤੋਂ ਸਿਵਾਏ ਹੋਰ ਕੁਛ ਨਹੀਂ ਸੀ। ਇਸ ਦੇ ਮੁਕਾਬਲੇ ਭਾਰਤ ਦੇ ਇਕ ਨਿੱਕੇ ਜਹੇ ਰਾਜ ਕੇਰਲਾ ਨੇ ਆਪਣੇ ਨਾਗਰਿਕਾਂ ਲਈ 20000 ਕਰੋੜ ਰੁਪਏ ਦਾ ਪੈਕੇਜ ਅਤੇ ਹੋਰ ਕਈ ਸਹੂਲਤਾਂ ਦਾ ਐਲਾਨ ਕੀਤਾ ਹੈ। ਪੰਜਾਬ ਸਰਕਾਰ ਅਤੇ ਕੇਜਰੀਵਾਲ ਸਰਕਾਰ ਨੇ ਵੀ ਆਪਣੇ ਤੌਰ 'ਤੇ ਰਾਹਤ ਦੇ ਐਲਾਨ ਕੀਤੇ ਹਨ। ਲੇਕਿਨ ਪ੍ਰਧਾਨ ਮੰਤਰੀ ਦੇ ਸੰਬੋਧਨ ਪਹਿਲਾਂ ਦੀ ਤਰ੍ਹਾਂ ਫੋਕੀ ਭਾਸ਼ਣਬਾਜ਼ੀ ਬਣ ਕੇ ਰਹਿ ਗਏ। ਇਸ ਵਿਚ ਮਹਿਜ਼ ਅਵਾਮ ਲਈ ਨਸੀਹਤਾਂ ਸਨ ਅਤੇ ਇਹ ਅਸਿੱਧਾ ਸੰਦੇਸ਼ ਵੀ ਕਿ ਸੰਕਟ ਦੇ ਹੋਰ ਵਧਣ ਦੀ ਸੂਰਤ ਵਿਚ ਨਾਗਰਿਕ ਉਸ ਦੇ ਨਿਜ਼ਾਮ ਤੋਂ ਉਮੀਦ ਨਾ ਰੱਖਣ। ਫਿਰ 26 ਮਾਰਚ ਨੂੰ 'ਪ੍ਰਧਾਨ ਮੰਤਰੀ ਦੀ ਗ਼ਰੀਬ ਕਲਿਆਣ ਸਕੀਮ' ਦੇ ਨਾਂਅ ਹੇਠ 1 ਲੱਖ 70 ਹਜ਼ਾਰ ਕਰੋੜ ਰੁਪਏ ਦਾ ਜੋ ਪੈਕੇਜ ਐਲਾਨਿਆਂ ਗਿਆ ਉਸ ਵਿਚ ਗ਼ੈਰਜਥੇਬੰਦ ਖੇਤਰ ਯਾਨੀ ਪ੍ਰਵਾਸੀ ਕਿਰਤੀਆਂ, ਪੇਂਡੂ ਗ਼ਰੀਬਾਂ, ਖੇਤ ਮਜ਼ਦੂਰਾਂ, ਵਿਧਵਾਵਾਂ ਅਤੇ ਹੋਰ ਲੋੜਵੰਦਾਂ ਨੂੰ ਰਾਹਤ ਦੇਣ ਦਾ ਟੀਚਾ ਮਿਥਿਆ ਗਿਆ ਹੈ। ਹਕੀਕਤ ਇਹ ਹੈ ਕਿ ਇਹਨਾਂ ਵਿੱਚੋਂ ਜ਼ਿਆਦਾਤਰ ਕਦਮ ਲੌਕਡਾਊਨ ਖ਼ਤਮ ਹੋਣ ਤੋਂ ਬਾਦ ਹੀ ਰਾਹਤ ਪਹੁੰਚਾ ਸਕਣਗੇ ਕਿਉਂਕਿ ਜਨਤਕ ਵੰਡ ਪ੍ਰਣਾਲੀ ਦਾ ਕਾਰਜਸ਼ੀਲ ਹੋਣਾ ਫਿਰ ਹੀ ਸੰਭਵ ਹੈ। ਜਦਕਿ ਲੌਕਡਾਊਨ ਵਿਚ ਫਸੇ ਗ਼ਰੀਬਾਂ ਨੂੰ ਫੌਰੀ ਮਦਦ ਦੀ ਜ਼ਰੂਰਤ ਹੁਣ ਹੈ। ਬੇਸ਼ੁਮਾਰ ਲੋਕ ਘਰਾਂ ਵਿਚ ਕੈਦ ਭੁੱਖੇ ਮਰ ਰਹੇ ਹਨ। ਦਿੱਲੀ ਸਮੇਤ ਵੱਖ-ਵੱਖ ਥਾਵਾਂ ਤੋਂ ਹਜ਼ਾਰਾਂ ਪ੍ਰਵਾਸੀ ਮਜ਼ਦੂਰ ਲੌਕਡਾਊਨ ਦੌਰਾਨ ਭੁੱਖਮਰੀ ਤੋਂ ਬਚਣ ਲਈ ਪੈਦਲ ਹੀ ਹਜ਼ਾਰਾਂ ਕਿਲੋਮੀਟਰ ਦੂਰ ਆਪਣੇ ਜ਼ੱਦੀ ਰਾਜਾਂ ਨੂੰ ਜਾਣੇ ਸ਼ੁਰੂ ਹੋ ਗਏ ਹਨ। ਇਸ ਦੇ ਮੁਕਾਬਲੇ ਕਾਰੋਬਾਰੀ ਖੇਤਰ ਨੂੰ ਕਈ ਤਰ੍ਹਾਂ ਦੀ ਰਾਹਤ ਲੌਕਡਾਊਨ ਤੋਂ ਪਹਿਲਾਂ 24 ਮਾਰਚ ਨੂੰ ਹੀ ਦੇ ਦਿੱਤੀ ਗਈ ਸੀ। ਉਹਨਾਂ ਨੂੰ ਕੰਪਨੀਜ਼ ਐਕਟ, ਬੈਂਕਿੰਗ, ਇਨਕਮ ਟੈਕਸ ਅਤੇ ਜੀ.ਐੱਸ.ਟੀ. ਤਹਿਤ ਬਹੁਤ ਸਾਰੀਆਂ ਛੋਟਾਂ ਅਤੇ ਰਿਆਇਤਾਂ ਦੇ ਦਿੱਤੀਆਂ ਗਈਆਂ ਸਨ।

ਕਿਸੇ ਨੂੰ ਲੱਗ ਸਕਦਾ ਹੈ ਕਿ ਜੇ ਪ੍ਰਧਾਨ ਮੰਤਰੀ ਬੇਮਿਸਾਲ ਸੰਕਟ ਨਾਲ ਜੂਝ ਰਹੇ ਸਿਹਤ ਕਾਮਿਆਂ ਦੀ ਹੌਸਲਾ ਅਫ਼ਜ਼ਾਈ ਲਈ ਥਾਲੀਆਂ, ਟੱਲੀਆਂ ਵਜਾਉਣ ਦੀ ਅਪੀਲ ਕਰ ਰਿਹਾ ਸੀ ਤਾਂ ਇਸ ਵਿਚ ਗ਼ਲਤ ਕੀ ਹੈ? ਦਰਅਸਲ ਇਹ, ਘੋਰ ਸੰਕਟ ਦੇ ਵਕਤ ਸਰਕਾਰ ਨੇ ਜੋ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ, ਐਸੀ ਲਫ਼ਾਫ਼ੇਬਾਜ਼ੀ ਦੀ ਆੜ ਵਿਚ ਉਸ ਜ਼ਿੰਮੇਵਾਰੀ ਨੂੰ ਤਿਲਾਂਜਲੀ ਦੇਣ ਅਤੇ ਆਪਣੀ ਪ੍ਰਸ਼ਾਸਨਿਕ ਨਲਾਇਕੀ ਉੱਪਰ ਪਰਦਾ ਪਾਉਣ ਲਈ ਅਵਾਮ ਦਾ ਧਿਆਨ ਭਟਕਾਉਣ ਦੀ ਕਵਾਇਦ ਤੋਂ ਸਿਵਾਏ ਹੋਰ ਕੁਛ ਨਹੀਂ ਸੀ। ਇਹ ਹਕੀਕਤ ਸਮਝਣੀ ਮੁਸ਼ਕਲ ਨਹੀਂ।

ਹਰ ਕੋਈ ਜਾਣਦਾ ਹੈ ਕਿ ਕਰੋਨਾ ਵਾਇਰਸ ਭਾਰਤ ਵਿਚ ਬਾਹਰੋਂ ਹੋਰ ਮੁਲਕਾਂ ਤੋਂ ਆਉਣ ਵਾਲੇ ਮੁਸਾਫ਼ਿਰਾਂ ਜ਼ਰੀਏ ਆਇਆ ਹੈ। ਕੇਰਲਾ ਵਿਚ ਪਹਿਲਾ ਕੇਸ ਇਸ ਸਾਲ ਜਨਵਰੀ ਵਿਚ ਸਾਹਮਣੇ ਆ ਗਿਆ ਸੀ। ਸਵਾਲ ਇਹ ਹੈ ਕਿ ਚੀਨ ਅਤੇ ਯੂਰਪੀ ਮੁਲਕਾਂ ਵਿਚ ਮਹਾਂਮਾਰੀ ਦੀ ਵਿਆਪਕਤਾ ਦੇ ਮੱਦੇਨਜ਼ਰ ਵਾਹਦ ਦੇਸ਼ਭਗਤ ਹੋਣ ਦੀ ਦਾਅਵੇਦਾਰ ਸਰਕਾਰ ਨੇ ਇਸ ਦੀ ਰੋਕਥਾਮ ਲਈ ਕੀ ਇਹਤਿਹਾਤੀ ਕਦਮ ਚੁੱਕੇ, ਜੋ ਕਿ ਮੁੱਢਲੇ ਅਤੇ ਜ਼ਰੂਰੀ ਸਨ? ਬਾਹਰੋਂ ਆਉਣ ਵਾਲਿਆਂ ਦੀ ਸਕਰੀਨਿੰਗ, ਉਹਨਾਂ ਨੂੰ ਅਲੱਗ ਕਰਕੇ 'ਇਕਾਂਤਵਾਸ' ਵਿਚ ਰੱਖਣਾ, ਉਹਨਾਂ ਦੇ ਬਾਕੀ ਵਸੋਂ ਨਾਲ ਸੰਪਰਕ ਨੂੰ ਨਿਸ਼ਚਿਤ ਸਮੇਂ ਲਈ ਰੋਕਣਾ, ਸਿਹਤ ਸੇਵਾਵਾਂ ਅਤੇ ਸਫ਼ਾਈ ਇੰਤਜ਼ਾਮਾਂ ਨੂੰ ਚੁਸਤ-ਦਰੁਸਤ ਕਰਨ ਲਈ ਵਿਸ਼ੇਸ਼ ਕਦਮ ਚੁੱਕਣਾ, ਇਹ ਸਭ ਨਿਹਾਇਤ ਜ਼ਰੂਰੀ ਸੀ। ਐਸਾ ਕੁਛ ਵੀ ਨਹੀਂ ਕੀਤਾ ਗਿਆ। ਕੈਬਨਿਕ ਸੈਕਟਰੀ ਅਨੁਸਾਰ ਬਦੇਸ਼ਾਂ ਤੋਂ ਪੰਦਰਾਂ ਲੱਖ ਲੋਕ ਭਾਰਤ ਆਏ, ਸਕਰੀਨਿੰਗ ਬਹੁਤ ਘੱਟ ਵਿਅਕਤੀਆਂ ਦੀ ਹੋਈ। ਇਸ ਕਾਰਨ ਵਾਇਰਸ ਦਾ ਫੈਲਣਾ ਸੁਭਾਵਿਕ ਸੀ। ਜਦ ਹੋਰ ਮੁਲਕਾਂ ਤੋਂ ਨਿੱਤ ਦਿਨ ਸੈਂਕੜੇ ਮੌਤਾਂ ਦੀਆਂ ਰਿਪੋਰਟਾਂ ਆ ਰਹੀਆਂ ਸਨ ਉਸ ਦਰਮਿਆਨ ਭਗਵੇਂ ਟੋਲੇ 'ਗਊ ਮੂਤਰ ਪਾਰਟੀ' ਦੇ ਆਯੋਜਨ ਅਤੇ ਵੱਖ-ਵੱਖ ਮੀਡੀਆ ਜ਼ਰੀਏ ਗਊ ਮੂਤਰ ਨੂੰ 'ਸਰਵਰੋਗ ਔਸ਼ਧੀ' ਵਜੋਂ ਪ੍ਰਚਾਰ ਰਹੇ ਸਨ। ਮੋਦੀ ਵਜ਼ਾਰਤ ਅਤੇ ਰਾਜ ਸਰਕਾਰਾਂ ਇਸ ਗੁੰਮਰਾਹਕੁਨ ਪ੍ਰਚਾਰ ਪ੍ਰਤੀ ਅੱਖਾਂ ਮੀਟ ਕੇ ਇਸ ਨੂੰ ਸ਼ਹਿ ਅਤੇ ਹੱਲਾਸ਼ੇਰੀ ਦੇ ਰਹੀਆਂ ਸਨ। ਮੋਦੀ ਸਰਕਾਰ ਟਰੰਪ ਦੇ ਸਵਾਗਤ ਵਿਚ ਮਸਰੂਫ਼ ਸੀ 35 ਕਰੋੜ ਆਬਾਦੀ ਵਾਲੇ ਅਮਰੀਕਾ ਕੋਲ 1,70,000 ਵੈਂਟੀਲੇਟਰ ਹਨ ਜੋ ਮਹਾਂਮਾਰੀ ਦੇ ਮੱਦੇਨਜ਼ਰ ਨਾਕਾਫ਼ੀ ਮੰਨੇ ਗਏ ਹਨ। 135 ਕਰੋੜ ਆਬਾਦੀ ਵਾਲੇ ਭਾਰਤ ਕੋਲ ਸਿਰਫ਼ ਚਾਲੀ ਹਜ਼ਾਰ ਵੈਂਟੀਲੇਟਰ ਦੱਸੇ ਜਾ ਰਹੇ ਹਨ ਅਤੇ ਪੰਜਾਬ ਵਿਚ ਸਿਰਫ 290। ਜੋ ਕੋਈ ਡਾਕਟਰ, ਪੱਤਰਕਾਰ ਜਾਂ ਹੋਰ ਸ਼ਹਿਰੀ ਇਸ ਬਾਬਤ ਸਵਾਲ ਉਠਾਏਗਾ ਉਸ ਨੂੰ ਯੂ.ਪੀ. ਦੇ ਡਾ. ਕਫ਼ੀਲ ਅਹਿਮਦ ਦੀ ਤਰ੍ਹਾਂ

(ਸਫ਼ਾ 1 ਦੀ ਬਾਕੀ)

ਦੇਸ਼ਧ੍ਰੋਹੀ ਕਰਾਰ ਦੇ ਕੇ ਜੇਲ੍ਹ ਵਿਚ ਸੁੱਟ ਦਿੱਤਾ ਜਾਵੇਗਾ।

ਮਹਾਂਮਾਰੀ ਦੀ ਦਸਤਕ ਦੇ ਦੌਰਾਨ ਜੋ ਹੋਇਆ ਉਹ ਨਿਹਾਇਤ ਮੁਜਰਮਾਨਾ ਹੈ। ਸਿਰਫ਼ ਸੱਤਾ ਦੇ ਗਲਿਆਰਿਆਂ ਵਿਚ ਪਹੁੰਚ ਵਾਲੇ ਸ਼ਖ਼ਸ ਹੀ ਨਹੀਂ ਸਗੋਂ ਬਾਹਰੋਂ ਆਉਣ ਵਾਲੇ ਆਮ ਮੁਸਾਫ਼ਿਰ ਵੀ ਬਿਨਾਂ ਟੈਸਟਿੰਗ ਤੋਂ, ਬਿਨਾਂ ਨਜ਼ਰਸਾਨੀ ਤੋਂ ਪਬਲਿਕ ਵਿਚ ਵਿਚਰਨ ਲਈ ਖੁੱਲ੍ਹੇ ਛੱਡੇ ਜਾਂਦੇ ਰਹੇ। ਦੁਨੀਆ ਵਿਚ ਐਨੀ ਹਾਹਾਕਾਰ ਮੱਚੀ ਹੋਣ ਦੇ ਬਾਵਜੂਦ ਬਾਹਰੋਂ ਆਉਣ ਵਾਲਿਆਂ ਜ਼ਰੀਏ 'ਕੋਵਿਡ-19' ਦਾ ਫੈਲਣਾ ਸਰਕਾਰ ਦੀ ਮੁਜਰਮਾਨਾ ਕੋਤਾਹੀ ਅਤੇ ਪ੍ਰਸ਼ਾਸਨਿਕ ਨਾਲਾਇਕੀ ਦਾ ਨਤੀਜਾ ਹੈ ਜਿਸ ਦਾ ਖਮਿਆਜ਼ਾ ਹੁਣ ਅਵਾਮ ਨੂੰ ਭੁਗਤਣਾ ਪੈ ਰਿਹਾ ਹੈ। ਹਾਲਾਤ ਕਿੰਨੇ ਖ਼ਤਰਨਾਕ ਬਣ ਚੁੱਕੇ ਹਨ, ਇਸ ਦਾ ਅੰਦਾਜ਼ਾ ਇਹ ਰਿਪੋਰਟ ਹੈ ਕਿ ਇਹ ਲੇਖ ਲਿਖੇ ਜਾਣ ਤੱਕ ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿਚ ਬਦੇਸ਼ਾਂ 'ਚੋਂ ਆਏ ਕ੍ਰਮਵਾਰ 4885 ਅਤੇ 1500 ਵਿਅਕਤੀਆਂ ਵਿੱਚੋਂ ਕਾਫ਼ੀ ਵੱਡੀ ਤਾਦਾਦ ਬਾਕੀ ਅਜੇ ਵੀ ਪ੍ਰਸ਼ਾਸਨ ਦੀ ਪਹੁੰਚ ਤੋਂ ਬਾਹਰ ਹੈ। ਬੰਗਾ ਇਲਾਕੇ ਦਾ ਇਕ ਬੇਰੋਕ-ਟੋਕ ਤੁਰਿਆ ਫਿਰਦਾ ਇਕ ਵਿਅਕਤੀ ਨਾ ਸਿਰਫ਼ ਖ਼ੁਦ ਮੌਤ ਦਾ ਸ਼ਿਕਾਰ ਹੋਇਆ ਸਗੋਂ ਉਸ ਦੀ ਵਜ੍ਹਾ ਨਾਲ ਦਰਜਨ ਦੇ ਕਰੀਬ ਗੁਆਂਢੀ ਪਿੰਡਾਂ ਦੇ ਬਾਸ਼ਿੰਦਿਆਂ, ਉਸ ਦੇ ਦਰਜਨਾਂ ਰਿਸ਼ਤੇਦਾਰਾਂ, ਹੋਲਾ-ਮੁਹੱਲਾ ਦੇਖਣ ਗਏ ਹਜ਼ਾਰਾਂ ਲੋਕਾਂ ਅਤੇ ਇਸ ਦੌਰਾਨ ਉਹ ਅਤੇ ਉਸ ਦੇ ਪਰਿਵਾਰ ਮੈਂਬਰ ਜਿਹਨਾਂ ਹਸਪਤਾਲਾਂ, ਥਾਵਾਂ ਅਤੇ ਵਿਦਿਅਕ ਸੰਸਥਾਵਾਂ ਵਿਚ ਜਾਂਦੇ ਰਹੇ ਉਹਨਾਂ ਸਾਰਿਆਂ ਦੀਆਂ ਜ਼ਿੰਦਗੀਆਂ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ। ਜਦਕਿ ਸੰਕਟ ਦੀ ਪੇਸ਼ਬੰਦੀ ਲਈ ਬਦੇਸ਼ ਤੋਂ ਪਰਤਣ ਵਾਲੇ ਸਾਰੇ ਵਿਅਕਤੀਆਂ ਨੂੰ ਹਵਾਈ ਅੱਡਿਆਂ ਉੱਪਰ ਹੀ ਸਕ੍ਰੀਨਿੰਗ ਲਈ ਅਲੱਗ ਕਰਕੇ ਘੱਟੋਘੱਟ ਦੋ ਹਫ਼ਤਿਆਂ ਲਈ ਨਜ਼ਰਸਾਨੀ ਹੇਠ ਰੱਖਿਆ ਜਾਣਾ ਚਾਹੀਦਾ ਸੀ। ਇਸ ਨੂੰ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤਾ ਗਿਆ। ਗਾਇਕਾ ਕਨਿਕਾ ਕਪੂਰ ਅਤੇ ਮੁੱਕੇਬਾਜ਼ ਮੈਰੀਕਾਨ ਨੂੰ ਜ਼ਰੂਰੀ ਨਜ਼ਰਸਾਨੀ ਤੋਂ ਛੋਟ ਦਿੱਤੀ ਗਈ। ਉਹਨਾਂ ਵੱਲੋਂ ਜਸ਼ਨੀਂ ਪਾਰਟੀਆਂ ਵਿਚ ਸ਼ਾਮਲ ਹੋਣ ਅਤੇ ਰਾਸ਼ਟਰਪਤੀ, ਯੋਗੀ ਅਦਿੱਤਿਆਨਾਥ ਸਮੇਤ ਸੱਤਾਧਾਰੀ ਧਿਰ ਦੇ ਬਹੁਤ ਸਾਰੇ ਉੱਘੇ ਆਗੂਆਂ ਨਾਲ ਮੇਲਮਿਲਾਪ ਦੀਆਂ ਮਿਸਾਲਾਂ ਨੇ ਇਹਤਿਹਾਤੀ ਪੇਸ਼ਬੰਦੀਆਂ ਦੀ ਪੋਲ ਖੋਹਲ ਦਿੱਤੀ ਹੈ। ਇਸ ਤਰ੍ਹਾਂ ਦੇ ਨਿੱਤ ਨਵੇਂ ਖ਼ੁਲਾਸੇ ਹੋ ਰਹੇ ਹਨ।

ਰਿਪੋਰਟਾਂ ਦੱਸਦੀਆਂ ਹਨ ਕਿ ਨਿੱਜੀਕਰਨ ਅਤੇ ਵਪਾਰੀਕਰਨ ਦੇ ਰਾਹ ਤੋਰੀ ਸਿਹਤ ਵਿਵਸਥਾ ਇਸ ਸੰਕਟ ਨਾਲ ਨਜਿੱਠਣ ਦੇ ਨਾਕਾਬਿਲ ਹੈ ਅਤੇ ਮੁਲਕ ਦੀਆਂ 51 ਬੀ.ਆਰ.ਡੀ.ਐੱਲ. ਲੈਬਾਂ ਵਿੱਚੋਂ ਜ਼ਿਆਦਾਤਰ ਵਿਚ ਇਹ ਟੈਸਟ ਨਹੀਂ ਹੋ ਰਹੇ। ਸਾਰੇ ਸਰਕਾਰੀ ਹਸਪਤਾਲਾਂ ਵਿਚ ਅਜੇ ਲੋੜੀਂਦੇ ਟੈਸਟਾਂ ਦੀ ਵਿਵਸਥਾ ਹੀ ਨਹੀਂ ਹੈ। ਐਸੇ ਕਈ ਜ਼ਿਲ੍ਹਾ ਹਸਪਤਾਲ ਹਨ ਜਿੱਥੇ ਵੈਂਟੀਲੇਟਰ ਹੀ ਨਹੀਂ ਹੈ। ਦਿੱਲੀ ਦੇ ਮੁੱਖ ਹਵਾਈ ਅੱਡੇ ਉੱਪਰ ਮੁਸਾਫ਼ਿਰਾਂ ਨੂੰ ਸਕਰੀਨਿੰਗ ਲਈ 12 ਘੰਟੇ ਲਈ ਇੰਤਜ਼ਾਰ ਕਰਨੀ ਪੈ ਰਹੀ ਸੀ। ਮੁੰਬਈ ਹਵਾਈ ਅੱਡੇ ਉੱਪਰ ਸਕ੍ਰੀਨਿੰਗ ਦੇ ਨਾਂਅ ਹੇਠ ਕਾਗਜ਼ੀ ਕਾਰਵਾਈ ਦੀ ਗਵਾਹੀ ਖ਼ੁਦ ਮੁਸਾਫ਼ਰਾਂ ਨੇ ਦਿੱਤੀ ਹੈ। ਉੱਪਰੋਂ ਅਚਾਨਕ ਲਾਕਡਾਊਨ ਐਲਾਨ ਕੇ ਅਤੇ ਰੇਲਾਂ, ਬੱਸਾਂ, ਹਵਾਈ ਸੇਵਾਵਾਂ ਬੰਦ ਕਰਕੇ ਖ਼ੌਫ਼ ਪੈਦਾ ਕਰ ਦਿੱਤਾ ਗਿਆ ਹੈ।

ਜਿੱਥੋਂ ਤੱਕ ਪ੍ਰਧਾਨ ਮੰਤਰੀ ਦੇ 'ਜਨਤਾ ਕਰਫ਼ਿਊ' ਦੇ ਸੱਦੇ ਨੂੰ ਹੁੰਗਾਰੇ ਦਾ ਸਵਾਲ ਹੈ ਇਹ ਅਣਕਿਆਸਿਆ ਨਹੀਂ। ਰਾਸ਼ਟਰਵਾਦੀ ਲਾਈਲੱਗਤਾ ਦੇ ਮਾਹੌਲ ਵਿਚ ਇਸ ਤੋਂ ਵੱਖਰੀ ਉਮੀਦ ਹੋ ਵੀ ਨਹੀਂ ਸਕਦੀ। ਅਵਾਮ ਨੇ ਇਹ ਗ਼ਲਤ ਸਮਝ ਲਿਆ ਕਿ 12 ਘੰਟੇ ਦੇ ਕਰਫ਼ਿਊ ਨਾਲ ਕਰੋਨਾ ਦੀ ਛੂਤ-ਚੇਨ ਟੁੱਟ ਜਾਵੇਗੀ। ਠੀਕ ਉਸੇ ਦਿਨ ਮੁਲਕ ਦੇ 75 ਜ਼ਿਲ੍ਹਿਆਂ ਵਿਚ ਮੁਕੰਮਲ ਤਾਲਾਬੰਦੀ ਕਰ ਦਿੱਤੀ ਗਈ। ਹੁਣ ਪੂਰੇ ਮੁਲਕ ਵਿਚ ਲੌਕਡਾਊਨ ਤਾਂ ਕਰ ਦਿੱਤਾ ਗਿਆ ਹੈ ਲੇਕਿਨ ਘਰਾਂ ਵਿਚ ਬੰਦ ਕੀਤੇ ਲੋਕਾਂ ਨੂੰ ਜ਼ਰੂਰੀ ਚੀਜ਼ਾਂ ਸਪਲਾਈ ਕਰਨ ਲਈ ਅਤੇ ਖ਼ਾਸ ਕਰਕੇ ਰੋਜ਼ ਕਮਾ ਕੇ ਖਾਣ ਵਾਲੇ ਸਾਧਨਹੀਣ ਗ਼ਰੀਬ ਲੋਕਾਂ ਦੇ ਗੁਜ਼ਾਰੇ ਲਈ ਰਾਹਤ ਪੈਕੇਜ ਦੇ ਰੂਪ ਵਿਚ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਮਰੀਜ਼ਾਂ ਲਈ ਦਵਾਈਆਂ ਦੀ ਵੀ ਕੋਈ ਵਿਵਸਥਾ ਨਹੀਂ ਹੈ। ਭੈਭੀਤ ਅਵਾਮ ਵਿਚ ਇਕ ਪਾਸੇ ਅਫ਼ਰਾ-ਤਫ਼ਰੀ ਮੱਚੀ ਹੋਈ ਹੈ ਅਤੇ ਦੂਜੇ ਪਾਸੇ ਨਾ ਉਹਨਾਂ ਕੋਲ ਸਾਫ਼-ਸਫ਼ਾਈ ਅਤੇ ਇਹਤਿਹਾਤੀ ਸਾਫ਼-ਸਫ਼ਾਈ ਦੇ ਸਾਧਨ ਹਨ ਅਤੇ ਨਾ ਰਾਜ ਪ੍ਰਬੰਧ ਨੇ ਉਹਨਾਂ ਨੂੰ ਐਸੇ ਹਾਲਾਤ ਨੂੰ ਸਮਝਣ ਦੇ ਸਮਰੱਥ ਬਣਾਇਆ ਹੈ। ਕੁਲ-ਮਿਲਾਕੇ ਉਹ ਹਾਲਾਤ ਦੀ ਗੰਭੀਰਤਾ ਤੋਂ ਬੇਖ਼ਬਰ ਹਨ ਅਤੇ ਇਸ ਮਨੋਦਸ਼ਾ ਅਤੇ ਪ੍ਰਸ਼ਾਸਨਿਕ ਨਾਲਾਇਕੀ ਕਾਰਨ ਪੂਰਾ ਮੁਲਕ ਇਸ ਵਕਤ ਵੱਡੀ ਮਹਾਂਮਾਰੀ ਦੇ ਕੰਢੇ ਉੱਪਰ ਪਹੁੰਚ ਗਿਆ ਹੈ।

ਇਸ ਦਾ ਇਕ ਇਜ਼ਹਾਰ 'ਜਨਤਾ ਕਰਫ਼ਿਊ' ਦੌਰਾਨ ਹੋਇਆ। ਸੜਕਾਂ ਉੱਪਰ ਹਜੂਮਾਂ ਦਾ ਭੰਗੜੇ ਪਾ ਕੇ ਜਸ਼ਨ ਮਨਾਉਣਾ; ਗੱਡੀਆਂ ਭਰ ਭਰ ਕੇ ਕਾਫ਼ਲੇ ਬੰਨ੍ਹ ਕੇ ਮੋਦੀ ਹਮਾਇਤੀਆਂ ਦਾ 'ਜਨਤਾ ਕਰਫ਼ਿਊ' ਦੀ ਜੈ-ਜੈਕਾਰ ਕਰਨਾ; ਹੱਥਾਂ ਦੀ ਸਫ਼ਾਈ ਰੱਖਣ ਅਤੇ ਇਕ ਦੂਜੇ ਤੋਂ ਨਿਸ਼ਚਿਤ ਵਿੱਥ ਬਣਾਈ ਰੱਖਣ ਦੀਆਂ ਨਸੀਹਤਾਂ ਦੀਆਂ ਧੱਜੀਆਂ ਉਡਾਉਣਾ ਅਤੇ ਉੱਚ ਪੁਲਿਸ ਅਧਿਕਾਰੀਆਂ ਦਾ ਸੰਖ ਵਜਾਉਂਦੇ ਹੋਏ ਭਗਵੇਂ ਹਜੂਮਾਂ ਦਾ ਹਿੱਸਾ ਬਣਨਾ ਅਤੇ ਲੌਕਡਾਊਨ ਦੌਰਾਨ ਯੋਗੀ ਅਦਿੱਤਿਆਨਾਥ ਦਾ ਲਾਮ-ਲਸ਼ਕਰ ਲੈ ਕੇ ਅਯੁੱਧਿਆ ਵਿਚ ਰਾਮ ਮੰਦਰ ਦੀ ਸ਼ੁਰੂਆਤ ਕਰਨਾ ਇਸ ਨੂੰ ਸਮਝਣ ਲਈ ਕਾਫ਼ੀ ਹੈ ਕਿ ਮੁਲਕ ਦਾ ਪ੍ਰਸ਼ਾਸਨ ਕਰਫ਼ਿਊ ਨੂੰ ਲਾਗੂ ਕਰਨ ਲਈ ਕਿੰਨਾ ਕੁ ਗੰਭੀਰ ਸੀ ਅਤੇ ਮੋਦੀ-ਭਗਤ ਹਿੱਸਿਆਂ ਵਿਚ ਮਹਾਂਮਾਰੀ ਪ੍ਰਤੀ ਕਿਹੋ ਜਹੀ ਸੁਹਿਰਦਤਾ ਹੈ। ਇਕ ਫਾਸ਼ੀਵਾਦੀ ਸਿਆਸਤਦਾਨ ਨੇ ਮਹਾਂਮਾਰੀ ਨੂੰ ਜਸ਼ਨ ਬਣਾ ਦਿੱਤਾ ਅਤੇ ਗਿਆਨ-ਵਿਹੂਣੇ ਹਜੂਮਾਂ ਨੇ ਖ਼ੁਦ ਨੂੰ ਤਮਾਸ਼ਾ ਬਣਾ ਲਿਆ। ਆਮ ਲੋਕਾਈ ਨੂੰ ਡੰਡੇ ਮਾਰ ਕੇ ਕਰਫ਼ਿਊ ਲਾਗੂ ਕਰਵਾਉਣ ਵਾਲੀ ਪੁਲਿਸ ਇਹਨਾਂ ਹਜੂਮਾਂ ਪ੍ਰਤੀ ਤਮਾਸ਼ਬੀਨ ਬਣੀ ਰਹੀ ਜੋ ਪੁਰਅਮਨ ਪ੍ਰਦਰਸ਼ਨਾਂ ਨੂੰ ਖਦੇੜਨ ਲਈ ਅਕਸਰ ਹੀ ਲਾਠੀ-ਗੋਲੀ ਦਾ ਬਦਰੇਗ ਇਸਤੇਮਾਲ ਕਰਦੀ ਹੈ। ਮੋਦੀ ਭਗਤਾਂ ਦੇ ਮੁਕਾਬਲੇ ਸ਼ਾਹੀਨ ਬਾਗ਼ ਦੀਆਂ 'ਦੇਸ਼ਧ੍ਰੋਹੀ' ਵੀਰਾਂਗਣਾਂ ਦਾ ਜਜ਼ਬਾ ਦੇਖੋ ਜਿਹਨਾਂ ਨੇ ਪ੍ਰਦਰਸ਼ਨ ਦੀ ਜਗ੍ਹਾ ਉੱਪਰ ਆਪਣਾ ਸੰਕੇਤਕ ਵਿਰੋਧ ਵੀ ਨਵੇਂ ਰੂਪ ਵਿਚ ਬਰਕਰਾਰ ਰੱਖਿਆ ਅਤੇ ਇਕੱਠ ਨੂੰ ਚਾਰ ਧਰਨਾਕਾਰੀਆਂ ਤੱਕ ਸੀਮਤ ਕਰ ਕੇ ਅਵਾਮੀ ਕਰਫ਼ਿਊ ਵੀ ਸੱਚੇ ਮਾਇਨਿਆਂ ਵਿਚ ਲਾਗੂ ਕੀਤਾ। ਲੇਕਿਨ ਲੌਕਡਾਊਨ ਦੇ ਬਹਾਨੇ ਸ਼ਾਹੀਨ ਬਾਗ਼ ਦੇ ਸਾਰੇ ਪੁਲਿਸ ਤਾਕਤ ਨਾਲ ਜਬਰੀ ਚੁਕਾ ਦਿੱਤੇ ਗਏ।

ਪ੍ਰਧਾਨ ਮੰਤਰੀ ਦਾ ਸੰਬੋਧਨ ਨਿਰਾ ਹਜੂਮੀ ਮਾਨਸਿਕਤਾ ਨੂੰ ਉਕਸਾਉਣ ਦੀ ਸਿਆਸਤ ਸੀ। ਅਸਿੱਧੇ ਢੰਗ ਨਾਲ ਇਹ ਕਥਿਤ ਬਲਾਵਾਂ ਨੂੰ ਭਜਾਉਣ ਲਈ ਭਾਂਡੇ ਅਤੇ ਘੰਟੀਆਂ ਵਜਾਉਣ ਦੀ ਬ੍ਰਾਹਮਣਵਾਦੀ ਆਸਥਾ ਦਾ ਪ੍ਰਚਾਰ ਵੀ ਹੈ। ਪੁਰਾਤਨ ਜ਼ਮਾਨੇ ਵਿਚ ਬਦੇਸ਼ੀ ਧਾੜਵੀ ਹਮਲਿਆਂ ਦੇ ਵਕਤ ਵੀ ਇਸੇ ਤਰ੍ਹਾਂ ਦਾ ਕਈ ਕੁਛ ਕੀਤੇ ਜਾਣ ਦਾ ਇਤਿਹਾਸ ਰਿਹਾ ਹੈ। ਜਿਹੜੇ ਲੋਕ ਇਸ ਨੂੰ 'ਸਿਹਤ ਕਾਮਿਆਂ ਦੀ ਹੌਸਲਾ ਅਫ਼ਜ਼ਾਈ' ਸਮਝ ਰਹੇ ਹਨ ਉਹ ਬਹੁਤ ਵੱਡੀ ਗ਼ਲਤੀ ਕਰ ਰਹੇ ਹਨ। ਸਿਹਤ ਕਾਮਿਆਂ ਦੀ ਅਸਲ ਹੌਸਲਾ ਅਫ਼ਜ਼ਾਈ ਸਿਹਤ ਸੇਵਾਵਾਂ ਨੂੰ ਮਹਾਂਮਾਰੀ ਦਾ ਮੁਕਾਬਲਾ ਕਰਨ ਦੇ ਕਾਬਲ ਬਣਾਉਣ ਲਈ ਜੰਗੀ ਪੱਧਰ 'ਤੇ ਬੱਜਟ ਮੁਹੱਈਆ ਕਰਵਾ ਕੇ ਅਤੇ ਬੁਨਿਆਦੀ ਸਿਹਤ ਢਾਂਚੇ ਨੂੰ ਹੰਗਾਮੀ ਰੂਪ ਵਿਚ ਵਧਾ ਕੇ, ਇਸ ਖ਼ਾਤਰ ਵਿਸ਼ੇਸ਼ ਤੌਰ 'ਤੇ ਲੋੜੀਂਦਾ ਸਾਜ਼ੋ-ਸਮਾਨ ਅਤੇ ਟੈਸਟਿੰਗ ਕਿਟਾਂ ਮੁਹੱਈਆ ਕਰਵਾ ਕੇ ਕੀਤੀ ਜਾ ਸਕਦੀ ਸੀ। ਬੁਰੀ ਤਰ੍ਹਾਂ ਲੜਖੜਾ ਰਹੀ ਸਰਕਾਰੀ ਸਿਹਤ ਵਿਵਸਥਾ ਤੋਂ ਬੋਝ ਘਟਾਉਣ ਲਈ ਨਿੱਜੀ ਹਸਪਤਾਲਾਂ ਨੂੰ 'ਕੋਵਿਡ-19' ਦੀ ਮੁਫ਼ਤ ਟੈਸਟਿੰਗ ਸਹੂਲਤ ਦੇਣ ਲਈ ਸਰਕਾਰ ਆਪਣੇ ਅਧਿਕਾਰ ਵਿਚ ਲੈਂਦੀ। ਜਾਨਾਂ ਜ਼ੋਖ਼ਮ ਵਿਚ ਪਾ ਕੇ ਹਸਪਤਾਲਾਂ ਨੂੰ ਸਾਫ਼ ਕਰਨ ਵਾਲੇ ਸਫ਼ਾਈ ਕਾਮਿਆਂ ਦੇ ਹੌਸਲੇ ਵਧਾਉਣ ਲਈ ਉਹਨਾਂ ਨੂੰ ਵਿਸ਼ੇਸ਼ ਪੈਕੇਜ ਦਿੱਤਾ ਜਾਂਦਾ। ਫਿਰ ਤਾਂ ਸਮਝ ਆਉਂਦਾ ਕਿ ਜਾਨਾਂ ਜ਼ੋਖ਼ਮ ਵਿਚ ਪਾ ਰਹੇ ਕਾਮਿਆਂ ਦਾ ਹੌਸਲਾ ਵਧਾਇਆ ਜਾ ਰਿਹਾ ਹੈ। ਜੋ ਕੀਤਾ ਗਿਆ ਇਹ ਤਾਂ ਸਗੋਂ ਉਹਨਾਂ ਦੀਆਂ ਭਾਵਨਾਵਾਂ ਨਾਲ ਖਿੜਵਾੜ ਹੈ ਅਤੇ ਉਹਨਾਂ ਨਾਲ ਕੁਹਜਾ ਮਜ਼ਾਕ ਵੀ। ਬਹੁਤ ਸਾਰੇ ਥਾਵਾਂ ਤੋਂ ਬਿਨਾਂ ਮਾਸਕ ਅਤੇ ਹੋਰ ਸੇਫ਼ਟੀ ਉਪਾਵਾਂ ਦੀ ਅਣਹੋਂਦ ਵਿਚ ਆਪਣੀਆਂ ਜਾਨਾਂ ਜ਼ੋਖ਼ਮ ਵਿਚ ਪਾ ਕੇ ਡਿਊਟੀ ਦੇ ਰਹੇ ਅਤੇ ਮਕਾਨ ਮਾਲਕਾਂ ਵੱਲੋਂ ਤੰਗ-ਪ੍ਰੇਸ਼ਾਨ ਕੀਤੇ ਜਾ ਰਹੇ ਡਾਕਟਰੀ ਅਮਲੇ ਦੀਆਂ ਰਿਪੋਰਟਾਂ ਆ ਰਹੀਆਂ ਹਨ। ਇਹਨਾਂ ਹਾਲਾਤ ਵਿਚ ਫੋਕੀ ਹੌਸਲਾ ਅਫ਼ਜ਼ਾਈ ਕਿੰਨਾ ਕੁ ਧਰਵਾਸ ਦੇ ਸਕਦੀ ਹੈ? ਠੋਸ ਕਦਮਾਂ ਦੀ ਅਣਹੋਂਦ ਵਿਚ ਥਾਲੀਆਂ, ਟੱਲੀਆਂ ਵਜਾਉਣ ਦੀ ਕਵਾਇਦ ਅੱਖੀਂ ਘੱਟਾ ਪਾਉਣ ਤੋਂ ਸਿਵਾਏ ਕੁਛ ਨਹੀਂ। ਇਹ ਦਰਅਸਲ, ਸੱਤਾਧਾਰੀ ਧਿਰ ਦੇ ਸੱਦਿਆਂ ਦੀ ਹਮਾਇਤ ਦੇ ਅਧਾਰ 'ਤੇ 'ਰਾਸ਼ਟਰ ਵਿਰੋਧੀ' ਅਤੇ 'ਰਾਸ਼ਟਰ ਹਿਤੈਸ਼ੀ' ਦੀ ਪਾਲਾਬੰਦੀ ਦੀ ਸਿਆਸਤ ਦਾ ਜਾਰੀ ਰੂਪ ਹੈ। ਇਸੇ ਦੀ ਅਗਲੀ ਕੜੀ ਹੁਣ ਲੋਕਾਂ ਦੀ ਕਥਿਤ ਮੰਗ ਦੇ ਨਾਂ ਹੇਠ ਭਾਜਪਾ ਸਰਕਾਰ ਰਮਾਇਣ ਸੀਰੀਅਲ ਦੁਬਾਰਾ ਪ੍ਰਸਾਰਤ ਕਰਨ ਦਾ ਫ਼ੈਸਲਾ ਹੈ। ਜਿਸ ਅਨੁਸਾਰ ਸੱਤਾਧਾਰੀ ਧਿਰ ਲਈ ਆਪਣੇ ਵਾਹਿਯਾਤ ਸੱਦਿਆਂ/ਨਾਅਰਿਆਂ ਅਤੇ ਨੀਤੀਆਂ ਦੇ ਹੱਕ ਵਿਚ ਹਜੂਮਾਂ ਦੀ ਲਾਮਬੰਦੀ ਜ਼ਰੂਰੀ ਹੈ, ਸੰਕਟ ਮੂੰਹ ਆਏ ਅਵਾਮ ਦੀ ਇਹਨਾਂ ਨੂੰ ਕੋਈ ਪ੍ਰਵਾਹ ਨਹੀਂ। ਨੋਟਬੰਦੀ, ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਨ ਅਤੇ ਬਾਬਰੀ ਮਸਜਿਦ ਦੀ ਜਗ੍ਹਾ ਉੱਪਰ ਹੀ ਰਾਮ ਮੰਦਰ ਬਣਾਉਣ ਦੀ ਜ਼ਿੱਦ-ਪੁਗਾਈ ਇਸ ਦੀਆਂ ਮਿਸਾਲਾਂ ਹਨ। ਇਸ ਸਿਆਸਤ ਅਨੁਸਾਰ 'ਜਨਤਾ ਕਰਫ਼ਿਊ' ਦਾ ਪ੍ਰਚਾਰ ਕਰਨ ਲਈ ਹਜੂਮਾਂ ਦਾ ਸੜਕਾਂ ਉੱਪਰ ਬਾਘੀਆਂ ਪਾਉਣਾ ਦੇਸ਼ਭਗਤੀ ਹੈ ਜਦਕਿ ਸ਼ਾਹੀਨ ਬਾਗ਼ ਮੋਰਚੇ ਦਾ ਜਾਰੀ ਰਹਿਣਾ ਮੁਲਕ ਲਈ ਖ਼ਤਰਾ ਹੈ। ਜਿਸ ਨੂੰ ਬੰਦ ਕਰਾਉਣ ਲਈ ਫਿਰਕੂ ਹਜੂਮਾਂ ਨੂੰ ਲਾਮਬੰਦ ਕਰਨ ਅਤੇ ਮੁਜਰਿਮਾਂ ਕੋਲੋਂ ਬੰਬਾਂ, ਪਿਸਤੌਲਾਂ ਦੇ ਹਮਲੇ ਕਰਾਉਣ ਤੋਂ ਵੀ ਗੁਰੇਜ਼ ਨਹੀਂ ਹੈ। ਇਹ ਮਹਾਂਮਾਰੀ ਬਾਰੇ ਅਵਾਮ ਨੂੰ ਜਾਗਰੂਕ ਕਰ ਕੇ ਉਹਨਾਂ ਦੀ ਪਹਿਲਕਦਮੀਂ ਅਤੇ ਸਵੈਵਿਸ਼ਵਾਸ ਬਣਾਉਣ ਦੀ ਬਜਾਏ ਤਾਨਾਸ਼ਾਹ ਫ਼ਰਮਾਨਾਂ ਜ਼ਰੀਏ ਡੰਡੇ ਦਾ ਰਾਜ ਥੋਪਣ ਦਾ ਸਿੱਕੇਬੰਦ ਨਮੂਨਾ ਹੈ।

'ਜਨਤਾ ਕਰਫ਼ਿਊ', ਥਾਲੀਆਂ-ਟੱਲੀਆਂ-ਤਾੜੀਆਂ ਦੀ ਸਿਆਸਤ ਅਤੇ ਪ੍ਰਸ਼ਾਸਨ ਵੱਲੋਂ ਮਹਾਂਮਾਰੀ ਦੀ ਰੋਕਥਾਮ ਲਈ ਚੁੱਕੇ ਜਾਣ ਵਾਲੇ ਹਕੀਕੀ ਇਹਤਿਹਾਤੀ ਕਦਮਾਂ ਦਰਮਿਆਨ ਨਿਖੇੜਾ ਕਰਨਾ ਜ਼ਰੂਰੀ ਹੈ। ਮੁਨਾਫ਼ਾਖ਼ੋਰ ਨਿੱਜੀ ਸਿਹਤ ਸੰਸਥਾਵਾਂ ਦੀ ਵਿਵਸਥਾ ਮਹਾਂਮਾਰੀਆਂ ਦਾ ਮੁਕਾਬਲਾ ਕਰਨ ਦਾ ਸਾਧਨ ਨਹੀਂ ਬਣ ਸਕਦੀ, ਇਸ ਲਈ ਸਰਕਾਰੀ ਸਿਹਤ ਸੇਵਾਵਾਂ ਦਾ ਮਜ਼ਬੂਤ ਢਾਂਚਾ ਜ਼ਰੂਰੀ ਹੈ। ਅੱਜ ਮਹਾਂਮਾਰੀ ਦੀ ਰੋਕਥਾਮ ਲਈ ਲਾਜ਼ਮੀ ਇਹਤਿਹਾਤੀ ਕਦਮਾਂ ਦੀ ਜਾਗਰੂਕਤਾ ਦੇ ਨਾਲ-ਨਾਲ ਸੱਤਾਧਾਰੀ ਧਿਰ ਦੀ ਸਿਆਸਤ ਦੀ ਘਾਤਕ ਭੂਮਿਕਾ ਨੂੰ ਸਮਝਣਾ ਅਤੇ ਅਵਾਮ ਨੂੰ ਇਸ ਬਾਰੇ ਜਾਗਰੂਕ ਕਰਨਾ ਵੀ ਜ਼ਰੂਰੀ ਹੈ।

# ਖੁਸ਼ਹਾਲ ਪੰਜਾਬ ਦੀ ਮਿੱਥ ਨੂੰ ਚਕਨਾਚੂਰ ਕਰਦੀ ਹੈ ਅਮਨਦੀਪ ਹਾਂਸ ਦੀ ਪੁਸਤਕ 'ਏਹ ਪੰਜਾਬ ਵੀ ਮੇਰਾ ਹੈ?'

ਪੰਜਾਬ ਬਾਰੇ ਏਹ ਕਾਫੀ ਪ੍ਰਚਾਰਿਆ ਜਾਂਦਾ ਹੈ ਪੰਜਾਬ ਦੇਸ਼ ਦਾ ਸਭ ਤੋਂ ਵਧੇਰੇ ਖੁਸ਼ਹਾਲ ਸੂਬਾ ਹੈ। ਪੰਜਾਬ ਅੰਦਰ ਖੁੱਲ ਰਹੇ ਵੱਡੇ ਵੱਡੇ ਮਾਲ, ਸੜਕਾਂ ਦਾ ਵਿਛਿਆ ਜਾਲ ਤੇ ਵੱਡੇ ਵੱਡੇ ਉਸਰੇ ਪੁੱਲਾਂ ਨੂੰ ਹਾਕਮ ਵਰਗ ਜ਼ੋਰ-ਸ਼ੋਰ ਨਾਲ ਵਿਕਾਸ ਆਖਦਾ ਹੈ। ਪਰ ਕੀ ਏਹੀ ਵਿਕਾਸ ਹੁੰਦਾ ਹੈ? ਨਹੀਂ ਵਿਕਾਸ ਦਾ ਸਿਰਫ ਐਨਾ ਮਤਲਬ ਨਹੀਂ ਹੁੰਦਾ ਬਲਕਿ ਵਿਕਾਸ ਦਾ ਮਤਲਬ ਲੋਕਾਂ ਦੇ ਜੀਵਨ ਪੱਧਰ ਤੋਂ ਹੁੰਦਾ ਹੈ।ਇਹ ਕੌੜੀ ਸਚਾਈ ਹੈ ਕਿ ਜ਼ਿੰਦਗੀ ਦੀਆਂ ਸਭ ਸੁੱਖ ਸਹੂਲਤਾਂ ਉੱਪਰ ਮੁੱਠੀ ਭਰ ਲੋਕਾਂ ਦਾ ਕਬਜ਼ਾ ਹੈ ਤੇ ਬਹੁਗਿਣਤੀ ਲੋਕ ਜ਼ਿੰਦਗੀ ਜਿਉਣ ਦੀਆਂ ਬੁਨਿਆਦੀ ਲੋੜਾਂ ਸਿਖਿਆ, ਰੁਜ਼ਗਾਰ, ਸੇਹਤ ਸੇਵਾਵਾਂ, ਬਿਜਲੀ ਤੇ ਸਾਫ ਪੀਣ ਵਾਲੇ ਪਾਣੀ ਤੋਂ ਵੀ ਸੱਖਣੇ ਹਨ। ਇਨ੍ਹਾਂ ਵਿੱਚੋਂ ਸਭ ਤੋਂ ਮਾੜੀ ਹਾਲਤ ਦਲਿਤ ਸਮਾਜ ਦੀ ਹੈ। ਕੁੱਝ ਛਿਲੜਾਂ ਦੇ ਵਿਆਜ ਬਦਲੇ ਪੀੜ੍ਹੀ ਦਰ ਪੀੜ੍ਹੀ ਗੋਹੇ ਕੂੜੇ ਦੀ ਵਗਾਰ ਕਰਨ ਲਈ ਬੇਵੱਸ ਹਨ।ਬਹੁਤ ਸਾਰੀਆਂ ਥਾਵਾਂ ਉਪਰ ਨਸ਼ੇ ਬਦਲੇ ਸਾਲਾਂ ਬੱਧੀ ਵਗਾਰ ਕਰਵਾਈ ਜਾਂਦੀ ਹੈ। ਬਗਾਨੇ ਖੇਤਾਂ ਵਿੱਚ ਘਾਹ ਖੋਤਣ ਜਾਂ ਚੁੱਲ੍ਹਾ ਤਪਾਉਣ ਲਈ ਡੱਕੇ ਚੁਗਣ ਗਈਆਂ ਦਲਿਤ ਔਰਤਾਂ ਜ਼ਲੀਲ ਕੀਤਾ ਜਾਂਦਾ ਹੈ ਕਈ ਵਾਰੀ ਇੱਜਤਾਂ ਨੂੰ ਹੱਥ ਪਾ ਲਿਆ ਜਾਂਦਾ ਹੈ।ਸਵੱਛ ਭਾਰਤ ਦੇ ਦਮਗਜੇ ਮਾਰਨ ਵਾਲੇ ਹਾਕਮਾਂ ਦਾ ਏਹ ਗੱਲ ਮੂੰਹ ਚਿੜਾਉਂਦੀ ਹੈ ਜਦੋਂ ਵੱਡੇ ਹਿੱਸੇ ਦੇ ਘਰਾਂ ਵਿੱਚ ਟੁਆਇਲਟਾਂ ਨਹੀਂ। ਜਿਹੜੀਆਂ ਸਰਕਾਰ ਦੇ ਕਾਗਜ਼ਾਂ ਚ ਬਣੀਆਂ ਲੈਟਰਿਨਾਂ ਪਿੰਡਾਂ ਦੇ ਚੌਧਰੀ ਮਿਲੀਭੁਗਤ ਨਾਲ ਖਾ ਗਏ।ਜਿਸ ਕਾਰਨ ਬੇਗਾਨੇ ਖੇਤਾਂ ਵਿਚ ਜੰਗਲ ਪਣੀ ਜਾਣ ਬਦਲੇ ਬੇਇੱਜ਼ਤੀ ਹੋਣਾ ਪੈਂਦਾ ਹੈ।ਕੁਝ ਚਿਰ ਪਹਿਲਾਂ ਅੰਮ੍ਰਿਤਸਰ ਦੇ ਇੱਕ ਪਿੰਡ ਦੀ ਦਲਿਤ ਬੱਚੀ ਨੂੰ ਖੇਤ ਚ ਲੈਟਰਿਨ ਜਾਣ ਤੇ ਜ਼ਲੀਲ ਕੀਤਾ ਗਿਆ ਤੇ ਗੰਦ ਨੂੰ ਹੱਥਾਂ ਨਾਲ ਚੱਕਣ ਮਜ਼ਬੂਰ ਕੀਤਾ ਗਿਆ। ਘਰਾਂ ਦੀ ਹਾਲਤ ਨਰਕ ਨਾਲੋਂ ਵੀ ਭੈੜੀ ਹੈ। ਇੱਕ ਇੱਕ ਕਮਰੇ ਵਿਚ ਪੂਰਾ ਟੱਬਰ ਮਾਂ ਬਾਪ ਨੂੰਹ ਪੁੱਤ ਬੱਚੇ ਪੈਣ ਲਈ ਮਜ਼ਬੂਰ ਹਨ।ਮੀਂਹ ਕਣੀ ਆਉਣ ਤੇ ਲੱਕੜਾਂ, ਚੁੱਲ੍ਹਾ ਤੇ ਬੱਕਰੀ ਉਸ ਕਮਰੇ ਚ ਹੀ ਹੁੰਦੀ ਹੈ। ਬਹੁਤ ਘਰਾਂ ਵਿਚ ਬਾਥਰੂਮ ਤੇ ਰਸੋਈ ਨਾ ਹੋਣ ਕਾਰਨ ਔਰਤਾਂ ਮੰਜਾ ਟੇਡਾ ਕਰਕੇ ਜਾਂ ਬੂਹਾ ਭੇੜ ਕੇ ਨਹਾਉਣ ਲਈ ਬੇਵੱਸ ਹਨ ਤੇ ਧੁੱਪ ਚ ਰੋਟੀ ਪਕਾਉਣ ਲਈ ਮਜ਼ਬੂਰ।ਸਰਕਾਰਾਂ ਨੇ ਲੋਕਾਂ ਦੀ ਇਸ ਬੇਵਸੀ ਨੂੰ ਆਪਣੇ ਹੱਕ ਭੁਗਤਾਉਣ ਲਈ ਵੋਟਾਂ ਚ ਬੇਘਰਿਆਂ ਨੂੰ ਪਲਾਟ ਦੇ ਵਾਅਦੇ ਕੀਤੇ ਤੇ ਝੂਠੇ ਲਾਰੇ ਲਾਏ। ਹਾਕਮਾਂ ਦੇ ਲਾਰਿਆਂ ਤੋਂ ਸਤ੍ਹੇ ਦਲਿਤ ਮਜ਼ਦੂਰਾਂ ਨੇ 2009 ਛੱਤੀ ਪਿੰਡਾਂ ਅੰਦਰ ਪੰਚਾਇਤੀ ਜਮੀਨ ਉਪਰ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੀ ਅਗਵਾਈ ਹੇਠ ਕਬਜ਼ਾ ਕਰ ਲਿਆ ਸੀ। ਪਰ ਏਹ ਗੱਲ ਪਿੰਡਾਂ ਦੇ ਧਨਾਡ ਲਾਣੇ ਦੇ ਹਜ਼ਮ ਨਹੀਂ ਹੋਈ ਹੋ ਵੀ ਕਿਵੇਂ ਸਕਦੀ ਸੀ ਜਿਨ੍ਹਾਂ ਨੇ ਦਲਿਤਾਂ ਨੂੰ ਕਦੇ ਮੰਜੇ ਉਪਰ ਨਾ ਬੈਠਣ ਦਿੱਤਾ ਹੋਵੇ ਉਹ ਦਲਿਤ ਆਪਣੇ ਹੱਕ ਖੜ੍ਹਾ ਹੋ ਜਾਵੇ ਜਿਸ ਕਰਕੇ ਸਰਕਾਰ ਪ੍ਰਸ਼ਾਸਨ ਨਾਲ ਮਿਲ ਕੇ ਮਜ਼ਦੂਰਾਂ ਦੀਆਂ ਕੁੱਲੀਆਂ ਉਪਰ ਬੁਲਡੋਜ਼ਰ ਚਲਾ ਕੇ ਦੋ ਹਜ਼ਾਰ ਦੇ ਲੱਗਭੱਗ ਮਜ਼ਦੂਰਾਂ ਨੂੰ ਔਰਤਾਂ ਬੱਚਿਆਂ ਸਮੇਤ ਪੰਜਾਬ ਦੀਆਂ ਨੌ ਜੇਲ੍ਹਾਂ ਚ ਲੀਡਰਸ਼ਿਪ ਸਮੇਤ ਬੰਦ ਕਰ ਦਿੱਤਾ।

ਇਸ ਤਰ੍ਹਾਂ ਹੀ ਆਪਣੇ ਜ਼ਮੀਨੀ ਹੱਕ ਮੰਗਣ ਬਦਲੇ ਸੰਗਰੂਰ ਜਿਲ੍ਹੇ ਦੇ ਪਿੰਡ ਜਲੂਰ ਅੰਦਰ ਦਲਿਤਾਂ ਨੂੰ ਅੰਨੇਵਾਹ ਨਿਸ਼ਾਨਾ ਬਣਾਇਆ ਗਿਆ। ਜਿਸ 'ਚ ਇੱਕ ਬਜ਼ੁਰਗ ਔਰਤ ਦੀ ਜਾਨ ਚਲੀ ਗਈ। ਦਲਿਤਾਂ ਦੀ ਏਹ ਹਾਲਤ ਹਰ ਪਿੰਡ ਦੀ ਕਹਾਣੀ ਹੈ। ਪੈਨਸ਼ਨਾਂ ਗਰਾਂਟਾਂ 'ਚ ਘਪਲੇਬਾਜ਼ੀ ਨਿੱਤ ਦਾ ਵਰਤਾਰੇ ਹੈ। ਪਿੰਡਾ 'ਚ ਵਿਕਾਸ ਅਣਸੁਖਾਵਾਂ ਹੈ। ਵਿਕਾਸ 'ਚ ਵਿਤਕਰੇ ਬਾਜ਼ੀ ਹੈ। ਮਨਰੇਗਾ ਸਕੀਮ ਨੂੰ ਸ਼ਾਜਿਸ਼ੀ ਢੰਗ ਨਾਲ ਰੋਕਿਆ ਜਾਂਦਾ ਹੈ। ਧਨਾਡ ਲਾਣਾ ਜਾਣਦਾ ਹੈ ਕਿ ਜੇਕਰ ਮਨਰੇਗਾ ਦਾ ਕੰਮ ਚੱਲੂ ਤਾਂ ਮਜ਼ਦੂਰ ਚੇਤਨ ਸੰਗਠਤ ਤੇ ਨਿਰਭਰ ਹੋਵੇਗਾ। ਤਾਂ ਲਾਜ਼ਮੀ ਹੈ ਕਿਰਤੀ ਵਰਗ ਕਿਸੇ ਦੀਆਂ ਖੁਰਲੀਆਂ ਵਿਚ ਹੱਥ ਨਹੀਂ ਮਾਰੇਗਾ, ਗੋਹੇ ਕੂੜੇ ਦੀ ਵਗਾਰ ਨਹੀਂ ਕਰੇਗਾ ਕਿਸੇ ਅੱਗੇ ਹੱਥ ਨਹੀਂ ਅੱਡੇਗਾ। ਜਿਸ ਕਾਰਨ ਪ੍ਰਸ਼ਾਸਨ ਨਾਲ ਮਿਲੀਭੁਗਤ ਤਹਿਤ ਕੰਮ ਰੋਕਿਆ ਜਾਂਦਾ ਹੈ ਤੇ ਕੀਤੇ ਕੰਮ ਦੇ ਪੈਸੇ ਨਹੀਂ ਦਿੱਤੇ ਜਾਂਦੇ। ਅਮਨਦੀਪ ਹਾਂਸ ਦੀ ਇਹ ਪੁਸਤਕ ਕਿਤਾਬ ਅੰਦਰਲੇ ਜੀਵਨ ਬਿਰਤਾਂਤਾਂ ਰਾਹੀਂ ਉਕਤ ਮਸਲਿਆਂ ਤੇ ਹੀ ਉਂਗਲ ਰੱਖਦੀ। ਕਿਤਾਬ ਚ ਨਸ਼ੇ ਦਾ ਮਸਲਾ ਵੀ ਮੁੱਖ ਰੂਪ ਚ ਉਭਰਕੇ ਸਾਹਮਣੇ ਆਉਂਦਾ ਹੈ ਕਿਵੇਂ ਨਸ਼ੇ ਨੇ ਮਜ਼ਦੂਰ ਘਰਾਂ ਦੀ ਬਰਬਾਦੀ ਕਰ ਕੇ ਰੱਖ ਦਿੱਤੀ। ਨਸ਼ੇ ਪੰਜਾਬ ਅੰਦਰ ਜਵਾਨੀ ਨੂੰ ਨਸ਼ੇੜੀ ਬਣਾ ਰਹੇ ਹਨ ਨਸ਼ਿਆਂ ਦੇ ਕਾਲੇ ਕਾਰੋਬਾਰੀਆਂ ਨੂੰ ਸਿੱਧੇ ਰੂਪ ਵਿੱਚ ਸਿਆਸੀ ਤੇ ਪ੍ਰਸ਼ਾਨਿਕ ਸਰਪ੍ਰਸਤੀ ਹਾਸਿਲ ਹੈ। ਕਿਤਾਬ ਦੇ ਕਈ ਜੀਵਨ ਬਿਰਤਾਂਤ ਜਿਵੇਂ ਸੱਤਰ ਅੱਸੀ ਸਾਲਾਂ ਦੇ ਬਜ਼ੁਰਗਾਂ ਦਾ ਆਰਾਮ ਦੇ ਵਕਤ ਵੀ ਦਿਹਾੜੀ ਕਰਨੀ, ਬੱਚਿਆਂ ਦੇ ਪੜ੍ਹਾਈ ਦੇ ਟੁੱਟਦੇ ਸੁਪਨੇ, ਕਿਰਤ ਦੀ ਲੁੱਟ ਆਦਿ ਬਿਰਤਾਂਤ ਦਿਲ ਨੂੰ ਝੰਜੋੜਦੇ ਹਨ, ਕਾਮਰੇਡ ਬਿੰਦੂ, ਪਿੰਦਰ ਬਾਈ, ਬੂਟਾ ਸਿੰਘ, ਨਿਲਮਲ ਤੇ ਨਵਨੀਤ ਆਦਿ ਦੇ ਮਾੜੀਆਂ ਸਮਾਜਿਕ ਹਾਲਤਾਂ ਪੂਰੇ ਆਸ਼ਾਵਾਦੀ ਹਨ। ਉਥੇ ਬਿਨਾਂ ਖੰਭਾਂ ਤੋਂ ਪਰਵਾਜ਼ ਭਰਨ ਵਾਲੀ ਪਰਮਿੰਦਰ ਕੌਰ ਸਰੀਰਕ ਅਸਮੱਰਥਾ ਦੇ ਬਾਵਜੂਦ ਤੇ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਜਿਵੇਂ ਘਰ ਬੈਠ ਕੇ ਹੀ ਐਮ ਏ ਬੀ ਐਡ ਦੀ ਪੜ੍ਹਾਈ ਕਰਕੇ ਆਪਣੇ ਪੈਰਾਂ ਸਿਰ ਹੋ ਆਪਣੇ ਸਕੂਲ ਚਲਾਉਂਦੀ ਹੈ ਗਰੀਬਾਂ ਲਈ ਮੱਦਦਗਾਰ ਬਣਦੀ ਹੈ। ਆਪਣੇ ਕੰਮ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਨਾਲ ਆਪਣੇ ਆਪ ਨੂੰ ਜੋੜੀ ਰੱਖਦੀ ਹੈ ਯਕੀਨਨ ਜ਼ਿੰਦਗੀ ਜੀਣ ਦੀ ਉਮੀਦ ਪੈਦਾ ਕਰਦੀ ਹੈ। ਕਿਤਾਬ 'ਚ ਲੇਖਿਕਾ ਦੇ ਕੋਮਲ ਤੇ ਸੰਵੇਦਨਸ਼ੀਲ ਭਾਵਨਾਵਾਂ ਕਈ ਵਾਰ ਪ੍ਰਗਟ ਹੁੰਦੀਆਂ ਹਨ। ਇੱਕ ਵਾਰ ਤਾਂ ਜਦ ਉਹ ਅੰਮ੍ਰਿਤਸਰ ਦੇ ਇਕ ਪਿੰਡ ਜੇਠੂਵਾਲ ਜਾਂਦੀ ਹੈ ਤਾਂ ਨਿਰਮਲ ਤੇ ਨਵਨੀਤ ਕੌਰ ਦੇ ਪਰਿਵਾਰ ਦੀ ਹਾਲਤ ਵੇਖ ਭਾਵੁਕ ਹੋ ਉਨ੍ਹਾਂ ਰੰਗਲਾ ਪੰਜਾਬ ਦੀ ਟੀਮ ਵਲੋਂ ਆਰਥਿਕ ਮੱਦਦ ਕਰਦੀ ਹੈ।

ਪੇਸ਼ੇ ਵਜੋਂ ਪੱਤਰਕਾਰ ਅਮਨਦੀਪ ਜਿਥੇ ਅੱਜ ਪੀਲੀ ਪੱਤਰਕਾਰੀ ਦੇ ਦੌਰ ਵਿੱਚ ਵੀ ਆਪਣੇ ਫਰਜ਼ ਨੂੰ ਡਟ ਕੇ ਨਿਭਾ ਰਹੀ ਹੈ ਉੱਥੇ ਆਪਣੀ ਭੂਮਿਕਾ ਚ ਹੀ ਵਿਕਾਊ ਮੀਡੀਆ ਨੂੰ ਕਟਹਿਰੇ 'ਚ ਵੀ ਖੜ੍ਹਾ ਕਰ ਦੀ ਹੈ। ਮਾਝੇ ਦੁਆਬੇ ਦੇ ਪਿੰਡਾਂ ਦੇ ਮਜ਼ਦੂਰਾਂ ਤੇ ਗਰੀਬਾਂ ਦੇ ਇਸ ਜੀਵਨ ਬਿਰਤਾਂਤ ਨੂੰ ਬਿਆਨ ਕਰਦੀ ਇਹ ਕਿਤਾਬ 5ਆਬ ਪ੍ਰਕਾਸ਼ਨ ਜਲੰਧਰ ਨੇ ਹੈ ਛਾਪੀ ਹੈ। ਇੱਕ ਸੌ ਅੱਠ ਪੇਜ਼ਾਂ ਵਾਲੀ ਛੋਟੀ ਜਹੀ ਪੁਸਤਕ ਬਹੁਤ ਵੱਡੇ ਸਵਾਲ ਖੜ੍ਹੇ ਕਰਦੀ ਹੈ ਤੇ ਪੰਜਾਬ ਅੰਦਰ ਗਰੀਬ ਸਮਾਜ ਦੀ ਅਸਲੀ ਸਥਿਤੀ ਦਾ ਵਿਖਿਆਨ ਕਰਦੀ ਹੈ। ਉਮੀਦ ਹੈ ਭਵਿੱਖ ਵਿਚ ਵੀ ਅਮਨਦੀਪ ਹਾਂਸ ਹੋਰ ਵੀ ਆਪਣੀ ਕਲਮ ਦਾ ਸਫਰ ਮਜ਼ਬੂਤੀ ਨਾਲ ਜਾਰੀ ਰੱਖੇਗੀ। ਆਮੀਨ!

**ਹਰਭਗਵਾਨ ਭੀਖੀ**
987689612

# ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਅਪੀਲ

ਕਰੋਨਾ ਵਾਇਰਸ ਦਾ ਕਹਿਰ: ਆਓ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕਰੀਏ:-

1. ਕਰੋਨਾ ਸੰਕਟ ਕਾਰਣ ਉਪਜੀ ਹਾਲਤ ਵਿੱਚ ਲੋਕਾਂ ਦੀ ਸਮਸਿਆਵਾਂ ਸੁਨਣ ਲਈ ਪ੍ਰਸ਼ਾਸਨ ਨੋਡਲ ਅਧਿਕਾਰੀ ਤੈਅ ਕਰੇ। ਜਨਤਾ ਦੀ ਸੁਣਵਾਈ ਲਈ ਐਮਰਜੰਸੀ ਫੋਨ ਸੇਵਾਵਾਂ ਅਤੇ ਪ੍ਰਸ਼ਾਸਨਿਕ ਕਾਊਂਟਰ ਉਪਲਬਧ ਕਰਾਏ ਜਾਣ ਤੇ ਇਹਨਾਂ ਦਾ ਕੰਮ ਕਰਨਾ ਯਕੀਨੀ ਬਣਾਇਆ ਜਾਵੇ।

2. ਲੋਕਾਂ ਨੂੰ ਮਾਸਕ, ਸੈਨੇਟਾਇਜਰ ਅਤੇ ਸਾਫ ਪਾਣੀ ਮੁਫਤ ਉਪਲਬਧ ਕਰਵਾਇਆ ਜਾਵੇ।

3. ਜਨਤਕ ਖੇਤਰ ਦੇ ਸਾਰੇ ਸਰਕਾਰੀ ਹਸਪਤਾਲਾਂ ਅਤੇ ਪੇਂਡੂ ਸਿਹਤ -ਕੇਂਦਰਾਂ ਵਿੱਚ ਬੰਦ ਕੀਤੀ ਹੋਈ ਓਪੀਡੀ ਸੇਵਾ ਖੋਲ੍ਹੀ ਜਾਵੇ ਤਾਂ ਕਿ ਲੋਕ ਸਿਹਤ ਸਹੂਲਤਾਂ ਦਾ ਫਾਇਦਾ ਉਠਾ ਸਕਣ।

4. ਸਰਕਾਰੀ ਮੈਡੀਕਲ ਸਟਾਫ ਪਾਸ ਆਪਣੇ ਵਾਸਤੇ ਵੀ ਸੈਨੇਟਾਈਜ਼ਰ, ਮਾਸਕ ਤੱਕ ਉਪਲਬਧ ਨਹੀਂ ਹਨ। ਉਹਨਾਂ 'ਚ ਅਸੁਰੱਖਿਆ ਦਾ ਮਹੌਲ ਹੈ। ਸਾਰੇ ਮੈਡੀਕਲ ਸਟਾਫ, ਸ਼ਹਿਰਾਂ ਅੰਦਰ ਕੂੜਾ ਢੋਹਣ ਵਾਲੇ ਸਫਾਈ ਸੇਵਕਾਂ ਅਤੇ ਲੋੜੀਂਦੀਆਂ ਸੇਵਾਵਾਂ ਦੇ ਰਹੇ ਸਾਰੇ ਮੁਲਾਜਮਾਂ ਨੂੰ ਕਰੋਨਾ ਤੋਂ ਬਚਾਅ ਦੀ ਸਾਰੀ ਕਿੱਟ ਮੁਫਤ ਤੇ ਫੌਰੀ ਮੁਹਈਆ ਕਰਵਾਈ ਜਾਵੇ।

5. ਕਰੋਨਾ ਦਾ ਇਲਾਜ ਕਰਨ ਦੌਰਾਨ ਇਸਦਾ ਸ਼ਿਕਾਰ ਹੋਣ ਵਾਲੇ ਮੈਡੀਕਲ ਸਟਾਫ ਲਈ ਵੱਡੇ ਮੁਆਵਜੇ ਦਾ ਪ੍ਰਬੰਧ ਕੀਤਾ ਜਾਵੇ।

6. ਕੇਂਦਰ ਤੇ ਸੂਬਾਈ ਸਰਕਾਰ ਵਲੋਂ ਐਮਰਜੰਸੀ ਫੰਡ ਜੁਟਾ ਕੇ ਸਿਹਤ ਖੇਤਰ ਵਾਸਤੇ ਬਜਟ ਰਾਸ਼ੀ ਦਾ ਹਿਸਾ ਘਟੋ ਘਟ, ਵਧੀਆ ਪ੍ਰਬੰਧ ਵਾਲੇ ਮੁਲਕਾਂ ਬਰਾਬਰ 6% ਕੀਤਾ ਜਾਵੇ।

7. ਫੌਰੀ ਤੌਰ ਤੇ ਮੈਡੀਕਲ ਸਟਾਫ ਦੀ ਸਰਕਾਰੀ ਭਰਤੀ ਕੀਤੀ ਜਾਵੇ। ਰਿਟਾਇਰਡ ਸਟਾਫ ਦੀਆਂ ਸੇਵਾਵਾਂ ਲਈਆਂ ਜਾਣ।

8. ਐਮਰਜੰਸੀ ਤਾਕਤਾਂ ਦੀ ਵਰਤੋਂ ਕਰਕੇ, ਨਿਜੀ ਮੈਡੀਕਲ ਖੇਤਰ ਨੂੰ ਸਰਕਾਰੀ ਪ੍ਰਬੰਧ ਅਧੀਨ ਲਿਆ ਕੇ ਇਸਦੇ ਸਾਰੇ ਸਰੋਤ ਮੁਫਤ ਇਸ ਮਹਾਮਾਰੀ ਨਾਲ ਸਿੱਝਣ ਲਈ ਵਰਤੇ ਜਾਣ।

9. ਕਰੋਨਾ ਨਾਲ ਸਿਝਣ ਵਾਸਤੇ ਇਸਦੀ ਟੈਸਟਿੰਗ ਮੁਫਤ ਕੀਤੀ ਜਾਵੇ। ਗੰਭੀਰ ਹਾਲਤ ਨਾਲ ਨਜਿਠਣ ਵਾਸਤੇ ਵੈਂਟੀਲੇਟਰਾਂ, ਏਕਾਂਤ ਕੇਂਦਰਾਂ, ਏਕਾਂਤ ਬਕਸਿਆਂ ਤੇ ਹੋਰ ਮੈਡੀਕਲ ਸਾਜੋ ਸਮਾਨ ਦਾ ਸਰਕਾਰੀ ਖੇਤਰ ਅੰਦਰ ਬੰਦੋਬਸਤ ਕੀਤਾ ਜਾਵੇ।

10. ਦਵਾਈਆਂ ਸਮੇਤ ਜਰੂਰੀ ਵਸਤਾਂ ਦੀ ਕਾਲਾ ਬਾਜਾਰੀ ਤੇ ਜ਼ਖੀਰੇਬਾਜ਼ੀ ਰੋਕੀ ਜਾਵੇ।

11. ਸ਼ਹਿਰਾਂ/ਨਗਰਾਂ/ਪਿੰਡਾਂ ਅੰਦਰ ਸਫਾਈ ਮੁਹਿੰਮ ਜੰਗੀ ਪੱਧਰ ਤੇ ਚਲਾਈ ਜਾਵੇ।

12. ਏਕਾਂਤਵਾਸ ਦੇ ਕਦਮਾਂ ਨੂੰ ਹਕੀਕਤ ਤੌਰ ਤੇ ਲਾਗੂ ਹੋਣਯੋਗ ਬਨਾਉਣ ਲਈ ਸਰਕਾਰੀ ਵੰਡ ਪ੍ਰਣਾਲੀ 'ਚ ਐਮਰਜੰਸੀ ਫੰਡ ਜੁਟਾ ਕੇ ਮਿਹਨਤਕਸ਼ ਜਨਤਾ, ਮਜ਼ਦੂਰਾਂ, ਡਰਾਇਵਰਾਂ, ਰੇੜ੍ਹੀ ਫੜ੍ਹੀ ਵਾਲਿਆਂ ਤੇ ਦਿਹਾੜੀਦਾਰਾਂ ਲਈ ਰੋਟੀ ਰੋਜ਼ੀ ਤੇ ਰਾਸ਼ਨ ਦਾ ਪ੍ਰਬੰਧ ਕੀਤਾ ਜਾਵੇ।

13. ਕਰੋਨਾ ਵਾਇਰਸ ਦੀ ਬਿਮਾਰੀ ਨਾਲ ਮਰਨ ਵਾਲੇ ਲੋਕਾਂ ਲਈ ਢੁੱਕਵਾਂ ਮੁਆਵਜਾ ਦਿੱਤਾ ਜਾਵੇ।

14. ਕਰੋਨਾ ਵਾਇਰਸ ਦੇ ਪ੍ਰਕੋਪ ਬਾਰੇ ਹਕੀਕੀ ਵਿਗਿਆਨਕ ਜਾਣਕਾਰੀ ਜਨਤਾ ਨੂੰ ਦੇਣਾ ਯਕੀਨੀ ਕੀਤਾ ਜਾਵੇ ਅਤੇ ਇਸਦੀ ਦਹਿਸ਼ਤ ਸਿਰਜ ਕੇ ਨਿੱਜੀ ਖੇਤਰ ਵਲੋਂ ਮੁਨਾਫਾਖੋਰੀ ਕਰਨ ਦੀ ਸਥਿਤੀ ਤੇ ਨੱਥ ਪਾਈ ਜਾਵੇ।

15. ਕਰੋਨਾ ਵਾਇਰਸ ਨੂੰ ਨਜਿਠਣ ਦੇ ਨਾਂ ਥੱਲੇ ਰੇਲਵੇ ਟਿਕਟਾਂ ਦਾ ਭਾੜਾ ਵਧਾਉਣ ਤੇ ਹੋਰ ਨਿਜੀਕਰਨ ਦੇ ਕਦਮ ਮੜ੍ਹਨ ਦੀ ਨੀਤੀ ਰੱਦ ਕੀਤੀ ਜਾਵੇ।

ਜਨਤਕ ਜਥੇਬੰਦੀਆਂ, ਜਨ-ਭਲਾਈ ਤੇ ਲੋਕ ਸੇਵਾ ਸੰਗਠਨਾ ਨੂੰ ਅਪੀਲ,

ਸੰਸਾਰ ਸਿਹਤ ਸੰਸਥਾ (ਰੁ8+), ਕੌਮੀ ਤੇ ਕੌਮਾਂਤਰੀ ਸੰਸਥਾਵਾਂ/ਸਰਕਾਰਾਂ ਵਲੋਂ ਕਰੋਨਾ ਨੂੰ ਇਕ ਮਹਾਂਮਾਰੀ ਐਲਾਨਿਆ ਗਿਆ ਹੈ ਅਤੇ ਭਾਰਤ ਅੰਦਰ ਇਸਦਾ ਗਹਿਰਾ ਅਸਰ ਹੋਣ ਦੇ ਖਦਸ਼ੇ ਪ੍ਰਗਟਾਏ ਗਏ ਹਨ। ਭਾਰਤ ਅੰਦਰ ਸਿਹਤ ਸੇਵਾਵਾਂ ਦਾ ਜਨਤਕ ਖੇਤਰ ਅਜਿਹੀ ਸੰਕਟਮਈ ਮੈਡੀਕਲ ਹਾਲਤ ਨੂੰ ਨਜਿਠਣ ਲਈ ਪੂਰੀ ਤਰ੍ਹਾਂ ਨਕਾਫੀ ਹੈ ਅਤੇ ਨਿਜੀਕਰਨ ਦੀਆਂ ਨੀਤੀਆਂ ਨੇ ਰਹੀ ਸਹੀ ਕਸਰ ਵੀ ਕੱਢ ਦਿਤੀ ਹੋਈ ਹੈ। ਦੂਸਰੇ ਪਾਸੇ ਨਿਜੀ ਖੇਤਰ ਨੇ ਪਹਿਲਾਂ ਹੀ ਇਸ ਮੌਕੇ ਨੂੰ ਹਰ ਤਰ੍ਹਾਂ ਦੀ ਮੁਨਾਫੇਖੋਰੀ ਵਾਸਤੇ ਵਰਤਣ ਦੇ ਤੌਰ ਦਿਖਾ ਦਿਤਾ ਹਨ। ਅਜਿਹੀ ਹਾਲਤ 'ਚ ਸਾਡੀ ਸਭ ਦੀ ਜੁੰਮੇਵਾਰੀ ਹੈ ਕਿ ਅਸੀਂ ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਗਹਿਰਾ ਸਰੋਕਾਰ ਦਿਖਾਈਏ। ਲੋਕਾਂ ਨੂੰ ਸਹੀ ਜਾਣਕਾਰੀ ਮੁਹਈਆ ਕਰਾ?ਣ, ਠਰੰਮਾ, ਘਬਰਾਹਟ ਤੇ ਦਹਿਸ਼ਤ ਤੋਂ ਬਾਹਰ ਆਉਣ, ਨਾਲ ਹੀ ਲੋੜੀਂਦੇ ਬਚਾਅ ਬੰਦੋਬਸਤ ਕਰਨ ਅਤੇ ਸੰਕਟ ਵਧਣ ਦੀ ਹਾਲਤ 'ਚ ਇਸ ਨੂੰ ਨਜਿਠਣ ਵਾਸਤੇ ਢੁਕਵੇਂ ਮੈਡੀਕਲ ਰਿਸਪਾਂਸ ਨੂੰ ਯਕੀਨੀ ਕਰਨ ਲਈ ਸਭ ਹੰਭਲਾ ਮਾਰੀਏ।

ਜਨਤਕ ਸੰਗਠਨ ਪ੍ਰਸ਼ਾਸਨ ਅਤੇ ਸਰਕਾਰ ਤੋਂ ਕੌਮਾਂਤਰੀ ਤਜਰਬੇ ਦੇ ਮਦੇਨਜਰ ਹਕੀਕੀ ਪ੍ਰਬੰਧ ਜੁਟਾਉਣ ਲਈ ਮੰਗ ਕਰਨ, ਲੋਕ ਰਾਇ ਜਟਾਉਣ ਅਤੇ ਦਬਾਅ ਬਨਾਉਣ ਲਈ ਅੱਗੇ ਆਉਣ। ਲੋਕ-ਸੇਵਾ ਸੰਗਠਨ ਆਪਣੇ ਸਰੋਤ ਜੁਟਾ ਕੇ ਸੈਨੇਟਾਈਜਰ, ਮਾਸਕ, ਰਾਸ਼ਨ ਵਗੈਰਾ ਦੀ ਲੋੜਵੰਦਾ ਤੱਕ ਰਸਾਈ ਲਈ ਹੰਭਲਾ ਮਾਰਨ ਅਤੇ ਹਾਲਤ ਨਾਲ ਨਜਿਠਣ ਵਾਸਤੇ ਵਲੰਟੀਅਰ ਤਿਆਰ ਕਰਕੇ ਮੈਡੀਕਲ ਟਰੇਨਿੰਗ ਵਗੈਰਾ ਦਾ ਸੰਭਵ ਉਪਰਾਲਾ ਕਰਨ। ਲੋਕ ਹੀ ਲੋਕਾਂ ਦੀ ਦਾਰੂ ਹੁੰਦੇ ਹਨ। ਆਓ, ਇਕ ਦੂਸਰੇ ਨਾਲ ਜੁੜੇ ਰਹੀਏ। ਹਾਲਤ ਤੇ ਨਜਰ ਰੱਖੀਏ ਅਤੇ ਇਕ ਜੁੰਮੇਵਾਰ ਸ਼ਹਿਰੀ ਹੋਣ ਦੀ ਜੁੰਮੇਵਾਰੀ ਅਦਾ ਕਰਦੇ ਹੋਏ ਹਾਲਤ ਅੰਦਰ ਬਣਦੀ ਤੇ ਢੁਕਵੀਂ ਦਖਲਅਅੰਦਾਜੀ ਕਰਨ ਲਈ ਤਿਆਰ ਰਹੀਏ।

**ਵਲੋਂ: ਜਮਹੂਰੀ ਅਧਿਕਾਰ ਸਭਾ ਪੰਜਾਬ (ਇਕਾਈ ਬਠਿੰਡਾ)**
**ਬੱਗਾ ਸਿੰਘ ਪ੍ਰਧਾਨ, ਪ੍ਰਿਤਪਾਲ ਸਿੰਘ ਸਕਤਰ, ਡਾ ਅਜੀਤਪਾਲ ਸਿੰਘ (ਪ੍ਰੈਸ ਸਕਤਰ) ਸੰਪਰਕ: 9876060280**


# ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੇਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੌਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੌਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੌਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੋਂ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਸ਼ਾਂ ਤੇ ਰੇਖਾਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

**ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ**

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

**ਮਾਸਟਰ ਭਜਨ ਸਿੰਘ: 403-455-4220, ਪ੍ਰੋ: ਗੋਪਾਲ ਕਾਉਂਕੇ: 403-970-3588**

*ਇਤਿਹਾਸ ਦੇ ਸੂਹੇ ਸੰਗਰਾਮੀ ਪੰਨਿਆਂ ਤੋਂ....*

# ਤਿਭਾਗਾ : ਜਦੋਂ ਕਿਸਾਨ ਔਰਤਾਂ ਜ਼ਮੀਨਾਂ, ਬੋਹਲਾਂ ਅਤੇ ਇੱਜ਼ਤਾਂ ਦੀ ਰਾਖੀ ਲਈ ਜੂਝੀਆਂ



ਪਾਵੇਲ ਕੁੱਸਾ
62807-22965



– ਬੰਗਾਲ ਵਿੱਚ ਲੁੱਟ ਤੇ ਜਬਰ ’ਤੇ ਅਧਾਰਤ ਖੇਤੀ ਪ੍ਰਬੰਧ ਵਿਰੁੱਧ ਕਿਸਾਨਾਂ ਦਾ ਲਾ-ਮਿਸਾਲ ਜੁਝਾਰੂ ਸੰਘਰਸ਼ ਸੀ। ਉਸ ਵੇਲੇ ਤੱਕ ਬੰਗਾਲ ਦੇ ਖੇਤੀ ਖੇਤਰ ’ਚ ਦੋ ਜਮਾਤਾਂ ਸਪੱਸ਼ਟ ਰੂਪ ’ਚ ਉੱਭਰ ਆਈਆਂ ਸਨ- ਜਗੀਰਦਾਰ ਜਾਂ ਜੋਤੇਦਾਰ ਭੋਇੰ ਮਾਲਕ ਅਤੇ ਬੇਜ਼ਮੀਨੇ ਮੁਜਾਰੇ। ਜੋਤੇਦਾਰ ਆਪਣੀਆਂ ਜ਼ਮੀਨਾਂ ਮੁਜਾਰਿਆਂ ਨੂੰ ਖੇਤੀ ਕਰਨ ਲਈ ਦਿੰਦੇ ਸਨ ਅਤੇ ਇਸ ਦੇ ਇਵਜ਼ ਵਿਚ ਕੁੱਲ ਫਸਲ ਦਾ ਅੱਧ ਵਸੂਲਦੇ ਸਨ। ਇਸ ਤੋਂ ਇਲਾਵਾ ਮੁਜਾਰਿਆਂ ਨੂੰ ਜੋਤੇਦਾਰਾਂ ਦੇ ਖੇਤਾਂ ਵਿਚ ਕੰਮ ਕਰਨਾ,ਉਨ੍ਹਾਂ ਦੀਆਂ ਫਸਲਾਂ ਦੀ ਦੇਖਭਾਲ ਕਰਨੀ, ਵਿਆਹਾਂ-ਸ਼ਾਦੀਆਂ ਅਤੇ ਹੋਰ ਸਮਾਜਿਕ ਪ੍ਰੋਗਰਾਮਾਂ ਸਮੇਂ ਜਬਰੀ ਵਗਾਰ ਦੇ ਨਾਲ ਨਾਲ ਕੀਮਤੀ ਤੋਹਫੇ ਦੇਣੇ ਪੈਂਦੇ ਸਨ। ਮੁਜਾਰਿਆਂ ਦੀਆਂ ਔਰਤਾਂ ਤੋਂ ਜੋਤੇਦਾਰਾਂ ਦੇ ਘਰਾਂ ਵਿਚ ਕੰਮ ਕਰਵਾਇਆ ਜਾਂਦਾ ਸੀ ਤੇ ਉਹਨਾਂ ਦਾ ਜਿਣਸੀ ਸੋਸ਼ਣ ਵੀ ਕੀਤਾ ਜਾਂਦਾ ਸੀ। 1943’ਚ ਪਏ ਭਿਆਨਕ ਅਕਾਲ ਅਤੇ ਸੰਸਾਰ ਜੰਗ ਕਾਰਨ ਬੇਰੋਕ-ਟੋਕ ਵਧੀ ਮਹਿੰਗਾਈ ਨੇ ਗਰੀਬ ਕਿਸਾਨਾਂ ਦਾ ਕਚੂੰਮਰ ਕੱਢ ਦਿੱਤਾ ਸੀ। ਗਰੀਬੀ, ਭੁੱਖਮਰੀ, ਬਿਮਾਰੀ ਅਤੇ ਬੇਰੁਜ਼ਗਾਰੀ ਦੇ ਪੰਜਿਆਂ ’ਚ ਜਕੜੇ ਕਿਸਾਨਾਂ ਦੇ ਦੁੱਖਾਂ ਦਾ ਕੋਈ ਅੰਤ ਨਹੀਂ ਸੀ।

**ਕਿਸਾਨ ਸਭਾ ਦੀ ਸਰਗਰਮੀ** : 1946 ਵਿਚ ਬੰਗਾਲ ਦੀ ਕਿਸਾਨ ਸਭਾ ਨੇ ਪਿੰਡ ਪਿੰਡ ਮੁਜ਼ਾਹਰੇ ਕਰਕੇ ‘ਤਿਭਾਗਾ’ ਦੇ ਨਾਅਰੇ ਦੁਆਲੇ ਕਿਸਾਨਾਂ ਦੀ ਲਾਮਬੰਦੀ ਕੀਤੀ ਜਿਸਦਾ ਮਤਲਬ ਸੀ ਮੁਜਾਰਾ ਕੁੱਲ ਫਸਲ ਦਾ ਅੱਧ ਨਹੀਂ ਸਗੋਂ ਦੋ ਤਿਹਾਈ ਹਿੱਸਾ ਰਖੇਗਾ ਅਤੇ ਜੋਤੇਦਾਰ ਨੂੰ ਇੱਕ ਤਿਹਾਈ ਹਿੱਸਾ ਦਿੱਤਾ ਜਾਵੇਗਾ। ਕਿਸਾਨ ਸਭਾ ਇਹ ਮੰਗ 1930 ਵਿਆਂ ਤੋਂ ਉਠਾ ਰਹੀ ਸੀ। ਇਸੇ ਦੌਰਾਨ ਬੰਗਾਲ ਦੀ ਸਰਕਾਰ ਵੱਲੋਂ ਕਾਇਮ ਕੀਤੇ ਫਲਾਊਡ ਕਮਿਸ਼ਨ (floud commission) ਨੇ ਵੀ ਪ੍ਰਚੱਲਤ ਜੋਤੇਦਾਰ-ਮੁਜਾਰਾ ਸਬੰਧਾਂ ਨੂੰ ਲੁੱਟ ਅਤੇ ਜਬਰ ਭਰਪੂਰ ਦੱਸਿਆ ਸੀ ਅਤੇ ਇਸ ਵਿਚ ਸੁਧਾਰਾਂ ਦੀ ਲੋੜ ’ਤੇ ਜੋਰ ਦਿੱਤਾ ਸੀ।

‘ਤਿਭਾਗਾ’ ਲਹਿਰ ਨੂੰ ਤਾਕਤਵਰ ਬਨਾਉਣ ਲਈ ਅਨੇਕਾਂ ਨੌਜਵਾਨ ਕਮਿਊਨਿਸਟ ਪਿੰਡਾਂ ’ਚ ਜਾ ਕੇ ਕਿਸਾਨਾਂ ਨੂੰ ਜਥੇਬੰਦ ਕਰਨ ਦੇ ਕਾਰਜ ਵਿਚ ਜੁਟ ਗਏ। ਜੋਤੇਦਾਰ ਆਪਣੀ ਜਕੜ ਕਾਇਮ ਰੱਖਣ ਲਈ, ਮੁਜਾਰਿਆਂ ਦੀ ਸਾਰੀ ਫਸਲ, ਕਟਾਈ ਤੋਂ ਬਾਅਦ ਆਪਣੇ ਪਿੜਾਂ ਵਿਚ ਸੁਟਵਾ ਲੈਂਦੇ ਸਨ। ਦਾਣੇ ਕੱਢੇ ਜਾਣ ਤੋਂ ਬਾਅਦ ਮਨਮਰਜ਼ੀ ਨਾਲ ਆਪਣਾ ਹਿੱਸਾ ਕੱਢ ਕੇ ਬਾਕੀ ਮੁਜਾਰੇ ਨੂੰ ਦਿੰਦੇ । ਬਹੁਤੀ ਵਾਰੀ ਉਹ ਮੁਜਾਰੇ ਦਾ ਹਿੱਸਾ ਵੀ, ਇਸ ਬਹਾਨੇ ਹੇਠ ਆਪਣੇ ਭੰਡਾਰ ਵਿਚ ਜਮ੍ਹਾਂ ਕਰ ਲੈਂਦੇ ਕਿ ਜਦੋਂ ਲੋੜ ਹੋਊ ਦੇ ਦੇਵਾਂਗੇ। ਕਿਸਾਨ ਸਭਾ ਨੇ ਸਭ ਤੋਂ ਪਹਿਲਾ ਜੋਰ ਇਸ ਗੱਲ ’ਤੇ ਲਾਇਆ ਕਿ ਮੁਜਾਰੇ ਕਿਸਾਨ ਆਪਣੀਆਂ ਫਸਲਾਂ ਆਪਣੇ ਪਿੜਾਂ ਜਾਂ ਪਿੰਡ ਦੀਆਂ ਸਾਂਝੀਆਂ ਥਾਵਾਂ ’ਤੇ ਲਿਜਾ ਕੇ ਰੱਖਣ ਤਾਂ ਜੋ ਬੋਹਲਾਂ ’ਤੇ ਜੋਤੇਦਾਰਾਂ ਦੀ ਥਾਂ ਉਹਨਾਂ ਦਾ ਕਬਜ਼ਾ ਹੋਵੇ।

ਇਹ ਸੰਘਰਸ਼ ਉੱਤਰੀ ਬੰਗਾਲ ਤੋਂ ਸ਼ੁਰੂ ਹੋ ਕੇ ਹੌਲੀ ਹੌਲੀ ਸਾਰੇ ਬੰਗਾਲ ’ਚ ਫੈਲ ਗਿਆ। ਬਰਤਾਨਵੀ ਸਾਸ਼ਨ ਦੇ ਸਾਰੇ ਸਮੇਂ ਦੌਰਾਨ ਇੱਥੋਂ ਦੇ ਕਿਸਾਨਾਂ ਦਾ ਲਗਾਤਾਰ ਟਾਕਰੇ ਦਾ ਇਤਿਹਾਸ ਹੈ। ਤਿਭਾਗਾ ਸੰਘਰਸ਼ ਬਹੁਤ ਸਾਰੇ ਪੱਖਾਂ ਤੋਂ ਇਸ ਟਾਕਰੇ ਦਾ ਸਿਖਰਲਾ ਬਿੰਦੂ ਸੀ ਜਿਸ ਰਾਹੀਂ ਇਸ ਖੇਤਰ ਦੇ ਕਿਸਾਨਾਂ ਨੇ ਜੋਤੇਦਾਰਾਂ ਦੀ ਲੁੱਟ ਅਤੇ ਜਬਰ ਦਾ ਜੂਲਾ ਵਗਾਹ ਮਾਰਨ ਦਾ ਜ਼ੋਰਦਾਰ ਇਜ਼ਹਾਰ ਕੀਤਾ। ਇਸ ਸੰਘਰਸ਼ ਦੇ ਸਿਰੇ ਤੱਕ ਪਹੁੰਚਣ ਸਮੇਂ ਲੱਗਭੱਗ 60 ਲੱਖ ਲੋਕ ਇਸ ਵਿਚ ਸ਼ਾਮਲ ਸਨ।

ਕਿਸਾਨ ਸਭਾ ਦੀ ਅਗਵਾਈ ਵਿਚ ਲਾਲ ਝੰਡਿਆਂ ਅਤੇ ਡਾਂਗਾਂ ਨਾਲ ਲੈਸ ਕਿਸਾਨਾਂ ਨੇ ਅਨੇਕਾਂ ਪਿੰਡਾਂ ’ਚ ਰੈਲੀਆਂ, ਮੁਜ਼ਾਹਰੇ ਕਰਕੇ ਕਿਸਾਨਾਂ ਨੂੰ ਆਪਣਾ ਝੋਨਾ ਕੱਟ ਕੇ ਆਪਣੇ ਪਿੜਾਂ ’ਚ ਸੁੱਟਣ ਦੀ ਮੁਹਿੰਮ ਚਲਾਈ। ਇਹ ਜੋਤੇਦਾਰਾਂ ਲਈ ਖੁਲ੍ਹੀ ਚਣੌਤੀ ਸੀ, ਜਿਨ੍ਹਾਂ ਦਾ ਹੁਕਮ ਸੀ ਕਿ ਕਟਾਈ ਤੋਂ ਬਾਅਦ ਫਸਲ ਉਨ੍ਹਾਂ ਦੇ ਪਿੜਾਂ ਅਤੇ ਗੁਦਾਮਾਂ ’ਚ ਰੱਖੀ ਜਾਵੇ। ਸਾਰੇ ਉੱਤਰੀ ਬੰਗਾਲ ’ਚ ਇਹ ਲਹਿਰ ਅੱਗ ਵਾਂਗ ਫੈਲ ਗਈ।

ਮੁਢਲੀ ਕਾਮਯਾਬੀ ਤੋਂ ਬਾਅਦ ਸੰਘਰਸ਼ੀ ਕਿਸਾਨ ਮਰਦ-ਔਰਤਾਂ ਨੇ ਜਿਨ੍ਹਾਂ ’ਚ ਬਹੁਗਿਣਤੀ ਮੁਸਲਮਾਨਾਂ ਦੀ ਸੀ, ਨੇ ਵੱਡੀਆਂ ਪੁਲਾਂਘਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਸਥਾਨਕ ਜੋਤੇਦਾਰਾਂ ਦੇ ਅੰਨ-ਭੰਡਾਰਾਂ ’ਤੇ ਹਮਲੇ ਕਰਕੇ ਉੱਥੇ ਜਬਰੀ ਜਮ੍ਹਾਂ ਕਰਵਾਏ ਅੰਨ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਪਹਿਲਾਂ ਵਿਦੇਸ਼ੀ ਸਾਮਰਾਜੀ ਸਰਕਾਰ ਅਤੇ ਫਿਰ ਦੇਸੀ ਹਾਕਮਾਂ ਦੀ ਪੁਲਸ ਨੇ ਜੋਤੇਦਾਰਾਂ ਦੀ ਰਾਖੀ ਲਈ ਅਤੇ ਤਿਭਾਗਾ ਲਹਿਰ ਨੂੰ ਕੁਚਲਣ ਲਈ ਅੱਤ ਦਾ ਜਬਰ ਢਾਹਿਆ। ਗ੍ਰਿਫਤਾਰੀਆਂ ਤੋਂ ਲੈ ਕੇ ਲਾਠੀਚਾਰਜ, ਫਾਇਰਿੰਗ ਅਤੇ ਪੁਲਿਸ ਹਿਰਾਸਤ ’ਚ ਅੱਤ ਦਾ ਜਬਰ, ਝੂਠੇ ਕੇਸ ਆਦਿ ਹਰ ਹਰਬਾ ਵਰਤਿਆ ਗਿਆ। ਪਰ ਕਿਸਾਨਾਂ ਦੇ ਜਾਨ-ਹੂਲਵੇਂ ਸੰਘਰਸ਼ ਮੂਹਰੇ, ਪੇਂਡੂ ਖੇਤਰ ’ਚ ਲੁੱਟ ਅਤੇ ਜਬਰ ਦਾ ਢਾਂਚਾ ਚਰਮਰਾ ਉੱਠਿਆ। ਬਹੁਤੇ ਜੋਤੇਦਾਰ ਪਿੰਡਾਂ ’ਚੋਂ ਭੱਜ ਗਏ।

**ਔਰਤਾਂ ਦਾ ਮਹੱਤਵਪੂਰਨ ਰੋਲ** : ਇਸ ਸੰਘਰਸ਼ ਦਾ ਇੱਕ ਮਹੱਤਵਪੂਰਨ ਪੱਖ ਸੀ ਔਰਤਾਂ ਦੀ ਭਾਰੀ ਲਾਮਬੰਦੀ ਅਤੇ ਬੇਹੱਦ ਸਰਗਰਮ ਭੂਮਿਕਾ। ਦੂਰ-ਦਰਾਜ ਸਥਿੱਤ ਨੰਦੀਗਰਾਮ ਦੇ ਪਿੰਡਾਂ ’ਚ ਜਿੱਥੇ ਔਰਤਾਂ ਖੇਤਾਂ ਵਿਚ ਸੀਮਤ ਜਿਹਾ ਕੰਮ ਹੀ ਕਰਦੀਆਂ ਸਨ, ਉੱਥੇ ਵੀ ਔਰਤਾਂ ਨੇ ਤਿਭਾਗਾ ਸੰਘਰਸ਼ ਨੂੰ ਭਰਵਾਂ ਹੁੰਗਾਰਾ ਦਿੱਤਾ। ਇਨ੍ਹਾਂ ਔਰਤਾਂ ਨੇ ਬੰਗਾਲ ਦੇ ਅਕਾਲ ਦੌਰਾਨ, ਬੇਹੱਦ ਔਕੜਾਂ ਹੰਢਾਈਆਂ ਸਨ। ਅੰਨ ਦੇ ਦਾਣੇ-ਦਾਣੇ ਤੋਂ ਮੁਹਤਾਜ ਰਹੀਆਂ ਸਨ ਘਰ ’ਚ ਚੌਲਾਂ ਦਾ ਇੱਕ ਦਾਣਾ ਵੀ ਨਹੀਂ ਸੀ। ਇਨ੍ਹਾਂ ਔਰਤਾਂ ਲਈ ਤਿਭਾਗਾ ਸੰਘਰਸ਼ ਦੇ ਜ਼ੋਰ, ਆਪਣੇ ਪਿੜਾਂ ’ਚ ਚੌਲ ਕੱਢਣੇ ਅਤੇ ਆਪਣੇ ਘਰੀਂ ਭੜੋਲਿਆਂ ’ਚ ਸਾਂਭਕੇ ਰੱਖਣੇ ਇੱਕ ਇਨਕਲਾਬੀ ਅਤੇ ਜਬਰਦਸਤ ਜਜ਼ਬਾਤੀ ਹੁਲਾਰਾ ਦੇਣ ਵਾਲੀ ਘਟਨਾ ਸੀ। ਇਹੋ ਕਾਰਨ ਹੈ ਕਿ ਕਿਸਾਨ ਲਹਿਰ ਦੀ ਰਾਖੀ ਲਈ ਔਰਤਾਂ ਵੱਡੀ ਗਿਣਤੀ ’ਚ ਮੈਦਾਨ ’ਚ ਨਿੱਤਰੀਆਂ। ਦੱਖਣ ਵੱਲ ਸੁੰਦਰਬਨ ਦੇ ਜੰਗਲਾਂ ਤੋਂ ਲੈ ਕੇ ਜੈਸੂਰ ਤੋਂ ਉੱਤਰ ਵਿਚ ਦੀਨਾਜਪੁਰ ਤੱਕ ਔਰਤਾਂ ਨੇ ਪਿੰਡ ਪਿੰਡ ਨਾਰੀ-ਫੌਜ ਗਠਿਤ ਕਰ ਲਈ ਅਤੇ ਪੁਲਿਸ ਦੀਆਂ ਰਫਲਾਂ ਦਾ ਟਾਕਰਾ ਝਾੜੂਆਂ, ਚਾਕੂਆਂ ਅਤੇ ਘੋਟਣਿਆਂ ਨਾਲ ਕੀਤਾ।

ਔਰਤਾਂ ਦੀ ਸੰਘਰਸ਼ ਵਿਚ ਸ਼ਮੂਲੀਅਤ ਨਾਲ ਅਜਿਹੇ ਪਤੀਆਂ ਨੂੰ ਸੁਧਾਰਨ ਦਾ ਮਸਲਾ ਵੀ ਉੱਭਰਿਆ ਜੋ ਆਪਣੀਆਂ ਪਤਨੀਆਂ ਨੂੰ ਕੁੱਟਦੇ ਸਨ, ਬਹੁਤ ਜ਼ਿਆਦਾ ਦਾਰੂ ਪੀਂਦੇ ਸਨ ਅਤੇ ਉਨ੍ਹਾਂ ਵੱਲੋਂ ਛੋਟੇ ਮੋਟੇ ਕੰਮ-ਧੰਦੇ ਕਰਕੇ ਜਮ੍ਹਾਂ ਕੀਤੇ ਪੈਸੇ ਖੋਹ ਲੈਂਦੇ ਸਨ। ਇਹ ਗੱਲ ਸਾਫ ਸੀ ਕਿ ਮਸਲਾ ਅਸਲ ’ਚ ਔਰਤਾਂ ਦੇ ਜਮਹੂਰੀ ਹੱਕਾਂ, ਉਹਨਾਂ ਦੀ ਸਨਮਾਨ ਭਰੀ ਜਿੰਦਗੀ ਅਤੇ ਇੱਜਤ ਬਹਾਲ ਕਰਨ ਦਾ ਸੀ। ਇਹ ਮਸਲਾ ਕਿਸਾਨ ਸਭਾ ਰਾਹੀਂ ਹੁੰਦਾ ਹੋਇਆ ਕਮਿਊਨਿਸਟ ਪਾਰਟੀ ਤੱਕ ਪਹੁੰਚਿਆ। ਔਰਤਾਂ ਨੇ ਇਸ ਸੰਘਰਸ਼ ਦੌਰਾਨ ਪਿਤਰ-ਸੱਤਾ ਨੂੰ ਵੀ ਚਣੌਤੀ ਦਿੱਤੀ । ਸੰਨ 1944 ਵਿਚ ਅਤਵਾਰੀ ਪਿੰਡ ਵਿਚ ਪਾਰਟੀ ਦੇ ਦਫਤਰ ਵਿਚ ਮੈਂਬਰਾਂ ਦੀ ਇਕ ਮੀਟਿੰਗ ਹੋ ਰਹੀ ਸੀ। ਜਿਲ੍ਹਾ ਸਕੱਤਰ ਭਾਸ਼ਣ ਦੇ ਰਿਹਾ ਸੀ। ਇਸੇ ਦੌਰਾਨ ਇਕ ਸਥਾਨਕ ਕਮੇਟੀ ਮੈਂਬਰ ਦੀ ਪਤਨੀ ਨੇ ਖੜ੍ਹੇ ਹੋ ਕੇ ਉਸ ਨੂੰ ਪੁੱਛਿਆ, “ਸਾਥੀ ਜੀ ਕੀ ਪਾਰਟੀ ਦਾ ਕੋਈ ਅਜਿਹਾ ਨਿਯਮ ਹੈ ਕਿ ਪਤਨੀਆਂ ਨੂੰ ਕੁੱਟਿਆ ਜਾਵੇ? ਮੇਰੇ ਘਰ ਵਾਲਾ ਮੈਨੂੰ ਕਿਉਂ ਕੁੱਟਦਾ ਹੈ? ਮੈਨੂੰ ਇਨਸਾਫ ਚਾਹੀਦਾ ਹੈ।” ਇਸ ਦੇ ਨਤੀਜੇ ਵਜੋਂ ਪਾਰਟੀ ਨੇ ਇੱਕ ਸਰਕੂਲਰ ਜਾਰੀ ਕਰਕੇ ਮੈਂਬਰਾਂ ਵੱਲੋਂ ਪਤਨੀਆਂ ਨਾਲ ਦੁਰਵਿਹਾਰ ਕਰਨ ਦੀ ਮਨਾਹੀ ਕੀਤੀ।

ਪੇਂਡੂ ਖੇਤਰ ਦੀਆਂ ਔਰਤਾਂ ਨੂੰ ਇਸ ਸੰਘਰਸ਼ ਵਿਚ ਸ਼ਾਮਲ ਕਰਨ ਲਈ ਕੁੱਝ ਅਜਿਹੀਆਂ ਔਰਤਾਂ ਨੇ ਪਹਿਲਕਦਮੀ ਕੀਤੀ ਜਿਨ੍ਹਾਂ ਨੇ ਬੰਗਾਲ ਦੇ ਅਕਾਲ ਦੌਰਾਨ ਸ਼ਹਿਰਾਂ ਵਿਚ ਕੰਮ ਕੀਤਾ ਸੀ। ਸ਼ੁਰੂ ਵਿਚ ਔਰਤਾਂ ਸਹਾਈ ਭੂਮਿਕਾ ਨਿਭਾਉਂਦੀਆਂ ਸਨ ਜਿਵੇਂ ਫਸਲਾਂ ਦੀ ਕਟਾਈ, ਆਗੂਆਂ ਲਈ ਰੋਟੀ ਪਾਣੀ ਦਾ ਪ੍ਰਬੰਧ, ਨਿਗਰਾਨੀ ਰੱਖਣਾ ਅਤੇ ਖਤਰਾ ਭਾਂਪਦਿਆਂ ਹੀ ਸਾਵਧਾਨ ਕਰਨਾ ਆਦਿ। ਔਰਤਾਂ ਦੀ ਸਰਗਰਮੀ ਲਈ ਢੁਕਵਾਂ ਮਹੌਲ ਸਿਰਜਣ ਲਈ ਉਹਨਾਂ ਦੀਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਜਿਵੇਂ ਮੀਟਿੰਗਾਂ ਦਾ ਸਮਾਂ ਉਨ੍ਹਾਂ ਦੀ ਸਹੂਲਤ ਅਨੁਸਾਰ ਤਹਿ ਕੀਤਾ ਜਾਵੇ, ਸਰਗਰਮ ਭੂਮਿਕਾ ਲਈ ਉਹਨਾਂ ਨੂੰ ਘਰੇਲੂ ਕੰਮਾਂ ਤੋਂ ਵਿਹਲੇ ਕਰਨਾ ਅਤੇ ਘਰਾਂ ਦੇ ਅੰਦਰ ਉਨ੍ਹਾਂ ’ਤੇ ਹੋਣ ਵਾਲੇ ਅਤਿਆਚਾਰਾਂ ਬਾਰੇ ਗੰਭੀਰ ਨੋਟਿਸ ਲੈਣਾ ਆਦਿ। ਇਹ ਸਾਰੇ ਮਸਲੇ ਕਿਸਾਨ ਸਭਾ ਅਤੇ ਕਮਿਊਨਿਸਟ ਪਾਰਟੀ ਵਿਚ ਉਭਾਰੇ ਗਏ।

**ਖ਼ੂਨੀ ਝੜੱਪਾਂ ਵਿਚ ਵੀ ਔਰਤਾਂ ਮੋਹਰੀ** : ਜਲਪਾਏਗੁੜੀ ਜਿਲ੍ਹੇ ਵਿਚ ‘ਤਿਭਾਗਾ’ ਲਾਗੂ ਕੀਤੇ ਜਾਣ ਦੀ ਪਹਿਲੀ ਖਬਰ ਨਵੰਬਰ 1946 ’ਚ ਆਈ। ਦੇਬੀਗੰਜ ਥਾਣੇ ਦੇ ਪਿੰਡ ਸੁੰਦਰਡਿੱਗੀ ਦੇ ਇਕ ਵੱਡੇ ਜੋਤੇਦਾਰ ਨੂੰ ਪਹਿਲੋਂ ਹੀ ਇਸਦੀ ਜਾਣਕਾਰੀ ਮਿਲ ਗਈ ਸੀ। ਉਸ ਦੇ ਗੁੰਡਿਆਂ ਨੇ ਕਿਸਾਨ ਆਗੂਆਂ ’ਤੇ ਹਮਲਾ ਕਰਕੇ ਉਹਨਾਂ ਨੂੰ ਜ਼ਖਮੀ ਕਰਕੇ ਪੁਲਸ ਕੋਲ ਫੜਾ ਦਿੱਤਾ। ਇਸ ਨਾਲ ਲੋਕਾਂ ਦਾ ਗੁੱਸਾ ਹੋਰ ਭੜਕ ਉਠਿਆ। ਅਗਲੇ ਦਿਨ ਇਸ ਮਸਲੇ ਸਬੰਧੀ ਕਿਸਾਨਾਂ ਨੇ ਮੀਟਿੰਗ ਕੀਤੀ। ਹਰ ਤਰ੍ਹਾਂ ਦੀ ਨਿਰਾਸ਼ਤਾ ਨਕਾਰਦਿਆਂ ਇਕ ਔਰਤ ਆਗੂ ਨੇ ਸੁਝਾਅ ਦਿੱਤਾ ਕਿ ਹੁਣ ਪਿੱਛੇ ਨਹੀਂ ਮੁੜਿਆ ਜਾਵੇਗਾ ਅਤੇ ਹਰ ਹਾਲਤ ਵਿਚ ਜੋਤੇਦਾਰ ਦੀ ਜ਼ਮੀਨ ’ਤੇ ‘ਤਿਭਾਗਾ’ ਲਾਗੂ ਕੀਤਾ ਜਾਵੇ । ਇਸ ਨਾਲ ਗਰੀਬ ਕਿਸਾਨਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ। ਅਗਲੇ ਪਿੰਡ ਦੇ 200 ਤੋਂ ਵੱਧ ਕਿਸਾਨ ਮਰਦ ਅਤੇ ਔਰਤਾਂ, ਰਵਾਇਤੀ ਹਥਿਆਰਾਂ ਅਤੇ ਲਾਲ ਝੰਡਿਆਂ ਨਾਲ ਲੈਸ ਹੋ ਕੇ ਖੇਤਾਂ ਵਿਚ ਜਾ ਵੜੇ ਅਤੇ ਫਸਲ ਦੀ ਕਟਾਈ ਕਰਕੇ ਉਸ ਨੂੰ ਜੋਤੇਦਾਰਾਂ ਦੇ ਪਿੜਾਂ ਦੀ ਥਾਂ ਪਿੰਡ ਦੀ ਸਾਂਝੀ ਥਾਂ ’ਚ ਲਿਆ ਸੁੱਟੀ। ਲੋਕ ਰੋਹ ਤੋਂ ਡਰਦੇ ਜੋਤੇਦਾਰ ਦੇ ਗੁੰਡੇ ਉਥੇ ਫੜਕੇ ਵੀ ਨਹੀਂ। ਇਸ ਸੰਘਰਸ਼ ਦੀ ਇਹ ਵੱਡੀ ਜਿੱਤ ਸੀ।

ਚਾਰੂ ਮਾਜ਼ੂਮਦਾਰ ਇਸ ਸੰਘਰਸ਼ ਦਾ ਮਹੱਤਵਪੂਰਨ ਆਗੂ ਸੀ। ਉਸ ਦੀ ਅਗਵਾਈ ’ਚ ਜਲਪਾਏਗੁੜੀ ਜਿਲ੍ਹੇ ਦੇ ਅਨੇਕਾਂ ਪਿੰਡਾਂ ’ਚ ਸਾਂਝੇ ਤੌਰ ’ਤੇ ਝੋਨਾ ਵੱਢ ਕੇ ਪਿੰਡਾਂ ਦੀਆਂ ਸਾਂਝੀਆਂ ਥਾਵਾਂ ’ਤੇ ਢੇਰ ਕਰ ਦਿੱਤਾ ਗਿਆ। ਜੋਤੇਦਾਰਾਂ ਨੂੰ ਆਪਣਾ ਇੱਕ-ਤਿਹਾਈ ਹਿੱਸਾ ਲੈ ਜਾਣ ਲਈ ਸੁਨੇਹਾ ਭੇਜ ਦਿੱਤਾ ਅਤੇ ਪੁਲਸ ਨੂੰ ਵੀ ਸੂਚਿਤ ਕਰ ਦਿੱਤਾ। ਪਰ ਨਾ ਤਾਂ ਪੁਲਸ ਆਈ ਤੇ ਨਾ ਹੀ ਜੋਤੇਦਾਰ। ਔਰਤਾਂ ’ਚ ਆਪਣੇ ਹੱਕਾਂ ਪ੍ਰਤੀ ਆਈ ਜਾਗਰਤੀ ਕਾਰਨ ਹੀ ਕਿਸਾਨ ਸਭਾ ਦੇ ਆਗੂਆਂ ਦੀਆਂ ਪਤਨੀਆਂ ਅਤੇ ਪ੍ਰਵਾਰ ਮੈਂਬਰ ਇਸ ਸੰਘਰਸ਼ ’ਚ ਜੁਟ ਗਏ। ਪ੍ਰਵਾਰਾਂ ਦੀਆਂ ਔਰਤਾਂ ਮੀਟਿੰਗਾਂ ਅਤੇ ਮੁਜਾਹਰਿਆਂ ’ਚ ਹਿੱਸਾ ਲੈਂਦੀਆਂ, ਝੋਨਾ ਕਟਦੀਆਂ ਅਤੇ ਕਢਦੀਆਂ ਅਤੇ ਪੁਲਸ ਦਾ ਟਾਕਰਾ ਵੀ ਕਰਦੀਆਂ। ਇਕ ਵਾਰ ਜਦੋਂ ਪੁਲਸ ਕਿਸਾਨ ਸਭਾ ਦੇ ਆਗੂ ਬੀਰੇਨਪਾਲ ਅਤੇ ਹੋਰਾਂ ਨੂੰ ਗ੍ਰਿਫਤਾਰ ਕਰਨ ਲਈ ਆ ਧਮਕੀ ਤਾਂ ਤਿਲਕਤਾਰਨੀ ਨਾਂ ਦੀ ਇੱਕ ਔਰਤ ਬੰਟੀ (ਮੱਛੀਆਂ ਕੱਟਣ ਵਾਲਾ ਤੇਜ਼ ਹਥਿਆਰ) ਤਾਣ ਕੇ ਪੁਲਸ ਮੂਹਰੇ ਖੜ੍ਹੀ ਹੋ ਗਈ। ਇਸੇ ਦੌਰਾਨ ਕਿਸਾਨ ਆਗੂ ਦੂਜੇ ਪਾਸਿਉਂ ਲਾਗਲੇ ਪਿੰਡ ਨਿੱਕਲ ਗਏ। ਬਹੁਤ ਸਾਰੀਆਂ ਹੋਰ ਥਾਵਾਂ ’ਤੇ ਵੀ ਔਰਤਾਂ ਨੇ ਝਾੜੂਆਂ, ਦਾਤੀਆਂ ਅਤੇ ਬੰਟੀਆਂ ਲੈ ਕੇ ਹਥਿਆਰਬੰਦ ਪੁਲਸ ਦਾ ਸਾਹਮਣਾ ਕਰਕੇ ਉਸ ਨੂੰ ਭਜਾਇਆ।

ਇਸ ਲਹਿਰ ਦੇ ਵਧਦੇ ਵੇਗ ਨੂੰ ਠੱਲ੍ਹ ਪਾਉਣ ਲਈ ਬੰਗਾਲ ਦੀ ਸਰਕਾਰ ਨੇ ਜੋਤੇਦਾਰਾਂ ਅਤੇ ਮੁਜਾਰਿਆਂ ਦੇ ਸਬੰਧਾਂ ਬਾਰੇ ‘ਬਰਗਦਾਰ ਬਿੱਲ’ ਲਿਆਂਦਾ ਜਿਸ ਦਾ ਮਕਸਦ ਇਹਨਾਂ ਸਬੰਧਾਂ ਨੂੰ ਤਰਕਸੰਗਤ ਬਣਾਉਣਾ ਦੱਸਿਆ ਗਿਆ। ਇਸ ਬਿੱਲ ਨੇ ਤਿਭਾਗਾ ਲਹਿਰ ਨੂੰ ਹੋਰ ਹੁਲਾਰਾ ਦਿੱਤਾ ਅਤੇ ਇਹ ਉਨ੍ਹਾਂ ਇਲਾਕਿਆਂ ਵਿਚ ਵੀ ਫੈਲ ਗਈ ਜਿੱਥੇ ਕਿਸਾਨ ਸਭਾ ਦੀ ਪਹਿਲਾਂ ਕੋਈ ਗਿਣਨਯੋਗ ਸਰਗਰਮੀ ਨਹੀਂ ਸੀ। ਖਰੀਜਾ, ਬੇਰੂਬਾੜੀ, ਦੇਵੀਗੰਜ ਅਤੇ ਪਾਚਾਗੜ੍ਹ ਪਿੰਡਾਂ ਦੇ ਲੋਕਾਂ ਨੇ ਆਪਮੁਹਾਰੇ ‘ਖਲਿਹਾਣ ਭੰਗ ਅੰਦੋਲਨ’ ਸ਼ੁਰੂ ਕਰ ਦਿੱਤਾ ਜਿਸ ਦਾ ਮਕਸਦ ਜੋਤੇਦਾਰਾਂ ਦੇ ਪਿੜਾਂ ’ਚ ਪਹਿਲਾਂ ਰੱਖਿਆ ਮੁਜਾਰਿਆਂ ਦਾ ਝੋਨਾ ਉਨ੍ਹਾਂ ਦੇ ਪਿੜਾਂ ’ਚੋਂ ਚੱਕ ਕੇ ਲਿਆਉਣਾ ਸੀ। ਸਰਕਾਰ ਨੇ ਜੋਤੇਦਾਰਾਂ ਦੇ ਦਬਾਅ ਹੇਠ ਭਾਰੀ ਗਿਣਤੀ ’ਚ ਪੁਲਸ ਤਾਇਨਾਤ ਕਰ ਦਿੱਤੀ। ਪਹਿਲੀ ਮਾਰਚ 1947 ਨੂੰ ਬਾਰਾਂਡਿੱਗੀ ਪਿੰਡ ਕੋਲ ਬਹੁਤ ਸਾਰੇ ਕਿਸਾਨ ਅਤੇ ਚਾਹ ਬਾਗਾਂ ਦੇ ਕਾਮੇ ਤੀਰ ਕਮਾਨ ਅਤੇ ਬਰਛੇ ਲੈ ਕੇ ਇਕ ਜੋਤੇਦਾਰ ਦੇ ਪਿੜ ਵਿਚ ਆ ਵੜੇ। ਹਥਿਆਰਬੰਦ ਪੁਲਸ ਦੀ ਇਕ ਟੁਕੜੀ ਉਥੇ ਪਹਿਲਾਂ ਹੀ ਮੌਜੂਦ ਸੀ। ਝੜੱਪ ਦੌਰਾਨ ਕਿਸਾਨਾਂ ਨੇ ਪੁਲਸ ਤੋਂ ਕੁੱਝ ਬੰਦੂਕਾਂ ਖੋਹ ਲਈਆਂ। ਪੁਲਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਜਿਸ ਨਾਲ 5 ਕਿਸਾਨ ਸ਼ਹੀਦ ਹੋ ਗਏ ਜਿਨ੍ਹਾਂ ਵਿਚ ਇੱਕ ਔਰਤ ਵੀ ਸੀ। ਨੇੜੇ ਹੀ ਰੇਲਵੇ ਕਾਮਿਆਂ ਦੀ ਇਕ ਮੀਟਿੰਗ ਹੋ ਰਹੀ ਸੀ। ਸੂਚਨਾ ਮਿਲਦਿਆਂ ਹੀ ਉਨ੍ਹਾਂ ਨੇ ਮੌਕੇ ’ਤੇ ਪਹੁੰਚ ਕੇ ਜਖਮੀਆਂ ਨੂੰ ਹਸਪਤਾਲਾਂ ਵਿਚ ਪਹੁੰਚਾਇਆ ਅਤੇ ਲਾਸ਼ਾਂ ਨੂੰ ਸਾਂਭ ਕੇ ਕਿਸਾਨਾਂ ਨਾਲ ਇਕਮੁੱਠਤਾ ਦਾ ਇਜ਼ਹਾਰ ਕੀਤਾ।

4 ਅਪ੍ਰੈਲ 1947 ਮਹਾਂਬਾੜੀ ਪਿੰਡ ਵਿਚ ਪੁਲਸ ਨੇ ਅੰਨ੍ਹੇਵਾਹ ਫਾਇਰਿੰਗ ਕਰਕੇ 13 ਕਿਸਾਨਾਂ ਅਤੇ ਚਾਹ ਬਾਗਾਂ ਦੇ ਕਾਮਿਆਂ ਨੂੰ ਸ਼ਹੀਦ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਪੁਲਸ ਦਾ ਜਬਰ ਹੋਰ ਤਿੱਖਾ ਹੋ ਗਿਆ। ਫਰਵਰੀ 1947 ਤੱਕ 11 ਥਾਣਿਆਂ ਦੇ ਇਲਾਕਿਆਂ ’ਚ ਦਫਾ 144 ਲਾਗੂ ਕਰ ਦਿੱਤੀ ਗਈ। ਲਗਭਗ 1000 ਲੋਕਾਂ ’ਤੇ ਝੂਠੇ ਕੇਸ ਪਾ ਦਿੱਤੇ ਗਏ। ਲਗਭਗ 200 ਕਿਸਾਨ ਮਜ਼ਦੂਰ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਅਤੇ 250 ਹੋਰ ਆਗੂਆਂ ਦੇ ਵਰੰਟ ਜਾਰੀ ਕਰ ਦਿੱਤੇ। ਇਸ ਜਬਰ ਦੇ ਖਿਲਾਫ ਸ਼ਹਿਰਾਂ ’ਚ ਬੁੱਧੀਜੀਵੀਆਂ ਅਤੇ ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਕੀਤੇ। ਸੁਭਾਸ਼ ਸੈਨ ਦੀ ਅਗਵਾਈ ’ਚ ਇਕ ਸਿਵਲ ਲਿਬਰਟੀਜ਼ ਕਮੇਟੀ ਵੀ ਗਠਤ ਕੀਤੀ ਗਈ।

ਤਿਭਾਗਾ ਦਾ ਸੰਘਰਸ਼ ਜ਼ਰੱਈ ਲਹਿਰਾਂ ਦੇ ਇਤਿਹਾਸ ਵਿਚ ਵਿਸ਼ੇਸ਼ ਥਾਂ ਰਖਦਾ ਹੈ, ਖਾਸ ਤੌਰ ’ਤੇ ਔਰਤਾਂ ਦੇ ਮਹੱਤਵਪੂਰਨ ਰੋਲ ਪੱਖੋਂ। ਕਾਫੀ ਵੱਡੇ ਇਲਾਕੇ ’ਚ ਕਿਸਾਨ ਲਾਮਬੰਦੀ ਦੇ ਜੋਰ ਤਿਭਾਗਾ ਹਕੀਕਤ ਬਣ ਗਿਆ ਅਤੇ ਜਗੀਰਦਾਰਾਂ-ਜੋਤੇਦਾਰਾਂ ਦਾ ਜਬਰ ਕਾਫੀ ਹੱਦ ਤੱਕ ਕਿਸਾਨਾਂ ਦੀ ਜਥੇਬੰਦਕ ਤਾਕਤ ਦੇ ਜ਼ੋਰ ਘਟ ਗਿਆ-( ਸੁਰਖ ਲੀਹ, ਮਾਰਚ-ਅਪ੍ਰੈਲ ਅੰਕ ’ਚੋਂ)

SHAHEED BHAGAT SINGH BOOK CENTRE



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ

A Non-Profit, Volunteer Service to Promote
New Readership & Encourage New Writers!



Book Exhibition & Sale!
Contact: Master Bhajan Singh at 403-455-4220

- ਅੰਮ੍ਰਿਤ

14 ਮਾਰਚ ਬਰਸੀ 'ਤੇ

# ਸਟੀਫ਼ਨ ਹਾਕਿੰਗ - ਤੁਰ ਗਿਆ ਸਿਤਾਰਿਆਂ ਦਾ ਖੋਜੀ...

ਕੰਪਿਊਟਰ ਅਤੇ ਤਰ੍ਹਾਂ-ਤਰ੍ਹਾਂ ਦੇ ਬੇਹੱਦ ਵਿਕਸਤ ਉਪਕਰਨਾਂ ਨਾਲ ਜੜੀ ਕੁਰਸੀ, ਉਸ ਕੁਰਸੀ ਵਿੱਚ ਬੈਠਾ ਇੱਕ ਵਿਅਕਤੀ ਜਿਹੜਾ ਆਪਣੇ ਸਰੀਰ ਦਾ ਇੱਕ ਵੀ ਅੰਗ ਨਹੀਂ ਹਿਲਾ ਸਕਦਾ ਸੀ, ਇੱਥੋਂ ਤੱਕ ਕਿ ਕੰਠ ਵੀ ਨਹੀਂ ਪਰ ਫ਼ਿਰ ਵੀ ਗੱਲਾਂ ਕਰਦਾ ਸੀ। ਇਹ ਤਸਵੀਰ ਦੁਨੀਆਂ ਭਰ ਵਿੱਚ ਬੜੀ ਜਾਣੀ-ਪਛਾਣੀ ਹੈ, ਕਿਉਂਕਿ ਇਸ ਤਸਵੀਰ ਵਿਚਲਾ ਆਦਮੀ ਕੋਈ ਆਮ ਨਹੀਂ, ਸਗੋਂ ਦੁਨੀਆਂ ਦਾ ਮਹਾਨ ਭੌਤਿਕ ਵਿਗਿਆਨੀ ਸਟੀਫ਼ਨ ਹਾਕਿੰਗ ਹੈ। ਬੀਤੇ ਦਿਨੀਂ 14 ਮਾਰਚ ਦੇ ਦਿਨ ਸਿਤਾਰਿਆਂ ਦਾ ਇਹ ਖੋਜੀ ਖੁਦ ਵੀ ਇੱਕ ਸਿਤਾਰਾ ਬਣ ਗਿਆ ਤੇ ਅਲਵਿਦਾ ਆਖ ਗਿਆ। ਇਹ ਵੀ ਇਤਫ਼ਾਕ ਹੀ ਹੈ ਕਿ ਸਟੀਫ਼ਨ ਹਾਕਿੰਗ ਉਸ ਦਿਨ ਗਿਆ ਜਿਸ ਦਿਨ ਇੱਕ ਹੋਰ ਮਹਾਨ ਵਿਗਿਆਨੀ ਤੇ ਦਾਰਸ਼ਨਿਕ ਕਾਰਲ ਮਾਰਕਸ ਦੀ ਵੀ ਬਰਸੀ ਪੈਂਦੀ ਹੈ, ਅਤੇ ਅਲਬਰਟ ਆਈਨਸਟੀਨ ਦਾ ਜਨਮ ਦਿਨ ਹੁੰਦਾ ਹੈ।

8 ਜਨਵਰੀ, 1942 (ਗੈਲੀਲਿਓ ਦੀ ਮੌਤ ਦੇ ਪੂਰੇ 300 ਸਾਲ ਬਾਅਦ) ਨੂੰ ਆਕਸਫੋਰਡ, ਇੰਗਲੈਂਡ ਵਿੱਚ ਜਨਮਿਆ ਸਟੀਫ਼ਨ ਹਾਕਿੰਗ ਸਕੂਲੀ ਪੱਧਰ ਦੀ ਪੜ੍ਹਾਈ ਦੌਰਾਨ ਹੀ ਆਈਨਸਟੀਨ ਕਹਿਲਾਉਣ ਲੱਗਾ ਸੀ, ਭਾਵੇਂ ਇਸ ਆਈਨਸਟੀਨ ਨੂੰ ਅਕਸਰ ਇਮਤਿਹਾਨ ਪਾਸ ਕਰਨ ਲਈ ਕਾਫ਼ੀ ਜ਼ੋਰ-ਅਜਮਾਇਸ਼ ਕਰਨੀ ਪੈਂਦੀ ਸੀ। ਡਾਕਟਰ ਤੇ ਇੱਕ ਮੈਡੀਕਲ ਖੋਜ-ਕਰਤਾ ਦੇ ਘਰ ਜਨਮੇ ਹਾਕਿੰਗ ਨੂੰ ਉਸਦਾ ਪਿਤਾ ਡਾਕਟਰ ਬਣਾਉਣਾ ਚਾਹੁੰਦਾ ਸੀ ਪਰ ਉਸਦੀ ਦਿਲਚਸਪੀ ਹਿਸਾਬ ਵਿੱਚ ਸੀ। ਪਿਤਾ ਨੂੰ ਫ਼ਿਕਰ ਸੀ ਕਿ ਹਿਸਾਬ ਦੀ ਗ੍ਰੇਜੂਏਸ਼ਨ ਤੋਂ ਬਾਅਦ ਸਟੀਫ਼ਨ ਹਾਕਿੰਗ ਨੂੰ ਨੌਕਰੀ ਨਹੀਂ ਮਿਲਣੀ, ਇਸ ਲਈ ਉਸਨੇ ਆਪਣੇ ਬੇਟੇ ਨੂੰ ਯੂਨੀਵਰਸਿਟੀ ਕਾਲਜ, ਆਕਸਫੋਰਡ (ਜਿਸ ਵਿੱਚ ਉਹ ਖੁਦ ਪੜ੍ਹਿਆ ਸੀ) ਵਿੱਚ ਦਾਖ਼ਲਾ ਲੈਣ ਦੀ ਸਲਾਹ ਦਿੱਤੀ ਪਰ ਹਾਕਿੰਗ ਨੂੰ ਹਿਸਾਬ ਤੋਂ ਦੂਰ ਕਰਨਾ ਸੰਭਵ ਨਹੀਂ ਸੀ। ਇਸ ਕਾਲਜ ਵਿੱਚ ਉਸ ਸਮੇਂ ਹਿਸਾਬ ਦੀ ਪੜ੍ਹਾਈ ਵੀ ਨਹੀਂ ਹੁੰਦੀ ਸੀ, ਸਿੱਟੇ ਵਜੋਂ ਹਾਕਿੰਗ ਨੇ ਭੌਤਿਕ ਵਿਗਿਆਨ ਤੇ ਰਸਾਇਣ ਵਿਗਿਆਨ ਦੇ ਵਿਸ਼ੇ ਰੱਖੇ। ਕਹਿੰਦੇ ਹਨ ਕਿ ਇਹਨਾਂ 3 ਸਾਲਾਂ ਵਿੱਚ ਸਟੀਫ਼ਨ ਹਾਕਿੰਗ ਬਹੁਤ ਘੱਟ ਪੜ੍ਹਿਆ ਕਿਉਂਕਿ ਉਸ ਅਨੁਸਾਰ ਕਾਲਜੀ ਪੜ੍ਹਾਈ ਬੇਹੱਦ ਅਸਾਨ ਤੇ ਰੁਚੀਹੀਣ ਸੀ। ਜਦੋਂ ਫ਼ਾਈਨਲ ਪੇਪਰਾਂ ਦਾ ਸਮਾਂ ਆਇਆ ਤਾਂ ਉਸਨੇ ਤੱਥਾਂ ਨੂੰ ਘੋਟਾ ਲਾਉਣ ਵਾਲ਼ੇ ਪੇਪਰ ਦੇਣ ਦੀ ਥਾਂ ਥਿਊਰੈਟੀਕਲ ਭੌਤਿਕ ਵਿਗਿਆਨ ਨੂੰ ਆਪਣਾ ਵਿਸ਼ਾ ਚੁਣਿਆ। ਆਕਸਫੋਰਡ ਦੇ ਕਾਲਜ ਤੋਂ ਗ੍ਰੇਜੂਏਸ਼ਨ ਪੂਰੀ ਕਰਕੇ ਹਾਕਿੰਗ ਕੈਂਬਰਿਜ ਆ ਗਿਆ।

1962 ਵਿੱਚ ਉਸਨੇ ਕੈਂਬਰਿਜ ਵਿੱਚ ਪੀਐਚਡੀ ਸ਼ੁਰੂ ਕੀਤੀ। 1965 ਵਿੱਚ ਉਸਨੇ 'ਫੈਲ ਰਹੇ ਬ੍ਰਹਿਮੰਡ ਦੇ ਲੱਛਣ' ਦੇ ਸਿਰਲੇਖ ਹੇਠ ਆਪਣਾ ਡਾਕਟ੍ਰੇਟ ਥੀਸਿਸ ਪੇਸ਼ ਕੀਤਾ। ਬ੍ਰਹਿਮੰਡ ਵਿਗਿਆਨ (cosmology), ਸਪੇਸ-ਟਾਈਮ, ਗਰੂਤਾ ਭੌਤਿਕੀ - ਉਸਦੇ ਅਧਿਐਨ ਖੇਤਰ ਬਣ ਗਏ। ਪਰ ਉਸਦਾ ਜੀਵਨ-ਸਫ਼ਰ ਇੰਨਾ ਆਸਾਨ ਨਹੀਂ ਰਹਿਣ ਵਾਲ਼ਾ ਸੀ। ਆਕਸਫੋਰਡ ਦੇ ਆਖ਼ਰੀ ਸਾਲ ਦੌਰਾਨ ਉਸ ਦੇ ਹੱਥ ਕੁਝ ਢਿੱਲੇ ਪੈਣ ਲੱਗੇ, ਉਹ ਕਈ ਵਾਰ ਪੌੜੀਆਂ ਤੋਂ ਡਿੱਗਿਆ। ਇਹ ਸਿਲਸਿਲਾ ਅੱਗੇ ਵਧਿਆ ਤਾਂ ਡਾਕਟਰਾਂ ਦੀ ਮਦਦ ਲੈਣੀ ਪਈ। 1963 ਵਿੱਚ 21 ਵਰ੍ਹਿਆਂ ਦੀ ਭਰ ਜਵਾਨੀ ਵਿੱਚ ਉਸਨੂੰ ਡਾਕਟਰਾਂ ਨੇ ਦੱਸਿਆ ਕਿ ਉਹ 'ਮੋਟਰ ਨਿਊਰਾਨ ਡਿਸੀਜ਼' ਨਾਂ ਦੀ ਇੱਕ ਲਾਇਲਾਜ ਬਿਮਾਰੀ ਤੋਂ ਪੀੜਿਤ ਹੈ। ਡਾਕਟਰਾਂ ਨੇ ਉਸਦੀ ਉਮਰ ਵੱਧ ਤੋਂ ਵੱਧ 2 ਸਾਲ ਦੱਸੀ, ਪਰ ਹਾਕਿੰਗ ਨੇ ਕਿਹਾ ਕਿ ਉਸ ਇੰਨੀ ਜਲਦੀ ਤੇ ਇਸ ਤਰ੍ਹਾਂ ਨਹੀਂ ਮਰ ਸਕਦਾ। ਸ਼ਾਇਦ ਉਸਦਾ ਇਹ ਜੁਝਾਰੂ ਮਾਦਾ ਹੀ ਸੀ ਕਿ ਜਿਸ ਵਿਅਕਤੀ ਦੇ 23-24 ਸਾਲ ਦੀ ਉਮਰ ਤੱਕ ਮਰ ਜਾਣ ਦੀ ਸੰਭਾਵਨਾ ਸੀ, ਉਹ 76 ਸਾਲ ਤੱਕ ਜ਼ਿੰਦਾ ਰਿਹਾ। 1963 ਵਿੱਚ ਆਪਣੀ ਬਿਮਾਰੀ ਦਾ ਪਤਾ ਲੱਗਣ ਤੋਂ ਕੁਝ ਮਹੀਨੇ ਪਹਿਲਾਂ ਹੀ ਹਾਕਿੰਗ ਆਪਣੇ ਕਾਲਜ ਦੀ ਹੀ ਜੇਨ ਵਾਈਲਡ ਦੇ ਪ੍ਰੇਮ ਵਿੱਚ ਪੈ ਚੁੱਕਾ ਸੀ। ਭਿਆਨਕ ਬਿਮਾਰੀ ਵੀ ਉਹਨਾਂ ਦੇ ਪਿਆਰ ਨੂੰ ਤੋੜ ਨਾ ਸਕੀ, 1965 ਵਿੱਚ ਦੋਵਾਂ ਨੇ ਵਿਆਹ ਕਰਵਾਇਆ। ਤਦ ਤੱਕ ਉਸ ਦੀ ਬਿਮਾਰੀ ਕਾਫ਼ੀ ਵਧ ਚੁੱਕੀ ਸੀ, ਜੇਨ ਵਾਈਲਡ ਨੇ ਹਾਕਿੰਗ ਦੀ ਸਾਂਭ-ਸੰਭਾਲ ਦਾ ਜ਼ਿੰਮਾ ਆਪਣੇ ਸਿਰ ਲਿਆ। 1960ਵਿਆਂ ਦੇ ਅੰਤ ਵਿੱਚ ਹਾਕਿੰਗ ਪੂਰੀ ਤਰ੍ਹਾਂ ਵੀਲ-ਚੇਅਰ ਨਾਲ਼ ਜੁੜ ਗਿਆ ਅਤੇ ਉਸਦੀ ਅਵਾਜ਼ ਵੀ ਸਿਰਫ਼ ਉਸਦੇ ਪਰਿਵਾਰਕ ਮੈਂਬਰਾਂ ਨੂੰ ਸਮਝ ਆਉਂਦੀ ਸੀ, 1970ਵਿਆਂ ਦੇ ਅੰਤ ਤੱਕ ਇਹ ਵੀ ਸੰਭਵ ਨਾ ਰਿਹਾ ਪਰ ਉਸਦੇ ਦਿਮਾਗ ਨੂੰ ਕੋਈ ਵੀ ਬਿਪਤਾ ਸੋਚਣ ਤੋਂ ਨਾ ਰੋਕ ਸਕੀ। 1974 ਵਿੱਚ ਕੈਂਬਰਿਜ ਵਿੱਚ ਉਹ ਪ੍ਰੋਫੈਸਰ ਬਣ ਚੁੱਕਾ ਸੀ, ਭੌਤਿਕ ਵਿਗਿਆਨ ਦੇ ਖੇਤਰ ਵਿੱਚ ਹੁਣ ਉਹ ਇੱਕ ਜਾਣਿਆ-ਪਛਾਣਿਆ ਨਾਮ ਸੀ। ਜਦੋਂ ਉਸਦੀ ਅਵਾਜ਼ ਪੂਰੀ ਤਰ੍ਹਾਂ ਚਲੀ ਗਈ ਤਾਂ ਉਹ ਕੰਪਿਊਟਰ ਦੇ ਸਹਾਰੇ ਨਾਲ ਬੋਲਣ ਲੱਗਾ, 1986 ਵਿੱਚ ਇੱਕ ਕੰਪਿਊਟਰ ਪੱਕਾ ਉਸਦੀ ਵੀਲ-ਚੇਅਰ ਨਾਲ ਜੋੜ ਦਿੱਤਾ ਗਿਆ।

ਹਾਕਿੰਗ ਨੇ ਕਿੰਨੇ ਹੀ ਖੋਜ-ਪੱਤਰ ਲਿਖੇ। ਸਭ ਤੋਂ ਅਹਿਮ ਖੋਜ-ਪੱਤਰਾਂ ਵਿੱਚੋਂ ਇੱਕ ਆਈਨਸਟੀਨ ਦੇ 'ਗਰੂਤਾ ਦੇ ਆਮ ਸਿਧਾਂਤ' ਨੂੰ ਹੋਰ ਅੱਗੇ ਵਧਾਉਣ ਵਾਲਾ ਖੋਜ-ਪੱਤਰ ਸੀ ਜਿਸ ਵਿੱਚ ਹਾਕਿੰਗ ਨੇ ਬ੍ਰਹਿਮੰਡ ਦੇ ਬਿਗ-ਬੈਂਗ ਨਾਲ਼ ਸ਼ੁਰੂ ਹੋਣ ਅਤੇ 'ਬਲੈਕ-ਹੋਲ' ਵਿੱਚ ਅੰਤ ਬਾਰੇ ਕਿਹਾ। ਹੌਲ਼ੀ-ਹੌਲ਼ੀ ਉਹਨਾਂ ਦਾ ਅਧਿਐਨ ਅੱਗੇ ਵਧਿਆ ਅਤੇ ਉਹਨਾਂ ਨੇ ਬਲੈਕ-ਹੋਲ ਵਿੱਚੋਂ ਰਿਸਦੀਆਂ 'ਹਾਕਿੰਗ ਕਿਰਨਾਂ' ਦਾ ਪਤਾ ਲਗਾਇਆ। ਉਹਨਾਂ ਨੇ ਦੱਸਿਆ ਕਿ ਸਪੇਸ-ਟਾਈਮ ਦਾ ਕੋਈ ਕਿਨਾਰਾ ਨਹੀਂ ਹੁੰਦਾ। ਉਹਨਾਂ ਨੇ ਆਈਨਸਟੀਨ ਦੇ ਗਰੂਤਾ ਦੇ ਆਮ ਸਿਧਾਂਤ



ਨੂੰ ਕੁਆਂਟਮ-ਭੌਤਿਕੀ ਨਾਲ਼ ਜੋੜਨ ਤੇ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਹੋਰ ਕਿੰਨੀਆਂ ਹੀ ਖੋਜਾਂ ਨੂੰ ਉਹਨਾਂ ਦਾ ਨਾਮ ਮਿਲਿਆ, ਕਿੰਨੇ ਇਨਾਮ-ਅਹੁਦੇ ਉਹਨਾਂ ਨੂੰ ਮਿਲ਼ੇ। 1979 ਵਿੱਚ ਉਹਨਾਂ ਨੂੰ ਕੈਂਬਰਿਜ ਵਿੱਚ 'ਲੁਕਾਸਿਅਨ ਪ੍ਰੋਫੈਸਰ ਆਫ਼ ਮੈਥੇਮੈਟਿਕਸ' ਦੇ ਅਹੁਦੇ ਉੱਤੇ ਨਿਯੁਕਤ ਕੀਤਾ ਗਿਆ। 1663 ਵਿੱਚ ਸਥਾਪਤ ਕੀਤਾ ਗਿਆ ਇਹ ਅਹੁਦਾ ਦੁਨੀਆਂ ਦੀਆਂ ਸਭ ਤੋਂ ਉੱਚੀਆਂ ਅਕਾਦਮਿਕ ਅਹੁਦਿਆਂ ਵਿੱਚੋਂ ਇੱਕ ਹੈ ਜਿਸ ਨੂੰ ਹਾਸਲ ਕਰਨ ਦਾ ਮਾਣ ਇਸਾਕ ਨਿਊਟਨ, ਪਾਲ ਡਿਰਾਕ ਜਿਹੇ ਚੋਣਵੇਂ ਮਹਾਨ ਵਿਗਿਆਨੀਆਂ ਨੂੰ ਹੀ ਹਾਸਲ ਹੋਇਆ ਹੈ। ਹਾਕਿੰਗ 1979-2009 ਦੇ 30 ਸਾਲਾਂ ਲਈ ਇਸ ਅਹੁਦੇ ਉੱਤੇ ਰਹੇ।

ਪਰ ਵਿਗਿਆਨਕ ਦਾਇਰਿਆਂ ਤੋਂ ਬਾਹਰ ਆਮ ਲੋਕਾਂ ਵਿੱਚ ਉਹਨਾਂ ਦੀ ਪ੍ਰਸਿੱਧੀ 'ਸਮੇਂ ਦਾ ਸੰਖੇਪ ਇਤਿਹਾਸ' ਨਾਮ ਦੀ ਕਿਤਾਬ ਨਾਲ਼ ਫ਼ੈਲੀ। ਹਾਕਿੰਗ ਉਹਨਾਂ ਚੁਣਵੇਂ ਵਿਗਿਆਨੀਆਂ ਵਿੱਚੋਂ ਇੱਕ ਸਨ ਜਿਹਨਾਂ ਨੇ ਵਿਗਿਆਨ ਨੂੰ ਆਮ ਲੋਕਾਂ ਦੀ ਭਾਸ਼ਾ ਵਿੱਚ ਲਿਖਕੇ ਇਸਨੂੰ ਸਭਨਾਂ ਮਨੁੱਖਾਂ ਤੱਕ ਲੈ ਜਾਣ ਦੇ ਯਤਨ ਕੀਤੇ, 'ਸਮੇਂ ਦਾ ਸੰਖੇਪ ਇਤਿਹਾਸ' ਇਹਨਾਂ ਹੀ ਯਤਨਾਂ ਵਿੱਚੋਂ ਇੱਕ ਸੀ। ਹਾਕਿੰਗ ਖੁਦ ਵੀ ਇੱਕ ਥਾਂ ਕਹਿੰਦੇ ਹਨ ਕਿ ਇੱਕ ਸਮਾਂ ਆਵੇਗਾ ਜਦੋਂ ਵਿਗਿਆਨ ਕੁਝ ਵਿਸ਼ੇਸ਼ ਮਾਹਰਾਂ ਤੱਕ ਸੁੰਗੜਿਆ ਨਹੀ ਰਹੇਗਾ ਸਗੋਂ ਵਿਗਿਆਨਕ ਸਰਗਰਮੀਆਂ ਵਿੱਚ ਸਮੁੱਚੀ ਮਨੁੱਖਤਾ ਸ਼ਾਮਲ ਹੋਇਆ ਕਰੇਗੀ ਅਤੇ ਸਭ ਲੋਕ ਵਿਗਿਆਨ ਦੇ ਵੱਖ-ਵੱਖ ਮਸਲਿਆਂ, ਖੋਜਾਂ ਵਿੱਚ ਲੱਗ ਜਾਣਗੇ। ਇਹ ਕਿਤਾਬ ਲਗਾਤਾਰ 234 ਹਫ਼ਤੇ ਦੁਨੀਆਂ ਵਿੱਚ ਸਭ ਤੋਂ ਵੱਧ ਵਿਕਣ ਵਾਲ਼ੀ ਕਿਤਾਬ ਬਣੀ ਰਹੀ, ਅਨੇਕਾਂ ਭਾਸ਼ਾਵਾਂ ਵਿੱਚ ਅਨੁਵਾਦ ਹੋਈ। ਕਈ ਵਿਦਵਾਨਾਂ ਅਨੁਸਾਰ ਤਾਂ ਹਾਕਿੰਗ ਦੀ ਇਹ ਕਿਤਾਬ ਸ਼ੇਕਸਪੀਅਰ ਦੇ ਨਾਟਕਾਂ ਤੋਂ ਬਾਅਦ ਸ਼ਾਇਦ ਗੰਭੀਰ ਲੇਖਣੀ ਦੀ ਸਭ ਤੋਂ ਵੱਧ ਪਿਆਰੀ ਜਾਣ ਵਾਲ਼ੀ ਕਿਤਾਬ ਹੈ। 2010 ਵਿੱਚ ਆਈ 'ਦ ਗ੍ਰੈਂਡ ਡਿਜ਼ਾਇਨ' ਉਹਨਾਂ ਦੀ ਇੱਕ ਹੋਰ ਮਹੱਤਵਪੂਰਨ ਤੇ ਪ੍ਰਸਿੱਧ ਕਿਤਾਬ ਹੈ ਜਿਹੜੀ ਉਹਨਾਂ ਨੇ ਆਮ ਲੋਕਾਂ ਲਈ ਲਿਖੀ। ਇਸ ਤੋਂ ਇਲਾਵਾ ਵੀ ਉਹਨਾਂ ਨੇ ਕਈ ਕਿਤਾਬਾਂ ਆਮ ਲੋਕਾਂ ਲਈ ਲਿਖੀਆਂ। ਆਪਣੀ ਉਮਰ ਦੇ ਆਖ਼ਰੀ ਦਹਾਕੇ ਵਿੱਚ ਉਹਨਾਂ ਨੇ ਬੱਚਿਆਂ ਲਈ ਵੀ ਲਿਖਣਾ ਸ਼ੁਰੂ ਕੀਤਾ। ਉਹਨਾਂ ਨੇ ਆਪਣੀ ਬੇਟੀ ਲੂਸੀ ਹਾਕਿੰਗ ਨਾਲ਼ ਮਿਲਕੇ ਪੰਜ ਕਿਤਾਬਾਂ ਬੱਚਿਆਂ ਲਈ ਲਿਖੀਆਂ। ਲੂਸੀ ਹਾਕਿੰਗ ਨੇ ਇੱਕ ਮੁਲਾਕਾਤ ਦੌਰਾਨ ਆਪਣੇ ਪਿਤਾ ਦੇ ਬੱਚਿਆਂ ਲਈ ਪਿਆਰ ਬਾਰੇ ਦੱਸਿਆ ਹੈ। ਲੂਸੀ ਅਨੁਸਾਰ ਜਦੋਂ ਉਹ ਅਤੇ ਉਸਦੇ ਦੋ ਭਰਾ ਰਾਬਰਟ ਤੇ ਟੀਮੋਥੀ ਅਜੇ ਛੋਟੇ ਸਨ, ਉਹਨਾਂ ਦੇ ਘਰ ਅਕਸਰ, ਰੋਜ਼ ਹੀ ਵੱਖ-ਵੱਖ ਵਿਗਿਆਨੀ ਸਟੀਫ਼ਨ ਹਾਕਿੰਗ ਨੂੰ ਮਿਲਣ ਆਉਂਦੇ, ਲਗਾਤਾਰ ਗੱਲਬਾਤਾਂ ਦਾ ਸਿਲਸਿਲਾ ਚੱਲਦਾ ਰਹਿੰਦਾ। ਇਸ ਦੌਰਾਨ ਬੱਚਿਆਂ ਨੂੰ ਵਿਗਿਆਨੀਆਂ ਵਿੱਚ ਭੱਜੇ ਫਿਰਨ ਅਤੇ ਝੁਰਮਟ ਪਾਉਣ ਦੀ ਪੂਰੀ ਅਜ਼ਾਦੀ ਹੁੰਦੀ, ਬੱਚਿਆਂ ਲਈ ਵਿਗਿਆਨੀਆਂ ਤੋਂ ਕੁਝ ਵੀ ਪੁੱਛਣ ਦਾ ਰਾਊਂਡ ਚੱਲਦਾ ਅਤੇ ਬੱਚੇ ਵਿਗਿਆਨੀਆਂ ਕੋਲੋਂ ਬਲੈਕ-ਹੋਲ ਤੇ ਹੋਰ ਜੋ ਕੁਝ ਉਹਨਾਂ ਨੂੰ ਸਮਝ ਆਉਂਦਾ, ਬਾਰੇ ਪੁੱਛਦੇ ਅਤੇ ਹਾਕਿੰਗ ਤਰ੍ਹਾਂ-ਤਰ੍ਹਾਂ ਦੇ ਮਖੌਲੀਆ ਤੇ ਸਰਲ ਜਵਾਬਾਂ ਨੂੰ ਘੜਨ ਵਿੱਚ ਸਭਨਾਂ ਤੋਂ ਅੱਗੇ ਹੁੰਦੇ। ਸ਼ਾਇਦ ਇਹੀ ਪਿਆਰ ਉਹਨਾਂ ਨੂੰ ਬੱਚਿਆਂ ਲਈ ਲਿਖਣ ਵੱਲ ਖਿੱਚ ਲਿਆਇਆ।

ਵਿਗਿਆਨਕ ਵਜੋਂ ਅਤੇ ਇੱਕ ਲੇਖਕ ਵਜੋਂ ਆਪਣੇ ਰੁਝੇਵਿਆਂ ਦੇ ਬਾਵਜੂਦ ਹਾਕਿੰਗ ਨਾ ਸਿਰਫ਼ ਸਮਾਜਿਕ ਮਸਲਿਆਂ ਵਿੱਚ ਹਾਜ਼ਰੀ ਦਰਜ ਕਰਾਉਂਦੇ, ਸਗੋਂ ਧਿਰ ਵੀ ਮੱਲਦੇ ਰਹੇ। ਸ਼ਾਇਦ ਇਹੀ ਗੁਣ ਕਿਸੇ ਸ਼ਾਨਦਾਰ ਵਿਗਿਆਨੀ ਨੂੰ ਮਹਾਨ ਵਿਗਿਆਨੀਆਂ ਦੀ ਸੂਚੀ ਵਿੱਚ ਸ਼ਾਮਲ ਕਰਾਉਂਦਾ ਹੈ। 1970ਵਿਆਂ ਵਿੱਚ ਜਦੋਂ ਹਾਕਿੰਗ ਪੂਰੀ ਤਰ੍ਹਾਂ ਵੀਲ੍ਹ-ਚੇਅਰ ਉੱਤੇ ਨਿਰਭਰ ਹੋ ਚੁੱਕੇ ਸਨ ਤਾ ਉਹਨਾਂ ਨੇ ਆਪਣੀ ਪਤਨੀ ਨਾਲ਼ ਮਿਲ਼ ਕੈਂਬਰਿਜ ਯੂਨੀਵਰਸਿਟੀ ਵਿੱਚ ਉਹਨਾਂ ਜਿਹੇ ਲੋਕਾਂ ਅਤੇ ਹੋਰਨਾਂ ਅੰਗਹੀਣਾਂ ਲਈ ਆਉਣ-ਜਾਣ ਸੌਖਾ ਕਰਨ ਵਾਸਤੇ ਵਿਸ਼ੇਸ਼ ਸਹੂਲਤਾਂ ਦਾ ਨਿਰਮਾਣ ਕਰਵਾਉਣ ਲਈ ਯੂਨੀਵਰਸਿਟੀ ਪ੍ਰਸ਼ਾਸ਼ਨ ਖਿਲਾਫ਼ ਮੋਰਚਾ ਲਾਇਆ ਜਿਸਦੇ ਸਿੱਟੇ ਵਜੋਂ ਉਹਨਾਂ ਲਈ ਯੂਨੀਵਰਸਿਟੀ ਨੇ ਰੈਂਪ ਦਾ ਨਿਰਮਾਣ ਕੀਤਾ ਤਾਂ ਕਿ ਉਹ ਬਿਨਾਂ ਕਿਸੇ ਦੀ ਮਦਦ ਲਏ ਆਪਣੇ ਕਮਰੇ ਤੋਂ ਕਲਾਸ-ਰੂਮ ਵਿੱਚ ਜਾ ਸਕਣ। ਉਹਨਾਂ ਨੇ ਵੀਅਤਨਾਮ ਵਿੱਚ ਅਮਰੀਕੀ ਯੁੱਧ ਦੀ ਨਿਖੇਧੀ ਕੀਤੀ ਅਤੇ ਯੁੱਧ-ਵਿਰੋਧੀਆਂ ਦੇ ਮੋਰਚੇ ਵਿੱਚ ਸ਼ਾਮਲ ਰਹੇ। ਇਸੇ ਤਰ੍ਹਾਂ ਉਹਨਾਂ ਨੇ ਇਰਾਕ ਉੱਤੇ ਥੋਪੇ ਗਏ ਯੁੱਧ ਦਾ ਵੀ ਵਿਰੋਧ ਕੀਤਾ। ਇਜ਼ਰਾਈਲ ਵੱਲੋਂ ਫ਼ਲਸਤੀਨ ਉੱਤੇ ਕੀਤੇ ਜਾ ਰਹੇ ਹਮਲਿਆਂ ਖਿਲਾਫ਼ ਜਦੋਂ ਸੰਸਾਰ ਪੱਧਰ ਉੱਤੇ ਇਜ਼ਰਾਈਲ ਦੇ ਬਾਈਕਾਟ ਦੀ ਮੁਹਿੰਮ ਚੱਲੀ ਤਾਂ ਹਾਕਿੰਗ ਬਿਨਾਂ ਦੇਰ ਕੀਤੇ ਇਸ ਵਿੱਚ ਸ਼ਾਮਲ ਹੋ ਗਏ। 2013 ਵਿੱਚ ਜਦੋਂ ਇਜ਼ਰਾਈਲ ਵਿੱਚ ਇੱਕ ਵੱਡੀ ਕਾਨਫਰੰਸ ਵਿੱਚ ਉਹਨਾਂ ਨੂੰ ਬੁਲਾਇਆ ਗਿਆ ਤਾਂ ਉਹਨਾਂ ਨੇ ਜਾਣ ਤੋਂ ਮਨ੍ਹਾ ਕਰ ਦਿੱਤਾ।

ਇੱਕ ਇਸਾਈ ਪਰਿਵਾਰ ਵਿੱਚ ਜਨਮ ਲੈਣ ਅਤੇ ਇੱਕ ਭਿਆਨਕ ਬਿਮਾਰੀ ਦਾ ਦੁੱਖ ਝੱਲਣ ਦੇ ਬਾਵਜੂਦ ਹਾਕਿੰਗ ਨੇ ਰੱਬ ਤੇ ਧਰਮ ਨੂੰ ਤਿਆਗ ਦਿੱਤਾ, ਉਹਨਾਂ ਵਿਗਿਆਨ ਦੇ ਨਤੀਜਿਆਂ ਨੂੰ ਪਹਿਲ ਦਿੱਤੀ, ਇੱਥੋਂ ਤੱਕ ਕਿ 1980ਵਿਆਂ ਵਿੱਚ ਆ ਕੇ ਉਹਨਾਂ ਦੇ ਇਹ ਵਿਚਾਰ ਉਹਨਾਂ ਦੀ ਪਤਨੀ ਤੋਂ ਦੂਰੀ ਪੈਦਾ ਹੋਣ ਦਾ ਵੀ ਇੱਕ ਕਾਰਨ ਬਣੇ ਪਰ ਇਸਦੇ ਬਾਵਜੂਦ ਉਹਨਾਂ ਨੇ ਵਿਗਿਆਨ ਨੂੰ ਹੀ ਅੱਗੇ ਰੱਖਿਆ। ਇਹ ਉਹਨਾਂ ਲੋਕਾਂ ਉੱਤੇ ਇੱਕ ਕਰਾਰੀ ਚੋਟ ਹੈ ਜਿਹੜੇ ਰਿਸ਼ਤਿਆਂ ਦੀ ਦੁਹਾਈ ਦੇ ਕੇ ਵਿਗਿਆਨ ਨੂੰ ਦਗਾ ਦਿੰਦੇ ਹਨ, ਜੀਭ ਉੱਤੇ ਇੱਕ ਛਾਲਾ ਨਿਕਲ ਆਉਣ ਉੱਤੇ ਹੀ ਸੁੱਖਾਂ ਸੁੱਖਣ ਬਹਿ ਜਾਂਦੇ ਹਨ। ਆਪਣੀ ਪੁਸਤਕ 'ਦ ਗ੍ਰੈਂਡ ਡਿਜ਼ਾਇਨ' ਵਿੱਚ ਉਹਨਾਂ ਨੇ ਸਪੱਸ਼ਟ ਐਲਾਨ ਕਰ ਦਿੱਤਾ ਕਿ ਕੋਈ ਰੱਬ ਨਹੀਂ ਹੈ, ਅਤੇ ਨਾ ਹੀ ਕਿਸੇ ਗੈਬੀ ਸ਼ਕਤੀ ਦਾ ਬ੍ਰਹਿਮੰਡ ਨੂੰ ਪੈਦਾ ਵਿੱਚ ਕੋਈ ਹੱਥ ਹੈ, ਬ੍ਰਹਿਮੰਡ ਦੇ ਪੈਦਾ ਹੋਣ ਦੇ ਵਿਗਿਆਨਕ ਨਿਯਮ ਹਨ ਤੇ ਮਨੁੱਖ ਉਹਨਾਂ ਨਿਯਮਾਂ ਨੂੰ ਸਮਝ ਸਕਦਾ ਹੈ। ਭਾਵੇਂ ਉਹਨਾਂ ਦੀਆਂ ਲਿਖਤਾਂ ਵਿੱਚ, ਮਾਰਕਸ ਦੇ ਕਹਿਣ ਅਨੁਸਾਰ 'ਅੰਗਰੇਜ਼ਾਂ ਵਾਲ਼ੀ ਇੱਕ ਕੱਚਘਰੜਤਾ ਵੀ ਮੌਜੂਦ ਰਹੀ, ਪਰ ਉਹਨਾਂ ਨੇ ਸਪੱਸ਼ਟ ਧਿਰ ਮੱਲੀ। ਇਸੇ ਤਰ੍ਹਾਂ ਉਹਨਾਂ ਅਜੋਕੇ ਸਰਮਾਏਦਾਰਾ ਸਮਾਜਿਕ-ਆਰਥਿਕ ਢਾਂਚੇ ਅਤੇ ਇਸ ਵੱਲੋਂ ਪੈਦਾ ਕੀਤੀ ਗੈਰ-ਬਰਾਬਰੀ ਨੂੰ ਡਟ ਕੇ ਲਤਾੜਿਆ। 2015 ਵਿੱਚ ਇੱਕ ਮੁਲਾਕਾਤ ਦੌਰਾਨ ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਕੀ ਭਵਿੱਖ ਵਿੱਚ ਰੋਬੋਟ ਸਾਡੇ ਕੰਮਾਂ ਵਿੱਚ ਮਨੁੱਖਾਂ ਦੀ ਥਾਂ ਲੈ ਲੈਣਗੇ ਤਾਂ ਉਹਨਾਂ ਨੇ ਕਿਹਾ ਕਿ ਸਾਨੂੰ ਰੋਬੋਟਾਂ ਦੀ ਚਿੰਤਾ ਕਰਨ ਦੀ ਥਾਂ ਸਰਮਾਏਦਾਰੀ ਤੋਂ ਵਧੇਰੇ ਡਰਨਾ ਚਾਹੀਦਾ ਹੈ। ਜੇ ਸਾਰਾ ਕੁਝ ਮਸ਼ੀਨਾਂ ਪੈਦਾ ਕਰਨ ਵੀ ਲੱਗੀਆਂ ਤਾਂ ਮਸ਼ੀਨਾਂ ਵੱਲੋਂ ਪੈਦਾ ਕੀਤੀ ਦੌਲਤ ਦਾ ਸੁੱਖ ਸਭ ਨੂੰ ਮਿਲ਼ੇ, ਇਸ ਲਈ ਜ਼ਰੂਰੀ ਹੋਵੇਗਾ ਕਿ ਦੌਲਤ ਦੀ ਬਰਾਬਰ ਵੰਡ ਹੋਵੇ, ਨਹੀਂ ਤਾਂ ਸਭ ਧਨ-ਦੌਲਤ ਕੁਝ ਮੁੱਠੀਭਰ ਲੋਕਾਂ ਦੇ ਹੱਥਾਂ ਵਿੱਚ ਇਕੱਠਾ ਹੁੰਦਾ ਜਾਵੇਗਾ ਅਤੇ ਗੈਰ-ਬਰਾਬਰੀ ਪਹਿਲਾਂ ਨੂੰ ਕਿਤੇ ਜ਼ਿਆਦਾ ਵਧ ਜਾਵੇਗੀ।

ਸਟੀਫ਼ਨ ਹਾਕਿੰਗ ਬੇਸ਼ੱਕ ਸਾਡੇ ਵਿੱਚ ਨਹੀਂ ਰਹੇ, ਪਰ ਉਹਨਾਂ ਦੀ ਜੁਝਾਰੂ ਜ਼ਿੰਦਗੀ, ਮੌਤ ਨੂੰ ਚੁਣੌਤੀ ਦੇਣ ਵਾਲ਼ਾ ਉਹਨਾਂ ਦਾ ਜਿਗਰਾ ਤੇ 'ਖੁਦੀ ਕੋ ਕਰ ਬੁਲੰਦ ਇਤਨਾ' ਵਾਲ਼ਾ ਉਹਨਾਂ ਦਾ ਅੰਦਾਜ਼, ਉਹਨਾਂ ਦੀਆਂ ਖੋਜਾਂ, ਬੱਚਿਆਂ ਲਈ ਉਹਨਾਂ ਦਾ ਪਿਆਰ ਤੇ ਆਮ ਲੋਕਾਂ ਲਈ ਉਹਨਾਂ ਦਾ ਫ਼ਿਕਰ, ਧਿਰ ਮੱਲਣ ਦਾ ਉਹਨਾਂ ਦਾ ਜ਼ੇਰਾ। ਸਭ ਕੁਝ ਸਾਡੇ ਲਈ ਅਤੇ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਪ੍ਰੇਰਨਾਸ੍ਰੋਤ ਤੇ ਰਾਹਦਸੇਰਾ ਬਣਿਆ ਰਹੇਗਾ।

ਲਲਕਾਰ 'ਚੋਂ ਧੰਨਵਾਦ ਸਹਿਤ

# ਕਰੋਨਾਵਾਇਰਸ ਸੰਬੰਧੀ ਕੁਝ ਹੋਰ ਜ਼ਰੂਰੀ ਗੱਲਾਂ

– ਕਰੋਨਾਵਾਇਰਸ ਸੰਬੰਧੀ ਭਾਰਤੀ ਮੀਡੀਏ ਤੇ ਵਟਸਐਪ 'ਤੇ ਚਲਦੀਆਂ ਭਿਆਨਕ ਖ਼ਬਰਾਂ ਨੇ ਲੋਕ ਸੁੱਕਣੇ ਪਾ ਰੱਖੇ ਹਨ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਉਣ ਵਾਲ਼ੇ ਦਿਨਾਂ ਵਿੱਚ ਏਸ ਵਾਇਰਸ ਦੇ ਕੇਸ ਕਈ ਗੁਣਾ ਵਧ ਸਕਦੇ ਹਨ, ਪਰ ਇਹ ਕੋਈ ਦੁਨੀਆਂ ਦਾ ਅੰਤ ਨਹੀਂ ਹੈ ਦੋਸਤੋ? ਫੈਲ ਰਹੀਆਂ ਅਫਵਾਹਾਂ ਲੋਕਾਂ ਨੂੰ ਬੇਲੋੜਾ ਤਣਾਅ ਦੇਣਗੀਆਂ? ਕਰੋਨਾ ਦੇ ਮਰੀਜ਼ਾਂ ਸੰਬੰਧੀ ਜਿਹੜੀਆਂ ਮੁੱਢਲੀਆਂ ਰਿਪੋਰਟਾਂ ਆ ਰਹੀਆਂ ਉਹ ਇਹ ਹੀ ਦਿਖਾਉਂਦੀਆਂ ਹਨ ਕਿ ਅਜਿਹੀ ਬਿਮਾਰੀ ਦਾ ਅਸਰ ਉਹਨਾਂ ਲੋਕਾਂ 'ਤੇ ਵੱਧ ਹੋ ਰਿਹਾ ਹੈ ਜਿਹੜੇ ਬੀਪੀ, ਤਣਾਅ ਆਦਿ ਦੇ ਮਰੀਜ ਸਨ? ਸੋ ਅਜਿਹੀਆਂ ਅਫਵਾਹਾਂ ਨੂੰ ਤਵੱਜੋ ਨਾ ਦਿਓ?

– ਕਰੋਨਾਵਾਇਰਸ ਕਰੋਨਾ ਪਰਿਵਾਰ ਦੇ ਹੋਰਾਂ ਵਾਇਰਸਾਂ ਵਾਂਗੂੰ ਇੱਕ ਵਾਇਰਸ ਹੈ ਜਿਹੜਾ ਲੋਕਾਂ ਵਿੱਚ ਸਾਂਹ ਸੰਬੰਧੀ ਬਿਮਾਰੀ ਪੈਦਾ ਕਰ ਰਿਹਾ ਹੈ? ਪਰ ਇਹ ਪਹਿਲਾ ਨਹੀਂ ਹੈ, ਸਗੋਂ ਹਰ ਸਾਲ ਮੌਸਮੀ ਨਜਲਾ, ਜੁਕਾਮ, ਬੁਖਾਰ ਕਰਨ ਵਾਲ਼ਾ ਵਾਇਰਸ ਵੀ ਆਮ ਮੌਜੂਦ ਹੈ? ਪਰ ਅਫਸੋਸ ਦੀ ਗੱਲ ਹੈ ਕਿ ਏਸ ਅਜੋਕੇ ਢਾਂਚੇ ਵਿੱਚ ਸਧਾਰਨ ਬੁਖਾਰ ਵੀ ਲੋਕਾਂ ਦੀਆਂ ਜਾਨਾਂ ਲੈ ਲੈਂਦਾ ਹੈ ? ਅਮਰੀਕਾ ਵਿੱਚ ਹੁਣ ਤੱਕ ਕਰੋਨਾ ਕਰਕੇ 400 ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ (ਜੋ ਕਿ ਨਿਸਚੇ ਹੀ ਹੋਰ ਵਧਣਗੀਆਂ) ਤੇ ਤੀਹ ਕੁ ਹਜਾਰ ਮਾਮਲੇ ਸਾਹਮਣੇ ਆਏ ਹਨ ? ਪਰ ਕੀ ਤੁਸੀਂ ਜਾਣਦੇ ਹੋ ਕਿ ਓਸੇ ਅਮਰੀਕਾ ਵਿੱਚ ਹੀ ਸਿਆਲ ਦੇ ਇਹਨਾਂ ਹੀ ਕੁਝ ਮਹੀਨਿਆਂ ਵਿੱਚ ਸਰਦੀਆਂ ਕਰਕੇ ਹੋਣ ਵਾਲ਼ੇ ਫਲੂ ਦੇ 3 ਕਰੋੜ 60 ਲੱਖ ਮਾਮਲੇ ਆ ਚੁੱਕੇ ਹਨ ਜਿਹਨਾਂ ਵਿੱਚੋਂ 3 ਲੱਖ 70 ਹਜਾਰ ਲੋਕਾਂ ਨੂੰ ਹਸਪਤਾਲ ਦਾਖਲ ਕਰਾਉਣ ਦੀ ਲੋੜ ਪਈ ਤੇ 22,000 ਮੰਦਭਾਗੀਆਂ ਮੌਤਾਂ ਵੀ ਹੋਈਆਂ ਭਾਵੇਂ ਮੌਸਮੀ ਫਲੂ ਬਾਰੇ ਖਾਸੀ ਜਾਣਕਾਰੀ ਵੀ ਮੌਜੂਦ ਹੈ ? ਬੇਸ਼ੱਕ ਮੌਸਮੀ ਫਲੂ ਬਾਰੇ ਵਿਗਿਆਨੀ ਕਾਫੀ ਕੁਝ ਜਾਣਦੇ ਹਨ ਜਦਕਿ ਇਸ ਮਾਮਲੇ ਵਿੱਚ ਕਰੋਨਾਵਾਇਰਸ ਇੱਕ ਨਵਾਂ ਵਰਤਾਰਾ ਹੈ ? ਪਰ ਦਸ ਸਾਲ ਪਹਿਲਾਂ ਫੁੱਟਣ ਵਾਲ਼ਾ 81ਟ1 ਸਵਾਈਨ ਫਲੂ ਵੀ ਉਸ ਵੇਲੇ ਲਈ ਨਵਾਂ



ਵਰਤਾਰਾ ਹੀ ਸੀ ਜਿਹੜਾ ਕਾਬੂ ਕਰ ਲਿਆ ਗਿਆ?

– ਕਰੋਨਾਵਾਇਰਸ ਦੋ ਮਹਾਂਦੀਪਾਂ ਵਿੱਚ ਫੈਲਣ ਕਰਕੇ ਇੱਕ ਸੰਸਾਰ ਵਿਆਪੀ ਬਿਮਾਰੀ ਐਲਾਨੀ ਜਾ ਚੁੱਕੀ ਹੈ ? ਹੁਣ ਤੱਕ ਇਸਦੇ ਮਾਮਲੇ ਸਵਾ ਤਿੰਨ ਲੱਖ ਹੋ ਚੁੱਕੇ ਹਨ ਤੇ ਜਿਹਨਾਂ ਵਿੱਚੋਂ 14,620 ਮੌਤਾਂ ਹੋ ਚੁੱਕੀਆਂ ਹਨ ਤੇ 97,636 ਲੋਕ ਸਿਹਤਮੰਦ ਹੋ ਕੇ ਹਸਪਤਾਲ ਤੋਂ ਫਾਰਗ ਹੋ ਚੁੱਕੇ ਹਨ, ਬਾਕੀਆਂ ਵਿੱਚੋਂ 95% ਮਰੀਜਾਂ ਨੂੰ ਹਲਕਾ ਬੁਖਾਰ ਹੈ ਤੇ ਉਹ ਨਿਗਰਾਨੀ ਹੇਠ ਹਨ? ਪਿਛਲੀ ਅਜਿਹੀ ਸੰਸਾਰ ਵਿਆਪੀ ਬਿਮਾਰੀ 2009-10 ਵਿੱਚ ਫੈਲੀ ਸਵਾਈਨ ਫਲੂ ਸੀ? ਕੀ ਤੁਸੀਂ ਜਾਣਦੇ ਹੋ ਕਿ ਇਸ ਦੇ ਕੁੱਲ ਮਾਮਲੇ ਕਿੰਨੇ ਸਨ? ਆਪਣੇ ਡੇਢ ਸਾਲ ਦੇ ਵਕਫੇ ਦੌਰਾਨ ਇਹ ਅੰਦਾਜਨ 100 ਕਰੋੜ ਲੋਕਾਂ ਨੂੰ ਹੋਇਆ ਸੀ ਤੇ ਇਸ ਨਾਲ਼ ਕੁੱਲ 4-5 ਲੱਖ ਲੋਕਾਂ ਦੀ ਜਾਨ ਗਈ ਸੀ? ਸ਼ਾਇਦ ਇਹ ਸਭ ਤੁਹਾਡੇ ਚੇਤੇ ਨਾ ਹੋਵੇ ਕਿਉਂਕਿ ਉਸ ਵੇਲੇ ਸੋਸ਼ਲ ਮੀਡੀਆ ਤੇ ਵਟਸਐਪ ਵਗੈਰਾ ਨਾਂਮਾਤਰ ਸਨ ਤੇ ਭੈਅ ਐਨਾ ਆਮ ਨਹੀਂ ਕੀਤਾ ਗਿਆ ਸੀ ? ਬੇਸ਼ੱਕ ਸਵਾਈਨ ਫਲੂ ਨਾਲੋਂ ਇਸਦੀ ਲਾਗ ਕੁਝ ਵੱਧ ਦੱਸੀ ਜਾਂਦੀ ਹੈ ਤਾਂ ਵੀ ਕੁੱਲ ਗੰਭੀਰ ਕੇਸਾਂ ਦੀ ਔਸਤ 2% ਦੇ ਆਸਪਾਸ ਹੀ ਹੈ ? ਆਸ ਕਰਦੇ ਹਾਂ ਕਿ ਜਲਦ ਹੀ ਇਸ ਦਾ ਵੀ ਕੋਈ ਤੋੜ ਲੱਭ ਲਿਆ ਜਾਵੇਗਾ ?

– ਨਿਊਯਾਰਕ ਟਾਈਮਜ਼ ਵਿੱਚ ਛਪੇ ਨਵੇਂ ਅਧਿਐਨਾਂ ਮੁਤਾਬਕ ਆਉਣ ਵਾਲ਼ੇ ਗਰਮੀਆਂ ਦੇ ਮਹੀਨੇ ਇਸ ਵਾਇਰਸ ਦੀ ਲਾਗ ਕਾਫੀ ਘਟਾ ਸਕਦੇ ਹਨ? ਚੀਨ ਵਿੱਚ ਵੀ ਛਪੀ ਖੋਜ ਦੇ ਅਜਿਹੇ ਹੀ ਨਤੀਜੇ ਸਾਹਮਣੇ ਆਏ ਹਨ ਜਿੱਥੇ ਚੀਨ ਦੇ ਸੌ ਸ਼ਹਿਰਾਂ ਦਾ ਅਧਿਐਨ ਕਰਨ ਮਗਰੋਂ ਵੇਖਿਆ ਗਿਆ ਕਿ ਇਹ ਵਾਇਰਸ ਉਹਨਾਂ ਸ਼ਹਿਰਾਂ ਵਿੱਚ ਨਾਂਮਾਤਰ ਸੀ ਜਿੱਥੇ ਮੌਸਮ ਗਰਮ ਸੀ? ਸੋ ਆਸ ਕਰਦੇ ਹਾਂ ਕਿ ਆਉਣ ਵਾਲ਼ੇ ਦਿਨਾਂ ਵਿੱਚ ਇਸਦੀ ਦਰ ਹੇਠਾਂ ਆਵੇਗੀ?

– ਸੋ ਦੋਸਤੋ, ਚੀਜਾਂ ਨੂੰ ਸੰਦਰਭਾਂ ਵਿੱਚ ਰੱਖਕੇ ਸਮਝਣ ਦੀ ਲੋੜ ਹੈ ? ਸੰਦਰਭਾਂ ਨਾਲੋਂ ਕੱਟੀ ਹੋਈ ਗੱਲ ਨੁਕਸਾਨ ਹੀ ਕਰਦੀ ਹੈ ? ਨਿਸਚੇ ਹੀ ਜ਼ਰੂਰੀ ਹੈ ਕਿ ਅਸੀਂ ਪਰਹੇਜ ਰੱਖੀਏ ਤੇ ਖੁਦ ਨੂੰ ਤੇ ਹੋਰਾਂ ਨੂੰ ਬੇਵਜ੍ਹਾ ਬਿਮਾਰ ਕਰਨ ਤੋਂ ਬਚੀਏ, ਇਸ ਸੰਬੰਧੀ ਜਿਹੜੀਆਂ ਵੀ ਹਦਾਇਤਾਂ ਹਨ ਉਹਨਾਂ ਨੂੰ ਧਿਆਨ ਵਿੱਚ ਰੱਖੀਏ? ਪਰ ਇਸ ਤੋਂ ਵੀ ਜ਼ਰੂਰੀ ਇਹ ਹੈ ਕਿ ਅੱਜ ਅਸੀਂ ਇਹ ਗੱਲ ਸੋਚੀਏ ਕਿ ਕਿਉਂ ਅਜਿਹੀਆਂ ਬਿਮਾਰੀਆਂ ਆਮ ਲੋਕਾਂ ਦੀ ਮੌਤ ਦਾ ਕਾਰਨ ਬਣਦੀਆਂ ਹਨ? ਕਿਉਂ ਉਹ ਬਿਮਾਰੀਆਂ ਵੀ ਲੋਕਾਂ (ਖਾਸਕਰ ਗਰੀਬਾਂ) ਦੀ ਜਾਨ ਲੈ ਲੈਂਦੀਆਂ ਹਨ ਜਿਹਨਾਂ ਦੀ ਦਵਾਈ ਮੌਜੂਦ ਹੈ? ਜਦ ਅਸੀਂ ਅਜਿਹੇ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰਾਂਗੇ ਤਾਂ ਲਾਜਮੀ ਹੀ ਸਾਨੂੰ ਸਮਝ ਪਵੇਗਾ ਕਿ ਇਹਨਾਂ ਸਭ ਮਹਾਂਮਾਰੀਆਂ, ਬਿਮਾਰੀਆਂ ਤੋਂ ਹੁੰਦੇ ਨੁਕਸਾਨ ਲਈ ਮੌਜੂਦਾ ਸਰਮਾਏਦਾਰਾ ਢਾਂਚਾ ਜ਼ੁੰਮੇਵਾਰ ਹੈ?





# ਕੈਲਗਰੀ ਵਿੱਚ ਅੰਤਰਰਾਸ਼ਟਰੀ ਵਿਮੈਨ ਡੇ ਨੂੰ ਨਿਵੇਕਲੇ ਢੰਗ ਨਾਲ ਮਨਾਇਆ ਗਿਆ!








**ਕੈਲ਼ਗਰੀ/ਹਰਚਰਨ ਪਰਹਾਰ**

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਵਿਮੈਨ ਰੌਕ ਸੈਂਟਰ ਵਲੋਂ ਵਿਮੈਨ ਰੌਕ ਸੈਂਟਰ ਦੇ ਹਾਲ ਵਿੱਚ ਵੱਖਰੇ ਢੰਗ ਨਾਲ ‘ਇੰਟਰਨੈਸ਼ਨਲ ਵਿਮੈਨ ਡੇ’ ਮਨਾਇਆ ਗਿਆ। ਪ੍ਰੋਗਰਾਮ ਦੀ ਖਾਸੀਅਤ ਇਹ ਸੀ ਕਿ ਇਸ ਵਿੱਚ ਨੌਜਵਾਨ ਲੜਕੀਆਂ ਨੇ ਨਾ ਸਿਰਫ ਹਿੱਸਾ ਲਿਆ, ਸਗੋਂ ਆਪਣੇ ਵਿਚਾਰ ਵੀ ਸਾਂਝੇ ਕੀਤੇ। ਸਟੇਜ ਸਕੱਤਰ ਦੀਆਂ ਸੇਵਾਵਾਂ ਕਮਲਪ੍ਰੀਤ ਪੰਧੇਰ ਨੇ ਬਾਖੂਬੀ ਨਿਭਾਈਆਂ ਤੇ ਅੰਤਰਰਾਸ਼ਟਰੀ ਵਿਮੈਨ ਡੇ ਦੇ ਇਤਿਹਾਸ ਅਤੇ ਔਰਤਾਂ ਦੇ ਬਰਾਬਰਤਾ ਦੇ ਸੰਘਰਸ਼ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਅਮਰੀਤ, ਰਿਸ਼ਮ, ਰੀਆ, ਸਹਿਜ, ਯੰਗਸਤਾਨ ਪੰਜਾਬੀ ਕਲਾਸ ਟੀਚਰਾਂ, ਕੈਲਗਰੀ ਵਿਮੈਨ ਕਲਚਰਲ ਐਸੋਸੀਏਸ਼ਨ ਤੋਂ ਡਾ. ਬਲਵਿੰਦਰ ਕੌਰ ਬਰਾੜ, ਲੇਖਿਕਾ




ਗੁਰਚਰਨ ਕੌਰ ਥਿੰਦ, ਗੁਰਦੀਸ਼ ਕੌਰ ਗਰੇਵਾਲ ਨੇ ਵੀ ਆਪਣੇ ਵਿਚਾਰ ਅਤੇ ਕਵਿਤਾਵਾਂ, ਗੀਤ ਸਾਂਝੇ ਕੀਤੇ। ਕੁਸਮ ਸ਼ਰਮਾ ਨੇ ਕਵਿਤਾ ਸੁਣਾਈ। ਤਨੂਰੀਤ ਕਾਠਪਾਲ ਤੇ ਟੀਮ ਵਲੋਂ ਕੋਰੀਓਗਰਾਫੀ ਪੇਸ਼ ਕੀਤੀ ਗਈ। ਵਿਮੈਨ ਰੌਕ ਸੈਂਟਰ ਵਲੋਂ ਜੈਸਲੀਨ ਸਿੱਧੂ ਨੂੰ ਰੈਸਲਿੰਗ ਵਿੱਚ ਦੂਜਾ ਸਥਾਨ ਪ੍ਰਾਪਤ ਕਰਨ ਲਈ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਵਿਮੈਨ ਰੌਕ ਸੈਂਟਰ ਵਲੋਂ ਇਸ ਸਮਾਗਮ ਵਿੱਚ ਹਾਜਿਰ ਬੱਚੀਆਂ ਤੇ ਔਰਤਾਂ ਨੂੰ ਐਕਸਰਸਾਈਜ਼ ਤੇ ਮੈਡੀਟੇਸ਼ਨ ਕਰਵਾਈ ਗਈ। ਕਮਲ ਡੇਹਲੋਂ ਵਲੋਂ ਗੇਮਾਂ ਖਿਡਾਈਆਂ ਗਈਆਂ। ਇਸ ਮੌਕੇ ’ਤੇ ਲੜਕੀਆਂ ਨੂੰ ਸੈਕਸੂਅਲ ਅਬਿਊਜ਼ ਤੋਂ ਬਚਣ ਸਬੰਧੀ ਗੱਲਬਾਤ ਕੀਤੀ ਗਈ। ਗੁਰਦੀਪ ਪਰਹਾਰ (ਸਿੱਖ ਵਿਰਸਾ) ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ।








SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best
Friendly
Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ ’ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9



Amandeep Gill
Financial Security Advisor
offering Life, Health,
Group Insurance and Investments
Desjardins
Financial Security®
Independent Network
FINANCIAL SERVICES
- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans

209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



Taranjit "T. J." Mand
Real Estate Associate
MLS MULTIPLE LISTING SERVICE® REALTOR® REAL ESTATE BOARD
Max Value Reality Ltd.

# ਅੰਤਰਰਾਸ਼ਟਰੀ ਔਰਤ ਦਿਵਸ ਅਤੇ 23 ਮਾਰਚ ਦੇ ਸ਼ਹੀਦਾਂ ਨੂੰ ਯਾਦ ਕੀਤਾ









**ਕੈਲਗਰੀ/ਹਰਚਰਨ ਪਰਹਾਰ**

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, 'ਸਿੱਖ ਵਿਰਸਾ ਇੰਟਰਨੈਸ਼ਨਲ' ਅਤੇ ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਸਾਂਝੇ ਤੌਰ 'ਤੇ 'ਕੋਸੋ' ਦੇ ਦਰਸ਼ਕਾਂ ਨਾਲ ਭਰੇ ਹਾਲ ਵਿੱਚ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਜਿਥੇ 23 ਮਾਰਚ ਦੇ ਸ਼ਹੀਦਾਂ, ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ, ਉਥੇ 8 ਮਾਰਚ ਦੇ ਅੰਤਰਰਾਸ਼ਟਰੀ ਔਰਤ ਦਿਵਸ ਨੂੰ ਮੁੱਖ ਰੱਖ ਕੇ ਔਰਤਾਂ ਦੇ ਹੱਕਾਂ ਤੇ ਮਸਲਿਆਂ ਬਾਰੇ ਵੱਖ-ਵੱਖ ਬੁਲਾਰਿਆਂ ਨੇ ਵਿਚਾਰ ਪੇਸ਼ ਕੀਤੇ। ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਦੁਨੀਆਂ ਭਰ ਦੀਆਂ ਔਰਤਾਂ ਨਾਲ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿੱਚ ਵੱਖ-ਵੱਖ ਸਮਾਜਾਂ ਤੇ ਕੌਮਾਂ, ਧਰਮਾਂ ਵਲੋਂ ਕੀਤੇ ਗਏ ਵਿਤਕਰਿਆਂ, ਧੱਕਿਆਂ ਤੇ ਔਰਤਾਂ ਨੂੰ ਗੁਲਾਮ ਬਣਾਉਣ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਵਕੀਲ ਤਰਨਜੀਤ ਔਜਲਾ ਵਲੋਂ ਕਨੂੰਨੀ ਤੇ ਮਨੁੱਖੀ ਅਧਿਕਾਰਾਂ ਦੇ ਪੱਖ ਤੋਂ ਔਰਤਾਂ ਦੀ ਅਜ਼ਾਦੀ ਦੀ ਗੱਲ ਕਰਦਿਆਂ ਕਿਹਾ ਕਿ ਬੇਸ਼ੱਕ ਕੈਨੇਡਾ ਵਿੱਚ ਔਰਤ ਨੂੰ ਕਾਨੂੰਨੀ ਤੌਰ 'ਤੇ ਇੱਕ ਵਿਅਕਤੀ ਮੰਨਣ ਅਤੇ ਵੋਟ ਪਾਉਣ ਦਾ ਅਧਿਕਾਰ ਅਜੇ 100 ਕੁ ਸਾਲ ਪਹਿਲਾਂ ਹੀ ਮਿਲਿਆ ਸੀ। ਪਰ ਅੱਜ ਕਾਨੂੰਨੀ ਤੌਰ 'ਤੇ ਕੈਨੇਡਾ ਵਿੱਚ ਔਰਤਾਂ ਕੋਲ ਪੂਰਨ ਆਜ਼ਾਦੀ ਹੈ, ਭਾਵੇਂ ਸਮਾਜਿਕ ਤੇ ਹੋਰ ਖੇਤਰਾਂ ਵਿੱਚ ਬਰਾਬਰਤਾ ਲਈ ਯਤਨ ਕੀਤੇ ਜਾਣ ਦੀ ਲੋੜ ਹੈ। ਮਾਸਟਰ ਭਜਨ ਸਿੰਘ ਨੇ ਸਟੇਜ ਦੀਆਂ





Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

ESTATEVIEW®
(Real Estater & Property Management)
Baljinder Bath
Real Estate Associate
Baljinder Bath
Our Brokerage provides Following Services :
All Kind of Real Estate Services
REAL ESTATE
• Help Buyer / Seller
• Free Home Evaluations
• Commercial Buy / Sell / Lease
• Builders / Developers / Investors
PROPERTY MANAGEMENT
• Find Tenants, Collect Rents
• Take Care of Service Calls
• Manage Condo Corporation / Boards
• Non Resident Canadians' NR4 Tax Handling
403-402-6700
E: baljinderbath@yahoo.com
Brokerage Office : 403-400-0000
# 601 - 4656 Westwinds Dr NE
Calgary, AB T3J 3Z5
All our Realtors / Property Managers are Professionally Trained & Licensed
Not All Associates Provide all services. Please contact Associate to find out more.

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5




ਸੇਵਾਵਾਂ ਬਾਖੂਬੀ ਨਿਭਾਈਆਂ ਤੇ ਬੁਲਾਰਿਆਂ ਨਾਲ ਜਾਣ ਪਛਾਣ ਕਰਾਈ। ਲੇਖਿਕਾ ਗੁਰਚਰਨ ਕੌਰ ਥਿੰਦ ਵਲੋਂ ਭਾਰਤੀ ਸਮਾਜ ਵਿੱਚ ਔਰਤ ਦੀ ਦਸ਼ਾ ਦੀ ਗੱਲ ਕਰਦਿਆਂ ਦੱਸਿਆ ਕਿ ਕੈਨੇਡਾ ਵਿੱਚ ਵੀ ਔਰਤਾਂ ਕੋਲ ਬੇਸ਼ੱਕ ਵੱਧ ਅਧਿਕਾਰ ਤੇ ਆਜ਼ਾਦੀ ਹੈ, ਪਰ ਉਨ੍ਹਾਂ ਨੂੰ ਬਾਹਰ ਕੰਮ ਦੇ ਨਾਲ-ਨਾਲ ਘਰਾਂ ਵਿੱਚ ਪੂਰਾ ਕੰਮ ਕਰਨਾ ਪੈਂਦਾ ਹੈ। ਲੇਖਕ ਜਗਦੇਵ ਸਿੱਧੂ ਵਲੋਂ ਇਤਿਹਾਸ ਦੀਆਂ ਮਹਾਨ ਨਾਇਕ ਔਰਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਪ੍ਰੋਗਰਾਮ ਦੇ ਦੂਜੇ ਹਿੱਸੇ ਵਿੱਚ ਕਾਮਰੇਡ ਬੀਰਬਲ ਸਿੰਘ, ਕਰਮ ਸਿੰਘ, ਬਹਾਦਰ ਡਾਲਵੀ ਵਲੋਂ ਸ਼ਹੀਦ ਭਗਤ, ਰਾਜਗੁਰੂ ਤੇ ਸੁਖਦੇਵ ਦੇ ਜੀਵਨ ਸੰਗਰਾਮ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਕਿ ਉਨ੍ਹਾਂ ਦੀ ਸੋਚ ਵਾਲੇ ਸਮਾਜ ਦੀ ਸਿਰਜਣਾ ਲਈ ਸਾਨੂੰ ਨਿਰੰਤਰ ਯਤਨ ਕਰਦੇ ਰਹਿਣਾ ਪੈਣਾ ਹੈ। ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਕਲਾਕਾਰ ਅਮਰੀਤ ਗਿੱਲ ਵਲੋਂ ਔਰਤ ਦਿਵਸ ਤੇ ਖੂਬਸੂਰਤ ਵਿਚਾਰ ਪੇਸ਼ ਕੀਤੇ ਕਿ ਸਮਾਜ ਨੂੰ ਔਰਤ ਨੂੰ ਬਰਾਬਰ ਦੇ ਅਧਿਕਾਰ ਦੇਣੇ ਚਾਹੀਦੇ ਹਨ ਕਿਉਂਕਿ ਔਰਤ ਬਿਨਾਂ ਸਮਾਜ ਚੱਲ ਹੀ ਨਹੀਂ ਸਕਦਾ। ਇਸ ਮੌਕੇ ਅਮਰੀਤ ਗਿੱਲ ਨੂੰ ਕਿਤਾਬਾਂ ਦਾ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਯੰਗਸਤਾਨ ਸਪੋਰਟਸ ਕਲੱਬ ਵਲੋਂ ਸੁੱਖਵੀਰ ਗਰੇਵਾਲ ਨੇ ਔਰਤ ਦਿਵਸ ’ਤੇ ਬੋਲਦਿਆਂ ਕਿਹਾ ਕਿ ਸਾਨੂੰ ਆਪਣੀਆਂ ਬੱਚੀਆਂ ਨੂੰ ਸਪੋਰਟਸ ਵਿੱਚ ਪਾਉਣਾ ਚਾਹੀਦਾ ਹੈ ਕਿਉਂਕਿ ਸਰੀਰਕ ਤੇ ਮਾਨਸਿਕ ਮਜਬੂਤ ਲੜਕੀਆਂ ਹੀ ਮਜਬੂਤ ਬੱਚਿਆਂ ਨੂੰ ਜਨਮ ਦੇ ਸਕਦੀਆਂ ਹਨ। ਇਸ ਮੌਕੇ ’ਤੇ ਕੈਲਗਰੀ ਤੋਂ ਲੇਖਕ ਹਰਨੇਕ ਬੱਧਨੀ ਦੀ ਅਚਾਨਕ ਮੌਤ ਤੇ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਮੌਕੇ ਅਮੋਲਕ ਸਿੰਘ ਦੀ ਲਿਖੀ ਨਵੀਂ ਕਿਤਾਬ ‘ਜਲਿਆਂਵਾਲਾ ਬਾਗ ਤੋਂ ਸ਼ਾਹੀਨ ਬਾਗ’ ਸਾਰੇ ਬੁਲਾਰਿਆਂ ਤੇ ਤਿੰਨੋਂ ਸੰਸਥਾਵਾਂ ਦੇ ਅਹੁਦੇਦਾਰਾਂ ਵਲੋਂ ਸਾਂਝੇ ਤੌਰ ’ਤੇ ਰਿਲੀਜ਼ ਕੀਤੀ ਗਈ। ਹਰਚਰਨ ਸਿੰਘ ਪਰਹਾਰ ਵਲੋਂ ਕੈਨੇਡਾ ਤੇ ਭਾਰਤ ਦੇ ਮੌਜੂਦਾ ਹਾਲਾਤਾਂ ਨਾਲ ਸਬੰਧਤ ਤਿੰਨ ਮਤੇ ਪੜ੍ਹੇ ਗਏ, ਜਿਨ੍ਹਾਂ ਨੂੰ ਹਾਜ਼ਰ ਦਰਸ਼ਕਾਂ ਨੇ ਦੋਵੇਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਗਈ।



## ਅੱਜ ਦਾ ਇਹ ਇਕੱਠ ਸਭ ਦੀ ਸਹਿਮਤੀ ਨਾਲ ਹੇਠ ਲਿਖੇ ਮਤੇ ਪਾਸ ਕਰਦਾ ਹੈ



1. ਪਿਛਲੇ ਦਿਨੀਂ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦੀ ਸ਼ਹਿ ਤੇ ਘੱਟ ਗਿਣਤੀ ਮੁਸਲਿਮ ਭਾਈਚਾਰੇ ਦੇ ਲੋਕਾਂ ਖਿਲਾਫ ਭੜਕਾਈ ਹਿੰਸਾ ਦੀ ਅਸੀਂ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ, ਜਿਸ ਵਿੱਚ 50 ਦੇ ਕਰੀਬ ਬੇਗੁਨਾਹ ਮਾਰੇ ਗਏ ਸਨ ਅਤੇ ਅਰਬਾਂ ਰੁਪਏ ਦੀਆਂ ਜਾਇਦਾਦਾਂ ਨੂੰ ਅੱਗ ਲਗਾ ਦਿੱਤੀ ਗਈ ਸੀ। ਅਸੀਂ ਭਾਰਤ ਦੇ ਸਭ ਲੋਕ ਪੱਖੀ ਤੇ ਸ਼ਾਂਤੀ ਪਸੰਦ ਲੋਕਾਂ ਨੂੰ ਭਾਈਚਾਰਾ ਬਣਾ ਕੇ ਰੱਖਣ ਦੀ ਅਪੀਲ ਕਰਦੇ ਹਾਂ।
2. ਪਿਛਲ਼ੇ ਦਿਨੀਂ ਅਲਬਰਟਾ ਦੀ ਕੈਨੀ ਸਰਕਾਰ ਵਲੋਂ ਅਲਬਰਟਾ ਅਸੰਬਲੀ ਵਿੱਚ ਪੇਸ਼ ਕੀਤੇ ਗਏ ਨਵੇਂ ‘ਬਿੱਲ 1: ਕਰੀਟੀਕਲ ਇਨਫਰਾਸਟੱਕਚਰ ਡੀਫੈਂਸ ਐਕਟ’ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਇਸ ਬਿੱਲ ਦੇ ਕਨੂੰਨ ਬਣਨ ਨਾਲ ਲੋਕ ਹੱਕਾਂ ਤੇ ਸਰਕਾਰ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਵਾਲੇ ਮੁਜ਼ਾਹਰਾਕਾਰੀਆਂ ਨੂੰ ਸੜਕਾਂ, ਰੇਲ ਗੱਡੀਆਂ, ਸਰਕਾਰੀ ਜਾਂ ਕਾਰਪੋਰੇਟ ਬਿਲਡਿੰਗਾਂ ਰੋਕਣ ਜਾਂ ਬੰਦ ਕਰਨ ਲਈ ਭਾਰੀ ਜ਼ੁਰਮਾਨੇ ਤੇ ਜੇਲ੍ਹ ਸਜ਼ਾਵਾਂ ਦਿੱਤੀਆਂ ਜਾ ਸਕਣਗੀਆਂ। ਅਸੀਂ ਸਮਝਦੇ ਹਾਂ ਕਿ ਇਹ ਕਨੂੰਨ ਆਪਣੇ ਹੱਕਾਂ ਲਈ ਲੜਨ ਵਾਲਿਆਂ ਵਿਰੁੱਧ ਹਥਿਆਰ ਵਾਂਗ ਵਰਤਿਆ ਜਾ ਸਕਦਾ ਹੈ ਤਾਂ ਕਿ ਲੋਕ ਲਈ ਹਿੱਤਾਂ ਲੜ ਰਹੇ ਲੋਕਾਂ ਦੀ ਅਵਾਜ਼ ਦਬਾਈ ਜਾ ਸਕੇ।ਇਹ ਕਨੂੰਨ ਕਨੇਡਾ ਦੇ ਚਾਰਟਰ ਆਫ ਰਾਈਟਸ ਦੀ ਸਿੱਧੀ ਉਲੰਘਣਾ ਹੈ, ਜਿਸ ਤਹਿਤ ਲੋਕਾਂ ਨੂੰ ਆਪਣੇ ਹੱਕਾਂ ਲਈ ਬੋਲਣ, ਲਿਖਣ ਤੇ ਪ੍ਰੋਟੈਸਟ ਕਰਨ ਦੀ ਪੂਰਨ ਆਜ਼ਾਦੀ ਹੈ।
3. ਪਿਛਲੇ ਦਿਨੀਂ ਸਰੀ (ਬੀ ਸੀ) ਤੋਂ ਉਘੇ ਪੱਤਰਕਾਰ, ਲੇਖਕ ਤੇ ਰੇਡੀਉ ਹੋਸਟ ਗੁਰਪ੍ਰੀਤ ਸਿੰਘ ਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕਲੰਬੀਆ ਵਿੱਚ ਭਾਰਤ ਸਰਕਾਰ ਦੇ ਕਾਲੇ ਕਨੂੰਨਾਂ ‘ਸੀ ਏ ਏ ਅਤੇ ਐਨ ਆਰ ਸੀ’ ਬਾਰੇ ਹੋਰ ਰਹੇ ਸੈਮੀਨਾਰ ਦੌਰਾਨ ਕੱਟੜਵਾਦੀ ਭਗਵਾਂ ਬ੍ਰਿਗੇਡ ਦੇ ਗੁੰਡਿਆਂ ਵਲੋਂ ਹਮਲਾ ਕਰਨ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੀ ਅਸੀਂ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਕੈਨੇਡਾ ਵਰਗੇ ਦੇਸ਼ ਵਿੱਚ ਅਜਿਹੀਆਂ ਹਰਕਤਾਂ ਅਮਨ ਕਨੂੰਨ ਲਈ ਖਤਰਾ ਹਨ। ਅਸੀਂ ਸਰਕਾਰ ਤੋਂ ਅਜਿਹੇ ਅਨਸਰਾਂ ਦੀ ਨਿਸ਼ਾਨਦੇਹੀ ਕਰਕੇ ਕਾਰਵਾਈ ਕਰਨ ਦੀ ਮੰਗ ਕਰਦੇ ਹਾਂ।

ZyTech
BUILDING SYSTEMS

Roof Trusses | Floor Systems | Lumber | Stairs
Tall Wall | Wall Panel | Floor Panel




ਅਸੀਂ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਬਣਾਉਣ ਵਾਸਤੇ ਰੂਫ ਟਰੱਸਜ਼, ਫਲੋਰ ਸਿਸਟਮ, ਲੰਬਰ ਪੈਕੇਜ ਅਤੇ ਸਟੇਅਰਜ਼ ਸਪਲਾਈ ਕਰਦੇ ਹਾਂ, ਜ਼ਿਆਦਾ ਜਾਣਕਾਰੀ ਲਈ ਸਾਡੀ ਨੇੜੇ ਦੀ ਲੁਕੇਸ਼ਨ ‘ਤੇ ਸੰਪਰਕ ਕਰੋ।

ਰਘੁਬੀਰ ਸਿੰਘ ਭੰਡਾਲ: 780-980-9192
ਜਸਪਾਲ ਸਿੰਘ ਭੰਡਾਲ: 403-912-3232

BALZAC (CALGARY)
262029 Balzac Blvd
Balzac, AB T4B 2T3
403-912-3232,
Jaspal Bhandal
jaspal@zytechtruss.com

LANGLEY
(Lower Mainland)
20289 - 102
Ave Langley,
BC V1M 4B4
604-546-3232
bcsales@zytechtruss.com

LEDUC (EDMONTON)
3907 77th Ave
Leduc Alberta T9E 0B7
Phone:
780-980-9192
Raghubir Bhandal
garry@zytechtruss.com

SASKATOON
Yard #5 Cory Place,
RM of Corman Park,
Mertensville
Saskatoon
306-477-3232
rajeshn@zytechtruss.com

CARE Inc.
Home Health Solutions

403-605-6300
ਗਰਚਾ ਮੀਟ ਸ਼ਾਪ ਦੇ ਨੇੜੇ
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ



“ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ”

ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।



ਨਜ਼ਰ ਚੈਕ ਕਰਵਾਉਣ ਅਤੇ ਐਨਕਾਂ ਦਾ ਵਿਸ਼ੇਸ਼ ਪ੍ਰਬੰਧ

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ ’ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca

# ਕਰੋਨਾ ਵਾਇਰਸ

-ਡਾ. ਬਲਜਿੰਦਰ



ਕਰੋਨਾ ਵਾਇਰਸ ਦਾ ਕਹਿਰ ਆਲਮੀ ਪੱਧਰ 'ਤੇ ਹੀ ਸਿਹਤ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਦੁਨੀਆਂ ਇੱਕ ਪਿੰਡ ਬਣ ਚੁੱਕੀ ਹੈ ਅਤੇ ਇਸ ਲਈ ਅਜਿਹੀਆਂ ਬਿਮਾਰੀਆਂ ਦਾ ਸੰਸਾਰ ਪੱਧਰ 'ਤੇ ਫੈਲਾਅ ਕੋਈ ਜ਼ਿਆਦਾ ਵਕਤ ਨਹੀਂ ਲੈਂਦਾ। ਜਿਵੇਂ ਕਿ ਕੋਈ ਖ਼ਬਰ ਗਲਤ ਜਾਂ ਸਹੀ ਦੇ ਤੇਜੀ ਨਾਲ ਅੱਗੋਂ-ਅੱਗੇ ਪਹੁੰਚਦੇ ਜਾਣ ਨੂੰ ਮੀਡੀਏ ਨੂੰ ਮੀਡੀਏ ਦੀ ਥੈਲੀ 'ਚੋਂ ਉਸ ਖ਼ਬਰ ਦਾ ਵਾਇਰਲ ਹੋਣਾ ਕਿਹਾ ਜਾ ਸਕਦਾ ਹੈ, ਇਹ ਤਾਂ ਹੈ ਹੀ ਵਾਇਰਸ ਅਤੇ ਇਸ ਨੇ ਤਾਂ ਵਾਇਰਲ ਹੋਣਾ ਹੀ ਹੋਇਆ।

ਦਸੰਬਰ 2019 ਚੀਨ ਦੇ 60 ਮਿਲੀਅਨ ਆਬਾਦੀ ਵਾਲੇ ਹੁਬਈ ਸੂਬੇ ਅੰਦਰ ਇਸ ਵਾਇਰਸ ਨਾਲ ਪੀੜਤ ਮਰੀਜ਼ ਮਿਲੀ। ਉਹ ਸਾਹ ਲੈਣ ਦੀ ਸੱਮਸਿਆ ਤੋਂ ਪੀੜਤ ਸੀ। ਜਾਂਚ ਪੜਤਾਲ ਤੋਂ ਉਸ ਦੇ ਕਰੋਨਾ ਵਾਇਰਸ ਤੋਂ ਪੀੜਤ ਹੋਣ ਦਾ ਪਤਾ ਚੱਲਿਆ। ਵੂਹਾਨ 'ਚ ਹੀ ਇਸ ਬਿਮਾਰੀ ਤੋਂ ਪੀੜਤ ਵਿਅਕਤੀ 'ਚੋਂ 67 ਪ੍ਰਤੀਸ਼ਤ ਮਿਲੇ ਹਨ ਅਤੇ ਮਰਨ ਵਾਲੇ 97 ਫੀਸਦੀ ਇੱਥੋਂ ਦੇ ਹੀ ਵਸਨੀਕ ਹਨ। ਹੁਣ ਤੱਕ ਪੀੜਤ ਮਰੀਜ਼ਾਂ ਦੀ ਗਿਣਤੀ 30,000 ਟੱਪ ਚੁੱਕੀ ਹੈ।

2019 ਦਾ ਕਰੋਨਾ ਵਾਇਰਸ ਵੀ 2003 'ਚ ਚੱਲੀ ਮਹਾਂਮਾਰੀ Mars ਬਿਮਾਰੀ ਦਾ ਹੀ ਪੈਣ ਭਰਾ ਹੈ ਜਿਸ ਨੂੰ "ਬਲੈਕ ਬਕਸਾ" ਕਿਹਾ ਗਿਆ ਸੀ। ਮਾਰਸ ਵੀ ਕਰੋਨਾ ਵਾਇਰਸ ਹੀ ਹੈ ਪਰ ਇਹ ਮਾਰਸ ਜਿੰਨਾ ਅਣਬੁੱਝ ਬੁਝਾਰਤ ਨਹੀਂ ਹੈ। ਇਸ ਦਾ ਜੀਨੋਮ ਖਾਕਾ ਵਿਗਿਆਨੀਆਂ ਨੇ ਤਿਆਰ ਕੀਤਾ ਹੈ- ਜਿਹੜਾ ਇਸ ਵਾਇਰਸ ਵਿਰੋਧੀ ਦਵਾਈਆਂ ਤਿਆਰ ਕਰਨ ਅਤੇ ਵਾਇਰਸ ਰੋਧੀ ਵੈਕਸੀਨ ਵਿਕਸਤ ਕਰਨ ਲਈ ਵਰਤੋਂ 'ਚ ਲਿਆਂਦਾ ਜਾ ਸਕਦਾ ਹੈ।

ਚੀਨ ਦੀ ਵੂਹਾਨ ਹਕੂਮਤ ਨੇ ਸੂਬੇ ਦੀ 50 ਮਿਲੀਅਨ ਆਬਾਦੀ ਦੀ ਆਵਾਜਾਈ ਨੂੰ ਇੱਕ ਖਾਸ ਖੇਤਰ ਅੰਦਰ ਸੀਮਤ ਕਰ ਦਿੱਤਾ ਹੈ। ਇਸ ਨਾਲ ਇਸ ਬਿਮਾਰੀ ਦੇ ਹੋਰ ਵਧੇਰੇ ਖੇਤਰਾਂ 'ਚ ਫੈਲਣ 'ਤੇ ਰੋਕ ਤਾਂ ਜ਼ਰੂਰ ਲੱਗੀ ਹੈ। ਨਾਲ ਹੀ ਬਾਹਰੋਂ ਆਉਣ ਵਾਲਿਆਂ 'ਤੇ ਪਾਬੰਦੀਆਂ ਲੱਗਣ ਨਾਲ ਸੂਬਾਈ ਅਰਥਚਾਰੇ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ। ਕਰੋਨਾ ਵਾਇਰਸ ਮੁੱਖ ਤੌਰ 'ਤੇ ਸਾਹ ਪ੍ਰਣਾਲੀ 'ਤੇ ਪ੍ਰਭਾਵ ਪਾਉ ਵਾਲੀ ਬਿਮਾਰੀ ਹੈ ਜਿਸ 'ਚ ਆਮ ਰੂਪ 'ਚ ਸਰਦੀ-ਜੁਕਾਮ, ਬੁਖਾਰ, ਖਾਂਸੀ ਆਦਿ ਲੱਛਣ ਪਾਏ ਜਾਂਦੇ ਹਨ, ਪਰ ਗੰਭੀਰ ਮਾਮਲਿਆਂ ਅੰਦਰ ਨਮੂਨੀਆਂ ਅਤੇ ਸਾਹ ਲੈਣ 'ਚ ਦਿੱਕਤ ਮਹਿਸੂਸ ਹੋਣ ਲਗਦੀ ਹੈ। ਹੋਰਨਾ ਵਾਇਰਲ ਬਿਮਾਰੀਆਂ ਵਾਂਗ ਛੂਤਛਾਤ ਦੀ ਇਹ ਬਿਮਾਰੀ ਵੀ ਸਾਹ ਬਾਹੀ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦੀ ਹੈ। ਇਸ ਦੀ ਕੋਈ ਖਾਸ ਦਵਾਈ ਈਜਾਦ ਨਹੀਂ ਕੀਤੀ ਜਾ ਸਕੀ। ਮਰੀਜ਼ ਦੇ ਪਾਏ ਜਾ ਰਹੇ ਲੱਛਣਾ ਅਤੇ ਤਕਲੀਫਾਂ ਦੇ ਮੱਦੇਨਜ਼ਰ ਇਲਾਜ ਕਰਨ ਦੇ ਢੰਗ ਤਰੀਕੇ ਅਪਣਾਏ ਜਾਂਦੇ ਹਨ। ਜਿਵੇਂ ਮੂਲਰੂਪ 'ਚ ਵਿਅਕਤੀ ਨੂੰ ਜ਼ਿੰਦਾ ਰੱਖਣ ਲਈ ਮਨਸੂਈ ਸਾਹ ਪ੍ਰਕ੍ਰਿਆ ਰਾਹੀ (ਕਈ ਹਾਲਤਾਂ 'ਚ ਵੈਂਟੀਲੇਟਰ) ਨਾਲ ਬਚਾਉਣ ਦੇ ਉਪਰਾਲੇ ਕੀਤੇ ਜਾਂਦੇ ਹਨ। ਮੁੱਖ ਰੂਪ 'ਚ ਮਨੁੱਖੀ ਸਰੀਰ ਦੀ ਬਿਮਾਰੀਆਂਨਾਲ ਲੜਨ ਸ਼ਕਤੀ ਜਿਸ ਨੂੰ ਆਮ ਰੂਪ 'ਚ ਇਮੂਨਿਟੀ ਕਿਹਾ ਜਾਂਦਾ ਹੈ ਹੀ ਇਸ ਬਿਮਾਰੀ 'ਚੋ ਬਚ ਨਿਕਲਣ 'ਚ ਲਈ ਸਹਾਈ ਹੁੰਦੀ ਹੈ। ਪੋਲੀਓ, ਗਲਘੋਟੂ, ਚਿਕਣਪਾਕਸ(ਵੱਡੀ ਮਾਤਾ), ਛੋਟੀ ਮਾਤਾ, ਕਾਲਾ ਪੀਲੀਆ (ਹੈਪੀਟਾਈਟਸ ਬੀ ਤੇ ਸੀ) ਅਤੇ ਕਈ ਕਿਸਮਾਂ ਦੇ ਫਲੂ ਦੇ ਰੋਗਾਣੂਆਂ ਤੋਂ ਬਚਣ ਲਈ ਬਣੀਆਂ ਦਵਾਈਆਂ (ਵੈਕਸੀਨ) ਵਾਂਗ ਕਰੋਨਾ ਵਾਇਰਸ ਲਈ ਕੋਈ ਬਿਮਾਰੀ ਰੋਧਕ ਵੈਕਸੀਨ ਹਾਲੇ ਤਿਆਰ ਨਹੀਂ ਹੋਈ।

**ਤਰਾਦਸੀ ਮਨੁੱਖੀ-ਪਰ ਮੁਨਾਫੇ ਸਾਮਰਾਜੀਆਂ ਦੇ :** ਕਰੋਨਾਵਾਇਰਸ ਦੀ ਇਸ ਮਨੁੱਖੀ ਤਰਾਸਦੀ ਨੂੰ ਹੋਰ ਅਜਿਹੀਆਂ ਤਰਾਸਦੀਆਂ ਵਾਂਗ ਆਪਣੇ ਆਰਥਕ ਹਿਤਾਂ ਨੂੰ ਪੂਰਨ ਲਈ ਸਮੁੱਚੇ ਸੰਸਾਰ ਦੀਆਂ ਜੋਕਾਂ ਅੰਦਰ ਦੌੜ ਲੱਗ ਗਈ ਹੈ। ਅਮਰੀਕਾਂ ਨੇ ਅਮਰੀਕੀ ਸ਼ਹਿਰ ਲਾਸ ਏਜਲਜ਼ ਤੋਂ ਬੀਜਿੰਗ ਅਤੇ ਸੰਘਾਈ ਦੀਆਂ ਵੁਡਾਣਾਂ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਹੈ ਜਿਸ ਦਾ 15000 ਪਾਇਲਟ ਦੀ ਨੁਮਾਇੰਦਗੀ ਵਾਲੀ ਯੂਨੀਅਨ ਲੈ ਵਿਰੋਧ ਕੀਤਾ ਸੀ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਜਿਹੀਆਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਆਪਣੇ ਮੁਨਾਫੇ ਪਿਆਰੇ ਹਨ। ਕਿਉਂਕਿ ਵਾਇਰਸ ਦੇ ਪ੍ਰਕੋਪ ਦੇ ਮੱਦੇਨਜ਼ਰ ਬਾਹਰਲੇ ਟੂਰਿਸਟ ਅਤੇ ਯਾਤਰੀ ਚੀਨ ਵੱਲ ਰੁਖ ਹੀ ਨਹੀਂ ਕਰ ਰਹੇ ਅਤੇ ਜਿਹਨਾਂ ਨੇ ਪਹਿਲਾਂ ਬੁੱਕ ਵੀ ਕੀਤੀਆਂ ਹੋਈਆਂ ਹਨ -ਉਹ ਵੀ ਹੋਰ ਬੰਦੋਬਸਤ ਕਰਨ ਲਈ ਇਹਨਾਂ ਉਡਾਣਾ ਵਿਚਲੀ ਆਪਣੀ ਬੁੱਕਿੰਗ ਰੱਦ ਕਰਵਾ ਰਹੇ ਹਨ। ਨਤੀਜੇ ਵਜੋਂ ਯਾਤਰੀ ਨਾ ਮਿਲਣ ਕਰਕੇ ਏਅਰ ਫਰਾਂਸ ਅਤੇ ਬ੍ਰਿਟਿਸ਼ ਏਅਰਵੇਜ਼ ਨੇ ਆਪਣੀਆਂ ਉਡਾਣਾਂ ਹੀ ਰੱਦ ਕਰ ਦਿੱਤੀਆਂ ਹਨ।

ਅਮਰੀਕਾ ਅਤੇ ਚੀਨ ਦਰਮਿਆਨ ਚੱਲ ਰਹੀ ਆਰਥਕ ਖਿੱਚ-ਧੂਹ ਅੰਦਰ ਵੀ ਕਰੋਨਾ ਵਾਇਰਸ ਅਮਰੀਕਾ ਲਈ ਰਾਹਤ ਬਣ ਚੁੱਕਿਆ ਹੈ। ਚੀਨ ਤੋਂ ਬਰਾਮਦ ਹੋਣ ਵਾਲੇ ਹਰ ਸਮਾਨ ਦੀ ਕਰੋਨਾ ਵਾਇਰਸ ਨਾਲ ਗੱਰਸੇ ਹੋਣ ਦੇ ਖਦਸ਼ੇ ਖੜੇ ਕਰਕੇ ਚੀਨੀ ਅਰਥਚਾਰੇ ਨੂੰ ਲੰਮੇ ਸਮੇਂ ਤੱਕ ਚਲਣ ਵਾਲੀ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹੋਰ ਵਸਤਾਂ ਦੇ ਨਾਲ ਨਾਲ ਦਵਾਈਆਂ ਦੇ ਮਾਮਲੇ 'ਚ ਵੀ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਇਹ ਕਰੋਨਾ ਵਾਇਰਸ ਨਾਲ ਗਰੱਸਤ ਹੈ। ਹੋਰ ਤਾਂ ਹੋਰ ਭਾਰਤ ਨੇ ਵੀ ਚੀਨ ਤੋਂ ਆਉਣ ਵਾਲੀਆਂ ਕੁੱਝ ਦਵਾਈਆਂ 'ਤੇ ਪਾਬੰਦੀਆਂ ਆਇਦ ਕਰ ਦਿੱਤੀਆਂ ਹਨ। ਚੀਨ ਵੱਲੋਂ ਬਰਾਮਦ ਕੀਤੀਆਂ ਜਾਂਦੀਆਂ ਦਵਾਈਆਂ ਦੇ ਸਸਤੇ ਬਦਲ ਹੋਣ ਕਾਰਨ ਹੁਣ ਉਹਨਾਂ ਦੀ ਉਪਲਬਤਾ ਨਾ ਹੋਣ ਕਰਕੇ ਹੋਰ ਮਹਿੰਗੀਆਂ ਦਵਾਈਆ ਖਰੀਦਣ ਲਈ ਭਾਰਤੀ ਜਨਤਾ ਨੂੰ ਮਜਬੂਰ ਹੋਣਾ ਪਵੇਗਾ ਜਿਸ ਨਾਲ ਭਾਰਤੀ ਲੋਕਾਂ ਲਈ ਮੁਸ਼ਕਲਾਂ ਹੋਰ ਵਧਣਗੀਆਂ।

**ਦਵਾਈਆਂ/ਵੈਕਸੀਨ ਦੀ ਮੰਗ ਵਧਣਾ :** ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਿਆ ਹੈ ਅੱਜ ਤੱਕ ਕਰੋਨਾ ਵਾਇਰਸ ਦੀ ਦਵਾਹੀ ਜਾਂ ਕੋਈ ਵੈਕਸੀਨ ਵਿਕਸਤ ਨਹੀਂ ਕੀਤੀ ਜਾ ਸਕੀ ਪਰ ਮਾਮਲਾ ਇਹ ਨਹੀਂ ਹੈ ਕਿ ਇੱਕ ਕਰੋਪੀ ਦੇ ਸਨਮੁੱਖ ਮਨੁੱਖਤਾਵਾਦੀ ਪਹੁੰਚ ਅਪਣਾਕੇ ਕੋਈ ਦਵਾਈ ਜਾਂ ਵੈਕਸੀਨ ਕਰਲ ਲਈ ਕੋਈ ਚਾਰਾਜੋਈ ਕੀਤੀ ਜਾਂਦੀ ਹੈ ਜਾਂ ਨਹੀਂ ਬਲਕਿ ਉਲਟਾ ਇਹ ਹੈ ਕਿ ਅਜਿਹੇ ਸੰਕਟ ਭਰੇ ਸਮਿਆਂ ਨੂੰ ਆਪਣੇ ਮੁਨਾਫੇ ਵਧਾਉਣ ਲਈ ਕਿਵੇਂ ਵਰਤਿਆ ਜਾਵੇ। ਕਰੋਨਾ ਨਾਲ ਗ੍ਰਸਤ ਹੋਣ ਦੇ ਬਹਾਨੇ ਹੇਠ ਅਮਰੀਕਾ ਅਤੇ ਯੂਰਪੀ ਮੁਲਕਾਂ ਨਾਲੋਂ ਚੀਨ ਕੋਲੋ ਸਸਤੇ ਰੇਟ 'ਤੇ ਮਿਲਦੀਆਂ ਦਵਾਈਆਂ 'ਤੇ ਪਾਬੰਦੀਆਂ ਲਗਾਕੇ ਘਰੇਲੂ ਮੰਡੀ 'ਚ ਦਵਾਈਆਂ ਦੀਆਂ ਕੀਮਤਾਂ 'ਚ ਵਾਧਾ ਹੋਣ ਦੀ ਸੰਭਾਵਨਾ ਹੈ।

ਇਸ ਦਾ ਇੱਕ ਪੱਖ ਇਸ ਬਿਮਾਰੀ ਨੂੰ ਇੱਕ ਹਊਆ ਬਣਾ ਕੇ ਪੇਸ਼ ਕਰਨ ਰਾਹੀਂ ਇਸ ਲਈ ਤਿਆਰ ਕੀਤੀ ਜਾਣ ਵਾਲੀ ਦਵਾਈ ਜਾਂ ਵੈਕਸੀਨ ਵੀ ਮੁਨਾਫੇ ਦਾ ਇੱਕ ਚੰਗਾ ਸ੍ਰੋਤ ਸਾਬਤ ਹੋਵੇਗੀ। ਬਿਮਾਰੀ ਨੂੰ ਹਊਆ ਬਣਾਕੇ ਵਿਆਪਕ ਪੈਮਾਨੇ 'ਤੇ ਕੀਤੇ ਜਾਣ ਵਾਲੇ ਹਿਸ ਬਿਮਾਰੀ ਦੇ ਡਾਇਗਲਾਸਟਕ ਟੈਸਟਾਂ ਰਾਹੀਂ ਵੀ ਚਾਂਦੀ ਹੈ। ਬਿਮਾਰੀ ਦੇ ਖੜੇ ਕੀਤੇ ਡਰ ਤੋਂ ਮਾੜੀ ਮੋਟੀ ਖਾਂਸੀ ਬੁਖਾਰ, ਜੁਕਾਮ ਨਾਲ ਪੀੜਤ ਵਿਅਕਤੀ ਵੀ ਕਰੋਨਾ ਵਾਇਰਸ ਦੇ ਮਹਿੰਗੇ ਟੈਸਟ ਕਰਾਉਣ ਦੀ ਘੌਲ ਨਹੀਂ ਕਰਦਾ। ਇਓਂ ਟੈਸਟ ਕਿਟਾਂ ਤਿਆਰ ਕਰਨ ਵਾਲੀਆਂ ਕੰਪਨੀਆਂ ਅਤੇ ਲਬਾਰਟੀਆਂ ਦੇ ਫੈਲੇ ਲੰਮੇ-ਚੌੜੇ ਜਾਲ ਦੀਆਂ ਜੇਬਾਂ ਭਰਨਗੀਆਂ।

**ਕੀ ਕਰੋਨਾ ਵਾਇਰਸ ਕੋਈ ਨਵਾਂ ਜੈਵਕ ਹਥਿਆਰ ਹੈ :** ਆਪਣੇ ਦੁਸ਼ਮਣਾਂ ਨੂੰ ਮਾਤ ਦੇਣ ਲਈ ਲੜਾਈ ਲੜਨ ਵਾਲੀਆਂ ਧਿਰਾਂ ਹਰ ਹੀਲਾ ਵਰਤਦੀਆਂ ਹਨ। ਹਰ ਕਿਸਮ ਦੇ ਹਥਿਆਰ ਵਰਤੋਂ 'ਚ ਲਿਆਂਦੇ ਜਾਂਦੇ ਹਨ। ਬੰਦੂਕਾਂ, ਗੋਲੀਆਂ, ਬੰਬ, ਐਟਮੀ ਬੰਬ, ਮਿਜ਼ਾਈਲਾਂ, ਟੈਂਕ, ਰਸਾਇਣਕ ਹਥਿਆਰ ਆਦਿ ਵਾਂਗ ਜੈਵ ਹਥਿਆਰ ਵੀ ਹਾਕਮ ਟੋਲਿਆਂ ਕੋਲ ਮਨੁੱਖਤਾ ਦਾ ਘਾਣ ਕਰਨ ਲਈ ਮੌਜੂਦ ਹਨ। ਕਿਸੇ ਜੀਵਾਣੂ (ਬੈਕਟੀਰੀਆਂ ਜਾਂ ਵਾਇਰਸ) ਆਦਿ ਦੀ ਜੀਵ-ਕਾਇਆਪਲਟੀ (Genetic Modification) ਕਰਕੇ ਉਸਨੂੰ ਤੇਜੀ ਨਾਲ ਵੱਧ ਮਾਰੂ ਰੂਪ 'ਚ ਅਤੇ ਕਿਸੇ ਦਵਾਈ ਵੈਕਸੀਨ ਦੇ ਵੱਸ 'ਚ ਨਾ ਆਉਣ ਵਾਲਾ ਬਣਾਕੇ ਪੇਸ਼ ਕੀਤਾ ਜਾਂਦਾ ਹੈ। ਇਸ ਜੀਵਾਣੂ ਨੂੰ ਪਾਊਡਰ ਸਪਰੇਅ, ਪਾਣੀ ਜਾਂ ਭੋਜਣ ਅੰਦਰ ਮਿਲਾਕੇ ਪੇਸ਼ ਕੀਤਾ ਜਾਂਦਾ ਹੈ। ਦੂਜੀ ਸੰਸਾਰ ਜੰਗ ਦੌਰਾ ਇਤਿਹਾਦੀ ਫੌਜਾਂ ਨੇ ਅਜਿਹੇ ਟਿਕਾਣਾ ਵਿਕਸਤ ਕਰ ਲਏ ਸਨ ਜਿਹੜੇ ਕੁਦਰਤੀ ਰੂਪ ਵਿੱਚ ਮਿਲਣ ਵਾਲੇ ਐਂਥਰੈਕਸ ਜੀਵਾਨੂੰ ਦੇ ਸਪੋਰ (ਬੀਜ) ਤਿਆਰ ਕਰ ਸਕਦੇ ਸਨ, ਇਹਨਾਂ ਨੂੰ ਲੈਬਾਟਰੀਆਂ 'ਚ ਤਿਆਰ ਕੀਤਾ ਅਤੇ ਲੰਮੇ ਸਮੇਂ ਤੱਕ ਹਵਾ 'ਚ ਛੱਡਿਆ ਜਾ ਸਕਦਾ ਹੈ। ਪਰ ਇਸ ਨੂੰ ਵਰਤੋਂ 'ਚ ਲਿਆਂਦੇ ਜਾਣ ਤੋਂ ਪਹਿਲਾਂਹੀ ਦੂਜੀ ਸੰਸਾਰ ਜੰਗ ਖਤਮ ਹੋ ਗਈ, ਪਰ ਵਿਕਸਤ ਕੀਤੇ ਜੀਵਾਣੂ ਅਤੇ ਟਿਕਾਣੇ ਕਾਇਮ ਮੁਕਾਮ ਹਨ। ਇਹੀ ਕਾਰਨ ਸੀ ਕਿ 2001 'ਚ ਅਮਰੀਕੀ ਪੋਸਟਲ ਸਿਸਟਮ ਰਾਹੀਂ ਐਂਥਰੈਕਸ ਦੇ ਸਪੋਰ ਭੇਜੇ ਸਨ ਜਿਹਨਾਂ ਨਾਲ 22 ਲੋਕ ਬਿਮਾਰ ਹੋ ਗਏ ਜਿਹਨਾਂ 'ਚੋਂ 5 ਦੀ ਮੌਤ ਹੋ ਗਈ। ਪਰ ਦੋਸ਼ੀਆਂ ਦਾ ਅਜੇ ਤੱਕ ਪਤਾ ਨਹੀਂ ਲਾਇਆ ਗਿਆ।

ਜੈਵ-ਹਥਿਆਰਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। 2000 ਸਾਲ ਤੋਂ ਵੱਧ ਸਮਾਂ ਪਹਿਲਾਂ ਅਸੀਰੀਆਈਆਂ ਨੇ ਆਪਣੇ ਦੁਸ਼ਮਣਾਂ ਦੇ ਖਾਣਪੀਣ ਵਾਲੇ ਖੂਹਾਂ 'ਚ "ਰਾਈ" ਨਾਂ ਦੀ ਇੱਕ ਉੱਲੀ ਸੁੱਟ ਦਿੱਤੀ ਜਿਸ 'ਚ ਅਜਿਹੇ ਜ਼ਹਿਰੀਲੇ ਤੱਤ ਪਾਏ ਜਾਂਦੇ ਸਨ ਕਿ ਇਸਦੀ ਲਾਗ ਵਾਲੇ ਪਾਣੀ ਨੂੰ ਪੀਣ ਵਾਲੇ ਵਿਅਕਤੀ ਦੀ ਮਾਨਸਕ ਅਵਸਥਾ ਵਿਗਾੜ ਦਿੰਦੇ ਸਨ ਅਤੇ ਉਹਦਾ ਦਿਮਾਗ ਭਰਮਾਊ ਹੋ ਜਾਂਦਾ ਹੈ ਅਤੇ ਕਈ ਹਾਲਤਾਂ 'ਚ ਮੌਤ ਵੀ ਹੋ ਜਾਂਦੀ ਹੈ। ਇਸੇ ਤਰ੍ਹਾਂ 1763 'ਚ ਬਰਤਾਨਵੀ ਫੌਜ ਨੇ ਅਮਰੀਕਾ ਦੇ ਮੂਲ ਬਸ਼ਿੰਦਿਆ (ਰੈੱਡ ਇੰਡੀਅਨ ਆਦਿ) ਅਤੇ ਕਬੀਲਿਆਂ ਨੂੰ ਕਾਬੂ ਹੇਠ ਲਿਆਉਣ ਚੇਚਕ ਦੇ ਹਸਪਤਾਲਾਂ 'ਚੋਂ ਚੇਚਕ ਦੇ ਮਰੀਜਾਂ ਵੱਲੋਂ ਵਰਤੇ ਗਏ ਕੰਬਲ ਦਾਨ ਕੀਤੇ ਤਾਂ ਜੋ ਉਹਨਾ ਅੰਦਰ ਇਸ ਬਿਮਾਰੀ ਦੇ ਜਰਾਸੀਮ ਫੈਲਾਏ ਜਾ ਸਕਣ। ਅੱਜ ਜੀਨ ਐਡਿਟਿੰਗ ਤਕਨੀਕ CRISPR ਦੀ ਸਹਾਇਤਾ ਨਾਲ ਜਰਾਸੀਮਾਂ ਦੇ ਜੀਨੋਮ ਨੂੰ ਢਾਲਣ ਅਤੇ ਜੀਨਜ. ਦੀ ਕਾਰਜ ਨੂੰ ਤਬਦੀਲ ਕਰਨ ਲਈ ਡੀ ਐਨ ਏ ਲੜੀ ਨੂੰ ਸਹਿਜੇ ਹੀ ਢਾਲਿਆ ਜਾ ਸਕਦਾ ਹੈ। ਅਮਰੀਕੀ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਜੇਮਜ਼ ਕਲੈਪਰ ਨੇ 2011 'ਚ ਛਾਪੀ ਆਪਣੀ ਇੱਕ ਰਿਪੋਰਟ 'ਚ CRISPR ਤਕਨੀਕ ਨੂੰ ਵਿਆਪਕ ਪੱਧਰ 'ਤੇ ਜਨਤਕ ਕਤਲੋਗਾਰਦ ਮਚਾਉਣ ਵਾਲੇ ਹਥਿਆਰਾਂ ਦੀ ਸ੍ਰੇਣੀ 'ਚ ਦਰਜ ਕੀਤਾ ਸੀ। 2001 'ਚ ਹੀ "ਕੈਟੇਜੀਅਨ" ਨਾਂ ਹੇਠ ਇੱਕ ਹੋਰ ਅੰਗਰੇਜ਼ੀ ਫਿਲਮ ਇਟਲੀ ਦੇ ਵੀਨਸ ਫਿਲਮ ਫੈਸਟੀਵਲ 'ਚ ਪ੍ਰਦਰਸ਼ਤ ਕੀਤੀ ਗਈ ਸੀ। ਕੈਟੇਜੀਅਨ ਦਾ ਸ਼ਬਦੀ ਅਰਥ ਹੈ ਲਾਗ ਨਾਲ ਹੋਣ ਵਾਲੀ ਬਿਮਾਰੀ। ਇਸ ਫਿਲਮ 'ਚ ਇੱਕ ਅਜਿਹੇ ਮਾਰੂ ਵਾਇਰਸ ਦਾ ਜ਼ਿਕਰ ਕੀਤਾ ਗਿਆ ਹੈ ਜਿਹੜਾ ਬਹੁਤ ਤੇਜ਼ੀ ਨਾਲ ਫੈਲਦਾ ਹੈ ਅਤੇ ਦਿਨਾਂ 'ਚ ਹੀ ਬਹੁਤ ਵਿਸ਼ਾਲ ਇਲਾਕੇ ਅੰਦਰ ਫੈਲ ਜਾਂਦਾ ਹੈ। ਦੁਨੀਆਂ ਭਰ ਦੇ ਵਿਗਿਆਨੀ ਇਸ ਬਿਮਾਰੀ ਦਾ ਇਲਾਜ ਲੱਭਣ ਲਈ ਪੱਬਾਂ ਭਾਰ ਹੋਏ ਪਏ ਹਨ ਅਤੇ ਸਾਰੀ ਦੁਨੀਆਂ ਪਾਗਲਾਂ ਵਾਲੀ ਹਾਲਤ 'ਚ ਹੈ। ਇਸ ਜਰਾਸੀਮ ਦੀ ਦਹਿਸ਼ਤ ਜਰਾਸੀਮ ਦੀ ਅਸਲੀ ਮਾਰੂ ਸਮਰੱਥਾ ਨਾਲੋਂ ਕਿਤੇ ਤੇਜ਼ੀ ਨਾਲ ਫੈਲਦੀ ਹੈ। ਅਜਿਹੀਆਂ ਹਾਲਤਾਂ 'ਚ ਵੂਹਾਣ 'ਚ ਫੈਲਿਆ ਕਰੋਨਾ ਵਾਇਰਸ ਕੋਈ ਜੈਵ-ਹਥਿਆਰ ਉਹਨਾਂ ਅਰਥਾਂ 'ਚ ਭਾਵੇਂ ਨਾ ਹੋਵੇ ਜਿਵੇ ਕਿ ਐਂਥਰੈਕਸ ਵਰਗੇ ਜਰਾਸੀਮ ਹਨ ਪਰ ਕਈ ਲੋਕਾਂ ਨੇ ਅਮਰੀਕਾ ਸਕੈਂਡਲਾਂ ਦਾ ਜ਼ਿਕਰ ਕੀਤਾ ਹੈ। ਉਹਨਾਂ ਦਾ ਕਹਿਣਾ ਹੈ ਕਿ 2010 'ਚ ਇੰਡੋਨੇਸ਼ੀਆ ਵਿਚਲੀ ਇੱਕ ਲੈਬਾਰਟਰੀ ਨੂੰ ਬੰਦ ਕਰਨਾ ਪਿਆ ਸੀ ਜਿਹੜੀ ਵਰਡ ਫਲੂ ਵਾਇਰਸ 'ਤੇ ਗੁਪਤ ਤਰੀਕੇ ਨਾਲ ਤਜਰਬੇ ਕਰ ਰਹੀ ਸੀ। ਤਜਰਬੇ ਹੇਠਲਾ ਵਾਇਰਸ ਉਸ ਲਾਬੋਰੇਟਰੀ 'ਚੋਂ ਬਾਹਰ ਨਿਕਲਕੇ ਮਹਾਂਮਾਰੀ ਦਾ ਰੂਪ ਧਾਰ ਗਿਆ, ਪਰ ਅਮਰੀਕਾਂ ਨੇ ਇੰਡੋਨੇਸ਼ੀਆਂ ਹਕੂਮਤ ਨੂੰ ਜਾਣਕਾਰੀ ਮੁਹੱਈਆ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਧਿਆਨ ਰਹੇ ਕਿ ਇੰਡੋਨੇਸ਼ੀਆਂ ਦੀ ਇਹ ਲਾਬੋਰੇਟਰੀ ਅਮਰੀਕਾ ਦੀਆਂ ਦੁਨੀਆਂ ਭਰ 'ਚ ਫੈਲੀਆਂ400 ਫੌਜੀ ਜੀਵ ਪ੍ਰਯੋਗਸ਼ਾਲਾਵਾਂ 'ਚੋਂ ਇੱਕ ਸੀ। ਇਹਨਾਂ ਲਾਬੋਰੇਟਰੀਆਂ 'ਚ ਹੀ ਗੁਪਚੁਪ ਤਰੀਕੇ ਨਾਲ ਹਰ ਤਰ੍ਹਾਂ ਦੇ ਤਜਰਬੇ ਕੀਤੇ ਜਾਂਦੇ ਹਨ।

**ਕੀ ਇਹ ਚਮਗਿਦੜ ਨਾਲ ਫੈਲਦਾ ਹੈ? :** ਇਹ ਪ੍ਰਚਾਰ ਜ਼ੋਰਸ਼ੋਰ ਨਾਲ ਕੀਤਾ ਜਾ ਰਿਹਾ ਹੈ ਕਿ ਇਸ ਰੋਗ ਦੀ ਪਹਿਲੀ ਸ਼ਿਕਾਰ ਸੂਰ ਦਾ ਮੀਟ ਖਾਣ ਵਾਲੀ ਔਰਤ ਬਣੀ ਸੀ। ਪਰ ਜਦੋਂ ਸੂਰ ਦੇ ਮੀਟ ਦੀ ਛਾਣਬੀਨ ਅਤੇ ਇਸ ਬਿਮਾਰੀ ਵਿਚਆ ਸਬੰਧ ਡੂੰਘਾਈ ਨਾਲ ਫਰੋਲਿਆ ਗਿਆ ਤਾਂ ਅਜਿਹਾ ਕੋਈ ਸਬੰਧ ਸਥਾਪਤ ਨਹੀਂ ਕੀਤਾ ਜਾ ਸਕਿਆ। ਫਿਰ ਇਹ ਗੱਲ ਸਾਹਮਣੇ ਆਈ ਕਿ ਚੀਨੀ ਲੋਕ ਹਰ ਕਿਸਮ ਦਾ ਮੀਟ ਖਾਂਦੇ ਹਨ ਅਤੇ ਇਹ ਰੋਗ ਚਮਗਿੱਦੜ ਦਾ ਮਾਸ ਖਾਣ ਨਾਲ ਹੋਇਆ ਹੋ ਸਕਦਾ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਵੂਹਾਣ ਦੇ ਲੋਕ ਅਜੇ ਹੁਣੇ ਪਿੱਛੇ ਜਿਹੇ ਤੱਕ ਹੀ ਚਮਗਿਦੜਾਂ ਦਾ ਮਾਸ ਖਾਂਦੇ ਰਹੇ ਹਨ, ਪਰ ਚਮਗਿਦੜ ਤਾਂ ਚੀਨ ਦੇ ਹੋਰਨਾਂ ਖੇਤਰਾਂ 'ਚ ਅਤੇ ਵੀਅਤਨਾਮ, ਸੈਚੇਲਜ਼, ਇੰਡੋਨੇਸ਼ੀਆਂ, ਪਲਾਊ, ਸੁਆਮ ਅਤੇ ਅਫਰੀਕਾ, ਏਸ਼ੀਆ ਅਤੇ ਪੈਸੇਫਿਕ ਦੇਸ਼ਾਂ 'ਚ ਵੀ ਖਾਧੇ ਜਾਂਦੇ ਹਨ ਅਤੇ ਯੂਰਪ ਤੇ ਮੱਧ-ਪੂਰਬ 'ਚ ਵੀ ਪਿੱਛਲੇ ਸਮਿਆਂ 'ਚ ਖਾਧੇ ਜਾਂਦੇ ਰਹੇ ਹਨ।

**ਮਹਾਂਵਾਰੀ ਦਾ ਮੁਕਾਬਲਾ :** ਚੀਨ ਅੰਦਰ ਤੇ ਚੀਨ ਤੋਂ ਬਾਹਰ ਮੈਡੀਕਲ ਕਿੱਤੇ ਨਾਲ ਜੁੜੇ ਡਾਕਟਰ-ਨਰਸਾਂ ਅਤੇ ਹੋਰ ਅਮਲੇ-ਫੈਲੇ ਨੇ ਪੂਰੀ ਤਨਦੇਹੀ ਨਾਲ ਹੀ ਇਸ ਦਾ ਮੁਕਾਬਲਾ ਕਰਨ ਲਈ ਯੋਗਦਾਨ ਪਾਇਆ ਹੈ। ਚੀਨ 'ਚ ਤਾਂ ਇਸ ਬਿਮਾਰੀ ਦਾ ਪਹਿਲਾਂ ਮਰੀਜ਼ ਹੋਣ ਵਾਲਾ ਡਾਕਟਰ ਖੁਦ ਵੀ ਇਸ ਦਾ ਸ਼ਿਕਾਰ ਹੋ ਇਸ ਦੁਨੀਆਂ ਤੋਂ ਰੁਖਸਤ ਹੋ ਗਿਆ। ਸੰਸਾਰ ਸਿਹਤ ਸੰਸਥਾ (WHO) ਨੇ ਵੀ ਇਸ ਰੋਗ ਸਬੰਧੀ ਲਗਾਤਾਰ ਬੁਲਿਟਨ ਜਾਰੀ ਕੀਤੇ ਜਾਂਦੇ ਰਹੇ। ਪਰ ਇਸ ਮਾਮਾਲੇ 'ਚ ਪਾਰਦਰਸ਼ਤਾ ਅਤੇ ਗਰਮ ਹੋ ਚੁੱਕੇ ਅਫ਼ਵਾਹਾਂ ਦੇ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਕੋਈ ਅਸਰਦਾਰ ਕਦਮ ਨਹੀਂ ਉਠਾਏ।

**ਅਫ਼ਵਾਹਾਂ ਅਤੇ ਉਪਾਅ-ਇੱਕ ਸ਼ੋਸ਼ਾ :** ਆਪਣੀ ਗੱਲ ਨੂੰ ਇਸ ਬਿਮਾਰੀ ਨਾਲ ਜੁੜੇ ਇੱਕ ਦਿਲਚਸਪ ਸ਼ੋਸ਼ੇ ਨਾਲ ਖਤਮ ਕਰਦੇ ਹਾਂ। ਹਿੰਦੂ ਮਹਾਂਸਭਾ ਦੇ ਸਕੱਤਰ ਅਚਾਰੀਆਂ ਚਕਰਪਾਈ (ਐਥੇ ਇਹ ਯਾਦ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਇਹ ਉਹੀ ਚਕਰਪਾਈ ਹੈ ਜਿਸਨੇ ਵਿਸ਼ਵ ਹਿੰਦੂ ਪ੍ਰੀਸ਼ਦ, ਭਾਜਪਾ ਤੇ ਆਰਐਸਐਸ +ਤੇ ਦੋਸ਼ ਆਇਤ ਕੀਤੇ ਸਨ ਕਿ ਇਹਨਾਂ ਨੇ ਸੁਪਰੀਮ ਕੋਰਟ ਦੇ ਰਾਮਜਨਮ ਭੂਮੀ ਦੇ ਮਸਲੇ ਦੇ ਸੰਦਰਭ ਚ ਹੋਏ ਫੈਸਲੇ ਅਨੁਸਾਰ ਗਠਿਤ ਕੀਤੇ ਜਾਣ ਵਾਲੇ ਰਾਮ ਮੰਦਰ ਟਰੱਸਟ 'ਚ ਹਿੰਦੂ ਮਹਾਂ ਸਭਾ ਨੂੰ ਸ਼ਾਮਲ ਨਹੀਂ ਕੀਤਾ) ਨੇ ਕਿਹਾ ਕਿ ਇਹ ਰੋਲ ਕਰੋਨਾ ਵਾਇਰਸ ਨਾਂ ਦੇ ਇੱਕ ਦੇਵਤੇ ਦੇ ਪ੍ਰਕੋਪ ਨਾਲ ਮਾਸਾਹਾਰੀਆਂ ਨੂੰ ਹੁੰਦਾ ਹੈ। ਇਸ ਲਈ ਉਸਨੇ ਚੀਨ ਦੇ ਰਾਸ਼ਟਰਪਤੀ ਜਿੰਗ ਨੂੰ ਕਰੋਨਾ ਦੀ ਇੱਕ ਮੂਰਤੀ ਸਥਾਪਤ ਕਰਨ ਅਤੇ ਸਮਾਯਾਚਨਾ ਕਰਨ ਦੀ ਸਲਾਹ ਦਿੱਤੀ ਹੈ। ਇਸ ਗੱਲ 'ਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਅਜਿਹੀਆਂ ਬੇਤੁਕੀਆਂ ਮਾਰਨ ਵਾਲੇ ਅਜਿਹੇ ਅਖੌਤੀ ਬਾਬਿਆਂ-ਸੰਤਾਂ ਵਿਲਾਫ਼ ਸਰਕਾਰੀ ਤੌਰ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।




Dr. Baltej Parhar, Chiropractor

Tired of living in pain? Relying on pain medications to get you through the day ? Always getting the same answers or treatments with no results?

Dr. Parhar Strives to ensure his patients are pain-free and able to move again so they can get back to work and doing the things they love. Call and book your consultation today!

* Insurance Billing
* Multidisciplinary care
* Cold Laser Therapy
* 1 on 1 appointments
* Rehab facility on-site
* Educational Classes

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS CLINIC

#3 2015 32nd Ave NE Calgary, AB T2E 6Z3

Ph. 403-764-3539 (FLEX)

Email: baltej.parhar@flexology.ca

FLEXOLOGY WELLNESS



ਪਰਮਿੰਦਰ ਕੌਰ ਸਵੈਚ
604 760 4794

# ਬੋਲ਼ਿਆਂ ਨੂੰ ਸੁਣਾਨ ਲਈ ਗਰਜ਼ ਦੀ ਲੋੜ ਹੈ

*(ਅਸੈਂਬਲੀ ਬੰਬ ਕਾਂਡ ਨੂੰ ਸਮਰਪਿਤ)*



ਭਾਰਤ ਵਿੱਚ ਬਰਤਾਨੀਆ ਰਾਜ ਸਮੇਂ ਅਜ਼ਾਦੀ ਦੀ ਲੜਾਈ ਜਿੱਤਣ ਲਈ ਕ੍ਰਾਂਤੀਕਾਰੀਆਂ ਵਲੋਂ ਚੁੱਕੇ ਜਾ ਰਹੇ ਕਦਮ ਅਚਾਨਕ ਵਿੱਚ ਵਾਪਰੀਆਂ ਘਟਨਾਵਾਂ ਨਹੀਂ ਸੀ ਹੁੰਦੀਆਂ ਸਗੋਂ ਸੋਚ ਵਿਚਾਰ ਕੇ ਲੋਕਾਂ ਵਿੱਚ ਆਪਣਾ ਅਧਾਰ ਕਾਇਮ ਕਰਨ ਲਈ ਸਾਰਥਿਕ ਕਦਮ ਹੁੰਦੇ ਸਨ ਜਿਵੇਂ ਕਿ 8 ਅਪਰੈਲ 1929 ਨੂੰ ਹੋਣ ਵਾਲਾ 'ਅਸੰਬਲੀ ਬੰਬ ਕਾਂਡ' ਸੋਚੀ ਸਮਝੇ ਯੋਜਨਾਵੱਧ ਤਰੀਕੇ ਨਾਲ ਕੀਤਾ ਜਾਣ ਵਾਲਾ ਕੰਮ ਸੀ ਜਿਸ ਵਿੱਚ ਬੋਲ਼ਿਆਂ ਨੂੰ ਸੁਣਾਉਣ ਤੇ ਸੁੱਤਿਆਂ ਨੂੰ ਜਗਾਉਣ ਲਈ ਇੱਕ ਬੰਬ ਦਾ ਇਸਤੇਮਾਲ ਕੀਤਾ ਗਿਆ ਸੀ। ਇਸ ਕੰਮ ਨੂੰ ਅੰਜਾਮ ਦੇਣ ਪਿੱਛੇ ਕਾਫੀ ਚਿਰ ਪਹਿਲਾਂ ਤੋਂ ਸਲਾਹਾਂ ਹੋ ਰਹੀਆਂ ਸਨ, ਉਹ ਇਸ ਲਈ ਕਿ ਸਰਕਾਰ ਵਲੋਂ ਕੇਂਦਰੀ ਵਿਧਾਨ ਸਭਾ ਵਿੱਚ ਦੋ ਦਮਨਕਾਰੀ ਕਾਨੂੰਨ 'ਪਬਲਿਕ ਸੇਫਟੀ ਬਿੱਲ' ਤੇ 'ਟਰੇਡ ਡਿਸਪਿਊਟ ਬਿੱਲ' ਬਹੁਮੱਤ ਅਰਥਾਤ ਕਾਂਗਰਸ ਤੇ ਉਦਾਰ ਦਲ ਦੇ ਭਾਰਤੀ ਨੇਤਾਵਾਂ ਦੇ ਵਿਰੋਧ ਦੇ ਕਾਰਨ ਬੇਸ਼ੱਕ ਰੱਦ ਹੋ ਚੁੱਕੇ ਸਨ ਪਰ ਫਿਰ ਵੀ ਸਰਕਾਰ ਵਾਇਸਰਾਏ ਦੀ ਮਨਜ਼ੂਰੀ ਨਾਲ ਵਿਸ਼ੇਸ਼ ਆਰਡੀਨੈਂਸ ਰਾਹੀਂ ਇਹ ਲੋਕਾਂ ਉੱਤੇ ਥੋਪਣਾ ਚਾਹੁੰਦੀ ਸੀ, ਉਸ ਦਿਨ ਇਸਤੇ ਬਹਿਸ ਹੋ ਕੇ ਇਸ ਦਾ ਐਲਾਨ ਹੋ ਜਾਣਾ ਸੀ। ਇਹ ਕਾਨੂੰਨ ਕਿਰਤੀ ਲੋਕਾਂ ਦੀ ਅਵਾਜ਼, ਜੋ ਅਜ਼ਾਦੀ ਦੀ ਭਾਵਨਾ ਵੱਲ ਵਧਣ ਅਤੇ ਬਰਤਾਨੀਆ ਸਰਕਾਰ ਪ੍ਰਤੀ ਅਸੰਤੁਸ਼ਟੀ ਦੇ ਚਿੰਨ੍ਹ ਵਜੋਂ ਉਭਰ ਰਹੀ ਸੀ, ਨੂੰ ਕੁਚਲਣ ਲਈ ਬਣਾਏ ਜਾ ਰਹੇ ਸਨ।

ਅਸੈਂਬਲੀ ਵਿੱਚ ਬੰਬ ਕਾਂਡ ਦੀ ਗੱਲ ਕਰਨ ਤੋਂ ਪਹਿਲਾਂ ਸਾਨੂੰ ਇਹਨਾਂ ਦੋਨਾਂ ਬਿਲਾਂ ਬਾਰੇ ਜਾਨਣਾ ਜ਼ਰੂਰੀ ਹੈ ਕਿ ਉਹ ਕੀ ਸਨ ? ਲੋਕਾਂ ਦੀ ਰੱਖਿਆ ਨਾਂ ਦਾ ਸੇਫਟੀ ਬਿੱਲ ਦਾ ਮਤਲਬ ਸੀ ਕਿ ਜੋ ਸਾਂਝੀਵਾਲਤਾ ਦੇ ਖਿਆਲਾਂ ਦਾ ਪ੍ਰਚਾਰ ਕਰਨ ਵਾਲਾ ਕੋਈ ਵੀ ਵਿਅਕਤੀ ਜੋ ਕਿਸੇ ਹੋਰ ਦੇਸ਼ ਤੋਂ ਆਵੇ, ਹਿੰਦੋਸਤਾਨ ਦਾ ਰਹਿਣ ਵਾਲਾ ਨਾ ਹੋਵੇ ਉਸਨੂੰ ਇੱਕ ਦਮ ਨੋਟਿਸ ਦੇ ਕੇ ਬਾਹਰ ਕੱਢਿਆ ਜਾ ਸਕੇਗਾ। ਇਹ ਬਿਲ ਇੱਕ ਜ਼ਾਅਲੀ ਚਿੱਠੀ ਦੀ ਬਿਨਾ ਤੇ ਜੋ ਕਮਿਊਨਿਸਟਾਂ ਵਲੋਂ ਇੰਗਲਿਸ਼ਤਾਨ ਦੀ ਕਮਿਊਨਿਸਟ ਪਾਰਟੀ ਨੂੰ ਲਿਖੀ ਗਈ ਤੇ ਅਖਬਾਰਾਂ ਵਿੱਚ ਨਸ਼ਰ ਕਰਕੇ ਉਹਨੂੰ ਅਧਾਰ ਬਣਾ ਕੇ, ਲਾਗੂ ਕੀਤਾ ਜਾ ਰਿਹਾ ਸੀ। ਪਰ ਇਹ ਖ਼ਤ ਕਿਸ ਵਲੋਂ, ਕਦੋਂ ਤੇ ਕਿੱਥੋਂ ਲਿਖਿਆ ਗਿਆ, ਕੁੱਝ ਵੀ ਸਪੱਸ਼ਟ ਨਹੀਂ ਸੀ ਹੋ ਸਕਿਆ। ਇਸੇ ਤਰ੍ਹਾਂ ਦੂਸਰਾ ਬਿਲ ਇੰਡੀਅਨ ਟਰੇਡਜ਼ ਡਿਸਪਿਊਟ ਬਿਲ ਅਰਥਾਤ ਹਿੰਦੋਸਤਾਨੀ ਦਸਤਕਾਰੀਆਂ ਦੇ ਝਗੜਿਆਂ ਦਾ ਬਿਲ ਦਾ ਮਤਲਬ ਕਿ ਜਦੋਂ ਕੋਈ ਪੂੰਜੀਦਾਰਾਂ ਤੇ ਕਿਰਤੀ ਮਜ਼ਦੂਰਾਂ ਦਾ ਕਿਸੇ ਸਵਾਲ ਤੇ ਝਗੜਾ ਹੋ ਜਾਵੇ ਤਾਂ ਉਦੋਂ ਹੀ ਇੱਕ ਪੰਚਾਇਤ ਬਣਾਈ ਜਾਵੇ ਜਿਸ ਵਿੱਚ ਮਾਲਕਾਂ ਤੇ ਮਜ਼ਦੂਰਾਂ ਦੇ ਪ੍ਰਤੀਨਿੱਧ ਹੋਣ ਤੇ ਪ੍ਰਧਾਨ ਨਿਰਪੱਖ ਹੋਵੇ। ਪੰਚਾਇਤ ਦਾ ਜੋ ਫੈਸਲਾ ਹੋਵੇ ਉਹਨੂੰ ਪ੍ਰਵਾਨ ਕੀਤਾ ਜਾਵੇ ਤੇ ਕਿਸੇ ਨੂੰ ਹੜਤਾਲ ਕਰਨ ਦਾ ਹੱਕ ਨਹੀਂ ਹੋਵੇਗਾ। ਹੜਤਾਲ ਕਰਨ ਵਾਲੇ ਨੂੰ 500 ਰੁਪਏ ਜੁਰਮਾਨਾ ਜਾਂ ਇੱਕ ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ ਜਾਵੇਗੀ ਅਤੇ ਜੇ ਕੋਈ ਪੁਲੀਟੀਕਲ ਨੁਕਤਾ ਨਿਗਾਹ ਤੋਂ ਹੜਤਾਲ ਕਰੇਗਾ ਉਹਨੂੰ ਤਿੰਨ ਮਹੀਨੇ ਦੀ ਕੈਦ ਤੇ 500 ਜੁਰਮਾਨਾ ਹੋਵੇਗਾ। ਹੜਤਾਲ ਤਾਂ, ਤਾਂ ਹੀ ਹੋਵੇਗੀ ਜੇ ਫੈਸਲਾ ਇੱਕਪਾਸੜ ਹੋਵੇਗਾ ਇਸਦਾ ਮਤਲਬ ਸਾਫ਼ ਹੈ ਕਿ ਮਜ਼ਦੂਰਾਂ ਦਾ ਹੜਤਾਲ ਕਰਨ ਦਾ ਹੱਕ ਵੀ ਖੋਹ ਲਿਆ ਜਾਵੇਗਾ। ਇੱਥੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਦੋਨੋਂ ਬਿਲ ਮਜ਼ਦੂਰ ਜਮਾਤ ਦੇ ਖਿਲਾਫ਼ ਸਨ।

ਇਸ ਸਮੇਂ ਭਾਰਤੀ ਨੇਤਾਵਾਂ ਦੇ ਬਿਲਾਂ ਤੇ ਵਿਰੋਧ ਕਰਨ ਤੇ ਵੀ ਬਰਤਾਨੀਆ ਸਰਕਾਰ ਇਹਨਾਂ ਨੂੰ ਲਾਗੂ ਕਰਨ ਲਈ ਬਜ਼ਿਦ ਸੀ ਤਾਂ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਦਿੱਲੀ ਵਿੱਚ ਮੀਟਿੰਗ ਹੋਈ ਜਿਸ ਵਿੱਚ ਉਹਨਾਂ ਸੁਝਾਅ ਦਿੱਤਾ ਕਿ ਅਸੈਂਬਲੀ ਹਾਲ ਵਿੱਚ ਬੰਬ ਧਮਾਕਾ ਕੀਤਾ ਜਾਵੇ ਅਤੇ ਪਾਰਟੀ ਦੀ ਕਰਾਂਤੀਕਾਰੀ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇ। ਇਹ ਤਹਿ ਹੋ ਗਿਆ ਕਿ ਦੋ ਸਾਥੀ ਸ਼ਿਵ ਵਰਮਾ ਤੇ ਜੈ ਦੇਵ ਕਪੂਰ ਇਹ ਡਿਊਟੀ ਨਿਭਾਉਣਗੇ। ਇਸ ਮੀਟਿੰਗ ਵਿੱਚ ਸਾਥੀ ਸੁਖਦੇਵ ਹਾਜ਼ਰ ਨਹੀਂ ਸਨ। ਜਦੋਂ ਉਸਨੂੰ ਇਹ ਪਤਾ ਲੱਗਿਆ ਤਾਂ ਉਹ ਭਗਤ ਸਿੰਘ ਤੇ ਗੁੱਸੇ ਹੋਇਆ ਕਿ ਉਹ ਇਸ ਕੰਮ ਤੋਂ ਬਾਹਰ ਕਿਉਂ ਹੈ ? ਤਾਂ ਮੀਟਿੰਗ ਦੁਬਾਰਾ ਬੁਲਾਈ ਗਈ ਤੇ ਫੈਸਲਾ ਹੋਇਆ ਕਿ ਭਗਤ ਸਿੰਘ ਤੇ ਬੀ. ਕੇ. ਦੱਤ ਇਹ ਜ਼ਿੰਮੇਵਾਰੀ ਨਿਭਾਉਣਗੇ ਤੇ ਆਖਰਕਾਰ ਉਹਨਾਂ ਨੇ 8 ਅਪਰੈਲ 1929 ਨੂੰ ਅਸੈਂਬਲੀ ਹਾਲ ਵਿੱਚ ਡੈਸਕਾਂ ਦੇ ਵਿਚਕਾਰ ਖਾਲੀ ਥਾਂ ਤੇ ਦੋ ਬੰਬ ਸੁੱਟੇ। ਬੰਬ ਨੂੰ ਸਿੱਟਣ ਵੇਲੇ ਇਹ ਦੇਖਿਆ ਗਿਆ ਸੀ ਕਿ ਕਿਸੇ ਵਿਅਕਤੀ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ ਸੋ ਹੋਇਆ ਵੀ ਇਵੇਂ ਹੀ ਕਿ 5-6 ਕੁ ਬੰਦਿਆਂ ਦੇ ਝਰੀਟਾਂ ਹੀ ਆਈਆਂ ਸਨ ਤੇ ਨਾਲ ਦੀ ਨਾਲ ਇੱਕ ਪੈਂਫਲਿਟ ਵੀ ਹਿੰਦੋਸਤਾਨੀ ਸਮਾਜਵਾਦੀ ਪ੍ਰਜਾਤੰਤਰ ਸੈਨਾ ਵਲੋਂ ਸਿੱਟਿਆ ਗਿਆ ਜਿਸਤੇ ਲਿਖਿਆ ਸੀ "ਬੋਲ਼ਿਆਂ ਨੂੰ ਸੁਣਾਨ ਲਈ ਗਰਜ਼ ਦੀ ਲੋੜ ਹੈ"। ਜਿਸ ਦਾ ਮਤਲਬ ਉਹਨਾਂ ਨੇ ਇਸ ਧਮਾਕੇ ਨਾਲ ਆਪਣੀ ਨਾ ਸੁਣੀ ਜਾਣ ਵਾਲੀ ਗੁਹਾਰ ਨੂੰ ਹਕੂਮਤ ਤੇ ਲੋਕਾਂ ਤੱਕ ਪਹੁੰਚਾਉਣਾ ਸੀ। ਇਸ ਸਮੇਂ ਭਗਤ ਸਿੰਘ ਤੇ ਬੀ.ਕੇ. ਦੱਤ ਨੇ ਬੰਬ ਧਮਾਕਾ ਕਰਨ ਨੂੰ ਕਬੂਲਿਆ ਤੇ ਗ੍ਰਿਫਤਾਰੀ ਦੇ ਦਿੱਤੀ। ਪੈਂਫਲਿਟ ਦੀਆਂ ਕਾਪੀਆਂ ਅੰਗਰੇਜ਼ੀ ਹਾਕਮਾਂ ਤੇ ਦੇਸੀ ਝੋਲ਼ੀਚੁੱਕਾਂ ਤੇ ਗੋਲ਼ੀਆਂ ਵਾਂਗ ਵਰ੍ਹ ਰਹੀਆਂ ਸਨ ਤੇ ਦੇਸ਼ ਭਗਤਾਂ ਦੇ ਸ਼ਬਦਾਂ ਦੀ ਬੁਛਾੜ ਮੀਂਹ ਦੀਆਂ ਕਣੀਆਂ ਵਾਂਗ ਭਾਰਤੀ ਲੋਕਾਂ ਦੇ ਦਿਲਾਂ ਵਿੱਚ ਬਿਖਰ ਗਈ ਸੀ। ਬੇਸ਼ੱਕ ਇਹ ਸ਼ਬਦ ਫਰਾਂਸ ਦੇ ਅਮਰ ਸ਼ਹੀਦ ਵੈਲਿੰਨਟ ਦੇ ਕਹੇ ਸਨ ਪਰ ਜਥੇਬੰਦੀ ਨੇ ਉਹਨਾਂ ਨੂੰ ਇੱਕ ਹਥਿਆਰ ਦੇ ਤੌਰ ਤੇ ਵਰਤਿਆ। ਜਿੱਥੇ ਇਸ ਪੈਂਫਲਿਟ ਵਿੱਚ ਇਹਨਾਂ ਦਮਨਕਾਰੀ ਬਿੱਲਾਂ ਬਾਰੇ ਤੇ ਲਾਲਾ ਲਾਜਪਤ ਰਾਏ ਦੇ ਵਹਿਸ਼ੀਆਨਾ ਕਤਲ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ ਸੀ ਉੱਥੇ ਉਹਨਾਂ ਇਹ ਵੀ ਲਿਖਿਆ ਕਿ "ਤੁਸੀਂ ਵਿਅਕਤੀਆਂ ਨੂੰ ਮਾਰ ਸਕਦੇ ਹੋ ਪਰ ਉਹਨਾਂ ਦੇ ਵਿਚਾਰਾਂ ਨੂੰ ਨਹੀਂ, ਵਿਸ਼ਾਲ ਸਾਮਰਾਜ ਮਿੱਟੀ ਵਿੱਚ ਮਿਲ ਗਏ ਹਨ ਪਰ ਵਿਚਾਰ ਹਮੇਸ਼ਾਂ ਕਾਇਮ ਰਹੇ ਹਨ, ਬਰਬਨ ਤੇ ਜ਼ਾਰ ਢਹਿ ਢੇਰੀ ਹੋ ਗਏ ਅਤੇ ਇਨਕਲਾਬ ਜਿੱਤ ਦੇ ਤਰਾਨੇ ਗਾਉਂਦਾ ਅੱਗੇ ਵਧਦਾ ਗਿਆ" ਉਹਨਾਂ ਅੱਗੇ ਜਾ ਕੇ ਇਹ ਵੀ ਲਿਖਿਆ ਕਿ "ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਮੰਨਦੇ ਹਾਂ ਅਤੇ ਉਸਦੇ ਸੁਨਹਿਰੀ ਭਵਿੱਖ ਦਾ ਸੁਪਨਾ ਵੇਖਦੇ ਹਾਂ ਜਦੋਂ ਮਨੁੱਖ ਪੂਰਨ ਸ਼ਾਂਤੀ ਤੇ ਅਜ਼ਾਦੀ ਵਿੱਚ ਵਿਚਰੇਗਾ" ਅਤੇ ਉਹਨਾਂ ਨੇ ਆਪਣੀ ਜ਼ਿੰਦਗੀ ਦੀ ਪਰਵਾਹ ਨਾ ਕਰਦੇ ਹੋਏ ਇਹ ਵੀ ਲਿਖਿਆ ਕਿ "ਸਭਨਾਂ ਲਈ ਅਜ਼ਾਦੀ ਲਿਆਉਣ ਵਾਲੇ ਅਤੇ ਮਨੁੱਖ 'ਹੱਥੋਂ' ਮਨੁੱਖ ਦੀ ਲੁੱਟ ਖਸੁੱਟ ਨੂੰ ਜੜੋਂ ਖ਼ਤਮ ਕਰਨ ਵਾਲੇ ਮਹਾਨ ਇਨਕਲਾਬ ਦੀ ਵੇਦੀ ਉੱਤੇ ਕੁੱਝ ਵਿਅਕਤੀਆਂ ਦੀ ਬਲੀ ਅਟੱਲ ਹੈ"।

ਹਿੰਦੋਸਤਾਨੀ ਸਮਾਜਵਾਦੀ ਪ੍ਰਜਾਤੰਤਰ ਸੈਨਾ ਦਾ ਮਕਸਦ ਇਥੇ ਹੀ ਖ਼ਤਮ ਨਹੀਂ ਸੀ ਹੋ ਜਾਂਦਾ ਸਗੋਂ ਉਹਨਾਂ ਦੀ ਯੋਜਨਾ ਵਿੱਚ ਇਹ ਸੀ ਕਿ ਬੰਬ ਧਮਾਕਾ ਕਰਨ ਵਾਲੇ ਸਾਥੀ ਗ੍ਰਿਫਤਾਰ ਵੀ ਹੋਣਗੇ ਤੇ ਅਦਾਲਤ ਵਿੱਚ ਜਾ ਕੇ ਆਪਣੇ ਬਿਆਨਾਂ ਵਿੱਚ ਆਪਣੇ ਉਦੇਸ਼ ਨੂੰ ਅਦਾਲਤੀ ਕਟਹਿਰੇ ਵਿੱਚ ਵਿਸਥਾਰ ਨਾਲ ਬਿਆਨ ਕਰਕੇ ਭਾਰਤ ਦੀ ਨਪੀੜੀ ਜਾ ਰਹੀ ਜਨਤਾ ਦੀ ਧਿਰ ਬਣ ਕੇ ਲੋਕਾਂ ਵਿੱਚ ਆਪਣੀ ਵਿਚਾਰਧਾਰਾ ਨੂੰ ਫੈਲਾਉਣਾ ਵੀ ਸੀ, ਜੋ ਉਹਨਾਂ ਨੇ ਬਾਖੂਬੀ ਕੀਤਾ ਵੀ ਤੇ ਇਤਿਹਾਸ ਦੇ ਪੰਨਿਆਂ ਤੇ ਹੂਬਹੂ ਅੰਕਤ ਵੀ ਹੋ ਨਿਬੜਿਆ। ਬੰਬ ਸਿੱਟਣ ਦੇ ਮਕਸਦ ਬਾਰੇ ਉਹਨਾਂ ਕਿਹਾ ਕਿ ਇਹ ਸਿਰਫ਼ ਰੋਸ ਕਰਨ ਦਾ ਦਿਖਾਵਾ ਕੀਤਾ ਗਿਆ ਸੀ ਕਿਉਂਕਿ ਲੋਕਾਂ ਦੇ ਨੁਮਾਇੰਦਿਆਂ ਨੇ ਸਾਡੀ ਕੌਮ ਦੀਆਂ ਮੰਗਾਂ ਨੂੰ ਜਦੋਂ ਵੀ ਬਰਤਾਨੀਆ ਸਰਕਾਰ ਦੇ ਸਨਮੁਖ ਪੇਸ਼ ਕੀਤਾ ਤਾਂ ਉਹਨਾਂ ਨੂੰ ਰੱਦੀ ਦੀ ਟੋਕਰੀ ਹੀ ਮਿਲੀ। ਇਹ ਕੀਤਾ ਜਾਣ ਵਾਲਾ ਹਮਲਾ ਕਿਸੇ ਵੀ ਵਿਅਕਤੀ, ਜਾਤੀ ਤੇ ਨਹੀਂ ਹੈ ਸਗੋਂ ਉਸ ਸੰਸਥਾ ਤੇ ਹੈ ਜਿਸਨੇ ਨਿਆਂ ਦੀ ਤੱਕੜੀ ਫੜ ਕੇ ਲੋਕਾਂ ਨਾਲ ਇਨਸਾਫ਼ ਕਰਨਾ ਹੁੰਦਾ ਹੈ ਉਹ ਲੋਕਾਂ ਤੇ ਅਜਿਹੇ ਅੱਤਿਆਚਾਰੀ ਕਾਨੂੰਨ ਥੋਪ ਕੇ ਉਹਨਾਂ ਦੀ ਅਵਾਜ਼ ਬੰਦ ਕਰਨੀ ਚਾਹੁੰਦੀ ਹੈ। ਉਹਨਾਂ ਕਿਹਾ ਕਿ ਜੋ ਅੱਜ ਇਹਨਾਂ ਬਿਲਾਂ ਤੇ ਬਹਿਸ ਹੋਈ ਉਸਤੋਂ ਸਾਨੂੰ ਬਿਲਕੁੱਲ ਸਾਫ਼ ਹੋ ਗਿਆ ਕਿ ਇਹ ਬਿੱਲ ਮਜ਼ਦੂਰਾਂ ਦੇ ਸਾਰੇ ਬੁਨਿਆਦੀ ਹੱਕ ਖੋਹ ਕੇ, ਗੁਲਾਮ ਡੰਗਰਾਂ ਵਾਂਗੂੰ ਵਿਵਹਾਰ ਕੀਤਾ ਜਾਵੇਗਾ। ਇਸ ਸਮਾਜ ਦੇ ਆਰਥਿਕ ਢਾਂਚੇ ਵਿੱਚ ਯੋਗਦਾਨ ਪਾਉਣ ਵਾਲੇ ਮਜ਼ਦੂਰ, ਬੇਵਸੀ ਤੇ ਬਦਹਾਲੀ ਦੀ ਜ਼ਿੰਦਗੀ ਜੀਣ ਲਈ ਮਜ਼ਬੂਰ ਹੋ ਜਾਣਗੇ। ਜੇ ਬਹੁਮੱਤ ਦੀ ਮੰਗ ਨੂੰ ਦੇਖ ਕੇ ਇਹ ਬਿਲਾਂ ਤੇ ਵਿਚਾਰ ਕੀਤੀ ਜਾਂਦੀ ਤਾਂ ਹੋ ਸਕਦਾ ਸੀ ਕਿ ਸਾਡਾ ਇਸ ਤਰ੍ਹਾਂ ਬੰਬ ਰਾਹੀਂ ਤੁਹਾਡੇ ਕੰਨ ਖੋਲ੍ਹਣਾ ਹਿੰਸਕ ਲੱਗਦਾ ਪਰ ਹੁਣ ਅਹਿੰਸਾ ਦੇ ਸਾਰੇ ਰਸਤੇ ਬੰਦ ਹੋ ਗਏ ਹਨ ਤਦ ਹੀ ਸਾਨੂੰ ਅਜਿਹਾ ਕਦਮ ਉਠਾਉਣਾ ਪਿਆ ਹੈ। ਉਹਨਾਂ ਕਿਹਾ ਕਿ ਸਾਡੇ ਆਦਰਸ਼ ਗੁਰੂ ਗੋਬਿੰਦ ਸਿੰਘ, ਸ਼ਿਵਾ ਜੀ, ਕਮਾਲਪਾਸ਼ਾ, ਰਜਾ ਸ਼ਾਹ ਪਹਿਲਵੀ, ਲੈਨਿਨ ਆਦਿ ਹਨ ਜਿਨ੍ਹਾਂ ਨੇ ਲੋਕਾਈ ਦੇ ਰਾਹਾਂ ਨੂੰ ਰੁਸ਼ਨਾਉਣ ਲਈ ਇਹ ਰਾਹ ਅਪਨਾਏ ਸਨ। ਉਹਨਾਂ ਕਿਹਾ ਕਿ "ਮਨੁੱਖ ਦਾ ਕ੍ਰਾਂਤੀ ਕਰਨ ਦਾ ਅਧਿਕਾਰ ਉਸਤੋਂ ਕਦੇ ਖੋਹਿਆ ਨਹੀਂ ਜਾ ਸਕਦਾ। ਮਜ਼ਦੂਰ ਹੀ ਸਮਾਜ ਦਾ ਸੱਚਾ ਪਾਲਣਹਾਰ ਹੈ। ਜਨਤਾ ਦੀ ਪ੍ਰਭੂਸਤਾ ਨੂੰ ਕਾਇਮ ਕਰਨਾ ਕਿਰਤੀਆਂ ਦੀ ਮੰਜ਼ਲ ਹੈ। ਇਹਨਾਂ ਆਦਰਸ਼ਾਂ ਅਤੇ ਵਿਸ਼ਵਾਸ ਵਾਸਤੇ ਦਿੱਤੀ ਜਾਣ ਵਾਲੀ ਹਰ ਸਜ਼ਾ ਦਾ ਅਸੀਂ ਖਿੜੇ ਮੱਥੇ ਸਵਾਗਤ ਕਰਾਂਗੇ। ਇਨਕਲਾਬ ਦੀ ਇਸ ਕੁਰਬਾਨਗਾਹ ਉੱਤੇ ਅਸੀਂ ਜਵਾਨੀ ਦੀ ਧੂਫ਼ ਬਾਲਣ ਆਏ ਹਾਂ, ਕਿਉਂਕਿ ਅਜਿਹੇ ਮਹਾਨ ਆਦਰਸ਼ ਲਈ ਕੁਰਬਾਨੀ ਵੱਡੀ ਨਹੀਂ ਹੈ। ਅਸੀਂ ਇਨਕਲਾਬ ਦੇ ਆਉਣ ਦੀ ਉਡੀਕ ਵਿੱਚ ਹਾਂ"।

ਅਸੈਂਬਲੀ ਬੰਬ ਕੇਸ ਵਿੱਚ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੂੰ ਦਿੱਲੀ ਸ਼ੈਸ਼ਨ ਜੱਜ ਨੇ ਉਮਰ ਕੈਦ ਦੀ ਸਜ਼ਾ ਦਿੱਤੀ ਪਰ ਲਾਹੌਰ ਹਾਈ ਕੋਰਟ ਵਿੱਚ ਉਸ ਫੈਸਲੇ ਦੇ ਵਿਰੁੱਧ ਅਪੀਲ ਦੇ ਹੱਕ ਦਾ ਮੌਕਾ ਉਠਾਉਂਦੇ ਹੋਏ ਉਹਨਾਂ ਦੁਬਾਰਾ ਆਪਣਾ ਨੁਕਤਾ ਨਿਗਾਹ ਲੋਕਾਂ ਨੂੰ ਸਮਝਾਉਣ ਲਈ ਆਪਣਾ ਪੱਖ ਫਿਰ ਤੋਂ ਪੇਸ਼ ਕੀਤਾ। ਉਹਨਾਂ ਕਿਹਾ ਕਿ ਅਸੈਂਬਲੀ ਵਿੱਚ ਅਸਾਂ ਜੋ ਦੋ ਬੰਬ ਸੁੱਟੇ, ਉਹਨਾਂ ਨਾਲ ਕਿਸੇ ਵੀ ਵਿਅਕਤੀ ਦਾ ਸਰੀਰਕ ਜਾਂ ਆਰਥਿਕ ਨੁਕਸਾਨ ਨਹੀਂ ਹੋਇਆ। ਇਸ ਪੱਖੋਂ ਜੋ ਸਾਨੂੰ ਸਜ਼ਾ ਦਿੱਤੀ ਜਾ ਰਹੀ ਹੈ ਉਹ ਸਖ਼ਤ ਤੋਂ ਸਖ਼ਤ ਹੀ ਨਹੀਂ ਸਗੋਂ ਬਦਲਾ ਲੈਣ ਦੀ ਭਾਵਨਾ ਵਾਲੀ ਹੈ। ਉਹਨਾਂ ਨੇ ਆਪਣੇ ਹੱਕ ਵਿੱਚ ਮਿਸਾਲ ਦੇ ਕੇ ਕਿਹਾ ਕਿ, "ਆਟੇ ਵਿੱਚ ਸੰਖੀਆ ਮਿਲਾਣਾ ਜੁਰਮ ਨਹੀਂ ਬਸ਼ਰਤੇ ਕਿ ਇਸਦਾ ਉਦੇਸ਼ ਚੂਹਿਆਂ ਨੂੰ ਮਾਰਨਾ ਹੋਵੇ। ਪਰ ਜੇ ਇਸ ਨਾਲ ਕਿਸੇ ਆਦਮੀ ਨੂੰ ਮਾਰ ਦਿੱਤਾ ਜਾਵੇ ਤਾਂ ਇਹ ਕਤਲ ਦਾ ਅਪਰਾਧ ਬਣ ਜਾਂਦਾ ਹੈ। ਬਲਕਿ ਅਜਿਹੇ ਕਾਨੂੰਨ ਜਿਹੜੇ ਦਲੀਲ 'ਤੇ ਅਧਾਰਤ ਨਹੀਂ ਅਤੇ ਇਨਸਾਫ਼ ਦੇ ਸਿਧਾਂਤ ਦੇ ਵਿਰੁੱਧ ਹਨ, ਉਨ੍ਹਾਂ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ। ਅਜਿਹੇ ਨਿਆਂ ਵਿਰੋਧੀ ਕਾਨੂੰਨਾਂ ਕਰਕੇ ਹੀ ਬਹੁਤ ਹੀ ਉੱਚ ਬੋਧਿਕ ਗਿਆਨ ਦੇ ਲੋਕਾਂ ਨੇ ਬਗ਼ਾਵਤ ਦੇ ਕੰਮ ਕੀਤੇ ਹਨ" ਅੱਗੇ ਜਾ ਕੇ ਆਪਣੀ ਚਿਤਾਵਨੀ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਕਿ "ਦੁਨੀਆ ਦੀਆਂ ਕਈ ਵੱਡੀਆਂ ਵੱਡੀਆਂ ਹਕੂਮਤਾਂ ਵਿਚਾਰਾਂ ਦੇ ਤੂਫ਼ਾਨ ਨੂੰ ਰੋਕਦੀਆਂ ਹੋਈਆਂ ਖ਼ੂਨ ਖਰਾਬੇ ਦੇ ਵਾਤਾਵਰਣ ਵਿੱਚ ਡੁੱਬ ਗਈਆਂ। ਸੱਤਾਧਾਰੀ ਲੋਕ ਹਾਲਾਤਾਂ ਦੇ ਵਹਾਅ ਤੇ ਵੇਗ ਨੂੰ ਬਦਲ ਨਹੀਂ ਸਕਦੇ" ਭਗਤ ਸਿੰਘ ਨੇ ਹਾਈਕੋਰਟ ਸਾਹਮਣੇ ਕਿਹਾ ਕਿ ਸਾਨੂੰ ਇਤਰਾਜ਼ ਹੈ ਕਿ ਕਤਲ ਕਿਸੇ ਦਾ ਹੋਇਆ ਨਹੀਂ ਪਰ ਸਾਨੂੰ ਕਾਤਲ ਕਿਹਾ ਜਾ ਰਿਹਾ ਹੈ ਅਤੇ ਸਾਡੇ ਉਦੇਸ਼ ਤੇ ਨੀਯਤ ਦੀ ਗਹਿਰਾਈ ਨਾ ਦੇਖਦਿਆਂ ਹੋਇਆਂ ਸਾਨੂੰ ਸਖ਼ਤ ਸਜ਼ਾ ਦਿੱਤੀ ਜਾ ਰਹੀ ਹੈ ਜੋ ਕਿ ਇੱਕ ਹੋਰ ਵੱਡਾ ਅਨਿਆਂਇ ਹੈ।

ਅੱਜ 8 ਅਪਰੈਲ, 1929 ਦੇ ਅਸੈਂਬਲੀ ਬੰਬ ਕਾਂਡ ਦੀ ਯਾਦ ਨੂੰ ਸ਼ਬਦਾਂ ਰਾਹੀਂ ਸਾਂਝ ਪਾਉਣ ਸਮੇਂ ਇਹ ਸੋਚਣਾ ਪਵੇਗਾ ਕਿ 9 ਕੁ ਸਾਲਾਂ ਵਿੱਚ ਇਹਨਾਂ ਘਟਨਾਵਾਂ ਨੂੰ ਸਦੀ ਬੀਤ ਜਾਣੀ ਹੈ ਪਰ ਅੱਜ ਵੀ ਸਾਮਰਾਜ ਹੱਥੋਂ ਲੋਕਾਂ ਦੀ ਲੁੱਟ ਜਾਰੀ ਹੈ ਜਿਸ ਮਕਸਦ ਲਈ ਸਾਡੇ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ, ਉਹ ਲੋਕਾਈ ਦਿਨ-ਬਦਿਨ ਭੁੱਖ-ਮਰੀ, ਕੁਪੋਸ਼ਣ ਤੇ ਬਿਮਾਰੀਆਂ ਨਾਲ ਜੂਝ ਜੂਝ ਕੇ ਮਰ ਰਹੀ ਹੈ ਤੇ ਸਮਾਜ ਵਿੱਚ ਪੂੰਜੀ ਦੀ ਕਾਣੀ ਵੰਡ ਗਰੀਬ ਗ਼ਰੀਬ ਹੋ ਰਿਹਾ ਹੈ ਤੇ ਅਮੀਰ ਅਮੀਰ ਹੋ ਰਿਹਾ ਹੈ। ਸਾਡੇ ਲਈ ਭਗਤ ਸਿੰਘ ਤੇ ਉਹਦੇ ਸਾਥੀਆਂ ਤੋਂ ਵੀ ਵੱਡੀਆਂ ਚੇਤਾਵਨੀਆਂ ਸਾਡੇ ਸਾਹਮਣੇ ਹਨ ਜਿਸਦਾ ਇੱਕੋ ਇੱਕ ਹੱਲ ਜਥੇਬੰਦਕ ਰੂਪ ਵਿੱਚ ਸੰਘਰਸ਼ਸ਼ੀਲ ਲੋਕਾਂ ਦਾ ਇੱਕਜੁੱਟ ਹੋਣਾ ਹੈ ਤੇ ਆਪਣੇ ਸ਼ਹੀਦਾਂ ਦੇ ਇਤਿਹਾਸ ਨੂੰ ਪੜ੍ਹਨਾ, ਘੋਖਣਾ, ਵਿਚਾਰਨਾ ਤੇ ਨਵੀਆਂ ਨੀਤੀਆਂ ਘੜ ਕੇ ਅੱਗੇ ਵਧਣਾ ਹੈ, ਇਹੀ ਉਹਨਾਂ ਨੂੰ ਸੱਚੀ ਸ਼ਰਧਾਂਜ਼ਲੀ ਹੈ।



# ਕਰੋਨਾਵਾਇਰਸ: ਡਰਨ ਦੀ ਥਾਂ ਸੁਚੇਤ ਹੋਣ ਦੀ ਲੋੜ

- ਡਾ. ਸ਼ਿਆਮ ਸੁੰਦਰ ਦੀਪਤੀ



ਭਾਰਤ ਵਿਚ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਨੇ ਕੀਤਾ ਸੈਂਕੜਾ ਪਾਰ। ਕੁਲ ਮਰੀਜ਼ ਹੋਏ 105, ਦੋ ਦੀ ਮੌਤ। ਸਕੂਲਾਂ ਕਾਲਜਾਂ ਦੇ ਨਾਲ ਨਾਲ ਰੈਸਟੋਰੈਂਟ, ਮਾਲ, ਸਿਨੇਮਾ ਘਰ ਵੀ ਰਹਿਣਗੇ ਬੰਦ। ਪ੍ਰਧਾਨ ਮੰਤਰੀ ਦਾ ਵਿਦੇਸ਼ ਦੌਰਾ ਰੱਦ।...

...ਤੁਸੀਂ ਇਹ ਖ਼ਬਰ ਸੁਣਦੇ ਹੋ ਜਾਂ ਅਖਬਾਰ ਦੇ ਪਹਿਲੇ ਸਫੇ ਦੀ ਸੁਰਖੀ ਵਿਚ ਪੜ੍ਹਦੇ ਹੋ ਤਾਂ ਡਰਨਾ ਸੁਭਾਵਕ ਹੈ। ਫਿਰ ਤੁਸੀਂ ਖੁਦ ਨੂੰ ਆਪਣੇ ਘਰ ਅੰਦਰ ਕੈਦ ਕਰ ਲੈਂਦੇ ਹੋ ਅਤੇ ਹੋਰਾਂ ਨੂੰ ਵੀ ਹਦਾਇਤ ਕਰਨ ਲਗਦੇ ਹੋ। ਤੁਸੀਂ ਖੁਦ ਇਸ ਬਾਰੇ ਨਹੀਂ ਸੋਚਦੇ। ਤੁਸੀਂ ਸਮਝਦੇ ਹੋ ਕਿ ਟੀਵੀ ਸੱਚ ਹੀ ਬੋਲ ਰਿਹਾ ਹੈ ਅਤੇ ਜੇਕਰ ਸਿਹਤ ਮੰਤਰੀ ਖੁਦ ਬਿਆਨ ਦੇ ਰਿਹਾ ਹੋਵੇ, ਫਿਰ ਤਾਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਟੀਵੀ ਵਾਲੇ ਲੋਕਾਂ ਨੇ ਵੀ ਕਦੇ ਮਿਲ ਬੈਠ ਕੇ ਵਿਚਾਰ ਨਹੀਂ ਕੀਤੀ ਹੋਣੀ ਕਿ ਇਸ ਖ਼ਬਰ ਨੂੰ ਆਮ ਲੋਕਾਂ ਤਕ ਕਿਸ ਢੰਗ ਨਾਲ ਪੇਸ਼ ਕਰਨਾ ਹੈ। ਲੋਕਾਂ ਨੂੰ ਸੁਚੇਤ ਕਰਨਾ ਹੈ ਕਿ ਉਨ੍ਹਾਂ ਨੂੰ ਡਰਾਉਣਾ ਹੈ। ਆਮ ਤੌਰ ਤੇ ਇਉਂ ਲਗਦਾ ਹੈ ਕਿ ਡਰਾਉਣ ਨੂੰ ਹੀ ਸੁਚੇਤ ਕਰਨ ਦਾ ਬਦਲ ਮੰਨ ਲਿਆ ਗਿਆ ਹੈ ਜਦੋਂਕਿ ਡਰ ਦੇ ਆਪਣੇ ਨੁਕਸਾਨ ਹਨ ਅਤੇ ਸੁਚੇਤ ਕਰਨ ਦੇ ਵਿਸ਼ੇਸ਼ ਫਾਇਦੇ।

ਤਾਜ਼ਾ ਖ਼ਬਰਾਂ ਅਨੁਸਾਰ ਦੁਨੀਆਂ ਭਰ ਵਿਚ ਕਰੋਨਾ ਦੇ ਕੇਸਾਂ ਦੀ ਗਿਣਤੀ ਡੇਢ ਲੱਖ ਤੋਂ ਉਪਰ ਹੋ ਗਈ ਹੈ ਅਤੇ ਮੌਤਾਂ ਦੀ ਗਿਣਤੀ ਛੇ ਹਜ਼ਾਰ। ਇਹ ਖ਼ਬਰ/ਰਿਪੋਰਟ ਠੀਕ ਹੈ ਪਰ ਜੋ ਸੂਚਨਾ ਗਾਇਬ ਹੈ, ਉਹ ਇਹ ਹੈ ਕਿ ਇਨ੍ਹਾਂ ਡੇਢ ਲੱਖ ਕੇਸਾਂ ਵਿਚੋਂ 80000 ਲੋਕ ਠੀਕ ਹੋਏ ਹਨ ਅਤੇ ਬਾਕੀ ਕਾਫ਼ੀ ਗਿਣਤੀ ਸਿਰਫ਼ ਸ਼ੱਕੀ ਸਨ ਜਾਂ ਹਲਕੇ ਲੱਛਣਾਂ ਵਾਲੇ ਸਨ ਜਿਨ੍ਹਾਂ ਨੂੰ ਕੁਝ ਨਹੀਂ ਹੋਇਆ ਤੇ ਨਾ ਹੀ ਕਿਸੇ ਦਵਾਈ ਦੀ ਲੋੜ ਪਈ। ਇਹ ਅਨੁਪਾਤ ਸਮਝਿਆ ਜਾਵੇ ਤਾਂ ਡਰ ਦੀ ਮਿਕਦਾਰ ਘੱਟ ਹੋ ਸਕਦੀ ਹੈ।

ਜਰਮਾਂ ਦੀ ਇਕ ਕਿਸਮ ਵਾਇਰਸ, ਨਾਲ ਹੋਣ ਵਾਲੀਆਂ ਬਿਮਾਰੀਆਂ ਦਾ ਇਤਿਹਾਸ ਨਵਾਂ ਨਹੀਂ ਹੈ। ਚੇਚਕ, ਖਸਰਾ, ਚਿਕਨਪਾੱਕਸ ਤੇ ਫਿਰ ਡੇਂਗੂ, ਚਿਕਨਗੁਨੀਆ ਦੇ ਨਾਂ ਅਸੀਂ ਜਾਣਦੇ ਹਾਂ। ਪਿਛਲੇ ਵੀਹ ਸਾਲਾਂ ਦੌਰਾਨ ਵਾਇਰਲ ਬਿਮਾਰੀਆਂ ਦੇ ਹਮਲੇ ਵਿਚ ਸਵਾਈਨ ਫਲੂ, ਸਾਰਸ ਨੇ ਵੀ ਸਾਨੂੰ ਕਾਫੀ ਡਰਾਇਆ ਹੈ। ਸਾਰਸ ਦੀ ਬਿਮਾਰੀ ਫੈਲਦੀ ਹੋਲੀ ਸੀ ਪਰ ਮੌਤ ਦਰ ਕਾਫ਼ੀ ਜ਼ਿਆਦਾ ਸੀ, ਤਕਰੀਬਨ 10 ਫੀਸਦੀ। ਵਾਇਰਲ ਬੁਖ਼ਾਰ ਨਾਲ ਹਰ ਘਰ ਹੀ ਪੀੜਤ ਹੁੰਦਾ ਹੈ, ਖਾਸ ਕਰਕੇ ਜਦੋਂ ਮੌਸਮ ਬਦਲਦਾ ਹੈ।

ਸਾਰਸ, ਮਰਸ ਦੀ ਲੜੀ ਵਿਚ ਇਸ ਪਰਿਵਾਰ ਦੇ ਵਾਇਰਸ ਦਾ ਹੀ ਨਵਾਂ ਰੂਪ ਹੈ ਕਰੋਨਾ। ਵਾਇਰਸ ਦੀ ਇਹ ਖਾਸੀਅਤ ਹੈ ਕਿ ਇਹ ਆਪਣੀ ਬਣਤਰ ਵਿਚ ਬਦਲਾਓ ਲਿਆਉਣ ਦਾ ਮਾਹਿਰ ਹੁੰਦਾ ਹੈ ਤੇ ਕੁਝ ਸਮਾਂ ਪਾ ਕੇ ਨਵੇਂ ਅਤੇ ਪਹਿਲੇ ਵਾਲੇ ਰੂਪ ਤੋਂ ਵੱਧ ਘਾਤਕ ਹੋ ਕੇ ਸਾਹਮਣੇ ਆਉਂਦਾ ਹੈ। ਇਹ ਨਵਾਂ ਕਰੋਨਾ ਪਰਿਵਾਰ ਦਾ ਕੋਵਿਡ-19 ਨਾਂ ਦਾ ਵਾਇਰਸ ਉਸੇ ਤਰ੍ਹਾਂ ਦਾ ਹੈ। ਇਸ ਦਾ ਪਹਿਲਾ ਕੇਸ 31 ਦਸੰਬਰ 2019 ਨੂੰ ਰਿਪੋਰਟ ਹੋਇਆ। ਕਿਵੇਂ ਇਹ ਮਨੁੱਖੀ ਸੰਪਰਕ ਵਿਚ ਆਇਆ, ਇਸ ਦੇ ਕਿਆਸ ਲਗਾਏ ਜਾ ਰਹੇ ਹਨ ਤੇ ਕਈ ਮਤ ਸਾਹਮਣੇ ਆਏ ਹਨ। ਚੀਨ ਅਤੇ ਅਮਰੀਕਾ, ਇਕ ਦੂਸਰੇ ਨੂੰ ਦੋਸ਼ੀ ਠਹਿਰਾ ਰਹੇ ਹਨ ਪਰ ਇਕ ਗੱਲ ਤਾਂ ਹੈ ਕਿ ਇਹ ਮਨੁੱਖ ਦੀ ਕੁਦਰਤ ਨਾਲ ਹੱਦੋਂ ਵੱਧ ਛੇੜ-ਛਾੜ ਦਾ ਹੀ ਨਤੀਜਾ ਹੈ।

ਇਸ ਵਾਇਰਸ ਦੇ ਫੈਲਣ ਦੀ ਰਫ਼ਤਾਰ ਕਾਫ਼ੀ ਤੇਜ਼ ਹੈ ਪਰ ਇਸ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਪਹਿਲਿਆਂ ਦੀ ਤੁਲਨਾ ਵਿਚ ਘੱਟ ਹੈ। ਹਰ ਰੋਜ਼ ਗਿਣਤੀ ਵਧ ਰਹੀ ਹੈ ਤੇ ਟੀਵੀ ਦਾ ਹਰ ਨਿਊਜ਼ ਬੁਲਿਟਨ ਇਸ ਤੇ ਨਿਗਰਾਨੀ ਰੱਖ ਰਿਹਾ ਹੈ। ਇਹ ਸੱਚ ਹੈ ਕਿ ਰੋਗੀ ਅਗਾਂਹ 2 ਤੋਂ 3 ਜਣਿਆਂ ਨੂੰ ਰੋਗ ਫੈਲਾ ਸਕਦਾ ਹੈ ਅਤੇ ਇਸ ਮੁਤਾਬਕ ਇਕ ਹਫਤੇ, 7 ਦਿਨਾਂ ਵਿਚ ਕੇਸਾਂ ਦੀ ਗਿਣਤੀ ਦੁਗਣੀ ਤੋਂ ਵੀ ਵੱਧ ਹੋ ਜਾਂਦੀ ਹੈ ਪਰ ਨਾਲ ਹੀ, ਮੌਜੂਦਾ ਕੇਸਾਂ ਅਤੇ ਮੌਤਾਂ ਦੀ ਗਿਣਤੀ ਦੇ ਆਧਾਰ ਤੇ ਦੇਖੀਏ ਤਾਂ ਇਹ 2.7 ਫੀਸਦੀ ਬਣਦੀ ਹੈ। ਇਹ ਠੀਕ ਹੈ ਕਿ ਕਿਸੇ ਦੀ ਵੀ ਮੌਤ ਕਿਉਂ ਹੋਵੇ? ਕਿਸੇ ਇਕ ਦੀ ਵੀ ਮੌਤ ਕਿਉਂ ਹੋਵੇ? ਪਰ ਸਵਾਲ ਬਿਮਾਰੀ ਦੀ ਪ੍ਰਕਿਰਿਆ ਨੂੰ ਸਮਝਣ ਦਾ ਹੈ ਤਾਂ ਜੋ ਉਸ ਮੁਤਾਬਕ ਸਹੀ, ਕਾਰਗਰ ਅਤੇ ਵਿਗਿਆਨਕ ਤਰੀਕੇ ਨਾਲ ਹੱਲ ਸਮਝੇ ਅਤੇ ਅਪਣਾਏ ਜਾਣ।

ਕਰੋਨਾ ਵਾਇਰਸ ਦੀ ਲੰਬਾਈ ਕੋਈ 400-500 ਐੱਨਐੱਮ ਹੈ, ਮਤਲਬ ਇਹ ਬਾਕੀ ਜਰਮਾਂ ਦੇ ਮੁਕਾਬਲੇ ਕੁਝ ਵੱਡੀ ਲੰਬਾਈ ਰੱਖਦਾ ਹੈ ਅਤੇ ਸਰੀਰ ਦੇ ਅੰਦਰ ਜਾਣ ਤੋਂ ਬਚਾਅ ਲਈ ਬਹੁਤ ਬਰੀਕ ਮਾਸਕ ਦੀ ਲੋੜ ਨਹੀਂ ਪੈਂਦੀ। ਇਕ ਗੱਲ ਹੋਰ ਸਮਝਣ ਵਾਲੀ ਹੈ ਕਿ ਇਹ ਹਵਾ ਨਾਲ ਫੈਲਣ ਵਾਲੀ ਬਿਮਾਰੀ ਨਹੀਂ ਜਿਸ ਦਾ ਖ਼ਤਰਾ ਸਗੋਂ ਵੱਧ ਹੁੰਦਾ ਹੈ; ਜਿਵੇਂ ਅਸੀਂ ਹਵਾ ਪ੍ਰਦੂਸ਼ਣ ਦੀ ਗੱਲ ਕਰਦੇ ਹਾਂ। ਇਹ ਬੰਦੇ ਦੀਆਂ ਛਿੱਕਾਂ ਅਤੇ ਖੰਘ/ਖਾਂਸੀ ਰਾਹੀਂ ਬਾਹਰ ਨਿਕਲ ਰਹੀਆਂ ਪਾਣੀ-ਰੇਸ਼ੇ ਦੀਆਂ ਬੂੰਦਾਂ ਤੋਂ ਫੈਲਦੀ ਹੈ। ਇਸ ਦੇ ਲਈ ਵੀ ਸਾਡੀ ਬਚਾਅ ਪੱਧਤੀ ਦੀ ਸਮਝ ਵੱਖਰੀ ਹੋ ਜਾਂਦੀ ਹੈ।

ਇਸ ਬਿਮਾਰੀ ਦੀ ਗੰਭੀਰਤਾ ਅਤੇ ਡਰ ਨੂੰ ਸਮਝਣ ਦਾ ਇਕ ਢੰਗ ਇਹ ਵੀ ਹੈ ਕਿ ਤਕਰੀਨ 80 ਫੀਸਦੀ ਕੇਸਾਂ ਵਿਚ ਬਿਮਾਰੀ ਲੱਛਣਾਂ ਤੱਕ ਵੀ ਨਹੀਂ ਪਹੁੰਚਦੀ। ਸਿਰਫ਼ ਵੀਹ ਫੀਸਦੀ ਹੀ ਬਿਮਾਰੀ ਦੇ ਲੱਛਣ ਦਿਖਾਉਂਦੇ ਹਨ ਅਤੇ ਉਨ੍ਹਾਂ ਵਿਚੋਂ ਵੀ 5 ਫੀਸਦੀ ਵਿਚ ਐਮਰਜੈਂਸੀ ਬਣਦੀ ਹੈ ਤੇ ਹਸਪਤਾਲ ਦਾਖਲੇ ਦੀ ਲੋੜ ਪੈਂਦੀ ਹੈ। ਇਹ ਗੱਲ ਹੈ ਕਿ ਇਹ ਸਾਰੇ ਹੀ, ਭਾਵੇਂ ਉਹ ਲੱਛਣ ਦਿਖਾਉਣ ਜਾਂ ਨਾ, ਸਰੀਰ ਅੰਦਰ ਵਾਇਰਸ ਹੋਣ ਕਰਕੇ, ਛਿੱਕਾਂ-ਖਾਂਸੀ ਰਾਹੀਂ ਬਿਮਾਰੀ ਦੇ ਜਰਮ ਅਗਾਂਹ ਜ਼ਰੂਰ ਫੈਲਾ ਸਕਦੇ ਹਨ।

**ਬਿਮਾਰੀ ਤੋਂ ਬਚਣ ਦੇ ਉਪਾਅ**

ਇਸ ਤਰ੍ਹਾਂ ਬਿਮਾਰੀ ਦੀ ਇਸ ਸਮਝ ਤੋਂ, ਜੋ ਜੀਵਨ ਸ਼ੈਲੀ ਵਿਚ ਬਦਲਾਓ ਕਰਨ ਜਾਂ ਕੁਝ ਸਿਹਤਮੰਦ ਢੰਗ ਅਪਣਾਉਣ ਦੀ ਲੋੜ ਹੈ, ਉਹ ਇਸ ਤਰ੍ਹਾਂ ਹਨ:

-ਕਰੋਨਾ ਵਾਇਰਸ ਦੀ ਲੰਬਾਈ (ਸਾਈਜ਼ ਆਪਾਂ ਜਾਣਿਆ ਹੈ, ਇਸ ਲਈ ਐੱਨ 95, ਮਾਸਕ ਦੀ ਕਿਸੇ ਵੀ ਤਰ੍ਹਾਂ ਲੋੜ ਨਹੀਂ ਹੈ। ਕੋਈ ਵੀ ਆਮ ਮਾਸਕ ਜਾਂ ਰੁਮਾਲ ਨਾਲ ਮੂੰਹ ਢੱਕ ਕੇ ਵੀ ਕੰਮ ਚਲਾਇਆ ਜਾ ਸਕਦਾ ਹੈ।

-ਇਹ ਹਵਾ ਰਾਹੀਂ ਨਹੀਂ ਫੈਲਦਾ। ਖਾਂਸੀ ਜਾਂ ਛਿੱਕ ਦੀਆਂ ਬੂੰਦਾਂ ਨਾਲ ਜਰਮ ਬਾਹਰ ਆਉਂਦੇ ਹਨ, ਇਸ ਲਈ ਮਾਸਕ ਦੀ ਲੋੜ

ਲੱਛਣਾਂ ਵਾਲੇ ਬੰਦੇ ਨੂੰ ਹੈ, ਨਾ ਕਿ ਸਿਹਤਮੰਦ ਬੰਦੇ ਨੂੰ। ਹਾਂ, ਜੇ ਤੁਸੀਂ ਸਿਹਤ ਅਮਲੇ ਨਾਲ ਸਬੰਧਿਤ ਹੋ ਤਾਂ ਇਸ ਦੀ ਲੋੜ ਹੈ।

-ਛਿੱਕਾਂ ਤਾਂ ਆਮ ਜੀਵਨ ਦਾ ਹਿੱਸਾ ਹੁੰਦੀਆਂ ਹਨ, ਖਾਸ ਕਰਕੇ ਐਲਰਜੀ ਵਾਲੀ ਥਾਂ। ਇਸ ਮੌਸਮ ਵਿਚ ਫੁੱਲਾਂ ਦੇ ਪਰਾਗ ਕਰਕੇ ਜਾਂ ਪ੍ਰਦੂਸ਼ਣ ਕਰਕੇ। ਇਸ ਲਈ ਛਿੱਕਣ ਦਾ ਸਿਹਤਮੰਦ ਤਰੀਕਾ ਵੀ ਕਾਰਗਰ ਸਿੱਧ ਹੋ ਸਕਦਾ ਹੈ। ਸਾਡਾ ਰਵਾਇਤੀ ਤਰੀਕਾ ਹੈ ਕਿ ਛਿੱਕ ਜਾਂ ਖਾਂਸੀ ਵੇਲੇ, ਦੋਹੇ ਹੱਥ ਹੀ ਨੱਕ-ਮੂੰਹ ਅੱਗੇ ਕਰ ਲਏ ਜਾਂਦੇ ਹਨ ਜੋ ਠੀਕ ਨਹੀਂ ਹੈ। ਇਸ ਤਰ੍ਹਾਂ ਕਰਨ ਨਾਲ ਜਰਮ ਹੱਥ ਤੇ ਆ ਜਾਂਦੇ ਹਨ, ਜਿਥੇ ਉਹ 6 ਤੋਂ 12 ਘੰਟੇ ਤਕ ਜਿਊਂਦੇ ਰਹਿੰਦੇ ਹਨ। ਉਸ ਦੌਰਾਨ ਤੁਸੀਂ ਕਿਸੇ ਮਸ਼ੀਨ ਜਾਂ ਸਮਾਨ ਨੂੰ ਇਸਤੇਮਾਲ ਕਰਦੇ ਹੋ, ਦਰਵਾਜ਼ਾ ਖੋਲ੍ਹਦੇ ਹੋ, ਕਿਸੇ ਨਾਲ ਹੱਥ ਮਿਲਾਉਂਦੇ ਹੋ ਤਾਂ ਤੁਸੀਂ ਉਹ ਜਰਮ ਫੈਲਾ ਰਹੇ ਹੁੰਦੇ ਹੋ।

**ਕਰਨਾ ਕੀ ਚਾਹੀਦਾ ਹੈ?**

ਛਿੱਕਣ ਜਾਂ ਖਾਂਸੀ ਵੇਲੇ ਰੁਮਾਲ ਜਾਂ ਮਾਸਕ ਦੀ ਵਰਤੋਂ ਨਹੀਂ ਹੋ ਸਕਦੀ ਤਾਂ ਉਸ ਵੇਲੇ ਆਪਣੇ ਬਾਂਹ ਦੀ ਕੂਹਣੀ ਵਿਚ ਛਿੱਕਿਆ ਜਾਵੇ। ਜੇ ਉਥੇ ਕੋਈ ਮੁਸ਼ਕਿਲ ਲੱਗੇ ਤਾਂ ਪੂਰੀ ਬਾਂਹ ਦੀ ਕਮੀਜ਼ ਜਾਂ ਕੋਟੀ ਦੇ ਕੱਪੜੇ ਵਾਲੇ ਕਿਸੇ ਹਿੱਸੇ ਤੇ ਛਿੱਕਿਆ ਜਾਵੇ।

ਇਸੇ ਤਰ੍ਹਾਂ ਇਹ ਜਰਮ ਜੇਕਰ ਕਿਸੇ ਸਮਾਨ, ਦਰਵਾਜ਼ੇ ਜਾਂ ਕਿਸੇ ਹੋਰ ਅਜਿਹੀ ਥਾਂ ਤੇ ਪਹੁੰਚੇ ਹੋਏ ਹੋਣ ਤਾਂ ਕਿਸੇ ਵੀ ਤਰ੍ਹਾਂ ਦੀ ਸ਼ੱਕ ਦੀ ਸੂਰਤ ਵਿਚ ਉਸ ਥਾਂ/ਸਮਾਨ ਨੂੰ ਛੂੰਹਣ ਮਗਰੋਂ, ਉਸ ਹੱਥ ਨੂੰ ਆਪਣੇ ਨੱਕ, ਮੂੰਹ, ਅੱਖਾਂ ਤੋਂ ਬਚਾ ਕੇ ਰੱਖਿਆ ਜਾਵੇ ਅਤੇ ਫੌਰਨ ਹੱਥਾਂ ਨੂੰ ਸਾਬਣ ਨਾਲ ਧੋਇਆ ਜਾਵੇ।

ਸਮਝਣ ਅਤੇ ਸੁਚੇਤ ਹੋਣ ਦੀ ਸਾਧਾਰਨ ਜਿਹੀ ਵਿਧੀ ਹੈ, ਛਿੱਕਣ ਦੀ ਸਿਹਤਮੰਦ ਕਲਾ ਸਿੱਖਣਾ ਅਤੇ ਹੱਥਾਂ ਨੂੰ ਸ਼ੱਕੀ ਥਾਂ ਦੇ ਛੋਹੇ ਜਾਣ ਮਗਰੋਂ ਸਾਬਣ ਨਾਲ ਧੋਣ ਤੇ ਇਹ ਬਹੁਤ ਹੀ ਵਧੀਆ ਤਰੀਕੇ ਨਾਲ ਬਿਮਾਰੀ ਦੇ ਫੈਲਾਅ ਨੂੰ ਰੋਕ ਸਕਦੇ ਹਨ। ਇਸ ਸਮੇਂ ਦੌਰਾਨ ਕਿਸੇ ਨਾਲ ਹੱਥ ਨਾ ਮਿਲਾਇਆ ਜਾਵੇ। ਇਨ੍ਹਾਂ ਦੋ ਆਮ ਅਤੇ ਰੋਜ਼ਮੱਰਾ ਜ਼ਿੰਦਗੀ ਵਿਚ ਅਪਣਾਈਆਂ ਜਾਣ ਵਾਲੀਆਂ ਆਦਤਾਂ ਤੋਂ ਇਲਾਵਾ ਜੋ ਕਰਨ ਦੀ ਲੋੜ ਹੈ ਅਤੇ ਸੁਚੇਤ ਰਹਿਣਾ ਚਾਹੀਦਾ ਹੈ, ਉਹ ਹੈ:

-ਕਿਸੇ ਵੀ ਭੀੜ-ਭੜੱਕੇ ਵਾਲੇ ਇਲਾਕੇ ਦਾ ਹਿੱਸਾ ਬਣਨ ਤੋਂ ਪਰਹੇਜ਼ ਕੀਤਾ ਜਾਵੇ। ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਲੋਕਾਂ ਵਿਚ ਬਿਮਾਰੀ ਘਾਤਕ ਸਿੱਧ ਹੋਈ ਹੈ, ਉਨ੍ਹਾਂ ਵਿਚ 50 ਫੀਸਦੀ ਉਹ ਸੀ ਜਿਨ੍ਹਾਂ ਨੂੰ ਪਹਿਲਾਂ ਕੋਈ ਹੋਰ ਬਿਮਾਰੀ, ਜਿਵੇਂ ਦਿਲ ਦੀ ਬਿਮਾਰੀ, ਸ਼ੂਗਰ ਰੋਗ, ਦਮਾ ਜਾਂ ਸਾਹ ਦੀ ਬਿਮਾਰੀ ਆਦਿ ਸੀ; ਤੇ ਦੂਸਰੇ ਜੋ ਲੋਕ ਪ੍ਰਭਾਵਿਤ ਹੋਏ ਹਨ, ਉਹ ਹਨ 70 ਸਾਲ ਤੋਂ ਵੱਡੀ ਉਮਰ ਦੇ ਬਜ਼ੁਰਗ। ਇਸ ਲਈ ਖਾਸ ਤੌਰ ਤੇ ਅਜਿਹੇ ਲੋਕ ਇਕੱਠ ਵਾਲੀ ਥਾਂ ਤੋਂ ਦੂਰ ਰਹਿਣ।

-ਸਭ ਤੋਂ ਵੱਧ ਜ਼ਰੂਰਤ ਪੌਸ਼ਟਿਕ ਖਾਣਾ ਖਾਣ ਦੀ ਹੈ। ਘਰ ਵਿਚ ਆਮ ਬਣਿਆ ਭਰ-ਪੇਟ ਖਾਣਾ ਖਾਓ।

-ਜੇ ਬਿਮਾਰੀ ਦੀ ਸ਼ੁਰੂਆਤ ਹੋਈ ਲਗਦੀ ਹੈ ਜੋ ਸੁੱਕੀ ਖਾਂਸੀ, ਗਲੇ ਦੇ ਖੁਸ਼ਕ ਹੋਣ ਨਾਲ ਹੁੰਦੀ ਹੈ ਤਾਂ ਉਸ ਵੇਲੇ ਗਰਮ ਪਾਣੀ ਜਾਂ ਹੋਰ ਤਰਲ ਪਦਾਰਥ ਵਰਤੇ ਜਾਣ। ਕੋਸੇ ਪਾਣੀ ਜਾਂ ਬੀਟਾਡੀਨ ਨਾਲ ਗਰਾਰੇ ਵੀ ਕੀਤੇ ਜਾ ਸਕਦੇ ਹਨ। ਧਿਆਨ ਰੱਖਿਆ ਜਾਵੇ ਕਿ ਜੇ ਨੱਕ ਵਗਦਾ ਹੈ, ਬਲਗਮ ਆਉਂਦੀ ਹੈ ਤਾਂ ਮਤਲਬ ਤੁਹਾਨੂੰ ਕਰੋਨਾ ਨਹੀਂ ਹੈ।

-ਜੇ ਸੁੱਕੀ ਖਾਂਸੀ ਤੋਂ ਬਾਅਦ ਤੇਜ਼ ਬੁਖਾਰ ਹੁੰਦਾ ਹੈ ਤੇ ਸਾਹ ਲੈਣ ਵਿਚ ਦਿੱਕਤ ਆਉਂਦੀ ਹੈ ਤਾਂ ਡਾਕਟਰ ਕੋਲ ਪਹੁੰਚਣ ਵਿਚ ਦੇਰ ਨਾ ਕੀਤੀ ਜਾਵੇ।

ਇਸ ਤਰ੍ਹਾਂ ਬਿਮਾਰੀ ਨੂੰ ਤਿੰਨ ਪੜਾਅ ਵਿਚ ਸਮਝਣ ਅਤੇ ਉਪਾਅ ਕਰਨ ਦੀ ਲੋੜ ਹੈ। ਸਿਹਤਮੰਦ ਸ਼ਖ਼ਸ ਖਾਂਸੀ ਵਾਲੇ ਜਾਂ ਸ਼ੱਕੀ ਸ਼ਖ਼ਸ ਜੋ ਕਰੋਨਾ ਬਿਮਾਰੀ ਦੇ ਮਰੀਜ਼ ਨੂੰ ਜਾਂ ਵਿਦੇਸ਼ੋਂ ਹੋ ਕੇ ਆਇਆ ਹੈ, ਉਸ ਤੋਂ ਦੂਰ ਰਹਿਣ। ਜੇ ਲੱਛਣ ਹੋ ਜਾਣ ਤਾਂ ਖਾਂਸੀ-ਛਿੱਕ ਦੇ ਸਹੀ ਤਰੀਕੇ ਨੂੰ ਵਰਤਣ। ਸ਼ੱਕ ਵਾਲਾ ਸ਼ਖ਼ਸ ਮਾਸਕ ਪਾਵੇ ਅਤੇ ਕੋਸ਼ਿਸ਼ ਕਰੇ ਕਿ ਆਪਣੇ ਆਪ ਨੂੰ ਘੱਟੋ-ਘੱਟ ਦੋ ਹਫ਼ਤੇ ਅਲੱਗ ਕਰਕੇ ਰੱਖੇ। ਭੀੜ ਵਾਲੀ ਥਾਂ ਤੇ ਨਾ ਜਾਵੇ। ਕੋਸ਼ਿਸ਼ ਹੋਵੇ ਕਿ ਘਰੇ ਰਹਿ ਕੇ ਕੰਮ ਕਰੇ। ਬਿਮਾਰ ਸ਼ਖ਼ਸ ਛੇਤੀ ਤੋਂ ਛੇਤੀ ਹਸਪਤਾਲ ਪਹੁੰਚੇ ਅਤੇ ਕੋਸ਼ਿਸ਼ ਹੋਵੇ ਕਿ ਬਿਮਾਰੀ ਗਲੇ ਤੋਂ ਥੱਲੇ, ਫੇਫੜਿਆਂ ਤਕ ਨਾ ਪਹੁੰਚੇ ਤੇ ਨਿਮੋਨੀਆ ਨਾ ਬਣੇ।

ਹੁਣ ਤੁਸੀਂ ਖੁਦਮਹਿਸੂਸ ਕਰੋਗੇ ਕਿ ਬਿਮਾਰੀ ਭਾਵੇਂ ਲਗਾਤਾਰ ਵਧ ਰਹੀ ਹੈ ਪਰ ਬਚਾਉ ਦੇ ਢੰਗ ਆਮ ਹਨ ਤੇ ਰੋਜ਼ਮੱਰਾ ਜ਼ਿੰਦਗੀ 'ਚ ਅਪਣਾਏ ਜਾ ਸਕਦੇ ਹਨ। ਅਸਲ 'ਚ, ਅਸੀਂ ਬਿਮਾਰੀਆਂ ਪ੍ਰਤੀ ਹਰ ਰੋਜ਼, ਨਵੇਂ ਤੋਂ ਨਵੇਂ ਪਹਿਲੂ ਜਾਣ ਰਹੇ ਹਾਂ ਅਤੇ ਸਾਡੇ ਕੋਲ ਆਪਣੀ ਗੱਲ ਪਹੁੰਚਾਉਣ ਦੇ ਨਵੇ ਨਵੇਂ ਸਾਧਨ ਵੀ ਹਨ ਪਰ ਇਹ ਸਾਰੇ ਸਾਧਨ, ਖਾਸ ਕਰ ਸੋਸ਼ਲ ਮੀਡੀਆ, ਗਿਆਨ ਘੱਟ ਪਹੁੰਚਾ ਰਹੇ ਹਨ ਤੇ ਭੰਬਲਭੂਸਾ ਵੱਧ ਪਾ ਰਹੇ ਹਨ। ਇਹ ਲੋਕਾਂ ਨੂੰ ਸੁਚੇਤ ਕਰਨ ਦੀ ਥਾਂ ਡਰ-ਸਹਿਮ ਨਾਲ ਵੱਧ ਤਣਾਉ ਵਿਚ ਪਾ ਰਹੇ ਹਨ। ਡਰਨਾ ਕਹੀਏ ਜਾਂ ਸੁਚੇਤ ਹੋਣ ਦੀ ਲੋੜ ਹੈ ਪਰ ਹਾਲਾਤ ਨੂੰ ਹਊਆਂ ਸਮਝਣ ਵਿਚ ਸਿਆਣਪ ਨਹੀਂ ਹੈ। ਅਸੀਂ ਪਿਛਲੇ ਹਾਲਾਤ ਤੋਂ ਸੰਭਲਣਾ ਵੀ ਸਿੱਖੇ ਹਾਂ ਅਤੇ ਛੇਤੀ ਕਾਬੂ ਪਾਉਣਾ ਵੀ।

×ਪ੍ਰੋਫੈਸਰ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ।
ਸੰਪਰਕ: 98156-08506




Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com



- ਅਮਨਦੀਪ ਹਾਂਸ

# ਦਿੱਲੀ ਦੰਗੇ : ਮੈਂ ਵੀ ਟੁੱਟੀ ਸੀ, ਮੈਂ ਵੀ ਲੁੱਟੀ ਸੀ ਸਾਹਿਬ

**ਮਨ ਕੀ ਬਾਤੇਂ ਤੋਂ ਬੜੀ**
**ਸ਼ਿੱਦਤ ਸੇ ਕਰਤੇ ਹੋ ਸਾਹੇਬ**
**ਕਭੀ ਆਇਨੇ ਮੇਂ ਦਿੱਲੀ ਭੀ ਦੇਖਨਾ**
**ਫਟੇ ਸੰਵਿਧਾਨ ਕੇ ਪੰਨੋਂ ਮੇਂ ਸੇ**
**ਰਤ ਰਤ ਹੁਈ ਯੋਨੀ ਦੇਖਨਾ**
**ਦੇਖਨਾ ਸਤਨ ਪੇ ਖਰੋਂਚੋਂ ਕੇ ਨਿਸ਼ਾਂ ਦੇਖਨਾ**
**ਸੰਵਿਧਾਨ ਕੇ ਫਟੇ ਪੰਨੋ ਪੇ**
**ਅਪਨਾ ਵਜੂਦ**
**ਅਪਨਾ ਅਧਿਕਾਰ ਖੋਜਤੀ**
**ਆਸੂੰਓਂ ਸੇ ਤਰ-ਬ-ਤਰ ਆਖੇਂ ਦੇਖਨਾ**
**ਸਾਹੇਬ ਮਨ ਕੀ ਬਾਤ ਤੋ ਬਹੁਤ ਕਰਤੇ ਹੋ**
**ਕਭੀ ਮੇਰੇ ਮਨ ਮੇਂ ਭੀ ਦੇਖਨਾ**
.. ..

**The Wire-- ਦਿ ਵਾਇਰ ਦੇ ਸਹਿਯੋਗ ਨਾਲ ..**

**ਦਿੱਲੀ ਦੰਗੇ - ਮੈਂ ਵੀ ਟੁੱਟੀ ਸੀ, ਮੈਂ ਵੀ ਲੁੱਟੀ ਸੀ ਸਾਹਿਬ**

ਹਾਲ ਹੀ ਚ ਦਿੱਲੀ ਚ ਕੁਝ ਹੋਇਆ, ਦੰਗੇ ਸੀ, ਕਤਲੇਆਮ ਸੀ, ਜੋ ਵੀ ਸੀ, ਭਵਿਖ ਤੈਅ ਕਰੇਗਾ, ਕਾਲੇ ਹਰਫਾਂ ਚ ਲਿਖਿਆ ਜਾਵੇਗਾ ਜੋ ਵੀ ਹੋਇਆ ਬਿਲਕੁਲ 1984 ਵਾਂਗ..

..

ਜਦੋਂ ਮੀਡੀਆ ਨੇ ਹਾਲ ਹੀ ਚ ਹੋਈ ਦਿੱਲੀ ਹਿੰਸਾ ਦੀ ਚਰਚਾ ਕੀਤੀ ਤਾਂ ਖਬਰ ਦਿੱਤੀ ਕਿ ਫਲਾਣੇ ਇਲਾਕੇ 'ਚ ਦੁਕਾਨ, ਮਕਾਨ, ਮਸ਼ੀਨਰੀ ਨੁਕਸਾਨੇ ਗਏ, ਫੂਕੇ ਗਏ, ਭੰਨਤੋੜ ਹੋਈ ਜਾਂ ਲੁਟੇ ਗਏ, ਪਰ ਔਰਤਾਂ ਨਾਲ ਜੋ ਹੋਇਆ, ਉਸ ਦੀ ਗੱਲ ਬਹੁਤ ਦੀ ਦੱਬਵੀਂ ਸੁਰ ਚ ਜਾਂ ਮਲਵੀਂ ਜਿਹੀ ਜ਼ੁਬਾਨ ਨਾਲ ਕੀਤੀ ਗਈ..

ਦਿੱਲੀ ਹਿੰਸਾ ਦੌਰਾਨ ਹਕੂਮਤ ਦੀ ਘੇਸਲੀ ਚੁੱਪ, ਪ੍ਰਸ਼ਾਸਨ ਦੀ ਢੀਠਤਾਈ ਭਰੀ ਖਾਮੋਸ਼ੀ ਦੇ ਪਰਦੇ ਦੀ ਓਟ ਚ ਔਰਤਾਂ ਨਾਲ ਜੋ ਹੋਇਆ, ਦਿ ਵਾਇਰ ਦੇ ਸਹਿਯੋਗ ਨਾਲ ਏਸ ਆਸ ਚ ਸਾਂਝਾ ਕਰ ਰਹੇ ਹਾਂ.. ਕਿ ਜਾਗਦੇ ਸਿਰ ਬੇਚੈਨ ਸਵਾਲਾਂ ਨੂੰ ਭਾਰਤੀ ਹਕੂਮਤ ਮੂਹਰੇ ਸ਼ੀਸ਼ੇ ਵਾਂਗ ਜ਼ਰੂਰ ਧਰਨਗੇ ਮਨ ਕੀ ਬਾਤੇਂ ਤੋਂ ਬੜੀ ਸ਼ਿੱਦਤ ਸੇ ਕਰਤੇ ਹੋ ਸਾਹੇਬ ਕਭੀ ਆਇਨੇ ਮੇਂ ਦਿੱਲੀ ਭੀ ਦੇਖਨਾ

..

ਦਿੱਲੀ ਦੇ ਉਤਰ ਪੂਰਬੀ ਹਲਕਿਆਂ ਚ ਹਿੰਸਾ ਦੌਰਾਨ, ਲੁੱਟਮਾਰ, ਜਾਨ-ਮਾਲ ਦੇ ਨੁਕਸਾਨ ਦੀਆਂ ਖਬਰਾਂ ਤਾਂ ਸੁਰਖੀਆਂ 'ਚ ਰਹੀਆਂ, ਪਰ ਇਸ ਦੌਰਾਨ ਔਰਤਾਂ ਨਾਲ ਛੇੜਛਾੜ ਅਤੇ ਸਰੀਰਕ ਸ਼ੋਸ਼ਣ ਦੀਆਂ ਘਟਨਾਵਾਂ ਦੀ ਚਰਚਾ ਨਾਂਹ ਦੇ ਬਰਾਬਰ ਰਹੀ। ਹਾਲਤ ਏਨੇ ਭਿਆਨਕ ਸਨ ਕਿ ਔਰਤਾਂ ਨੂੰ ਆਪਣੀ ਆਬਰੂ ਬਚਾਉਣ ਲਈ ਭਿਆਨਕ ਜੱਦੋਜਹਿਦ ਕਰਨੀ ਪਈ, ਪਰ ਸਫਲ ਨਹੀਂ ਹੋ ਸਕੀਆਂ..

ਦਿ ਵਾਇਰ ਮੀਡੀਆ ਹਲਕੇ ਦੀ ਟੀਮ ਨੇ ਔਰਤਾਂ ਨਾਲ ਹੋਈ ਬੀਤੀ ਨੂੰ ਜੱਗ ਜ਼ਾਹਰ ਤਾਂ ਕੀਤਾ ਹੈ,

ਪਰ ਉਹਨਾਂ ਦੇ ਭਰੋਸੇ ਨੂੰ ਕਾਇਮ ਰੱਖਦਿਆਂ ਉਹਨਾਂ ਦੀ ਪਛਾਣ ਜ਼ਾਹਰ ਨਹੀਂ ਕੀਤੀ, ਕਿਉਂਕਿ ਕੋਈ ਭਰੋਸਾ ਨਹੀ ਕਿ ਸ਼ਿਕਾਰ ਹੋਈਆਂ ਔਰਤਾਂ ਨੂੰ ਹੀ ਸ਼ਿਕਾਰੀ ਦੇ ਭੇਸ ਚ ਏਹ ਸਿਸਟਮ ਚਲਾਉਣ ਵਾਲੇ ਦਿਖਾ ਦੇਣ.. ..



*ਦਿੱਲੀ ਦੇ ਉਤਰ ਪੂਰਬੀ ਹਲਕਿਆਂ ਚ ਹਿੰਸਾ ਦੌਰਾਨ, ਲੁੱਟਮਾਰ, ਜਾਨ-ਮਾਲ ਦੇ ਨੁਕਸਾਨ ਦੀਆਂ ਖਬਰਾਂ ਤਾਂ ਸੁਰਖੀਆਂ 'ਚ ਰਹੀਆਂ, ਪਰ ਇਸ ਦੌਰਾਨ ਔਰਤਾਂ ਨਾਲ ਛੇੜਛਾੜ ਅਤੇ ਸਰੀਰਕ ਸ਼ੋਸ਼ਣ ਦੀਆਂ ਘਟਨਾਵਾਂ ਦੀ ਚਰਚਾ ਨਾਂਹ ਦੇ ਬਰਾਬਰ ਰਹੀ। ਹਾਲਤ ਏਨੇ ਭਿਆਨਕ ਸਨ ਕਿ ਔਰਤਾਂ ਨੂੰ ਆਪਣੀ ਆਬਰੂ ਬਚਾਉਣ ਲਈ ਭਿਆਨਕ ਜੱਦੋਜਹਿਦ ਕਰਨੀ ਪਈ, ਪਰ ਸਫਲ ਨਹੀਂ ਹੋ ਸਕੀਆਂ..*

ਦਿ ਵਾਇਰ ਦੀ ਟੀਮ ਚਾਂਦਬਾਗ ਪੁੱਜੀ, ਬਹੁਤ ਸਾਰੇ ਲੋਕਾਂ ਨੇ ਕੈਮਰਾ ਬੰਦ ਰੱਖਣ ਕਿਸੇ ਵੀ ਤਰ੍ਹਾਂ ਦੀ ਰਿਕਾਰਡਿੰਗ ਨਾ ਕਰਨ, ਕਿਸੇ ਦੀ ਪਛਾਣ ਜ਼ਾਹਿਰ ਨਾ ਕਰਨ ਦੇ ਭਰੋਸੇ ਤੇ ਦਰਦ ਬਿਆਨਣ ਦੀ ਗੱਲ ਕੀਤੀ।

ਦਿ ਵਾਇਰ ਦੀ ਟੀਮ ਨੇ ਕੈਮਰੇ ਛੱਡ ਦਿੱਤੇ, ਖਾਲੀ ਹੱਥ ਦਰਦ ਸੁਣਨ, ਜ਼ਖਮ ਚੁਣਨ ਤੁਰ ਪਈ।

ਦੰਗਾਕਾਰੀਆਂ ਨੇ ਜਿਹਨਾਂ ਔਰਤਾਂ ਦੀ ਆਬਰੂ ਕੁਚਲੀ, ਉਹਨਾਂ ਚੋਂ ਕੋਈ ਵਿਧਵਾ ਹੈ, ਕੋਈ ਅਧਖੜ ਉਮਰ ਦੀ ਹੈ, ਕੋਈ ਸਜ ਵਿਆਹੀ ਹੈ, ਕੋਈ ਦਾਦੀ ਦੀ ਉਮਰ ਦੀ ਹੈ।

ਇਕ 26 ਸਾਲਾ ਆਫਰੀਨ, ਬਦਲਿਆ ਹੋਇਆ ਨਾਮ ਹੈ, ਸਜ ਵਿਆਹੀ ਆਫਰੀਨ ਚਾਂਦਬਾਗ 'ਚ ਆਪਣੇ ਸ਼ੌਹਰ ਨਾਲ ਖੁਸ਼ੀ ਖੁਸ਼ੀ ਰਹਿ ਰਹੀ ਸੀ ਕਿ ਫਰਵਰੀ ਦੇ ਓਸ ਦਿਨ ਜਿਵੇ ਤੂਫਾਨ ਆ ਗਿਆ, ਅੱਜ ਵੀ ਉਹ ਬੁਰਕੇ 'ਚ ਲਿਪਟੀ ਕਮਰੇ ਦੇ ਇਕ ਕੋਨੇ 'ਚ ਸਿਮਟ ਕੇ ਬੈਠੀ, ਕੁਝ ਵੀ ਬੋਲਣ ਤੋਂ ਝਿਜਕਦੀ ਹੈ, ਪੱਤਰਕਾਰਾਂ ਬਾਰੇ ਸੁਣ ਕੇ ਆਫਰੀਨ ਦੀਆਂ ਬੁਰਕੇ 'ਚ ਝਾਕਦੀਆਂ ਅੱਖਾਂ 'ਚ ਫੇਰ ਉਹੀ ਡਰ ਤੈਰ ਆਇਆ, ਕਿ ਉਸ ਦਾ ਜ਼ਿਕਰ ਦੁਬਾਰਾ ਹੋਇਆ ਤਾਂ ਉਹੀ ਦਰਦ ਫੇਰ ਝਲਣਾ ਪੈਣਾ ਹੈ, ਵਾਰ ਵਾਰ ਸਮਝਾਉਣ ਤੇ ਉਸ ਨੇ ਦੱਸਿਆ ਕਿ 24 ਫਰਵਰੀ ਦੀ ਰਾਤ ਕੁਝ ਲੋਕ ਕੰਧਾਂ ਟੱਪ ਕੇ ਸਾਡੇ ਘਰ ਆ ਗਏ, ਸਮਾਨ ਭੰਨਣ ਤੋੜਨ ਲੱਗੇ, ਮੈਂ ਤੇ ਮੇਰਾ ਸ਼ੌਹਰ ਘਰੋਂ ਬਾਹਰ ਭੱਜਣ ਲਈ ਦਰਵਾਜ਼ੇ ਕੋਲ ਗਏ ਤਾਂ ਭੀੜ ਨੇ ਸਾਨੂ ਦਬੋਚ ਲਿਆ, ਗੰਦੀਆਂ ਗਾਲਾਂ ਬਕਣ ਲੱਗੇ, ਮੇਰਾ ਬੁਰਕਾ ਪਾੜ ਦਿੱਤਾ, ਮੇਰਾ ਬਚਾਅ ਕਰਦੇ ਮੇਰੇ ਸ਼ੌਹਰ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ, ਮੇਰੇ ਜਿਸਮ ਤੇ ਪਤਾ ਨਹੀਂ ਕਿੰਨੇ ਹੱਥਾਂ ਨੇ ਗਲਤ ਹਰਕਤਾਂ ਕੀਤੀਆਂ, ਮੇਰੀਆਂ ਛਾਤੀਆਂ ਬੁਰੀ ਤਰ੍ਹਾਂ ਕੁਚਲੀਆਂ ਗਈਆਂ, ਸਰੀਰ ਦੇ ਕਈ ਅੰਗਾਂ 'ਚੋਂ ਲਹੂ ਵਗ ਰਿਹਾ ਮੈਨੂੰ ਮਹਿਸੂਸ ਹੋ ਰਿਹਾ ਸੀ, ਮੈਂ ਸੁੰਨ ਹੋ ਕੇ ਡਿੱਗੀ ਪਈ ਸੀ ਤੇ ਭੀੜ ਮੈਨੂੰ ਕੁਚਲਣ ਦੀ ਕੋਸ਼ਿਸ਼ 'ਚ ਸੀ, ਸਾਡੇ ਗੁਆਂਢੀ ਆ ਗਏ, ਸਾਨੂੰ ਭੀੜ ਤੋਂ ਛੁਡਵਾ ਕੇ ਲੈ ਗਏ, ਰਾਤ ਭਰ ਆਪਣੇ ਘਰ ਰਖਿਆ, ਮੈਨੂੰ ਲੋਕ ਹੌਸਲਾ ਦਿੰਦੇ ਨੇ, ਕਿ ਅੱਲਾ ਦਾ ਸ਼ੁਕਰ ਕਰੋ ਆਬਰੂ ਬਚ ਗਈ, ਰੇਪ ਨਹੀਂ ਹੋਇਆ, ਆਫਰੀਨ ਦੀਆਂ ਅੱਖਾਂ ਚ ਜਿਸਮ ਚਰੂੰਡਦੇ ਹੱਥਾਂ ਬਾਰੇ ਸਵਾਲ ਤੈਰਦਾ ਹੈ, ਕੀ ਉਹ ਰੇਪ ਤੋਂ ਘੱਟ ਸੀ ??

ਮਨ ਕੀ ਬਾਤ ਤੋਂ ਬੜੀ ਸ਼ਿੱਦਤ ਸੇ ਕਰਤੇ ਹੋ ਸਾਹੇਬ

ਜ਼ਰਾ ਮਨ ਕੇ ਆਈਨੇ ਮੇਂ
ਆਫਰੀਨ ਕੀ ਆਖੇਂ ਭੀ ਦੇਖਨਾ

ਦਿ ਵਾਇਰ ਦੀ ਟੀਮ ਆਫਰੀਨ ਦੇ ਘਰ ਤੋਂ ਕੁਝ ਘਰ ਛਡ ਕੇ ਰਹਿੰਦੀ ਤਲਾਕਸ਼ੁਦਾ ਰੇਸ਼ਮਾ ਦੇ ਘਰ ਗਈ, ਰੇਸ਼ਮਾ ਆਪਣੇ ਦੋ ਬੱਚਿਆਂ, ਤੇ ਬਜ਼ੁਰਗ ਮਾਪਿਆਂ ਨਾਲ ਰਹਿੰਦੀ ਹੈ, ਉਹਨੇ ਦੱਸਿਆ ਕਿ 24 ਫਰਵਰੀ ਦੀ ਰਾਤ ਮੁਹੱਲੇ 'ਚ ਬਾਹਰੋਂ ਭੀੜ ਨੇ ਆ ਕੇ ਹਮਲਾ ਕਰ ਦਿੱਤਾ, ਅਸੀਂ ਘਰ ਦੇ ਦਰਵਾਜ਼ੇ ਬੰਦ ਕਰ ਲਏ, ਪਰ ਬਾਹਰੋਂ ਪੈਟਰੋਲ ਬੰਬ ਸੁਟੇ ਗਏ, ਸਾਡੇ ਘਰ ਦੀ ਕੰਧ ਢਹਿ ਗਈ, ਘਰ ਧੂਏਂ ਨਾਲ ਭਰ ਗਿਆ, ਦਮ ਘੁਟਣ ਲੱਗਿਆ, ਤਾਂ ਅਸੀਂ ਘਰੋਂ ਬਾਹਰ ਭੱਜ ਆਏ, ਭੀੜ ਨੇ ਰਾਹ 'ਚ ਮੈਨੂੰ ਦਬੋਚ ਲਿਆ, ਮੇਰੇ ਕੱਪੜੇ ਪਾੜ ਦਿੱਤੇ, ਮੈਨੂੰ ਪਿੱਛੋਂ ਜੱਫਾ ਮਾਰ ਕੇ ਫੜ ਲਿਆ, ਉਹ ਕਿੰਨੇ ਜਾਣੇ ਸਨ, ਮੈਂ ਜਾਣ ਹੀ ਨਹੀਂ ਸਕੀ, ਕਿੰਨੇ ਹੀ ਨਹੁੰ ਮੇਰੇ ਸਰੀਰ ਤੇ ਖੁੱਭ ਰਹੇ ਸਨ, ਮੈਂ ਦਰਦ ਨਾਲ ਚੀਕ ਰਹੀ ਸੀ, ਪਰ ਮੇਰੀਆਂ ਚੀਕਾਂ, ਉਹਨਾਂ ਦੇ ਹਾਸੇ ਤੇ ਗਾਲਾਂ 'ਚ ਗੁਆਚ ਗਈਆਂ ਸਨ, ਮੇਰੀ ਗਰਦਨ ਤੇ ਚੱਕ ਵੱਢੇ ਗਏ, ਅੱਜ ਵੀ ਜ਼ਖਮ ਨੇ, ਮੇਰੇ ਗੁਪਤ ਅੰਗ ਨੂੰ ਬੁਰੀ ਤਰ੍ਹਾਂ ਜ਼ਖਮੀ ਕੀਤਾ ਗਿਆ, ਅੱਜ ਵੀ ਜ਼ਖਮ ਨੇ, ਦਵਾਈ ਨਹੀਂ ਲੈਣ ਜਾ ਸਕਦੀ।

ਹਾਲੇ ਵੀ ਸਾਨੂੰ ਲੋਕ ਹੌਸਲਾ ਦੇ ਰਹੇ ਨੇ, ਸ਼ੁਕਰ ਮਨਾਓ ਰੇਪ ਨਹੀ ਹੋਇਆ, ਰੇਸ਼ਮਾ ਪੱਤਰਕਾਰਾਂ ਨੂੰ ਸਵਾਲ ਕਰਦੀ ਹੈ, ਸਾਹੇਬ ਇਹ ਰੇਪ ਤੋਂ ਘੱਟ ਹੈ ??

ਉਸ ਦੀ ਗਰਦਨ ਦਾ ਜ਼ਖਮ ਲੋਕਤੰਤਰ ਦੇ ਜ਼ਖਮੀ ਹੋਣ ਦੀ ਸ਼ਾਹਦੀ ਭਰਦਾ ਹੈ।

ਦਿ ਵਾਇਰ ਦੀ ਟੀਮ ਦੋ ਜਵਾਨ ਵਿਆਹੁਣਯੋਗ ਧੀਆਂ ਦੀ ਮਾਂ ਤਰਨੁਮ ਕੋਲ ਗਈ, ਉਸ ਦਾ ਸ਼ੌਹਰ ਵਾਰ ਵਾਰ ਹੱਥ ਜੋੜਦਾ ਰਿਹਾ ਕਿ ਕੋਈ ਪਛਾਣ ਨਾ ਨਸ਼ਰ ਕਰਿਓ, ਧੀਆਂ ਦੇ ਵਿਆਹ ਹੋਣ ਚ ਮੁਸ਼ਕਲ ਹੋਊ।

ਅਧਖੜ ਉਮਰ ਦੀ ਤਰੰਨੁਮ ਨੇ ਭੁੱਬੀਂ ਰੋਂਦਿਆਂ ਕਿਹਾ ਉਹ ਮਸਾਂ 20-21 ਸਾਲ ਦੀ ਉਮਰ ਦੇ ਸਨ, ਮੇਰਾ ਸਰੀਰ ਕਈ ਵਾਰ ਨੋਚਿਆ, ਮੇਰੀ ਉਮਰ ਦਾ ਲਿਹਾਜ਼ ਵੀ ਨਹੀਂ ਕੀਤਾ, ਮੇਰੇ ਕੱਪੜੇ ਪਾੜ ਕੇ ਧੂਹ ਕੇ ਕਦੇ ਘਰ ਦੇ ਬਾਹਰ ਲਿਜਾਂਦੇ, ਕਦੇ ਸੜਕ ਤੇ ਲਿਜਾਂਦੇ,

ਤਰੁਨਮ ਦੀ ਸੋਨੇ ਦੀ ਅੰਗੂਠੀ ਏਨੇ ਜੋਰ ਨਾਲ ਲਾਹੀ ਗਈ ਕਿ ਉਂਗਲ ਤੇ ਅੱਜ ਵੀ ਜਖਮ ਹੈ। ਏਨੇ ਵਾਰ ਉਸ ਨੂ ਚੁੱਕ ਚੁਕ ਕੇ ਸੁਟਿਆ ਗਿਆ ਤੇ ਘੜੀਸਿਆ ਗਿਆ ਕਿ ਉਹ ਅੱਜ ਵੀ ਆਪੇ ਉਠ ਨਹੀਂ ਸਕਦੀ।

ਬੱਸ ਏਨੀ ਤਸੱਲੀ ਇਸ ਜੋੜੇ ਨੂੰ ਹੈ ਕਿ ਓਸ ਦਿਨ ਜਵਾਨ ਧੀਆਂ ਘਰ ਨਹੀਂ ਸਨ, ਨਹੀਂ ਤਾਂ ਦਰਿੰਦੇ ਉਹਨਾਂ ਨੂੰ ਨਿਗਲ ਹੀ ਜਾਂਦੇ।

ਸ਼ਬਾਨਾ ਵਿਧਵਾ ਹੈ, ਕੋਈ ਔਲਾਦ ਨਹੀਂ, ਸਿਲਾਈ ਦਾ ਕੰਮ ਕਰਕੇ ਗੁਜ਼ਰ ਬਸਰ ਕਰਦੀ ਹੈ, ਪੰਜ ਸਾਲ ਤੋਂ ਇਕ ਕਮਰੇ 'ਚ ਕਿਰਾਏ ਤੇ ਰਹਿ ਰਹੀ ਹੈ, 25 ਫਰਵਰੀ ਨੂੰ ਭੀੜ ਉਸ ਦੇ ਕਮਰੇ 'ਚ ਆ ਵੜੀ, ਪਲਾਂ 'ਚ ਹੀ ਸਾਰਾ ਸਮਾਨ ਤਹਿਸ ਨਹਿਸ ਕਰ ਦਿੱਤਾ,

ਉਹ ਪੱਚੀ ਤੀਹ ਦੇ ਕਰੀਬ ਸਨ, ਇਸ ਤੋਂ ਪਹਿਲਾਂ ਕਿ ਮੈਂ ਕਮਰੇ 'ਚੋਂ ਬਾਹਰ ਭੱਜਦੀ, ਉਹਨਾਂ ਨੇ ਮੈਨੂੰ ਦਬੋਚ ਲਿਆ, ਮੇਰੇ ਕੱਪੜੇ ਪਾੜ ਦਿਤੇ,

ਬੱਸ ਇਹੀ ਆਖੀ ਜਾਂਦੇ, ਮੁੱਲੀਆਂ ਨੂੰ ਨੰਗੀਆਂ ਕਰਕੇ ਘੁਮਾਓ.. ਤਾਂ ਹੀ ਇਹਨਾਂ ਨੂੰ ਪਤਾ ਲੱਗੂ..

ਮੁੱਲੀਆਂ ਤੇ ਸਿੰਘਣੀਆਂ, ਦਰਦ ਇਕੋ ਹੀ ਹੈ, ਬੱਸ ਵਰਿਆਂ ਦਾ ਫਰਕ ਪੈ ਗਿਆ..

ਸਿਸਕਦੀ ਹੋਈ ਸ਼ਬਾਨਾ ਨੇ ਦੱਸਿਆ ਕਿ ਮੇਰੇ ਨਾਲ ਏਨੀ ਧੂਹ ਘੜੀਸ ਹੋਈ ਕਿ ਮੇਰਾ ਸਿਰ ਤੇ ਸਰੀਰ ਸੁੰਨ ਹੋ ਗਏ, ਮੈਨੂੰ ਨੰਗੀ ਨੂੰ ਬੇਹੋਸ਼ੀ ਦੀ ਹਾਲਤ 'ਚ ਦਰਵਾਜ਼ੇ ਕੋਲ ਸੁੱਟ ਗਏ, ਸਾਰੀ ਰਾਤ ਮੈਂ ਓਥੇ ਪਈ ਰਹੀ, ਸਵੇਰੇ ਗੁਆਂਢੀਆਂ ਨੇ ਮੈਨੂ ਢੱਕਿਆ ਤੇ ਚੁੱਕ ਕੇ ਅੰਦਰ ਲੈ ਕੇ ਗਏ, ਅੱਜ ਤੱਕ ਆਪ ਉਠ ਨਹੀਂ ਸਕਦੀ।

ਇਹ ਔਰਤਾਂ ਸਮਾਜਕ ਸ਼ਰਮ ਦੇ ਡਰ ਕਾਰਨ ਤੇ ਬੱਚਿਆਂ ਦਾ ਭਵਿੱਖ ਖਰਾਬ ਨਾ ਹੋ ਜਾਵੇ, ਤੇ ਨਿਆਂ ਵਾਲੇ ਪਾਸਿਓਂ ਪੂਰੀ ਤਰ੍ਹਾਂ ਨਿਰਾਸ਼ ਹੋਣ ਕਰਕੇ ਪੁਲਸ ਕੋਲ ਸ਼ਿਕਾਇਤ ਨਹੀਂ ਦੇ ਰਹੀਆਂ ਦੋ ਚਾਰ ਨਹੀਂ, ਇਹ ਗਿਣਤੀ ਦਰਜਨਾਂ 'ਚ ਹੈ।

ਰਿਲੀਫ ਕੈਂਪ ਦਾ ਦੌਰਾ ਕਰਨ ਮਗਰੋਂ ਦਿੱਲੀ ਮਹਿਲਾ ਕਮਿਸ਼ਨ ਦੀ ਮੁਖੀ ਸਵਾਤੀ ਮਾਲੀਵਾਲ ਨੇ ਵੀ ਕਿਹਾ ਸੀ ਕਿ ਦੰਗਿਆਂ ਦੌਰਾਨ ਔਰਤਾਂ ਨਾਲ ਬਦਸਲੂਕੀ ਦੀ ਸ਼ਿਕਾਇਤ ਆਈ ਸੀ ਤੇ ਪੁਲਸ ਨੂੰ ਇਸ ਬਾਰੇ ਜਾਣਕਾਰੀ ਦੇਣ ਲਈ ਕਿਹਾ ਸੀ..

ਚਾਂਦਬਾਗ 'ਚ ਸੀ ਏ ਏ, ਖਿਲਾਫ ਚੱਲ ਰਹੇ ਪ੍ਰਦਰਸ਼ਨ ਦੌਰਾਨ ਪੁਲਸ ਦੀ ਹਾਜ਼ਰੀ 'ਚ ਜੈ ਸ੍ਰੀ ਰਾਮ ਦੇ ਨਾਅਰੇ ਲਾਉਂਦੇ ਇਕ ਗਰੁੱਪ ਨੇ ਔਰਤਾਂ ਦੇ ਸਾਹਮਣੇ ਆ ਕੇ ਆਪਣੀਆਂ ਪੈਂਟਾਂ ਲਾਹ ਕੇ ਲਿੰਗ ਵੱਲ ਇਸ਼ਾਰਾ ਕਰਦਿਆਂ ਚੀਕ ਚੀਕ ਕੇ ਕਿਹਾ ਸੀ ਆਹ ਲਓ ਆਜ਼ਾਦੀ.. ਪੁਲਸ ਖਾਮੋਸ਼ ਰਹੀ.

ਅਜਿਹੀ ਹਾਲਤ 'ਚ ਜਿਹਨਾਂ ਇਕੱਲੀਆਂ ਔਰਤਾਂ ਨਾਲ ਰੇਪ ਜਾਂ ਰੇਪ ਜਿਹੀ ਦਰਿੰਦਗੀ ਹੋਈ, ਉਹਨਾਂ ਲਈ ਇਨਸਾਫ ਦੀ ਆਸ ਕਿਥੋਂ ਬਚੀ ਰਹੇਗੀ।

ਮਨ ਕੀ ਬਾਤ ਤੋ ਬੜੀ ਸ਼ਿੱਦਤ ਸੇ ਕਰਤੇ ਹੋ ਸਾਹੇਬ

ਕਭੀ ਮਨ ਕੇ ਆਈਨੇ ਸੇ
ਬੇਆਬਰੂ ਹੁਈ
ਮਾਓਂ ਬੇਟੀਓਂ ਕਾ ਦਰਦ ਭੀ ਦੇਖਨਾ

..

ਇਸ ਰਿਪੋਰਟ ਨੂੰ ਸਾਂਝੀ ਕਰਦਿਆਂ ਕੁਝ ਸ਼ਬਦਾਂ ਤੇ ਕਈਆਂ ਨੂੰ ਇਤਰਾਜ਼ ਹੋਵੇਗਾ, ਪਰ ਸਪਸ਼ਟ ਕਰ ਦੇਣਾ ਚਾਹੁੰਦੀ ਹਾਂ ਕਿ ਅਸ਼ਲੀਲਤਾ ਸ਼ਬਦਾਂ 'ਚ ਨਹੀਂ ਵਰਤਾਰੇ ਚ ਹੁੰਦੀ ਹੈ।




# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-18



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

**ਸਕੀਮਬਾਜ਼**

ਲੱਖਾਂ ਦੀ ਗਿਣਤੀ ਵਿੱਚ ਲੋਕ ਇਨਕਲਾਬ ਵਿੱਚ ਜਾ ਰਲੇ। ਇਨਕਲਾਬੀ ਸਹੁੰ ਇਸ ਤਰ੍ਹਾਂ ਸੀ। "ਮੈਂ ਸਹੁੰ ਚੁਕਦਾ ਹਾਂ ਕਿ ਮੈਂ ਮੰਚੂ ਖਾਨਦਾਨ ਦੇ ਰਾਜ ਦਾ ਤਖਤਾ ਪਲਟਣ ਦੀ ਹਰ ਕੋਸ਼ਿਸ਼ ਕਰਾਂਗਾ। ਗਣਰਾਜ ਦੀ ਸਥਾਪਨਾ ਵਿੱਚ ਯੋਗਦਾਨ ਕਰਾਂਗਾ। ਜ਼ਮੀਨ ਦੇ ਹੱਕੀ ਵੰਡਵਾਰੇ ਵਿੱਚ ਹਿੱਸਾ ਪਾਵਾਗਾ। ਮੈਂ ਇਹਨਾਂ ਸਿਧਾਂਤਾਂ ਤੇ ਪਹਿਰਾ ਦੇਣ ਦੀ ਸਹੁੰ ਖਾਂਦਾ ਹਾਂ, ਜੇ ਕਦੇ ਵੀ ਮੈਂ ਇਹਨਾਂ ਸਿਧਾਤਾਂ ਦੇ ਉਲਟ ਧੋਖਾ ਦੇਵਾਂ ਤਾਂ ਮੈਂ ਸਖ਼ਤ ਤੋਂ ਸਖ਼ਤ ਸਜ਼ਾ ਭੁਗਤਾਨ ਵਾਸਤੇ ਤਿਆਰ ਹਾਂ" ਸਾਰੇ ਰਾਜ ਵਿੱਚ ਲੋਕ ਇੱਕ-ਦੂਜੇ ਨੂੰ ਪੁੱਛਦੇ ਸਨ; "ਤੂੰ ਕੌਣ ਐ", "ਮੈਂ ਚੀਨੀ ਆਂ" ਜਵਾਬ ਹੁੰਦਾ ਸੀ। "ਗੱਲ ਕੀ ਆ" "ਇਹ ਚੀਨ ਦੀ ਗੱਲ ਆ" "ਮਾਮਲਾ ਕੀ ਆ" "ਇਹ ਵਿਸ਼ਵ ਵਿਆਪੀ ਮਾਮਲਾ"

**-ਚੀਨ ਦਾ ਇਤਿਹਾਸ-**

ਸ਼ੁਰੂ ਗਰਮੀ ਦੀ ਹੁੰਮਸ ਭਰੀ ਰਾਤ ਸੀ। ਬਾਹਰ ਡੱਡੂ ਟਰੈਂ-ਟਰੈਂ ਕਰ ਰਹੇ ਸਨ। ਇਓਂ ਲੱਗ ਰਿਹਾ ਸੀ ਜਿਵੇਂ ਕੋਈ ਮਰਨ ਕਿਨਾਰੇ ਪਿਆ ਆਖਰੀ ਸਾਹ ਖਿੱਚ ਰਿਹਾ ਹੋਵੇ। ਪੜ੍ਹਨ ਕਮਰੇ ਦੀ ਵੱਡੀ ਬਾਰੀ ਕੋਲ ਕੁਰਸੀ ਖਿੱਚ ਕੇ ਗੋਲਡਨ ਵਰਚੂ ਕਸੀਦਾ ਕੱਢ ਰਹੀ ਸੀ। ਬੋਲਡ ਟੇਲੈਂਟ ਅਤੇ ਸਪਰਿੰਗ ਮੂਨ ਅਜੇ ਤੱਕ ਚਾਹ ਵਾਲੇ ਮੇਜ਼ ਤੇ ਹੀ ਬੈਠੇ ਸਨ। ਉਹਨਾਂ ਦੇ ਸਾਹਮਣੇ ਰੱਖੀ ਕਿਤਾਬ ਖੋਲੀ ਹੋਈ ਸੀ। ਤਿੰਨੋਂ ਜਣੇ ਇਓਂ ਖਾਮੋਸ਼ ਸਨ ਜਿਵੇਂ ਕਿਸੇ ਫਰੇਮ ਵਿੱਚ ਤਸਵੀਰਾਂ ਟੰਗੀਆਂ ਹੋਣ। ਫਾਸਟੋ ਮੇਜ਼ ਤੋਂ ਚਾਹ ਵਾਲੇ ਕੱਪ ਚੁੱਕ ਰਹੀ ਸੀ। ਆਮ ਕਰਕੇ ਤਾਂ ਇਹ ਫਾਸਟੋ ਦੀ ਡਿਊਟੀ ਨਹੀਂ ਸੀ ਪਰ ਕਿਉਂਕਿ ਇਹਨਾਂ ਦਿਨਾਂ ਵਿੱਚ ਦੂਜੇ ਨੌਕਰ ਬੋਲਡ ਟੇਲੈਂਟ ਨੂੰ ਚਾਹ ਆਦਿ ਦੇਣ ਵੇਲੇ ਗੱਲਾਂ ਬੜੀਆਂ ਬਣਾਉਂਦੇ ਸਨ। ਦੇਖੋ ਬੇ ਸ਼ਰਮੀ ਦੀ ਹੱਦ ਹੋ ਗਈ ਆ। ਇਹ ਵਿਧਵਾ ਅਤੇ ਰਾਜ ਮੁੱਖੀ ਕਿਵੇਂ ਇਕੱਠੇ ਬਹਿੰਦੇ ਨੇ। ਕਿਸੇ ਨੇ ਦੇਖੀ ਆ ਵੱਡੀ ਰਾਜ ਮਾਤਾ। ਕੀ ਮਜ਼ਾਲ ਕਿਸੇ ਮਰਦ ਦੇ ਕਮਰੇ ਵਿੱਚ ਜਾਵੇ। ਉਹ ਤਾਂ ਮਰਦ ਦੀ ਛੂਹੀ ਕਿਸੇ ਸ਼ੈਅ ਨੂੰ ਵੀ ਹੱਥ ਨੀ ਲਾਉਂਦੀ ਪਰ ਇਹ, ਇਹ ਤਾਂ ਹੱਦ ਕਰ ਰਹੇ ਆ। ਇਸ ਤਰ੍ਹਾਂ ਦੀ ਚੁਗਲਖੋਰੀ ਹਰ ਰੋਜ਼ ਸੁਣਨ ਨੂੰ ਮਿਲਦੀ।

ਪਰ ਖਾਨਦਾਨ ਦੇ ਮਰਦ ਮੈਂਬਰ ਆਮ ਗੱਲਬਾਤ ਵਿੱਚ ਸਪਰਿੰਗ ਮੂਨ ਦੀ ਸੂਝ ਸਿਆਣਪ ਦੀ ਬਹੁਤ ਤਾਰੀਫ਼ ਕਰਦੇ ਦੇਖ ਲਵੋ, ਸੂੰਘ ਖਾਨਦਾਨ ਨੇ ਵੀ ਆਪਣੀਆਂ ਧੀਆਂ ਭੈਣਾਂ ਨੂੰ ਉੱਚ ਵਿੱਦਿਆ ਹਾਸਲ ਕਰਨ ਵਾਸਤੇ ਜਪਾਨ ਭੇਜਿਆ ਹੋਇਆ। ਇਹ ਨਵੀਂ ਸਦੀ ਆ। ਚੰਗ ਖ਼ਾਨਦਾਨ ਕਿਉਂ ਪਛੜਿਆ ਰਵੇ। ਪਰ ਉਹਨਾਂ ਦੇ ਮਨ ਦੇ ਪਿਛਵਾੜੇ ਵਿੱਚ ਫਿਰ ਵੀ ਖੁਤਖੁਤੀ ਪਣਪਦੀ ਸੀ ਕਿ ਰਾਜ ਮੁੱਖੀ ਨੇ ਉਹਨਾਂ ਨੂੰ ਬੁੱਧੂ ਬਣਾ ਰੱਖਿਆ ਹੈ। ਅੱਜਕੱਲ ਸਰਕਾਰ ਅਤੇ ਮਿਸ਼ਨਰੀ ਨਵੇਂ ਸਕੂਲ ਖੋਹਲ ਰਹੇ ਸਨ। ਚੰਗ ਖਾਨਦਾਨ ਦੇ ਸਕੂਲ ਵਾਸਤੇ ਵਧੀਆ ਸਿੱਖਿਅਤ ਅਧਿਆਪਕਾਂ ਦੀ ਘਾਟ ਬਣੀ ਰਹਿੰਦੀ ਸੀ। ਕਿਉਂਕਿ ਇਹਨਾਂ ਦੇ ਸਕੂਲ ਵਿੱਚੋਂ ਹੱਟ ਕੇ ਚੰਗੇ ਅਧਿਆਪਕ ਹੋਰ ਵਧੀਆ ਥਾਵਾਂ ਤੇ ਜਾ ਲੱਗਦੇ ਸਨ। ਇਸੇ ਕਰਕੇ ਰਾਜ ਮੁੱਖੀ ਨੇ ਸਪਰਿੰਗ ਮੂਨ ਨੂੰ ਅਧਿਆਪਕਾ ਲੱਗਣ ਵਾਸਤੇ ਸਿਫਾਰਸ਼ ਕੀਤੀ ਸੀ। ਖਾਨਦਾਨ ਦੇ ਦੂਜੇ ਮੈਂਬਰਾਂ ਨੇ ਵੀ ਇਸ ਗੱਲ ਦੀ ਸਹਿਮਤੀ ਦਿੱਤੀ ਸੀ। ਪਰ ਉਹ ਸੋਚਦੇ ਸੀ ਕਿ ਕੀ ਪਤਾ ਸੀ ਇਸ ਨਾਲ ਉਹ ਸਪਰਿੰਗ ਮੂਨ ਦਾ ਅੰਗਰੇਜ਼ੀ ਦਾ ਅਧਿਆਪਕ ਵੀ ਆਪ ਬਣ ਬੈਠੇਗਾ। ਬੋਲਡ ਟੇਲੈਂਟ ਦੀ ਘਰਵਾਲੀ ਗੋਲਡਨ ਵਰਚੂ ਕਿਉਂਕਿ ਕਮਰੇ ਵਿੱਚ ਹਾਜ਼ਰ ਹੁੰਦੀ ਸੀ ਇਸ ਕਰਕੇ ਉਹ ਮੂੰਹ ਫੱਟ ਹੋ ਕੇ ਕੁੱਝ ਕਹਿਣ ਤੋਂ ਝਿਜਕਦੇ ਸਨ।

ਜਦੋਂ ਫਾਸਟੋ ਚਾਹ ਵਾਲੇ ਕੱਪ ਲੈ ਕੇ ਚਲੀ ਗਈ ਤਾਂ ਸਪਰਿੰਗ ਮੂਨ ਆਪਣਾ ਪਾਠ ਉੱਚੀ ਬੋਲ ਕੇ ਪੜਨ ਲੱਗੀ। ਉਹ ਚਾਰਲਸ ਡਿਕਨਜ਼ ਦਾ ਨਾਵਲ "ਔਲੀਵਰ ਟਵਿੱਸਟ" ਪੜ੍ਹ ਰਹੀ ਸੀ। ਜਿੱਥੇ ਹੀਰੋ ਦਾ ਨਾਉਂ ਔਲੀਵਰ ਆਉਂਦਾ ਉਹ ਅੜਕ ਜਾਂਦੀ ਕਿਉਂਕਿ ਉਹ ਠੀਕ ਉਚਾਰਣ ਨਹੀਂ ਸੀ ਕਰ ਸਕਦੀ।

ਭਾਵੇਂ ਬੋਲਡ ਟੇਲੈਂਟ ਸਮੇਂ-ਸਮੇਂ ਤੇ ਸਿਰ ਤਾਂ ਜ਼ਰੂਰ ਹਿਲਾ ਰਿਹਾ ਸੀ, ਹੂੰ ਹੂੰ ਵੀ ਕਰਦਾ ਸੀ ਪਰ ਉਹ ਸੁਣ ਨਹੀਂ ਸੀ ਰਿਹਾ। ਇੱਕ ਹਫ਼ਤੇ ਤੋਂ ਉਹ ਦਿਲ ਦੀ ਕੋਈ ਪ੍ਰੇਸ਼ਾਨੀ ਨਾਲ ਘੁੱਲਦਾ ਰਿਹਾ ਸੀ। ਵਿਵਹਾਰ ਇਉਂ ਕਰਦਾ ਜਿਵੇਂ ਕੁੱਝ ਨਾ ਹੋਇਆ ਹੋਵੇ। ਪਰ ਕੋਈ ਵੱਡੀ ਘਟਨਾ ਵਾਪਰਨ ਦਾ ਭੈਅ ਉਸਨੂੰ ਡਰਾ ਰਿਹਾ ਸੀ। ਛੋਟੇ ਹੁੰਦਿਆਂ ਉਸਨੇ ਇੱਕ ਸ਼ੇਖੀ ਮਾਰੀ ਸੀ ਕਿ ਉਹ ਇੰਨਾ ਚਤੁਰ ਹੈ ਕਿ ਇੱਕੋ ਵੇਲੇ ਇੱਕ ਹੱਥ ਨਾਲ ਵਰਗਾਕਾਰ ਅਤੇ ਇੱਕ ਹੱਥ ਨਾਲ ਗੋਲਾਕਾਰ ਵਾਹ ਸਕਦਾ ਹੈ। ਉਦੋਂ ਆਪਣੇ ਚਚੇਰੇ ਭਾਈਆਂ ਸਾਹਮਣੇ, ਵਾਰ-ਵਾਰ ਯਤਨ ਕਰਨ ਤੇ ਵੀ ਉਹ ਇਉਂ ਨਹੀਂ ਸੀ ਕਰ ਸਕਿਆ। ਫੇਲ ਹੋ ਕੇ ਉਹ ਭੱਜ ਉੱਠਿਆ ਸੀ ਅਤੇ ਡਿੱਗ ਕੇ ਆਪਣਾ ਮੱਥਾ ਜ਼ਖਮੀ ਕਰ ਬੈਠਾ ਸੀ। ਉਸੇ ਤਰ੍ਹਾਂ ਦੀ ਪਰੇਸ਼ਾਨੀ ਵਿੱਚ ਉਹ ਪਿਛਲੇ ਇੱਕ ਹਫਤੇ ਤੋਂ ਫਸਿਆ ਹੋਇਆ ਸੀ। ਵਰਗਾਕਾਰ ਗੋਲਾਕਾਰ-ਗੋਲਾਕਾਰ ਵਰਗਾਕਾਰ ਦੇ ਉਸਨੂੰ ਸੁਪਨੇ ਡਰਾਉਂਦੇ ਰਹਿੰਦੇ ਸਨ। ਉਸਨੇ ਆਪਣੇ ਹੱਥਾਂ ਵੱਲ ਦੇਖਿਆ ਇਹ ਕੰਬ ਰਹੇ ਸਨ। ਦਿਲ ਵਿੱਚ ਉਸਨੇ ਆਪਣੇ ਭਰਾ ਤੇ ਗੁੱਸਾ ਕੱਢਿਆ ਅਤੇ ਲਾਹਨਤ ਪਾਈ।

"ਕੀ ਗੱਲ ਆ ਤਾਇਆ ਜੀ ?" ਸਪਰਿੰਗ ਮੂਨ ਨੇ ਚੀਨੀ ਵਿਚ ਪੁੱਛਿਆ।

ਉਹਨਾਂ ਦੀਆਂ ਅੱਖਾਂ ਮਿਲੀਆਂ ਤੇ ਉਹ ਫ਼ਿਸ ਪਿਆ ਸ਼ਾਇਦ ਜੇ ਸਪਰਿੰਗ ਮੂਨ ਨੇ ਪੁੱਛਿਆ ਨਾ ਹੁੰਦਾ ਤਾਂ ਉਹ ਕਦੇ ਵੀ ਮੂੰਹ ਨਾ ਖੋਲਦਾ। ਦਿਲ ਵਿਚਲੀ ਗੱਲ ਖਾਨਦਾਨ ਦੇ ਕਿਸੇ ਮੈਂਬਰ ਨੂੰ ਨਾ ਦੱਸਦਾ। ਹੁਣ ਅਕਾਰਨ ਹੀ ਉਸਨੇ ਆਪਣਾ ਰਾਜ਼ ਸਾਂਝਾ ਕਾਨ ਦਾ ਫੈਸਲਾ ਕਰ ਲਿਆ।

"ਕੀ ਮਸਲਾ ਤਾਇਆ ਜੀ ?" ਸਪਰਿੰਗ ਮੂਨ ਨੇ ਦੁਬਾਰਾ ਪੁੱਛਿਆ।

ਉਸਨੇ ਗੋਲਡਨ ਵਰਚੂ ਵੱਲ ਇਸ਼ਾਰਾ ਕਰਦੇ ਨੇ ਨਾਂਹ ਵਿੱਚ ਸਿਰ ਹਿਲਾਇਆ "ਨਹੀਂ ਨਹੀਂ ਕੋਈ ਗੱਲ ਨੀ" ਮੈਂ ਤਾਂ ਬਾਹਰੋਂ ਆਉਂਦੀਆਂ ਡੱਡੂਆਂ ਦੀਆਂ ਆਵਾਜ਼ਾਂ ਸੁਣ ਰਿਹਾ ਸੀ। ਲਿਆ ਕਿਤਾਬ ਮੈਨੂੰ ਫੜਾ ਹੁਣ ਮੈਂ ਪੜ੍ਹਦਾਂ। ਸਪਰਿੰਗ ਮੂਨ ਉਲਝਣ ਜਿਹੀ ਵਿੱਚ ਪੈ ਗਈ ਅਤੇ ਕਿਤਾਬ ਉਸ ਵੱਲ ਸਰਕਾ ਦਿੱਤੀ। ਉਸਨੇ ਸਪਰਿੰਗ ਮੂਨ ਨਾਲ ਅੱਖ ਮਿਲਾਈ ਅਤੇ ਅੰਗਰੇਜ਼ੀ ਵਿੱਚ ਬੋਲਿਆ, "ਮੇਰੀ ਭਤੀਜੀਏ ਮੈਂ ਤੈਨੂੰ ਕੁੱਝ ਦੱਸਣਾ ਪਰ ਨਾਟਕ ਇਹ ਕਰਨਾ ਕਿ ਆਪਾਂ ਕਿਤਾਬ ਪੜ੍ਹਦੇ ਹੋਈਏ ਤਾਂ ਕਿ ਤੇਰੀ ਤਾਈ ਨੂੰ ਸ਼ੱਕ ਨਾ ਹੋਵੇ" ਉਹ ਥੋੜੀ ਦੇਰ ਰੁਕਿਆ, ਸਪਰਿੰਗ ਮੂਨ ਸ਼ਾਤ ਰਹੀ ਜਿਵੇਂ ਉਸਨੇ ਪਹਿਲਾਂ ਹੀ ਅਜਿਹਾ ਸੀਨ ਦੇਖਿਆ ਹੋਵੇ। ਹਾਂ ਸੁਣਿਆ ਤੂੰ ਆਪਾਂ ਅੰਗਰੇਜ਼ੀ ਵਿੱਚ ਗੱਲ ਕਰਨੀ ਆਂ ਜਿਵੇਂ ਕਿਤਾਬ ਪੜਦੇ ਹੋਈਏ ਤਾਂ ਕਿ ਗੋਲਡਨ ਵਰਚੂ ਨੂੰ ਗੱਲ ਕਰਨ ਦਾ ਪਤਾ ਨਾ ਲੱਗੇ। ਕੀ ਤੂੰ ਸਮਝ ਗਈ ਏਂ ?" ਸਪਰਿੰਗ ਮੂਨ ਨੇ ਫਿਰ ਹਾਂ ਵਿੱਚ ਸਿਰ ਹਿਲਾਇਆ। ਉਸਨੇ ਕਿਤਾਬ ਦੇ ਵਰਕੇ ਤੇ ਉਂਗਲ ਫੇਰਦੇ ਨੇ ਬੋਲਣਾ ਸ਼ੁਰੂ ਕੀਤਾ।

"ਮੇਰਾ ਭਰਾ ਮੂੰਹ ਚੱਕ ਕੇ ਇਨਕਲਾਬੀ ਸਫਾਂ ਵਿੱਚ ਰਲਿਆ ਹੋਇਆ ਹੈ। ਪਿਛਲੇ ਕਈ ਸਾਲਾਂ ਤੋਂ।" ਉਹ ਫਿਰ ਰੁੱਕ ਗਿਆ ਦੇਖਣ ਵਾਸਤੇ ਕਿ ਸਪਰਿੰਗ ਮੂੰਨ ਦਾ ਰੀਐਲਸ਼ਨ ਕੀ ਹੋਵੇਗਾ ਪਰ ਜੋ ਹਾਵ ਭਾਵ ਸਪਰਿੰਗ ਮੂਨ ਦੇ ਸਨ ਕਿਆਸ ਤੋਂ ਉੱਲਟ ਹੀ ਸਨ। ਉਹ ਸਾਧੇ ਭਾਵ ਨਾਲ ਬੋਲੀ ਜਿਵੇਂ ਗਰਾਮਰ ਦਾ ਕੋਈ ਪਾਠ ਪੜਦੀ ਹੋਵੇ।

"ਤਾਇਆ ਮੈਨੂੰ ਤਾਂ ਪਹਿਲਾਂ ਹੀ ਪਤਾ ਇਹ ਗੱਲ। ਜਦੋਂ ਬੌਕਸਰ ਵਾਰਦਾਤਾਂ ਹੋਈਆਂ ਸਨ ਉਦੋਂ ਤੋਂ ਪਤਾ। ਉਹੀ ਚਾਚਾ ਤਾਂ ਸੀ ਜਿਸਨੇ ਮੇਰੇ ਘਰ ਵਾਲੇ ਦੇ ਪਰਿਵਾਰ ਨੂੰ ਖਬਰਦਾਰ ਕਰਕੇ ਬਚਾਇਆ ਸੀ। ਬੋਲਡ ਟੇਲੈਂਟ ਨੂੰ ਅੱਜ ਪਤਾ ਲੱਗਿਆ ਕਿ ਛੋਟਾ ਭਰਾ ਖਾਨਦਾਨੀ ਜ਼ੁੰਮੇਵਾਰੀ ਵੀ ਸਮਝਦਾ ਸੀ। ਉਸਨੇ ਅੱਗੇ ਗੱਲ ਸ਼ੁਰੂ ਕੀਤੀ।

"ਉਸਨੇ ਕੁਝ ਹਫਤੇ ਪਹਿਲਾਂ ਰਫਲਾਂ ਦੀ ਇਕ ਵੱਡੀ ਖੇਪ ਖਰੀਦੀ ਸੀ। ਪਰ ਉਹ ਨੁਕਸਦਾਰ ਨਿਕਲੀਆਂ। ਇਸ ਕਰਕੇ ਹੁਣ ਉਸ ਤੇ ਇਨਕਲਾਬ ਧ੍ਰੋਹੀ ਹੋਣ ਦਾ ਸ਼ੱਕ ਹੈ। ਇਕ ਸ਼ਰਤ ਲਾਈ ਗਈ ਹੈ ਜੋ ਉਹ ਪੂਰੀ ਭਰੇ ਤਾਂ ਉਸ ਤੇ ਕੀਤਾ ਜਾਂਦਾ ਸ਼ੱਕ ਦੂਰ ਕੀਤਾ ਜਾ ਸਕਦਾ ਹੈ। ਇਹ ਇਕ ਖਾਸ ਜ਼ੁੰਮੇਵਾਰੀ ਦਾ ਕੰਮ ਹੈ ਜਿਹੜਾ ਉਸ ਨੇ ਕਰਨਾ ਹੈ।" ਕਿਤਾਬ ਦੇ ਵਰਕੇ ਤੇ ਨਿਗ੍ਹਾ ਗੱਡੀ ਉਹ ਫਿਰ ਬੋਲਣ ਲੱਗਿਆ ਬੋਲਦਾ ਬੋਲਦਾ ਉਹ ਧੀਰਜ




ਵਿੱਚ ਆ ਗਿਆ। ਘਬਰਾਹਟ ਉਸ ਦੀ ਦੂਰ ਹੋ ਗਈ। ਕੱਲੀ ਕੱਲੀ ਗੱਲ ਬੋਲ ਕੇ ਉਸ ਨੇ ਇਨਕਲਾਬੀ ਭਰਾ ਦਾ ਸਾਰਾ ਬਿਰਤਾਂਤ ਸਹਿਜ ਭਾਅ ਸਪਰਿੰਗ ਮੂਨ ਨਾਲ ਸਾਂਝਾ ਕਰ ਦਿੱਤਾ। "ਭਰਾ ਨੂੰ ਮੰਚੂ ਰਾਜ ਦਰਬਾਰ ਦੇ ਇਕ ਵੱਡੇ ਅਹਿਲਕਾਰ ਨੂੰ ਕਤਲ ਕਰਨ ਦੀ ਜਿਮੇਂਵਾਰੀ ਦਿੱਤੀ ਗਈ ਹੈ। ਅਹਿਲਕਾਰ ਰਾਜ ਦਰਬਾਰ ਦੇ ਟਰਾਂਸਪੋਰਟ ਵਿਭਾਗ ਦਾ ਵੱਡਾ ਸਲਾਹਕਾਰ ਹੈ। ਬੜਾ ਬਦਨਾਮ, ਰਿਸ਼ਵਤ ਖੋਰ ਅਤੇ ਜ਼ਾਲਮ ਹੈ। ਕਈ ਬੇ ਗੁਨਾਹਾਂ ਦਾ ਕਾਤਲ ਹੈ।" ਉਹ ਫਿਰ ਰੁਕਿਆ ਤੇ ਸਿਰ ਚੱਕ ਕੇ ਦੇਖਿਆ ਕਿ ਗੋਲਡਨ ਵਰਚੂ ਉਹਨਾਂ ਵੱਲ ਤਾੜ ਰਹੀ ਹੈ। ਉਹ ਉਸ ਵੱਲ ਦੇਖਕੇ ਮੁਸਕਰਾਇਆ। ਗੋਲਡਨ ਵਰਚੂ ਬੋਲੀ, "ਕੀ ਜਿਹੜੀ ਕਹਾਣੀ ਤੁਸੀਂ ਪੜ੍ਹਦੇ ਪਏ ਓ, ਬੜੀ ਦਰਦਨਾਕ ਹੈ ?" ਸਪਰਿੰਗ ਮੂਨ ਨੇ ਜਵਾਬ ਦਿੱਤਾ ਉ ਹਾਂ ਤਾਈ ਜੀ ਬੜੀ ਖੌਫਨਾਕ ਹੈ," "ਤਾਂ ਫਿਰ ਸਾਨੂੰ ਸਾਰਿਆਂ ਨੂੰ ਵੀ ਜ਼ਰੂਰ ਸੁਣਾਈਂ ਇਹ ਕਹਾਣੀ।" ਜ਼ਰੂਰ ਜ਼ਰੂਰ ਤਾਈ ਜੀ ਜ਼ਰੂਰ ਸੁਣਾਵਾਂਗੀ।" ਬੋਲਡ ਟੇਲੈਂਟ ਨੇ ਪੰਨਾ ਪਲਟਿਆ ਅਤੇ ਫਿਰ ਬੋਲਣਾ ਸ਼ੁਰੂ ਕੀਤਾ ਉ ਪਿਛਲੇ ਹਫਤੇ ਜਦੋਂ ਭਰਾ ਘਰ ਆਇਆ ਸੀ ਤਾਂ ਮੈਨੂੰ ਉਸਨੇ ਇਹ ਗੱਲ ਦੱਸੀ। ਉਸਨੇ ਸਕੀਮ ਵੀ ਦੱਸੀ ਕਿ ਕਿਵੇਂ ਕਰਨਾ ਹੈ। ਬੰਬ ਧਮਾਕੇ ਨਾਲ। ਇੰਝ ਕਰੇਗਾ ਤਾਂ ਕਿ ਕਿਸੇ ਨੂੰ ਸਾਡੇ ਤੇ ਸ਼ੱਕ ਵੀ ਨਾ ਹੋਵੇ। ਜਦੋਂ ਮੈਂ ਉਸਨੂੰ ਇਸ ਕੰਮ ਤੋਂ ਵਰਜਣ ਦੀ ਕੋਸ਼ਿਸ਼ ਕੀਤੀ ਤਾਂ ਉਹ ਮਹਿਲਾਂ ਤੋਂ ਖਿਸਕ ਗਿਆ ਅਤੇ ਅੱਜ ਤੱਕ ਮੈਂ ਉਸਨੂੰ ਲੱਭ ਨਹੀਂ ਸਕਿਆ।

ਸਪਰਿੰਗ ਮੂਨ ਨੇ ਆਪਣਾ ਹੱਥ ਕਿਤਾਬ ਦੇ ਪੰਨੇ ਤੇ ਰੱਖਿਆ ਅਤੇ ਪਿੱਛੇ ਨੂੰ ਪਲਟਿਆ ਜਿਵੇਂ ਕੋਈ ਗੱਲ ਸਮਝਣੀ ਹੋਵੇ। "ਤਾਇਆ ਜੀ ਤੁਸੀਂ ਉਸ ਨੂੰ ਹਰ ਹਾਲਤ ਵਿੱਚ ਰੋਕ। ਜੇ ਇਹ ਭਾਣਾ ਵਾਪਰ ਗਿਆ ਤਾਂ ਸਾਡਾ ਸਾਰਾ ਖਾਨਦਾਨ ਅਤੇ ਖ਼ੂਨ ਦੇ ਰਿਸ਼ਤੇਦਾਰ ਮਾਰੇ ਜਾਣਗੇ" ਪਲ ਭਰ ਵਾਸਤੇ ਚੁੱਪ ਪਸਰ ਗਈ। ਹੁਣ ਗੋਲਡਨ ਵਰਚੂ ਦਾ ਧਿਆਨ ਵੀ ਲਾਂਭੇ ਸੀ।

"ਮੈਂ ਉਸ ਦੇ ਬਹੁਤ ਤਰਲੇ ਕੀਤੇ। ਪਰ ਉਹ ਕਿੱਥੇ ਮੰਨਦਾ ਉਹ ਕਹਿੰਦਾ ਮੈਂ ਖਾਨਦਾਨ ਨੂੰ ਇਸ ਕਾਰੇ ਵਿੱਚ ਨਹੀਂ ਉਲਝਾਉਣਾ, ਮੂਰਖ ਆ ਉਹ। ਸਮਾਂ ਬੜਾ ਘੱਟ ਆ। ਉਹ ਅਹਿਲਕਾਰ ਆਉਂਦੇ ਬੁੱਧਵਾਰ ਆ ਰਿਹਾ। ਉਸਨੇ ਸੀਡੇਟ ਭਿਸ਼ਟ ਮੱਠ ਵਿੱਚ ਰਾਤ ਠਹਿਰਣਾ। ਵੀਰਵਾਰ ਉਸਨੇ ਸਰਕਾਰੀ ਦਫਤਰ ਵਿੱਚ ਮੀਟਿੰਗ ਕਰਨੀ ਆ। ਮੈਂ ਜ਼ਿਆਦਾ ਪੁੱਛ ਪੜਤਾਲ ਵੀ ਨੀ ਕਰ ਸਕਦਾ ਮਤਾ ਲੋਕਾਂ ਨੂੰ ਕੋਈ ਸ਼ੱਕ ਪੈ ਜਾਵੇ।" "ਅਹਿਲਕਾਰ ਨੂੰ ਕਹੋ ਉਹ ਆਵੇ ਨਾ।" ਸਪਰਿੰਗ ਮੂਨ ਬੋਲਦੀ ਨੇ ਕਿਤਾਬ ਦੇ ਪੰਨੇ ਤੇ ਇਕ ਲੀਕ ਖਿੱਚੀ। "ਆਉਣ ਦਾ ਮਨਾਂ ਕਰਨ ਦਾ ਬਹਾਨਾ ਕੀ ਹੋਵੇ। ਭਾਵੇਂ ਮੈਂ ਆਪ ਮੰਚੂ ਵਫ਼ਦ ਵਿੱਚ ਸਾਮਲ ਹੋ ਜਾਵਾਂ ਮੈਨੂੰ ਕਿਹੜਾ ਐਡੀ ਛੇਤੀ ਉਸਨੇ ਪਛਾਣ ਲੈਣਾ। ਅਹਿਲਕਾਰ ਨੂੰ ਬਚਾਉਣ ਦਾ ਹੁਣ ਕੋਈ ਰਸਤਾ ਬਾਕੀ ਨੀਂ ਬਚਿਆ ਸਿਵਾਏ ਇਸਦੇ ਕਿ ਭਰਾ ਦੀ ਸ਼ਕੀਮ ਦਾ ਭੇਦ ਖੋਹ ਲਿਆ ਜਾਵੇ। ਇਨਕਲਾਬ ਨਾਲ ਵਿਸਵਾਸ਼ਘਾਤ ਤੋਂ ਭਰਾ ਨੂੰ ਵੀ ਕਿਵੇਂ ਬਚਾਇਆ ਜਾਵੇ। ਇਕੋ ਹੀ ਰਸਤਾ ਜੇ ਅਹਿਲਕਾਰ ਪਹਿਲੀ ਰਾਤ ਸੁਤਿਆਂ ਸੁਤਿਆਂ ਮਰ ਜਾਵੇ ਪਰ ਉਹ ਰਿਸ਼ਟਪੁਸ਼ਟ, ਤਕੜਾ ਬੰਦਾ ਇਉਂ ਕਿਵੇਂ ਹੋ ਸਕਦਾ। ਖਾਨਦਾਨ ਨੂੰ ਬਚਾਉਣ ਦੀ ਕੋਈ ਤਰਕੀਬ ਲੱਭਦੀ ਨੀ। ਇੱਕ ਪਾਸੇ ਖੂਹ ਦੂਜੇ ਪਾਸੇ ਖਾਤਾ ਵਾਲੀ ਕੜੁੱਕੀ ਆ।" ਉਹ ਫਿਰ ਉੱਚੀ ਬੋਲਿਆ ਇੱਕੋ ਹੀ ਰਸਤਾ ਜੇ ਉਹ ਸੁੱਤਿਆ ਪਾਰ ਬੋਲੇ। ਉਸਨੂੰ ਲੱਗਿਆ ਕਿ ਉਸਨੇ ਮੂਰਖਤਾਨਾ ਗੱਲ ਕੀਤੀ ਆ, ਭਤੀਜੀ ਨੂੰ ਦੱਸਿਆ ਉਹ ਹਾਰਿਆ ਮਹਿਸੂਸ ਕਰਨ ਲੱਗਿਆ।

"ਪਤੀ ਦੇਵ ਜੀ ਕੀ ਮੈਂ ਹੋਰ ਚਾਹ ਮੰਗਵਾਵਾਂ", "ਨਹੀਂ, ਨਹੀਂ ਕੋਈ ਲੋੜ ਨੀ" ਛੇਤੀ ਹੀ ਉਹ ਸੰਭਲ ਗਿਆ ਉਅਸੀਂ ਠੀਕ ਆਂ ਪਰ ਦੇਖ ਹਨੇਰਾ ਪੈ ਰਿਹਾ ਇਸ ਕਰਕੇ ਬੱਤੀ ਜਗਾ ਦੇ"

ਸਪਰਿੰਗ ਮੂਨ ਕੁਝ ਨਾ ਬੋਲੀ। ਤਾਂ ਉਹ ਕਿਤਾਬ ਚੁੱਕ ਸੱਚੀ ਮੁੱਚੀ ਪੜ੍ਹਨ ਲੱਗਿਆ ਪਰ ਉਸਦਾ ਮਨ ਕਿਧਰੇ ਹੋਰ ਹੀ ਉਡਾਰੀਆਂ ਮਾਰ ਰਿਹਾ ਸੀ। ਸਪਰਿੰਗ ਮੂਨ ਨੇ ਹੱਥ ਕਿਤਾਬ ਤੇ ਰੱਖ ਕੇ ਉਸਨੂੰ ਰੋਕਿਆ ਅਤੇ ਬੋਲੀ

"ਥੋੜ੍ਹੀ ਦੇਰ ਪਹਿਲਾਂ ਤੁਸੀਂ ਇੱਕ ਬੜੀ ਸੋਹਣੀ ਗੱਲ ਆਖੀ ਸੀ ਕਿ ਜੇ ਉਹ ਸੁੱਤਿਆਂ ਸੁੱਤਿਆਂ ਮਰ ਜਾਵੇ। ਸਾਡੀ ਮੁਸ਼ਿਕਲ ਦਾ ਹੱਲ ਹੈ ਹੀ ਇਹ ਬਚਿਆ" ਉਪਰ ਇਹ ਕੀਤਾ ਕਿਵੇਂ ਜਾਵੇ ਬੜੀ ਅਸੰਭਵ ਗੱਲ ਆ ਕੋਈ ਸਕੀਮ ਸਮਝ ਨਹੀਂ ਆਉਂਦੀ।"

"ਮੈਂ ਸੋਚਦੀ ਆਂ ਤੁਸੀਂ ਉੱਚੀ ਉੱਚੀ ਪੜੀ ਚਲੋ" ਉਹ ਪੜ੍ਹਦਾ ਪੜ੍ਹਦਾ ਕਈ ਸਫੇ ਪਲਟ ਗਿਆ ਤੇ ਉੱਥੇ ਪਹੁੰਚ ਗਿਆ ਜਦੋਂ ਚਾਰਲਸ ਡਿਕਲਜ਼ ਕਹਿੰਦਾ "ਨਿਕੰਮੇ ਪੁੱਤਰਾ, ਫਰੇਬੀਆ ਝੂਠਿਆ। ਤੂੰ ਉਹਨਾਂ ਨਾਲ ਰਲਿਆ ਫਿਰਦਾ ਜਿਹੜੇ ਹਨੇਰੀਆਂ ਰਾਤਾਂ ਨੂੰ ਚੋਰੀਆਂ ਕਰਦੇ ਆ, ਡਾਕੇ ਮਾਰਦੇ ਆ ਜਿਹਨਾਂ ਦੀਆਂ ਕਾਲੀਆਂ ਕਰਤੂਤਾਂ ਕਾਰਨ ਉਸਦੀ ਜਾਨ ਗਈ ਆ ਅਤੇ ਤੇਰੇ ਪਿਓ ਨੂੰ ਸ਼ਰਮਿੰਦਗੀ ਝੱਲਣੀ ਪੈ ਰਹੀ ਆ".. "ਵੱਡੇ ਤਾਇਆ ਜੀ" ਸਪਰਿੰਗ ਮੂਨ ਬੋਲੀ। ਬੋਲਡ ਟੇਲੈਂਟ ਨੇ ਘਰਵਾਲੀ ਵੱਲ ਦੇਖਿਆ। ਅਤੇ ਤਸੱਲੀ ਕੀਤੀ ਕਿ ਉਹ ਆਪਣੇ ਕੰਮ ਵਿੱਚ ਮਗਨ ਹੈ। "ਵੱਡੇ ਤਾਇਆ ਜੀ ਤੈਂ ਇਉਂ ਵੀ ਆਖਿਆ ਕਿ ਉਸ ਅਹਿਲਕਾਰ ਤੇ ਕਈ ਵਾਰ ਗਲ਼ਤ ਕੰਮ ਕਰਨ ਅਤੇ ਰਿਸ਼ਵਤ ਖੋਰੀ ਦੇ ਵੀ ਦੋਸ਼ ਲੱਗੇ ਨੇ।"

"ਹਾਂ ਇਹ ਗੱਲ ਤਾਂ ਆਮ ਲੋਕ ਜਾਣਦੇ ਨੇ। ਜੇ ਉਸਦੇ ਰਾਜ ਦਰਬਾਰ ਵਿੱਚ ਚੰਗੇ ਤੁਅੱਲਕਾਤ ਨਾ ਹੁੰਦੇ ਤਾਂ ਉਸਨੂੰ ਹੁਣ ਤੱਕ ਕਰੜੀ ਸਜ਼ਾ ਹੋ ਚੁੱਕੀ ਹੁੰਦੀ।"

ਅੰਕਲ ਜੀ ਫਿਰ ਅਸੀਂ ਇਉਂ ਕਰੀਏ ਬਈ ਉਸਨੂੰ ਸ਼ਾਹੀ ਮੁਆਫ਼ੀ ਨਾਮੇ ਦੀ ਮੁਆਫ਼ੀ ਵਜੋਂ "ਰੇਸ਼ਮੀ ਡੋਰੀ" ਭੇਜ ਦਈਏ। ਕਿਵੇਂ ਆ ਇਹ ਸਕੀਮ ?"

"ਹਾਂ ਹਾਂ ਰੇਸ਼ਮੀ ਡੋਰੀ ਰੇਸ਼ਮੀ ਡੋਰੀ" ਉਹ ਬੁੜ ਬੁੜਾਇਆ "ਇਹ ਗੱਲ ਬਣ ਸਕਦੀ ਆ"

ਇਹ ਕੰਮ ਮੱਠ ਵਿੱਚ ਹੀ ਕੀਤਾ ਜਾ ਸਕਦਾ। ਉਸਦੇ ਸੂ ਕੂ ਪਹੁੰਚਣ ਤੋਂ ਪਹਿਲਾਂ ਪਹਿਲਾਂ। ਸਪਰਿੰਗ ਮੂਨ ਮੱਠ ਵਿੱਚ ਪਹਿਲਾਂ ਤੋਂ ਆਉਂਦੀ ਜਾਂਦੀ ਰਹੀ ਸੀ, ਇਸ ਕਰਕੇ ਇਹ ਕੰਮ ਢੁੱਕਵੇਂ ਮੌਕੇ ਤੇ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਸਪਰਿੰਗ ਮੂਨ ਨੇ ਕਿਤਾਬ ਦੇ ਪੰਨੇ ਐਂ ਪਲਟੇ ਜਿਵੇਂ ਕਿਸੇ ਸੁਖਾਂਤ ਕਹਾਣੀ ਦੀ ਤਲਾਸ਼ ਕਰਦੀ ਹੋਵੇ।

"ਹੁਣ ਅੱਗੋਂ ਤੂੰ ਆਪ ਹੀ ਪੜ੍ਹ" ਕਹਿ ਕੇ ਬੋਲਡ ਟੇਲੈਂਟ ਗਿਣਤੀਆਂ-ਮਿਣਤੀਆਂ ਕਰਨ ਲੱਗਿਆ। ਕੀਤੇ ਜਾਣ ਵਾਲੇ ਕੰਮ ਨੂੰ ਹਰ ਨੁਕਤੇ ਤੋਂ ਸੋਚਣ ਲੱਗਿਆ। ਹਾਲਾਤ ਕਿਵੇਂ ਹੋਣਗੇ। ਸਾਰਾ ਕੰਮ ਕਿਵੇਂ ਕੀਤਾ ਜਾਵੇ ਤਾਂ ਕਿ ਨਤੀਜਾ ਸਹੀ ਨਿਕਲੇ। ਕਦੇ ਅੱਗੇ ਨੂੰ ਕਦੇ ਪਿੱਛੇ ਨੂੰ ਜਿਵੇਂ ਚੈੱਸ ਖੇਡੀਦਾ ਉਹ ਸਾਰੀਆਂ ਚਾਲਾਂ ਬਾਰੇ ਸੋਚਦਾ ਰਿਹਾ। ਕਦੀ ਕਦੀ ਸਪਰਿੰਗ ਮੂਨ ਉਸ ਵੱਲ ਦੇਖਦੀ। ਪਰਸਦੇ ਹਨੇਰੇ ਵਿੱਚ ਵਿੱਚ ਉਸਨੇ ਲੈਂਪ ਦੀ ਬੱਤੀ ਉਤਾਂਹ ਕਰਕੇ ਰੋਸ਼ਨੀ ਤੇਜ਼ ਕਰ ਦਿੱਤੀ।

## ਲੱਗਦੇ ਬੜੇ ਨਿਆਰੇ ਲੇਖਕ, ਪ੍ਰਧਾਨਗੀਆਂ ਤੋਂ ਵਾਰੇ ਲੇਖਕ

ਲੱਗਦੇ ਬੜੇ ਨਿਆਰੇ ਲੇਖਕ,
ਪ੍ਰਧਾਨਗੀਆਂ ਤੋਂ ਵਾਰੇ ਲੇਖਕ ।

ਬੁੱਢੀਆਂ ਸੋਚਾਂ ਉੱਚੇ ਰੁਤਬੇ
ਲਗਦੇ ਖੂਬ ਸਿੰਗਾਰੇ ਲੇਖਕ।

ਕੋਰਮ ਪੂਰਾ ਮਸਾਂ ਹੀ ਕਰਦੇ,
ਮੀਟਿੰਗ ਕਰਨ ਵਿਚਾਰੇ ਲੇਖਕ ।

ਬੱਚਿਆਂ ਨੂੰ ਅੰਗਰੇਜ ਬਣਾਉਦੇ,
ਮਾਂ ਬੋਲੀ ਸਹਾਰੇ ਲੇਖਕ ।

ਗ਼ਜ਼ਲਾਂ ਗਾ ਕੇ ਪਜਲ ਕਰਣਗੇ,
ਕਹਿੰਦੀਆਂ ਕੁਲੀਆਂ ਢਾਰੇ ਲੇਖਕ।

ਕਲਮ ਕਲਾ ਤੇ ਰਾਜ ਸਤਾ ਦੇ ,
ਮਾਨਣ ਕਈ ਨਜ਼ਾਰੇ ਲੇਖਕ ।

ਪ੍ਰਧਾਨਗੀ ਮੰਡਲ ਫੀਤਾ ਕੱਟੂ ,
ਲਭਦੇ ਫਿਰਨ ਵਿਚਾਰੇ ਲੇਖਕ ।

ਵੱਖੀ ਵਿੱਚ ਕੋਈ ਵੱਢੇ ਚੂੰਢੀਆਂ,
ਗੁੱਸਾ ਕਰਨ ਪਿਆਰੇ ਲੇਖਕ ।

ਸਿਰ ਉੱਪਰ ਦੀ ਲੰਘ ਜਾਂਦੇ ਹਨ,
ਕਰਦੇ ਕਈ ਗਰਾਰੇ ਲੇਖਕ ।

ਕਲਮ ਕਟਾਰ ਜੇ ਬਣਜੇ ਮਿਤਰੋ,
ਤਾਜੋਂ ਤਖਤ ਉਤਾਰੇ ਲੇਖਕ।

ਦੰਦਾਂ ਥੱਲੇ ਜੀਭ ਲੋਕਾਂ ਦੀ
ਬਣਦੇ ਬੋਲ ਕਰਾਰੇ ਲੇਖਕ ।

ਸੋਚਾਂ ਸੁਪਨੇ ਸਿਰਜਣ ਵਾਲੇ,
ਡਰਦੇ ਨਹੀਂ ਹਨ ਸਾਰੇ ਲੇਖਕ ।

ਡੰਡਾ ਚੁੱਕੀ ਫਿਰੇਂ ਜੀਦਿਆ,
ਅਸਮਾਨਾਂ ਦੇ ਤਾਰੇ ਲੇਖਕ।

• • •

## ਕਰੋਨਾ ਦੀ ਦਹਿਸ਼ਤ

ਦਹਿਸ਼ਤ ਖੂਬ ਬਣਾਈ,
ਕਰੋਨਾ ਵਾਇਰਸ ਦੀ।
ਛਿੱਕ ਜਹਾਜ਼ ਤੋਂ ਆਈ,
ਕਰੋਨਾ ਵਾਇਰਸ ਦੀ॥

ਸਕੂਲ ਬੰਦ ਪਰ ਠੇਕੇ ਖੋਲ੍ਹੋ,
ਓਪਰੋਂ ਹੈ ਸੁਣਵਾਈ..!
ਕਰੋਨਾ ਵਾਇਰਸ ਦੀ।

ਗਿਰਜੇ ਬੰਦ ਤੇ ਰੱਬ ਘਰ ਕੁੰਡੀ,
ਮੱਕੇ ਮਦੀਨੇ ਲਾਈ.!
ਕਰੋਨਾ ਵਾਇਰਸ ਦੀ।

ਦਫਾ ਚੁਤਾਲ਼ੀ ਕੰਮ ਨਹੀਂ ਕਰਦੀ,
ਲਾਠੀ ਗੋਲ਼ੀ ਚਲਾਈ..!
ਕਰੋਨਾ ਵਾਇਰਸ ਦੀ।

ਭਗਵੇਂ ਨੂੰ ਭਗਵਾਨ ਬਣਾਉਂਦੇ
ਗਊ ਮੂਤਰ ਇੱਕ ਦਵਾਈ,
ਕਰੋਨਾ ਵਾਇਰਸ ਦੀ।

ਹਸਪਤਾਲਾਂ ਚ ਡਾਕਟਰ ਹੈ ਨਹੀਂ
ਮੂਰਤੀ ਉੱਚੀ ਲਾਈ,
ਕਰੋਨਾ ਵਾਇਰਸ ਦੀ।

ਠਾਣੇਦਾਰ ਨੂੰ ਸਖਤ ਹਦਾਇਤਾਂ,
ਧਰਨਿਆਂ ਧਰਨ ਹਿਲਾਈ,
ਕਰੋਨਾ ਵਾਇਰਸ ਦੀ।

ਰਿੰਗ ਟੋਨ ਵੀ ਰੋਗੀ ਹੋ ਗੀ,
ਖੰਘ ਉਸ ਨੂੰ ਲਾਈ,
ਕਰੋਨਾ ਵਾਇਰਸ ਦੀ।

ਗਊ ਦਾ ਮੂਤਰ ਗੋਬਰ ਪੈਕਿੰਗ,
ਬਣਗੇ ਅਸੀਂ ਸ਼ੁਦਾਈ,
ਕਰੋਨਾ ਵਾਇਰਸ ਦੀ।

ਸੋਸ਼ਲ ਮੀਡੀਆ ਆਇਆ ਕੈਨੇਡੋਂ
ਆਟੇ ਥੈਲੀ ਪ੍ਰਛ ਚੁਕਾਈ,
ਕਰੋਨਾ ਵਾਇਰਸ ਦੀ।

ਵਿਸ਼ਵ ਵਿਪਾਰ ਦੀ ਮੰਜੀ ਮੂਧੀ ,
ਜਾਵੇ ਡੰਗ ਟਪਾਈ,
ਕਰੋਨਾ ਵਾਇਰਸ ਦੀ।

ਮੂੰਹ 'ਤੇ ਮਾਸਿਕ ਬੰਨ੍ਹੀ ਫਿਰਦੇ
ਤੂੰ ਜੀਦਿਆ ਕੂਹਣੀ ਲਾਈ,
ਕਰੋਨਾ ਵਾਇਰਸ ਦੀ।

-ਜਗਸੀਰ ਜੀਦਾ
Jagsirjeeda@gmailcom



ਡਾ ਬਲਜਿੰਦਰ ਸਿੰਘ ਸੇਖੋਂ
001 905 781 1197

# ਕਰੋਨਾਵਾਇਰਸ ਦਾ ਕਹਿਰ

ਸਭ ਤੋਂ ਸੂਖਮ ਕਿਸਮ ਦੇ ਇੱਕ ਨਿਰਜੀਵ, ਜੀਵ, ਕਰੋਨਾਵਾਇਰਸ ਨੇ ਦੁਨੀਆਂ ਨੂੰ ਵਖਤ ਪਾਇਆ ਹੋਇਆ ਹੈ। ਇਸ ਨੂੰ ਮੈਂ ਨਿਰਜੀਵ ਵੀ ਲਿਖ ਰਿਹਾ ਹਾਂ, ਇਸ ਲਈ ਕਿ ਇਹ ਜੀਵ, ਵਾਇਰਸ, ਜਦ ਕਿਸੇ ਜੀਵ ਤੋਂ ਬਾਹਰ ਹੁੰਦੇ ਹਨ ਤਾਂ ਇਨ੍ਹਾਂ ਦੇ ਗੁਣ ਨਿਰਜੀਵ ਵਸਤੂਆਂ ਨਾਲ ਮਿਲਦੇ ਹਨ, ਇਥੋਂ ਤੱਕ ਕਿ ਇਨ੍ਹਾਂ ਦੇ ਰਵੇ ਵੀ ਬਣਾਏ ਜਾ ਸਕਦੇ ਹਨ ਅਤੇ ਇਸੇ ਰਵੇਦਾਰ ਪਦਾਰਥ ਤੋਂ ਫਿਰ ਇਹ ਜੀਵਾਂ ਵਿਚ ਜਾ ਕੇ ਜੀਵਾਂ ਦੇ ਗੁਣ ਵਖਾਉਣ ਲਗਦੇ ਹਨ। ਇਹ ਜੀਵਾਂ ਅਤੇ ਨਿਰਜੀਵਾਂ ਦੀ ਲਕੀਰ ਤੇ ਕਹੇ ਜਾ ਸਕਦੇ ਹਨ, ਇਸ ਤੇ ਬਹਿਸ ਚਲਦੀ ਰਹੀ ਹੈ ਕਿ ਕੀ ਇਨ੍ਹਾਂ ਨੂੰ ਜੀਵ ਮੰਨਿਆਂ ਜਾਵੇ ਜਾਂ ਨਿਰਜੀਵ। ਇਹ ਇੱਕ ਸੈਲੀ ਜੀਵ ਜਿਨ੍ਹਾਂ ਨੂੰ ਆਮ ਖੁਰਦਬੀਨ ਨਾਲ ਵੇਖਿਆ ਜਾ ਸਕਦਾ ਹੈ, ਤੋਂ ਵੀ ਛੋਟੇ ਹੁੰਦੇ ਹਨ ਅਤੇ ਇਨ੍ਹਾਂ ਨੂੰ ਸਿਰਫ ਅਲੈਕਟਰਾਨ ਖੁਰਦਬੀਨ ਨਾਲ ਵੇਖਿਆ ਜਾ ਸਕਦਾ ਹੈ। ਇਹ ਅਪਣੇ ਆਪ ਰਹਿਣ, ਵਧਣ ਜਾਂ ਅਗਲੀ ਪੁਸ਼ਤ ਪੈਦਾ ਕਰਨ ਤੋਂ ਅਸਮਰਥ ਹੁੰਦੇ ਹਨ, ਇਨ੍ਹਾਂ ਨੂੰ ਵਧਣ ਤੇ ਅਗਲੀ ਪੁਸ਼ਤ ਪੈਦਾ ਕਰਨ ਲਈ ਕਿਸੇ ਹੋਰ ਜੀਵ ਦੇ ਸੈੱਲ ਦਾ ਸਹਾਰਾ ਲੈਣਾ ਪੈਂਦਾ ਹੈ। ਇਹੀ ਇਸ ਨਿਰਜੀਵ ਦੀ ਲੋੜ ਇਸ ਨੂੰ ਪਰਜੀਵੀ (ਜੋ ਅਪਣਾ ਜੀਵਨ ਪੂਰਾ ਕਰਨ ਲਈ ਕਿਸੇ ਹੋਰ ਜੀਵ ਤੇ ਨਿਰਭਰ ਹੋਵੇ) ਬਣਾਉਂਦੀ ਹੈ। ਇਹ ਅਪਣੀ ਇਹ ਲੋੜ ਪੂਰੀ ਕਰਨ ਲਈ, ਕਿਸੇ ਜਿਉਂਦੇ ਸੈੱਲ ਵਿਚ ਪਰਵੇਸ਼ ਕਰਦੇ ਹਨ। ਅੰਦਰ ਵੀ ਕੀ ਜਾਣਾ, ਇਨ੍ਹਾਂ ਦਾ ਪੂਰਾ ਸੂਰਾ ਢਾਂਚਾ ਬੱਸ ਇੱਕ ਪ੍ਰੋਟੀਨ ਦੇ ਖੋਲ ਵਿਚ ਲਪੇਟੀ ਗੁਣ ਸੂਤਰ (ਡੀ ਐਨ ਏ ਜਾਂ ਆਰ ਐਨ ਏ) ਦੀ ਕੜੀ ਹੁੰਦਾ ਹੈ। ਸੈੱਲ ਵਿਚ ਜਾਣ ਸਮੇਂ ਪ੍ਰੋਟੀਨ ਬਾਹਰ ਰਹਿ ਜਾਂਦਾ ਹੈ ਅਤੇ ਗੁਣ ਸੂਤਰ ਦੀ ਕੜੀ ਸੈੱਲ ਵਿਚ ਵੜ ਜਾਂਦੀ ਹੈ, ਜਿਥੇ ਜਾ ਕੇ ਇਹ ਜੀਵ ਦੇ ਉਸ ਸੈੱਲ ਦੇ ਡੀ ਐਨ ਏ ਵਿਚ ਸਮੋ ਕੇ ਅਪਣਾ ਹੁਕਮ ਚਲਾਉਣ ਲਗਦੀ ਹੈ। ਸੈੱਲ ਨੂੰ ਸਾਰੇ ਕੰਮ ਛੱਡ ਕੇ ਸਿਰਫ ਅਪਣੇ ਆਪ ਵਰਗੇ ਹੋਰ ਵਾਇਰਸ ਬਣਾਉਣ ਲਈ ਮਜ਼ਬੂਰ ਕਰ ਦਿੰਦੀ ਹੈ।

ਇਹੀ ਸੈੱਲ ਦੀ ਮਜ਼ਬੂਰੀ ਬਿਮਾਰੀ ਬਣਦੀ ਹੈ, ਕੋਵਿਡ 19 (ਜੋ ਕਰੋਨਾ ਵਾਇਰਸ ਦੀ ਬਿਮਾਰੀ ਨੂੰ ਨਾਂ ਦਿੱਤਾ ਗਿਆ ਹੈ) ਜਿਸ ਨਾਲ

1. ਬੁਖਾਰ ਹੋ ਜਾਂਦਾ ਹੈ,
2. ਸੁੱਖੀ ਖੰਘ ਆਉਂਦੀ ਹੈ ਤੇ
3. ਸਾਹ ਚੜ੍ਹਨ ਲਗਦਾ ਹੈ।

ਇਹ ਲੱਛਣ ਆਮ ਜ਼ੁਕਾਮ ਨਾਲੋਂ ਕੁਝ ਵੱਖਰੇ ਹਨ, ਜ਼ੁਕਾਮ ਨਾਲ ਆਮ ਤੌਰ 'ਤੇ ਬੁਖਾਰ ਨਹੀਂ ਚੜ੍ਹਦਾ ਪਰ ਕਰੋਨਾਵਾਇਰਸ ਨਾਲ ਚੜ੍ਹਦਾ ਹੈ। ਜ਼ੁਕਾਮ ਨਾਲ ਨੱਕ ਵਿਚੋਂ ਪਾਣੀ ਵਗਦਾ ਹੈ ਅਤੇ ਛਿੱਕਾਂ ਆਉਂਦੀਆਂ ਹਨ, ਜੋ ਇਸ ਬਿਮਾਰੀ ਵਿਚ ਨਹੀਂ ਆਉਂਦੀਆਂ। ਜ਼ੁਕਾਮ ਨਾਲ ਹੋਈ ਖੰਘ ਵਿਚ ਬਲਗਮ ਆਉਂਦੀ ਹੈ ਪਰ ਕਰੋਨਾ ਵਾਇਰਸ ਦੀ ਖੰਘ ਸੁੱਕੀ ਹੁੰਦੀ ਹੈ।

ਬਹੁਤ ਸਾਰੇ ਮਰੀਜ਼ ਠੀਕ ਹੋ ਜਾਂਦੇ ਹਨ, ਪਰ ਕਈਆਂ ਨੂੰ ਸਾਹ ਦੀ ਤਕਲੀਫ ਬਹੁੱਤ ਵਧ ਜਾਂਦੀ ਹੈ ਅਤੇ ਉਨ੍ਹਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਆਕਸੀਜਨ ਦੇਣ ਦੀ ਲੋੜ ਹੁੰਦੀ ਹੈ। ਵੱਡੀ ਉਮਰ ਦੇ ਬਿਮਾਰ, ਜਾਂ ਜਿਨ੍ਹਾਂ ਨੂੰ ਪਹਿਲਾਂ ਹੀ ਕੋਈ ਬਿਮਾਰੀ ਹੋਵੇ, ਕਰੋਨਾਵਾਇਰਸ ਨਾਲ ਦਮ ਤੋੜ ਦਿੰਦੇ ਹਨ। ਇਹ ਗਿਣਤੀ ਪਹਿਲਾਂ ਆਏ ਇਸ ਤਰ੍ਹਾਂ ਦੇ ਵਾਇਰਸਾਂ ਨਾਲੋਂ ਬਹੁਤ ਘੱਟ ਹੈ, ਕੈਮਲ (ਉਠ) ਵਾਇਰਸ ਜੋ ਸਾਉਦੀ ਅਰਬ ਵਿਚ 2012 ਵਿਚ ਸ਼ੁਰੂ ਹੋਇਆ, ਦੇ 3 ਬਿਮਾਰਾਂ ਵਿਚੋਂ ਇੱਕ ਦੀ ਮੌਤ ਹੋ ਜਾਂਦੀ ਰਹੀ ਹੈ, ਸਾਰਸ ਜੋ 2003 ਵਿਚ ਚੀਨ ਵਿਚੋਂ ਸ਼ੁਰੂ ਹੋਇਆ, ਦੇ ਸੌ ਵਿਚੋਂ 9-10 ਮਰੀਜ਼ ਮਰਦੇ ਰਹੇ ਹਨ, ਕਰੋਨਾ ਵਾਇਰਸ ਦੇ 100 ਵਿਚੋਂ 2-4 ਮਰੀਜ਼ ਮਰ ਰਹੇ ਹਨ। ਇਹ ਲੇਖ ਲਿਖਣ ਵੇਲੇ ਤੱਕ ਦੁਨੀਆਂ ਵਿਚ 1,90,943 ਲੋਕ ਬਿਮਾਰ ਹੋ ਚੁੱਕੇ ਸਨ, ਜਿਨ੍ਹਾਂ ਵਿਚੋਂ 80, 889 ਰਾਜ਼ੀ ਹੋ ਗਏ ਅਤੇ 7546 ਬਿਮਾਰੀ ਦੀ ਤਾਬ ਨਾ ਝਲਦੇ ਹੋਏ ਚੱਲ ਵਸੇ। ਇਸ ਤਰ੍ਹਾਂ ਮਰਨ ਵਾਲਆਂ ਦੀ ਔਸਤ ਤਕਰੀਬਨ 2 ਪ੍ਰਤੀਸ਼ਤ ਬਣਦੀ ਹੈ। ਪਰ ਇਸ ਵਾਇਰਸ ਨਾਲ ਪਹਿਲਾਂ ਨਾਲੋਂ ਕੁਲ ਮੌਤਾਂ ਜ਼ਿਆਦਾ ਹੋ ਰਹੀਆਂ ਹਨ। ਇਸ ਦਾ ਮੁੱਖ ਕਾਰਨ ਇਸ ਵਾਇਰਸ ਦੇ ਕਣਾਂ ਦੀ ਬਿਮਾਰੀ ਦੇ ਲੱਛਣ ਸ਼ੁਰੂ ਹੋਣ ਤੋਂ ਪਹਿਲਾਂ ਹੀ ਦੂਸਰੇ ਵਿਅਕਤੀ ਨੂੰ ਬਿਮਾਰ ਕਰਨ ਦੀ ਸਮਰੱਥਾ ਹੈ। ਸਰੀਰ ਵਿਚ ਇਸ ਦੇ ਜ਼ਰਮ ਜਾਣ ਦੇ ਚਾਰ ਕੁ ਦਿੰਨ ਬਾਅਦ ਹੀ ਇਹ ਉਸ ਦੇ ਥੁੱਕ ਵਿਚੋਂ ਬਾਹਰ ਆਉਣ ਲਗਦੇ ਹਨ। ਜਦਕਿ ਇਸ ਵਕਤ ਤੱਕ ਮਰੀਜ਼ ਵਿਚ ਬਿਮਾਰੀ ਦਾ ਕੋਈ ਲੱਛਣ ਨਜ਼ਰ ਨਹੀਂ ਆਉਂਦਾ, ਉਹ ਬਿਲਕੁਲ ਤੰਦਰੁਸਤ ਲਗਦਾ ਹੈ। ਇਸ ਹਾਲਤ ਵਿਚ ਦੂਸਰੇ ਲੋਕ ਜਾਂ ਉਹ ਆਪ ਵੀ ਕਿਸੇ ਕਿਸਮ ਦੀ ਸਾਵਧਾਨੀ ਨਹੀਂ ਵਰਤਦਾ ਜਿਸ ਕਾਰਨ ਬਿਮਾਰੀ ਅਛੋਪਲੇ ਜਿਹੇ ਅੱਗੇ ਵੱਧ ਰਹੀ ਹੈ। ਜ਼ਰਮਾਂ ਦੇ ਸਰੀਰ ਵਿਚ ਜਾਣ ਤੋਂ ਤਕਰੀਬਨ 5 ਦਿਨ ਬਾਅਦ ਇਸ ਬਿਮਾਰੀ ਦੇ ਲੱਛਣ ਵੇਖਣ ਨੂੰ ਮਿਲ ਰਹੇ ਹਨ, ਪਰ ਕਈਆਂ ਨੂੰ ਇਹ ਲੱਛਣ 14-15 ਦਿਨ ਬਾਅਦ ਵੀ ਸ਼ੁਰੂ ਹੋਏ ਹਨ। ਬੇਸ਼ੱਕ ਇਸ ਦੇ ਸੁੱਕੀ ਹਵਾ ਵਿਚ ਰਹਿਣ ਦੀ ਸੰਭਾਵਨਾ ਘੱਟ ਦੱਸੀ ਜਾ ਰਹੀ ਹੈ, ਪਰ ਕਿਸੇ ਦੇ ਖੰਘਣ ਨਾਲ ਜੋ ਥੁੱਕ ਦੇ ਛਿੱਟੇ ਬਾਹਰ ਆਉਂਦੇ ਹਨ, ਉਨ੍ਹਾਂ ਵਿਚਲੇ ਜ਼ਰਮਾਂ ਦੇ ਦੂਸਰੇ ਵਿਅਕਤੀ ਦੇ ਨੱਕ, ਮੂੰਹ ਜਾਂ ਅੱਖਾਂ ਵਿਚੋਂ ਅੰਦਰ ਜਾਣ ਨਾਲ ਉਹ ਵੀ ਬਿਮਾਰ ਹੋ ਰਹੇ ਹਨ।

ਸੋ ਇਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਕਣਾਂ ਨੂੰ ਅਪਣੇ ਮੂੰਹ, ਨੱਕ ਜਾਂ ਅੱਖਾਂ ਤੱਕ ਜਾਣ ਤੋਂ ਰੋਕਿਆ ਜਾਵੇ। ਇਸ ਲਈ:

1. ਭੀੜ ਭੜੱਕੇ ਵਾਲੀਆਂ ਥਾਂਵਾਂ ਤੇ ਜਾਣ ਤੋਂ ਗੁਰੇਜ਼ ਕੀਤਾ ਜਾਵੇ।
2. ਅਪਣੇ ਹੱਥ ਸਾਬਣ ਪਾਣੀ ਨਾਲ ਦਿਨ ਵਿਚ ਕਈ ਵਾਰ ਧੋਵੋ। ਜੇ ਹੋ ਸਕੇ ਤਾਂ ਅਲਕੋਹਲ ਵਾਲਾ ਸੈਨੀਟਾਈਜਰ ਵੀ ਵਰਤੋ।
3. ਕਿਸੇ ਨੂੰ ਮਿਲਣ ਸਮੇਂ ਉਸ ਤੋਂ ਦੂਰ ਰਹੋ, ਹੱਥ ਆਦਿ ਨਾ ਮਿਲਾਓ।
4. ਜੇਕਰ ਕੋਈ ਖੰਘ ਰਿਹਾ ਹੈ ਤਾਂ ਉਸ ਤੋਂ ਬਚਾਅ ਰੱਖੋ, ਜੇਕਰ ਤੁਹਾਨੂੰ ਖੰਘ ਆ ਰਹੀ ਹੈ ਤਾਂ ਚੰਗੀ ਗੱਲ ਹੈ ਕਿ ਅਪਣੇ ਮੂੰਹ ਅੱਗੇ ਟਿਸ਼ੂ ਪੇਪਰ ਰੱਖੋ, ਜਾਂ ਘੱਟੋ ਘੱਟ ਅਪਣੀ ਬਾਂਹ ਮੂੰਹ ਅੱਗ ਕਰ ਲਓ ਤਾਂ ਕਿ ਥੁੱਕ ਦੇ ਕਣ ਦੂਰ ਨਾ ਜਾਣ।
5. ਜੇਕਰ ਬੁਖਾਰ ਤੇ ਸੁੱਕੀ ਖੰਘ ਹੋ ਗਈ ਹੈ ਤਾਂ ਡਾਕਟਰ ਦੀ ਸਲਾਹ ਲਓ
6. ਬਾਹਰ ਜਾ ਕੇ ਜੇਕਰ ਕਿਸੇ ਅਣਜਾਣੇ ਥਾਂ ਅਪਣੇ ਹੱਥ ਲਗਦੇ ਹਨ, ਤਾਂ ਇਨ੍ਹਾਂ ਨੂੰ ਮੂੰਹ ਤੱਕ ਨਾ ਲਿਜਾਇਆ ਜਾਵੇ। ਅਸੀਂ ਅਣਜਾਣੇ ਵਿਚ ਹੀ ਆਮ ਤੌਰ 'ਤੇ ਅਪਣੇ ਹੱਥਾਂ ਨਾਲ ਅਪਣਾ ਮੂੰਹ, ਨੱਕ, ਅੱਖਾਂ ਆਦਿ ਛੂੰਹਦੇ ਰਹਿੰਦੇ ਹਾਂ। ਕੋਸ਼ਿਸ਼ ਕੀਤੀ ਜਾਵੇ ਕਿ ਇਸ ਤਰ੍ਹਾਂ ਸਾਬਣ ਨਾਲ ਹੱਥ ਧੋਣ ਤੋਂ ਪਹਿਲਾਂ ਨਾ ਕੀਤਾ ਜਾਵੇ।

ਇਸ ਬਿਮਾਰੀ ਦਾ ਅਜੇ ਤੱਕ ਕੋਈ ਇਲਾਜ ਨਹੀਂ, ਇਸ ਨੂੰ ਅਪਣੇ ਸਰੀਰ ਦੀ ਬਚਾਅ ਪ੍ਰਣਾਲੀ ਨੇ ਹੀ ਕਾਬੂ ਕਰਨਾ ਹੈ। ਐਵੇਂ ਕਿਸੇ ਦੇਸੀ ਇਲਾਜ ਦੇ ਚੱਕਰ ਵਿਚ ਨਾ ਪਓ। ਇਸ ਤੋਂ ਬਚਾਅ ਦਾ ਟੀਕਾ ਬਣਨ ਵਿਚ ਵੀ ਹਾਲੀ ਤਕਰੀਬਨ 10-12 ਮਹੀਨੇ ਦਾ ਸਮਾਂ ਲੱਗੇਗਾ। ਸੋ ਅਜੇ ਤੱਕ ਕੋਈ ਵੈਕਸੀਨ ਇਸ ਤੋਂ ਬਚਣ ਦੀ ਨਹੀਂ। ਸਰਕਾਰਾਂ ਅਪਣੇ ਵਲੋਂ ਇਸ ਤੇ ਕਾਬੂ ਪਾਉਣ ਲਈ ਕੋਸ਼ਿਸ਼ਾਂ ਕਰ ਰਹੀਆਂ ਹਨ, ਚੀਨ ਕਾਫੀ ਹੱਦ ਤੱਕ ਕਾਮਯਾਬ ਵੀ ਹੋ ਗਿਆ ਹੈ, ਜਿੱਥੇ ਇਹ ਬਿਮਾਰੀ ਸ਼ੁਰੂ ਹੋਈ ਸੀ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਬੇਸ਼ੱਕ ਅੱਜ ਕੱਲ੍ਹ ਚੀਨ ਵਿਚ ਕਹਿਣ ਨੂੰ ਹੀ ਸਮਾਜਵਾਦੀ ਪ੍ਰਬੰਧ ਹੈ, ਪਰ ਫਿਰ ਵੀ ਉਹ ਅਪਣੇ ਕਾਨੂੰਨ ਸਖਤੀ ਨਾਲ ਲਾਗੂ ਕਰਨ ਦੇ ਕਾਬਲ ਹਨ, ਉਨ੍ਹਾਂ ਲਈ ਆਰਥਕਤਾ ਬਾਅਦ ਵਿਚ ਅਤੇ ਲੋਕਾਂ ਦੀ ਸਿਹਤ ਪਹਿਲਾਂ ਹੈ, ਇਲਾਜ ਕਰਨ ਸਮੇਂ ਇਹ ਨਹੀਂ ਵੇਖਿਆ ਜਾਂਦਾ ਕਿਸੇ ਕੋਲ ਬੀਮਾ ਹੈ ਜਾ ਨਹੀਂ। ਇਹ ਚੀਨ ਹੀ ਸੀ ਜਿਸ ਨੇ ਕੁਝ ਦਿਨਾਂ ਵਿਚ ਹੀ ਇਸ ਬਿਮਾਰੀ ਦੇ ਇਲਾਜ ਲਈ 1000 ਬੈਡਾਂ ਵਾਲਾ ਹਸਪਤਾਲ ਕੁਝ ਦਿਨਾਂ ਵਿਚ ਹੀ ਬਣਾ ਲਿਆ। ਜੇ ਕੋਈ ਬਿਮਾਰ ਘਰੋਂ ਹਸਪਤਾਲ ਨਹੀਂ ਜਾਂਦਾ, ਉਸ ਨੂੰ ਸਰਕਾਰੀ ਕਰਮਚਾਰੀ ਜ਼ਬਰਦਸਤੀ ਵੀ ਲੈ ਜਾਂਦੇ ਹਨ। ਲੋਕਾਂ ਦੇ ਇਲਾਜ ਲਈ ਕੈਨੇਡਾ ਵਿਚ ਵੀ ਸਹੀ ਪ੍ਰਬੰਧ ਹੈ, ਹਰ ਇੱਕ ਦੇ ਇਲਾਜ ਦੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਹੈ। ਪਰ ਸਾਡੇ ਗੁਆਂਢੀ ਮੁਲਕ ਅਮਰੀਕਾ ਵਿਚ ਜੋ ਸਭ ਤੋਂ ਅਮੀਰ ਦੇਸ਼ਾਂ ਵਿਚ ਗਿਣਿਆਂ ਜਾਂਦਾ ਹੈ, ਸ਼ਾਇਦ ਇਸ ਬਿਮਾਰੀ ਦੇ ਸਾਰੇ ਮਰੀਜ਼ਾਂ ਨੂੰ ਚੰਗਾ ਇਲਾਜ ਨਾ ਮਿਲ ਸਕੇ ਕਿਉਂਕਿ ਸਾਰਾ ਪ੍ਰਬੰਧ ਮੁਨਾਫੇ ਨਾਲ ਬੱਝਿਆ ਹੋਇਆ ਹੈ।




ਉਪਰੋਕਤ ਚਿੱਤਰ ਵਿਚ ਕਰੋਨਾਵਾਇਰਸ ਦਾ ਆਰ ਐਨ ਏ (ਗੁਣ ਸੂਤਰ) ਮਨੁੱਖੀ ਸੈੱਲ ਵਿਚ ਜਾਂਦਾ ਵਿਖਾਇਆ ਗਿਆ ਹੈ।

ਇਹ ਅਜੇ ਤੱਕ ਸਭ ਤੋਂ ਖਤਰਨਾਕ ਬਿਮਾਰੀ ਵੀ ਨਹੀਂ ਲਗਦੀ ਪਰ ਕਿਉਂਕਿ ਇਸ ਦਾ ਹਰ ਕਿਸੇ ਨੂੰ ਹੋਣ ਦਾ ਖਦਸ਼ਾ ਹੈ, ਸਮੇਤ ਅਮੀਰਾਂ ਦੇ ਇਸ ਲਈ ਇਸ ਦਾ ਦੁਨੀਆਂ ਵਿਚ ਡਰ ਕੁਝ ਜ਼ਿਆਦਾ ਹੈ। ਮੈਨੂੰ ਨਹੀਂ ਲਗਦਾ ਕਿ ਇਸ ਨਾਲ ਮਰਨ ਵਾਲਿਆਂ ਦੀ ਗਿਣਤੀ ਦੁਨੀਆਂ ਦੇ ਗਰੀਬਾਂ ਅਤੇ ਗਰੀਬ ਦੇਸ਼ਾਂ ਵਿਚ ਹਰ ਸਾਲ ਭੁੱਖ ਨਾਲ ਜਾਂ ਭੁੱਖੇ ਰਹਿਣ ਕਰਕੇ ਹੋਈਆਂ ਅਲਾਮਤਾਂ ਨਾਲ ਹੋ ਰਹੀਆ 90 ਲੱਖ ਮੌਤਾਂ ਦੀ ਗਿਣਤੀ ਦੇ ਆਸ ਪਾਸ ਵੀ ਪਹੁੰਚੇ, ਪਰ ਕਿਉਂਕਿ ਭੁੱਖ ਵਿਕਸਤ ਦੇਸ਼ਾਂ ਦੀ ਸਮੱਸਿਆ ਘੱਟ ਹੈ ਇਸ ਲਈ ਇਨ੍ਹਾਂ ਮੌਤਾਂ ਵੱਲ ਦੁਨੀਆਂ ਦਾ ਧਿਆਨ ਘੱਟ ਹੀ ਜਾਂਦਾ ਹੈ। ਮਹਾਂਮਾਰੀਆਂ ਵੀ ਦੁਨੀਆਂ ਵਿਚ ਬਹੁਤ ਵੱਡੀਆਂ ਆਉਂਦੀਆਂ ਰਹੀਆਂ ਹਨ, ਜਿਵੇਂ 1347-1351 ਦਰਮਿਆਨ ਫੈਲੀ ਪਲੇਗ ਨੇ 20 ਕਰੋੜ ਜਾਨਾਂ ਲਈਆਂ ਤੇ 1520 ਦੀ ਮਾਤਾ ਦੀ ਬਿਮਾਰੀ ਨੇ 5 ਕਰੋੜ 60 ਲੱਖ ਲੋਕ ਮਾਰੇ। ਉਸੇ ਸਾਲ ਸਪੇਨੀ ਲੋਕਾਂ ਨਾਲ ਇਹ ਬਿਮਾਰੀ ਮੈਕਸੀਕੋ ਵਿਚ ਆ ਗਈ ਅਤੇ 1736 ਤੋਂ 1738 ਵਿਚ ਅਤੇ 1837-38 ਵਿਚ ਜਦ ਗੋਰੇ ਲੋਕਾਂ ਤੇ ਜਾਣ ਬੁੱਝ ਕੇ ਮਾਤਾ ਦੀ ਬਿਮਾਰੀ ਤੋਂ ਪੀੜਤ ਲੋਕਾਂ ਦੇ ਕੰਬਲ ਵੰਡਣ ਦਾ ਇਲਜਾਮ ਲਾਇਆ ਜਾਂਦਾ ਹੈ, ਕਨੇਡਾ ਅਮਰੀਕਾ ਦੇ ਮੂਲ ਨਿਵਾਸੀਆਂ ਦਾ ਤਾਂ ਇਸ ਬਿਮਾਰੀ ਨੇ ਕਈ ਥਾਈ ਖਾਤਮਾ ਹੀ ਕਰ ਦਿੱਤਾ। ਕੋਵਿਡ 19 ਕਿਸੇ ਵੀ ਹਾਲਤ ਵਿਚ ਇਨਾਂ ਖਤਰਨਾਕ ਨਹੀਂ ਹੋ ਸਕਦਾ।

## ਕਰੋਨਾ ਵਾਈਰਸ, ਰਾਜਨੀਤੀ ਅਤੇ ਵਪਾਰ: ਦੁਨੀਆ ਭਰ ਦੇ ਲੋਕਾਂ ਦਾ

ਕਰੋਨਾ ਵਾਈਰਸ, ਰਾਜਨੀਤੀ ਅਤੇ ਵਪਾਰ: ਦੁਨੀਆ ਭਰ ਦੇ ਲੋਕਾਂ ਦਾ ਆਮ ਜੀਵਨ ਜਿਉਣਾ, ਬੱਚਿਆਂ ਨੂੰ ਸਰਕਾਰੀ ਸਕੂਲ ਪੜ੍ਹਨ ਭੇਜਣਾ, ਘਰ ਖਾਣਾ ਤਿਆਰ ਕਰਨਾ ਤੇ ਸਾਦਾ ਰਹਿਕੇ ਜੀਵਨ ਜਿਉਣਾ ਸਰਮਾਏਦਾਰੀ ਦਾ ਸਭ ਤੋਂ ਵੱਡਾ ਸੰਕਟ ਤੇ ਦੁਸ਼ਮਣ ਹੈ। ਇਸਨੂੰ ਭੰਨ-ਘੜ੍ਹ ਕਰਨ ਦੇ ਤਰੀਕੇ ਅਜਿਹੇ ਹਨ ਕਿ ਆਮ ਤੌਰ 'ਤੇ ਸਮਝਣੇ ਔਖੇ ਹਨ। ਕੰਮ ਤੋਂ ਮਿਲਿਆ ਹੋਟਲ ਦਾ ਇਕ ਰਾਤ ਮੁਫਤ ਦਾ ਕੂਪਨ, ਖਾਣੇ ਦਾ ਕੂਪਨ ਤੇ ਹੋਰ ਬਹੁਤ ਇਸੇ ਤਰ੍ਹਾਂ ਦੇ ਹਥਕੰਡੇ ਸਰਮਾਏਦਾਰੀ ਅਪਣਾਉਂਦੀ ਹੈ। ਇਕ ਦਿਨ ਦੀ ਮੁਫ਼ਤ ਹੋਟਲ ਰਾਤ ਆਮ ਤੌਰ ਤੇ ਹਫਤਾ ਜਾਂ ਪੰਦਰਾਂ ਦਿਨ ਹੋ ਨਿਬੜਦੀ ਹੈ। ਮੱਧ ਵਰਗ ਦੀ ਹੋਟਲ ਇੰਡਸਟਰੀ, ਸੈਰਗਾਹਾਂ, ਰੈਸਟੋਰੈਂਟਾਂ,... ਰਾਈਡ ਕੰਪਨੀਆਂ ਆਦਿ ਨੂੰ ਜ਼ਿੰਦਾ ਰੱਖਣ ਲਈ ਇਹ ਵਿਸ਼ੇਸ਼ ਹੱਥਕੰਡਾ ਹੈ। ਹਰ ਦੇਸ਼ ਜੈਵਿਕ ਜੰਗ ਲਈ ਅੰਦਰੂਨੀ ਤੌਰ 'ਤੇ ਤਿਆਰ ਹੈ। ਪਹਿਲੀ ਸੰਸਾਰ ਜੰਗ ਵੇਲੇ ਵੀ ਰਸਾਇਣ ਵਰਤੇ ਗਏ ਸਨ ਤੇ 1918 ਤੇ 2020 ਦਾ ਅੰਤਰ ਸਭ ਅਸਾਨੀ ਨਾਲ ਸਮਝ ਸਕਦੇ ਹਾਂ। ਕਰੋਨਾ ਵਾਈਰਸ ਤੋਂ ਵੱਧ ਖ਼ਤਰਨਾਕ ਵਾਈਰਸ ਦੁਸ਼ਮਨ ਦੇਸ ਵਿਚ ਛੱਡਣ ਲਈ ਬਹੁਤੇ ਦੇਸ਼ਾਂ ਕੋਲ ਤਿਆਰ-ਬਰ-ਤਿਆਰ ਹਨ। ਜਿਸ ਨੇ ਵੀ ਨੈਓਮੀ ਕਲਾਈਨ ਦੀ ਕਿਤਾਬ The Shok Doctrine (ਸਦਮਾ ਮੱਤ) ਪੜ੍ਹੀ ਹੈ ਉਹ ਇਹ ਅਸਾਨੀ ਨਾਲ ਸਮਝ ਸਕਦਾ ਹੈ ਕਿ ਆਮ ਜਨਤਾ ਨੂੰ ਸਦਮੇ ਕਿਵੇਂ ਦਿੱਤੇ ਜਾਂਦੇ ਹਨ। ਬਿਨਾਂ ਛੱਕ ਕਰੋਨਾ ਵਾਇਰਸ ਨੇ ਕਈ ਘਰਾਂ ਦੇ ਦੀਵੇ ਬੁਝਾਅ ਦਿੱਤੇ ਹਨ ਤੇ ਆਉਣ ਵਾਲੇ ਸਮੇਂ ਵਿਚ ਹੋਰ ਘਾਤਕ ਹੋ ਸਕਦਾ ਹੈ। ਪਰ ਸਰਮਾਏਦਾਰੀ ਇਸ ਵਿਚੋਂ ਅਖ਼ੀਰ ਤੇ ਹੋਰ ਕਾਮਯਾਬ ਹੋਕੇ ਨਿਕਲੇਗੀ। ਸਰਮੇਦਾਰੀ ਦੀ ਮਜ਼ਬੂਤੀ ਦਾ ਅਸਾਨ ਰਾਹ ਹੈ ਹਲਾਤ ਆਮ ਵਰਗੇ ਨਾ ਰਹਿਣ ਦੇਵੋ। ਹੜ੍ਹ ਆਉਣ, ਭੁਚਾਲ ਆਉਣ, ਮਹਾਂਮਾਰੀਆਂ ਫੈਲਣ, ਕਾਲ ਪੈਣ, ਸੁਨਾਮੀਆਂ ਆਉਣ ਜੇ ਇਹ ਹਲਾਤ ਨਹੀਂ ਬਣਦੇ ਤਾਂ ਪੈਦਾ ਕੀਤੇ ਜਾਣ। ਜਦੋਂ ਹਲਾਤ ਅਜਿਹੇ ਬਣ ਜਾਣ ਤਾਂ ਸਦਮੇ ਵਿਚਲੇ ਲੋਕਾਂ



ਨੂੰ ਤੁਸੀਂ ਰੱਬ ਲੱਗੋਗੇ ਚਾਹੇ ਵਸਤੂ ਕਿੰਨੀ ਵੀ ਮਹਿੰਗੀ ਵੇਚੋ। ਕੈਨੇਡਾ ਦੇ ਹਲਾਤ ਦੇਖਲੋ ਕਰੋਨਾ ਵਾਈਰਸ ਦਾ ਟਾਇਲਟ ਪੇਪਰ ਨਾਲ ਨਾਤਾ ਪਤਾ ਨੀ ਕਿਵੇਂ ਜੁੜ ਗਿਆ ਲੋਕ ਟਾਇਲਟ ਪੇਪਰ ਲੋੜਾਂ ਵਿੱਚ ਰੱਖਣ ਨੂੰ ਤਿਆਰ ਹੋਏ ਫਿਰਦੇ ਹਨ। ਚਾਈਨਾਂ ਦੇ ਰੇਹੜ੍ਹੀ-ਫੜ੍ਹੀ ਵਾਲੇ ਹੱਥ ਰੋਜ਼ਗਾਰ ਵੱਡੀਆਂ ਕੰਪਨੀਆਂ ਕੋਲ ਚਲੇ ਜਾਣਗੇ ਕਿ ਤੁਹਾਨੂੰ ਖਾਣ-ਪੀਣ ਦਾ ਸਮਾਨ ਤੱਕ ਸਫਾਈ ਰੱਖਕੇ ਵੇਚਣਾ ਨਹੀਂ ਆਉਂਦਾ। ਸਦਮੇ ਵਿਚਲੇ ਨਿੱਕੇ ਵਪਾਰੀ ਵੱਡੀਆਂ ਕੰਪਨੀਆਂ ਦੇ ਨੌਕਰ ਬਣਕੇ ਵੀ ਸਿਰਫ਼ ਧੰਨਵਾਦ ਕਰਨਗੇ ਕਿ ਇਹ ਰੱਬ ਬਣਕੇ ਬਹੁੜੇ ਹਨ ਤੇ ਅਸੀਂ ਜ਼ਿੰਦਾ ਹਾਂ।

ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਪਤਨੀ ਨੂੰ 14 ਦਿਨ ਲਈ ਇਹ ਕਹਿਕੇ ਪਾਸੇ ਕਰਨਾ ਕਿ ਕਰੋਨਾ ਵਾਈਰਸ ਦੇ ਲੱਛਣ ਹੋ ਸਕਦੇ ਹਨ ਮੈਂਗ ਵੈਨਜ਼ੂਅ ਨੂੰ ਅਮਰੀਕਾ ਦੇ ਕਹਿਣ ਤੇ ਹਿਰਾਸਤ ਵਿਚ ਲੈਣ ਨਾਲੋਂ ਵੱਧ ਚਾਈਨਾ ਦੇ ਸਮਾਨ ਵਿੱਚ ਕੈਨੇਡੀਆਨ ਦੀ ਬੇ-ਭਰੋਸਗੀ ਪੈਦਾ ਕਰ ਸਕਦਾ ਹੈ, ਸਰਮੇਦਾਰੀ ਇਹੀ ਕਹਿੰਦੀ ਕਿ ਜੋ ਵੀ ਮੌਕਾ ਹੈ ਵਰਤੋਂ। ਇਸਦੇ ਦੋ ਭਾਵੁਕ ਫਾਇਦੇ ਕੈਨੇਡਾ ਨੂੰ ਹਨ। ਬਹੁਤੇ। ਵਿਸਥਾਰ ਦੀ ਥਾਂ ਪਰ ਅਸੀਂ ਜਾਂ ਤਾਂ ਭੁੱਲ ਜਾਂਦੇ ਹਾਂ ਜਾਂ ਸਮਝਦੇ ਨਹੀਂ ਕਿ ਇਸ ਦੀਆਂ ਜੜ੍ਹਾਂ ਕਿੱਥੇ ਹਨ। ਸਰਮਾਏਦਾਰੀ ਰਾਜਨੀਤੀਵਾਨਾਂ ਨੂੰ ਵਰਤਕੇ ਸਦਮੇ ਇਸੇ ਤਰ੍ਹਾਂ ਦਿੰਦੀ ਹੈ ਕਿ ਆਮ ਹੱਥੀ ਕਰਨ ਵਾਲੇ ਇਹ ਸੋਚਦੇ ਹਨ ਕਿ ਚਮਤਕਾਰ ਹੋ ਗਿਆ। ਇਹ ਚਮਤਕਾਰ ਪੰਜਾਬ ਦੀ ਖੇਤੀਬਾੜੀ ਸਨਅਤ ਤੇ ਵੀ ਜਲਦੀ ਹੋਵੇਗਾ ਜਦੋਂ ਵੱਡੀਆਂ ਕੰਪਨੀਆਂ ਜ਼ਮੀਨ 10 ਸਾਲ ਤੋਂ ਲੈ ਕੇ 99 ਸਾਲ ਲਈ ਪੰਜਾਬ ਦੇ ਕਿਸਾਨਾਂ ਤੋਂ ਲੀਜ਼ ਤੇ ਲੈਣਗੀਆਂ ਪਰ ਕਿਸਾਨ ਨਿਹੱਥੇ ਹੋਣ ਦੀ ਥਾਂ ਮਾਣ ਮਹਿਸੂਸ ਕਰਨਗੇ ਕਿ ਆਹ ਤਾਂ ਕਮਾਲ ਹੈ ਕਿ ਗੋਡੇ ਮਾਰਨ ਦੀ ਮੁਨਾਫ਼ਾ ਇੱਕਠਾ ਹੀ ਮਿਲ ਗਿਆ ਤੇ ਆਉਣ ਵਾਲੇ ਸਾਲਾਂ ਵਿਚ ਪੰਜ ਪ੍ਰਤੀਸ਼ਤ ਵਾਧਾ ਵੀ ਹੈ। ਪਰ ਨਤੀਜੇ ਸਮਝ ਨਹੀਂ ਆਉਣਗੇ। ਕਿਉਂਕਿ ਅਸੀਂ 'ਨਿਓਮੀ ਕਲਾਈਨ' ਨਹੀਂ ਪੜ੍ਹਦੇ ਬਲਕਿ 'ਦਾਰੂ ਬਿਨਾ ਕਿਹੜਾ ਤੇਰੀ ਜਾਨ ਨਿਕਲੇ... ਗਿਸਕ ਕਾਹਨੂੰ ਲੈਣਾ ਜੱਟੀਏ' ਜਿਹੇ ਗਾਣੇ ਸੁਣਦੇ ਤੇ ਵਿਆਹਾਂ ਵਿਚ ਇਹੋ ਜਿਹੇ ਗਾਣਿਆਂ ਤੇ ਦਾਰੂ ਨਾਲ ਟੱਲੀ ਹੋਕੇ ਖੌਰੂ ਪਾਉਣ ਵਿਚ ਵਿਆਸਤ ਹਾਂ।

-ਬਲਜਿੰਦਰ ਸੰਘਾ

ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ (ਬੀ.ਸੀ.)
ਅਗਾਂਹਵਧੂ ਕਮਿਊਨਿਟੀ ਦਾ ਸਿਰਫ਼ ਇਕੋ ਇਕ ਹਾਲ
ਇਸ ਹਾਲ ਵਿਚ ਤੁਸੀਂ ਹਰ ਕਿਸਮ ਦੀਆਂ ਮੀਟਿੰਗਾਂ, ਬੁੱਕ ਰਿਲੀਜ਼, ਕ੍ਰਿਸਮਿਸ ਪਾਰਟੀ, ਸਾਵਰ ਪਾਰਟੀ, ਬਰਥਡੇ ਪਾਰਟੀ, ਲੇਡੀਜ਼ ਪਾਰਟੀ ਜਾਂ ਮਾਈਆਂ ਵਗੈਰਾ ਤਕਰੀਬਨ 100 ਬੰਦਿਆਂ ਤੱਕ ਦੀ ਪਾਰਟੀ ਕਰ ਸਕਦੇ ਹੋ। ਪਾਰਕਿੰਗ ਦੀ ਕੋਈ ਸਮੱਸਿਆ ਨਹੀਂ। ਇਸ ਦੇ ਕਿਰਾਏ ਦੇ ਰੇਟ ਬਿਲਕੁਲ ਵਾਜਬ ਹਨ। ਇਹ ਹਾਲ ਲੋਕਾਂ ਦਾ ਹੈ ਤੇ ਲੋਕਾਂ ਲਈ ਹੈ।
ਹੋਰ ਜਾਣਕਾਰੀ ਲਈ, ਤੁਸੀਂ ਬੇਝਿਜਕ ਕਿਸੇ ਸਮੇਂ ਵੀ ਫੋਨ ਕਰ ਸਕਦੇ ਹੋ।
# 126, 7536-130 ਸਟਰੀਟ ਸਰੀ ਬੀ.ਸੀ.
ਪਰਮਿੰਦਰ ਕੌਰ ਸਵੈਚ 604-760-4794 | Email : pswaich@hotmail.com ਮੱਖਣ ਦੁਸਾਂਝ : 778-251-6010 | Email : makhan.dosanjh55gmail.com

## (ਸੰਤ ਰਾਮ ਉਦਾਸੀ ਨੂੰ ਸਮਰਪਿਤ)

### ਲਲਕਾਰ-ਮਜ਼ਦੂਰ ਦੇ ਨਾਂ

ਲੋਕੋ ਬਾਜ਼ ਆ ਜਾਓ! ਝੂਠੇ ਲੀਡਰਾਂ ਤੋਂ
ਇਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣੇ।
ਇਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨੀ,
ਕਾਰਖਾਨਿਆਂ ਦੀਆਂ ਕਾਲੀਆਂ ਚਿਮਨੀਆਂ 'ਚੋਂ,
ਸਾਡੇ ਵਲਵਲੇ ਨਿਕਲਦੇ ਧੂੰ ਬਣ ਕੇ।
ਅਫ਼ਸਰਸ਼ਾਹੀ ਦੀ ਕਾਰ ਦੇ ਵੇਗ ਮੂਹਰੇ,
ਸਾਡੇ ਉਡਦੇ ਅਰਮਾਨ ਨੇ ਰੂੰ ਬਣ ਕੇ।

ਅਸੀਂ ਆਪਣਾ ਸਮਝ ਕੇ ਵੋਟ ਪਾਈ,
ਇਹਨਾਂ ਵੋਟ ਦਾ ਸਿਲਾ ਵੀ ਤਾਰਿਆਨਾ।
ਸਾਨੂੰ ਮਹਿੰਗੇ ਉਬਾਲਿਆ ਦੁੱਧ ਵਾਂਗ,
ਇਹਨਾਂ ਪਾਣੀ ਦਾ ਛੱਟਾ ਵੀ ਮਾਰਿਆ ਨਾ।

ਇਹ ਦੇਸ਼ ਦੀ ਪੂੰਜੀ ਨੂੰ ਨਾਗ ਬਣ ਕੇ,
ਆਪੂੰ ਸਾਂਭ ਲੈਂਦੇ ਆਪੂੰ ਖੱਟ ਜਾਂਦੇ।
ਵਾਅਦੇ ਕਰਦੇ ਨੇ ਕੱਚੇ ਮਹਿਬੂਬ ਵਾਂਗੂ,
ਆਪੇ ਥੁੱਕ ਕੇ ਤੇ ਆਪੇ ਚੱਟ ਜਾਂਦੇ।

ਸੀਨਾ–ਜ਼ੋਰੀਆਂ ਨੇ ਹਿਰਦੇ ਸਾੜ ਸੁੱਟੇ,
ਸੜਿਆਂ ਹੋਇਆਂ ਦੀ ਆਓ ਸੰਭਾਲ ਕਰੀਏ।
ਜੀਹਨੂੰ ਰਾਠ ਉਧਾਲ ਕੇ ਲੈ ਗਏ ਨੇ,
ਆਪਣੀ ਕਿਸਮਤ ਦੀ ਮੁੱਢੋਂ ਪੜਤਾਲ ਕਰੀਏ।

ਕੁੱਤੇ ਜਿਹੀ ਇਨਸਾਨ ਦੀ ਕਦਰ ਹੈ ਨਾ,
ਅੱਗੋਂ ਮੰਗਦੇ ਨੇ ਸਾਥੋਂ ਵਫ਼ਾਦਾਰੀ।
ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ,
ਜਾਂ ਫਿਰ ਰਹੇਗੀ ਇਥੇ ਸਰਮਾਏਦਾਰੀ।

ਅਸੀਂ ਆਪਣਿਆਂ ਢਿੱਡਾਂ ਦੀ ਮੰਗ ਲੈ ਕੇ,
ਨਿੱਤਰ ਆਏ ਹਾਂ ਏਕੇ ਹੀ ਲਾਮ ਉਤੇ।
ਲਾਰੇ ਵੇਖ ਕੇ ਇਹਨਾਂ ਮੁਸਾਹਿਬਾਂ ਦੇ,
ਨੀਝ ਲੱਗੀ ਏ ਹੁਣ ਤਾਂ ਸੰਗਰਾਮ ਉੱਤੇ।
ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ,
ਸਾਰੇ ਬੱਚਿਆਂ ਦੇ ਵਿਹਨੈਂ ਚੋਹਲ ਜਲਦੇ।
ਖੇਤਾਂ ਵਿਚ ਕਿਸਾਨ ਦੇ ਬੋਹਲ ਜਲਦੇ,
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ।

• • •

### ਭਾਵ

ਸੂਰਜ ਦੀ ਲਾਲੀ 'ਚੋਂ ਮੇਰੇ,
ਭਾਵ ਉਗਮ ਕੇ ਆਏ।
ਕੌਣ ਇਹਨਾਂ ਦੀ ਧੁੱਪ ਨੂੰ ਰੋਕੇ,
ਕੌਣ ਹਨ੍ਹੇਰੇ ਪਾਏ?
ਡਾਂਗਾਂ ਅਤੇ ਗੋਲੀਆਂ ਖਾ ਕੇ,
ਇਹ ਅੱਥਰੂ ਨਾ ਸਮਝੋ,
ਅੱਖੀਆਂ ਦੇ ਵਿਚ ਸੁਪਨੇ ਇਹ ਤਾਂ,
ਹੋਰ ਨਿੱਖਰ ਕੇ ਆਏ।
ਹੁਣ ਹੱਕਾਂ ਦੀ ਗੀਤ ਗਾਈਏ,
ਤਾਂ ਜੁ ਜੀਵਨ ਮੌਲੇ,
ਪਹਿਲਾਂ ਜਿਤਨੇ ਅਸੀਂ ਨੇ ਗਾਏ,
ਸਭੋ ਗੀਤ ਪਰਾਏ।
ਜਿੰਦ ਅਸਾਡੀ ਦੂਣੀ ਹੋ ਕੇ,
ਨਾ ਉਸ ਦੇ ਲੱਗਦੀ,
ਜੁ ਜੀਵਨ ਦੀ ਪੂੰਜੀ ਤਾਈਂ,
ਨਾਂ ਲੋਕਾਂ ਦੇ ਲਾਏ।
ਜਦ ਸਾਡੀ ਵਿਥਿਆ ਨੂੰ ਮਿਲਿਆ,
ਭਰਵਾਂ ਲੋਕ–ਹੁੰਗਾਰਾ,
ਫਿਰ ਸਮਝਾਂਗੇ ਲੋਕ–ਰਾਜ ਦੇ,
ਕਾਗ ਬਨ੍ਹੇਰੇ ਆਏ।
ਧਰਮ ਅਤੇ ਸਰਮਾਏ ਤਾਈਂ,
ਪੈਣ ਲੱਗਣ ਕੜਵੱਲਾਂ।
ਜਦ ਮਿਹਨਤ ਦਾ ਸੱਖਣਾ ਪੰਜਾ,
ਤਾਜ਼ਾਂ ਨੂੰ ਹੱਥ ਪਾਏ।

• • •

### ਮਜ਼ਦੂਰਾਂ ਦੀ ਦੇਸ਼-ਸੇਵਾ

ਮੇਰੀ ਕਿਰਤ ਨੂੰ ਲੁੱਟਣ ਵਾਲੜਿਓ, ਕਿਉਂ ਪੀਵੋ ਰੱਤ ਬਹਾਰਾਂ ਦੀ।
ਇਹ ਧਰਤੀ ਹੈ ਮਜ਼ਦੂਰਾਂ ਦੀ, ਇਹ ਨਹੀਂ ਸਰਮਾਏਦਾਰਾਂ ਦੀ।

ਮੇਰੇ ਤੇਸੇ ਅਤੇ ਹਥੌੜੇ ਨੇ, ਲੱਖ ਮੰਦਰ ਮਹਿਲ ਉਸਾਰੇ ਹੋ।
ਪਰ ਮੇਰੀ ਨੀਂਦ ਉਤਾਰਨ ਨੂੰ, ਕੱਖ ਕਾਨਿਆਂ ਦੇ ਹਨ ਢਾਰੇ ਹੋ।

ਅੱਜ ਮੇਰੀ ਮਿਹਨਤ ਦਾ ਸਦਕਾ, ਕਾਰਾਂ ਤੇ ਕਾਰਾਂ ਆ ਗਈਆਂ।
ਕਰ ਕਤਲ ਬਸੰਤ ਅਸਾਡੀ ਨੂੰ, ਕਈ ਮਸਤ ਬਹਾਰਾਂ ਆ ਗਈਆਂ।

ਹੈ ਦੂਣਾ ਠਾਠ ਅਮੀਰਾਂ ਦਾ, ਵਧਿਆ ਚੌਣਾ ਸਰਮਾਇਆ ਏ।
ਪਰ ਮੇਰੀ ਰੋਟੀ ਦਾ ਟੁਕੜਾ, ਹੁਣ ਖ਼ਤਮ ਹੋਣ 'ਤੇ ਆਇਆ ਏ।

ਜਦ ਵੀ ਉਪਰਾਲਾ ਕਰਕੇ ਮੈਂ, ਜ਼ੰਜੀਰ ਤੋੜਨੀ ਚਾਹੀ ਏ।
ਟੁੱਟੀ ਨੂੰ ਟਾਂਕੇ ਲਾ ਲਾ ਕੇ, ਤਕਦੀਰ ਜੋੜਨੀ ਚਾਹੀ ਏ।

ਧਰਮਾਂ 'ਤੇ ਖ਼ਤਰਾ ਬਣ ਜਾਵੇ, ਕਾਨੂੰਨ 'ਤੇ ਖ਼ਤਰਾ ਆ ਜਾਵੇ।
ਮਜ਼ਹਬਾਂ ਦੇ ਠੇਕੇਦਾਰਾਂ ਦੇ, ਜਨੂੰਨ 'ਤੇ ਖ਼ਤਰਾ ਆ ਜਾਵੇ।

ਦੇ ਫ਼ਤਵਾ ਦੇਸ਼–ਧਰੋਹੀ ਦਾ, ਜੇਲ੍ਹਾਂ ਦੇ ਬੂਹੇ ਖੁੱਲ੍ਹ ਜਾਂਦੇ।
ਅੰਨ੍ਹੇ ਹੀ ਵਿਚ ਤਸ਼ੱਦਦ ਦੇ, ਬੰਦੇ ਨੂੰ ਬੰਦਾ ਭੁੱਲ ਜਾਂਦੇ।

ਹਰ ਸ਼ੈ ਵਿਚ ਜ਼ਹਿਰ ਮਲਾਉਂਦੇ ਨੇ ਤੇ ਬਣ ਬਹਿੰਦੇ ਨੇ ਲੱਖਪਤੀ।
ਪਰ ਸਰਘੀ ਜੰਮਣੋਂ ਨਹੀਂ ਰਹਿੰਦੀ, ਜਦ ਧਰਤੀ ਹੋਵੇ ਗਰਭਵਤੀ।

ਫਿਰ ਸੀਖਾਂ ਤੋੜ ਮਜੂਰ ਰਹੇ, ਇਹ ਸੱਭੇ ਕੁਝ ਹੀ ਮੇਰਾ ਏ।
ਜਿਸ ਨੂੰ ਤੂੰ ਆਪਣਾ ਦੇਸ਼ ਕਹੇ, ਇਹ ਤੇਰਾ ਨਹੀਂ ਇਹ ਮੇਰਾ ਏ।

ਇਹ ਫ਼ਸਲਾਂ ਬੰਨ੍ਹੇ ਸੱਪਾਂ ਨੇ, ਮੇਰੇ ਦਾਦੇ ਨੂੰ ਡੰਗਿਆਂ ਏ।
ਮੇਰੇ ਵੀਰ ਦੇ ਭੁੱਖੇ ਢਿੱਡ ਵਿਚੋਂ, ਇਕ ਤਪਦਾ ਸਰੀਆ ਲੰਘਿਆ ਏ।

ਔਹ ਚੱਕਰ ਖਾ ਕੇ ਡਿੱਗਿਆ ਏ ਤੇ ਕਰਦਾ ਗੰਦ ਜੁ ਸਾਫ਼ ਤੇਰਾ।
ਨਹੀਂ ਤਾਕਤ ਪਾਉਂਦਾ ਵੈਦ ਕੋਈ, ਆਹ! ਤੜਫ ਰਿਹਾ ਏ ਬਾਪ ਮੇਰਾ।

• • •

### ਅਜੇ

ਅਜੇ ਨਾ ਆਈ ਮੰਜ਼ਲ ਤੇਰੀ, ਅਜੇ ਵਡੇਰੇ ਪਾੜਾ ਏ।
ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨ੍ਹੇਰਾ ਗਾੜ੍ਹਾ ਏ।

ਅਜੇ ਮੁਸੱਵਰ ਛਾਪ ਨਾ ਸਕਿਆ, ਦਰਦ ਦੀਆਂ ਤਸਵੀਰਾਂ ਨੂੰ
ਅਜੇ ਮਿਸਤਰੀ ਤੋੜ ਨਾ ਸਕਿਆ, ਇਹ ਮਜ਼ਬੀ ਜ਼ੰਜ਼ੀਰਾਂ ਨੂੰ।
ਅਜੇ ਇਸ਼ਕ ਦਾ ਕਾਸਾ ਖਾਲੀ, ਖ਼ੈਰ ਹੁਸਨੇ ਨੇ ਪਾਇਆਨਾ।
ਮਾਨਵਤਾ ਦੇ ਬੂਹੇ 'ਤੇ ਕੋਈ, ਰਾਂਝਾ ਮੰਗਣ ਆਇਆ ਨਾ।

ਹਰ ਦਿਲ ਦੇ ਵਿਚ ਸ਼ਿਕਵੇ, ਝੋਰੇ ਹਰ ਦਿਲ ਦੇ ਵਿਚ ਸਾੜਾ ਏ।
ਅਜੇ ਬਹਾਰਾਂ ਨਹੀਂ ਚਹਿਕੀਆਂ, ਅਜੇ ਹਨ੍ਹੇਰਾ ਗਾੜ੍ਹਾ ਏ।

ਅਜੇ ਕਿਰਤ ਦੀ ਚੁੰਝ ਹੈ ਖਾਲੀ, ਵਿਹਲੜ ਰੱਜ ਕੇ ਖਾਂਦੇ ਨੇ।
ਮੁੱਲਾਂ, ਪੰਡਤਾਂ, ਭਾਈ, ਧਰਮ ਦੇ ਠੇਕੇਦਾਰ ਕਹਾਂਦੇ ਨੇ।
ਅਜੇ ਮਨੁੱਖ ਦੀ ਕਾਇਆ ਉਤੇ, ਸਾਇਆ ਹੈ ਜਾਗੀਰਾਂ ਦਾ।
ਅਜੇ ਮਨੁੱਖ ਦਾ ਮਾਲਿਕ ਬਣਿਆ, ਆਪਣੀਆਂ ਤਕਦੀਰਾਂ ਦਾ।

ਅਜੇ ਕਿਸੇ ਬੇਵੱਸ ਜਿਸਮ ਦਾ ਮਿਲਦਾ ਏਥੇ ਭਾੜਾ ਏ।
ਅਜੇ ਨਾ ਸੁੱਤੀ ਜਨਤਾ ਜਾਗੀ, ਅਜੇ ਹਨ੍ਹੇਰੇ ਗਾੜ੍ਹਾ ਏ।

ਅਜੇ ਤਾਂ ਏਥੇ ਲੋਕਾਂ ਦੇ, ਅਰਮਾਨ ਵੀ ਵੇਚੇ ਜਾਂਦੇ ਨੇ।
ਅਜੇ ਤਾਂ ਪੈਸੇ ਪੈਸੇ ਤੋਂ, ਈਮਾਨ ਵੀ ਵੇਚੇ ਜਾਂਦੇ ਨੇ।

ਅਜੇ ਹੈ ਪਰਬਤ ਓਡਾ ਕੋਡਾ, ਅਜੇ ਨਾ ਤੇਜ਼ ਕੁਹਾੜਾ ਏ।
ਅਜੇ ਨਾ ਸ਼ੀਰੀ, ਹੱਥ ਵਟਾਇਆ, ਅਜੇ ਹਨ੍ਹੇਰਾ ਗਾੜ੍ਹਾ ਏ।
ਅਜੇ ਤੇ ਹਿੰਸਾ ਖੁੱਲ੍ਹੀ ਚਰਦੀ, ਅਮਨ ਅਮਨ ਦੇ ਨਾਅਰੇ ਥੱਲੇ।
ਅਜੇ ਹੈ ਦੁਨੀਆਂ ਨਰਕ ਭੋਗਦੀ, ਜੰਨਤ ਦੇ ਇਕ ਲਾਰੇ ਥੱਲੇ।
ਅਜੇ ਨਾ ਕਾਲੇ ਬੱਦਲਾਂ ਵਿਚੋਂ, ਚਮਕੀ ਕੋਈ ਕਿਰਨ ਸੁਨਹਿਰੀ।
ਭਾਵੇਂ ਮੰਤਰ ਯਾਦ ਅਸਾਡੇ, ਅਜੇ ਕੀਲਣੀ ਸੱਪਣੀ ਜ਼ਹਿਰੀ।

ਅਜੇ ਅਸੀਂ ਹੈ ਰੱਬ ਨੂੰ ਦੱਸਣਾ, ਉਹ ਜਨਤਾ ਤੋਂ ਮਾੜਾ ਏ।
ਅਜੇ ਨਾ 'ਹੂਟਰ' ਵੱਜਿਆ, ਸਾਥੀਓ, ਅਜੇ ਹਨ੍ਹੇਰਾ ਗਾੜ੍ਹਾ ਏ।

- ਸੰਤ ਰਾਮ ਉਦਾਸੀ



### ਜ਼ਿੰਦਗੀ ਦਾ ਸੂਰਜ

ਉਦਾਸੀ
ਉਦਾਸ ਜ਼ਿੰਦਗੀ ਦਾ ਨਾਂ ਨਹੀਂ
ਉਹ ਇੱਕ ਲਲਕਾਰ, ਹੂਕ ਤੇ ਦਹਾੜ
ਜੋ ਕਿਰਤੀਆਂ ਦੇ ਵਿਹੜਿਆਂ ਚੋਂ ਉੱਠੀ
ਉਹ ਧੁਖਦੀ ਗਰਮਾਇਸ਼, ਜੋ ਮੱਘਦੇ
ਸੁਪਨਿਆਂ ਨੂੰ ਦਿੰਦੀ ਹੈ ਇਨਕਲਾਬ ਦੀ ਪੁੱਠ
ਉਹ ਹਾਉਕੇ ਦੀ ਲਾਟ,
ਕਿਰਨਾਂ ਦੇ ਕਾਫ਼ਲੇ ਬਣ
ਲਰਜ਼ਦੀ ਹੈ ਖਿਲਾਵਾਂ ਵਿੱਚ
ਉਹ ਦੇ ਸ਼ਬਦਾਂ ਦੇ ਤੀਰ ਲਾਉਂਦੇ ਹਨ ਆਰਾਂ,
ਸੁੱਤੇ ਲੋਕਾਂ ਦੀ ਸੁੱਤੀ ਸੁਰਤ ਨੂੰ
ਜੋ ਸੱਪਾਂ ਵਾਗੂੰ ਮੇਲ੍ਹਦੀ ਵੀ ਹੈ,
ਦੁਸ਼ਮਣਾਂ ਦੀਆਂ ਹਿੱਕਾਂ ਉੱਤੇ
ਉਸਦੀਆਂ ਹੇਕਾਂ, ਛੇੜਦੀਆਂ ਹਨ ਤਰੰਗਾਂ
ਖੜ੍ਹੇ ਤਲਾਵਾਂ ਵਿੱਚ
ਉਹ ਗੁਰਬਤ ਦੇ ਮਾਰੇ, ਭੁੱਖਾਂ ਦੇ ਸਤਾਏ
ਕਾਮਿਆਂ ਦੀ ਵੇਦਨਾ ਲਿਖਦਾ ਵੀ ਹੈ
ਖ਼ੂਨ ਦੇ ਡੋਬ੍ਹੇ ਨਾਲ
ਚੁੰਨ੍ਹੀਆਂ ਅੱਖਾਂ ਵਿੱਚ ਤੈਰਦਾ ਅੰਤਾਂ ਦਾ ਰੋਹ
ਮੱਚਦਾ ਹੈ ਭਾਂਬੜ ਬਣ ਦਿਲਾਂ ਵਿੱਚ
ਗਮਾਂ ਦੀਆਂ ਪੰਡਾਂ ਢੋਹਦੇਂ
ਖਾਲੀ ਖੀਸਿਆਂ ਨੂੰ ਫਰੋਲ੍ਹਦੇ
ਨੰਗ ਧੜੰਗੇ ਬਾਲਾਂ ਦੀ ਵਿਥਿਆ
ਗਾਉਂਦਾ ਹੈ ਵੰਗਾਰ ਕੇ, ਹੇਕ ਲਾ ਕੇ
ਮੁੜ੍ਹਕੇ ਦੇ ਮੋਹ ਦੀਆਂ ਸੁਗੰਧੀਆਂ ਦਾ ਮੁੱਲ,
ਪਵਾਉਂਦਾ ਹੈ ਇਤਿਹਾਸ ਤੋਂ
ਉਸਦੇ ਸ਼ਬਦ ਕਰਵਾਉਂਦੇ ਹਨ,
ਕੰਮੀਆਂ ਤੋਂ ਹਥਿਆਰਾਂ ਦੀ ਖੇਤੀ
ਉਹ ਲੂਸੇ ਮਜ਼ਦੂਰਾਂ ਦੇ ਪਿੰਡਿਆਂ ਤੇ
ਲਾਉਂਦਾ ਹੈ ਮਲ੍ਹਮ,
ਗੋਬਿੰਦ, ਲੈਨਿਨ ਤੇ ਮਾਰਕਸ ਦੀਆਂ ਯਾਦਾਂ ਦੀ
ਭੁੱਖਾਂ ਦੁੱਖਾਂ ਦੇ ਰੋਣੇ ਰੋਂਦਿਆਂ ਨੂੰ
ਦਿੰਦਾ ਹੈ ਤਸਬੀਹਾਂ, ਜੂਝਦੇ ਜੁਝਾਰ ਵਿਰਸੇ ਦੀਆਂ
ਤਸ਼ੱਸ਼ਦ ਦੀਆਂ ਚੀਸਾਂ ਦਾ ਦਰਦ ਵੰਡਦਾ ਹੈ,
ਖਿਲੇਰ ਕੇ ਚਾਨਣ ਦੀਆਂ ਮੁੱਠਾਂ
ਕਲਮ ਚੋਂ ਉਪਜੇ ਰੋਹਲੇ ਬਾਣ,
ਕਰਦੇ ਹਨ ਵਾਰ ਵਰਮੀਆਂ ਵਿੱਚ ਵਸੇ ਨਾਗਾਂ ਤੇ
ਆਥਣਾਂ ਸੰਗ ਕਰਕੇ ਅਹਿਦਨਾਮਾ,
ਧਰਾਉਂਦਾ ਹੈ ਸੀਸ ਤਲੀਆਂ ਤੇ
ਰੋਕਦਾ ਹੈ ਲੋਕਾਂ ਦੀਆਂ ਸੱਧਰਾਂ ਦਾ ਖ਼ੂਨ ਹੋਣੋ,
ਵੰਗਾਰ ਕੇ ਕਿਰਣਾਂ ਦੇ ਕਾਤਲਾਂ ਨੂੰ
ਉਹ ਸੀ ਹਨ੍ਹੇਰਿਆਂ ਵਿੱਚ ਧੁੱਖਦੀ
ਜ਼ਿੰਦਗੀ ਦਾ ਸੂਰਜ
ਸੂਰਜ ਕਦੇ ਮਰਿਆ ਨਹੀਂ
ਜ਼ਿੰਦਾ ਹੈ ਲੋਕ ਧੁਨਾਂ ਦੀਆਂ ਧੜਕਣਾਂ ਵਿੱਚ।

**ਪਰਮਿੰਦਰ ਕੌਰ ਸਵੈਚ**
604 760 4794

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

### ਲੋਕ ਕਵੀ ਉਦਾਸੀ ਦੇ ਨਾਂ

ਨਵੰਬਰ ਉੱਨੀ ਸੌ ਛਿਆਸੀ ਦੀ
ਕਲਹਿਣੀ ਤੇ ਸੋਗਮਈ ਖ਼ਬਰ ਨੇ
ਰਾਏਸਰ ਹੀ ਨਹੀਂ
ਚਾਨਣ ਦੀ ਭਾਲ ਵਿੱਚ ਤੁਰੇ
ਹਰ ਕਿਰਤੀ ਦੇ ਦਿਲ ਵਿੱਚ
ਵਿਛਾ ਦਿੱਤੇ ਸਨ ਸੋਗਮਈ ਸੱਥਰ
ਜ਼ਾਲਮਾਂ ਦੇ ਜ਼ੁਲਮਾਂ ਦੀ ਅਖੀਰ ਕਰਨ
ਮੜ੍ਹਾਸੇ ਮਾਰ ਕੇ ਤੁਰੇ
ਐ ਕੰਮੀਆਂ ਦੇ ਵਿਹੜੇ ਦੀ
ਸਰਘੀ ਦਿਆ ਸੂਰਜਾ
ਵਰ੍ਹੇ ਬੀਤ ਗਏ
ਬਦਲਿਆ ਤਾਂ ਕੁੱਝ ਵੀ ਨਹੀਂ
ਸੂਰਜ ਤਾਂ ਅਜੇ ਵੀ ਖੜ੍ਹਾ ਹੈ
ਬਸਤੀ ਦੇ ਛੱਪੜਾਂ 'ਚ ਮੁਸਕ
ਮੰਨਦਾ ਪਿੱਠ ਘੁੰਮਾਈ
ਕਾਨੂੰਨ ਦਾ ਖੋਖਾ ਪਾੜਨ ਲਈ
ਚਾਕੂ ਲੈਣ ਗਿਆ ਵਣਜਾਰਾ
ਗੁਰਬਤ ਵਿੱਚ ਆਪਣਾ ਅਹਿਦ ਭੁੱਲ
ਜੁੱਟ ਗਿਆ ਹੈ ਕਰਨ ਲਈ ਜੁਗਾੜ
ਢਿੱਡ ਨੂੰ ਝੁਲਕਾ ਦੇਣ ਦਾ
ਬਾਪੂ ਦੇ ਕਰਜ਼ ਦਾ ਸੂਦ
ਖੰਘਦਾ ਹੈ ਮਾਲਕਾਂ ਦੀ ਖੰਘ ਵਿੱਚ
ਪਰ ਜਦ ਕਦੇ ਕਰਾਉਂਦਾ ਹੈ ਅਹਿਸਾਸ
ਆਪਣੀ ਹੋਂਦ ਦਾ
ਉਦੋਂ ਰਾਠਾਂ ਦੀ ਹਵੇਲੀ ਚੋਂ ਆਉਂਦਾ ਹੈ ਬਾਹਰ
ਨਿੱਕੇ ਨਿੱਕੇ ਟੁਕੜਿਆਂ 'ਚ
ਅੰਗਾਂ ਦੀ ਗਠੜੀ ਬਣ
ਅਸਮਾਨ ਜਿੱਡੇ ਹਾਓਕੇ ਭਰਦੀਆਂ
ਧੀਆਂ ਧਿਆਣੀਆਂ ਪਾ ਕੇ ਪੈਰਾਂ'ਚ ਘੁੰਗਰੂ
ਮੱਸੇ ਰੰਘੜ ਦੇ ਪੁੱਤਾਂ ਪੋਤਰਿਆਂ ਦੇ
ਮਨੋਰੰਜਨ ਕਰਦੀਆਂ ਜਾਂਦੀਆਂ ਨੇ ਝੁੰਡੀਆਂ
ਘੁੱਗੀਆਂ, ਕਬੂਤਰਾਂ ਦੀ ਤਰ੍ਹਾਂ
ਲੂਟਕ ਜਾਂਦੀਆਂ ਨੇ ਧਰਤੀ ਮਾਂ ਦੀ ਗੋਦ ਵਿੱਚ
ਬੇਗੈਰਤ ਲੁਕਾਈ ਦੀਆਂ ਅੱਖਾਂ ਸਾਹਵੇਂ ਹੀ
ਅਧਮੋਈਆਂ ਹੀ ਜਾਂਦੀਆਂ ਨੇ ਘਸੀਟੀਆਂ
ਹੱਡਾਂ ਰੋੜ੍ਹੀ ਦੇ ਪਸ਼ੂਆਂ ਵਾਂਗ
ਸੜਕਾਂ ਤੇ ਹੱਕ ਮੰਗਦੀਆਂ ਨੰਨੀਆਂ ਛਾਵਾਂ
ਪਾੜ ਕੇ ਕੱਪੜੇ, ਧੂਹ ਕੇ ਗੁੱਤਾਂ
ਚਲਦੀਆਂ ਬੱਸਾਂ 'ਚ ਕਰਕੇ ਬੇਪਤੀ
ਜਾਂਦੀਆਂ ਨੇ ਸੁੱਟੀਆਂ
ਖਲ਼ ਦੀ ਬੋਰੀ ਦੀ ਤਰ੍ਹਾਂ
ਕਾਮੇ ਦੀ ਗੈਰਤ ਦਾ ਤਿੱਗ
ਟੁੱਟਿਆ ਹੈ ਇਸ ਕਦਰ
ਉਹ ਆਪਣੇ ਤੇ ਆਉਣ ਵਾਲੀਆਂ
ਨਸਲਾਂ ਦਾ ਸੋਚ ਕੇ ਭਵਿੱਖ
ਕਰਦਾ ਹੈ ਸਮਝੌਤਾ ਤੇ ਭਰਦਾ ਹੈ ਸਬਰ ਦਾ ਘੁੱਟ
ਹੁਣ ਸੰਘਣੇ ਕਮਾਦ
ਕੰਮੀਆਂ ਦੀ ਜੀਤੋ ਦਾ ਰਸ ਹੀ ਨਹੀਂ ਪੀਂਦੇ
ਸਗੋਂ ਬਣਾ ਕੇ ਫਿਲਮਾਂ, ਵੇਚ ਕੇ ਮੰਡੀ ਵਿੱਚ
ਮੁੱਲ ਵੱਟਦੇ ਨੇ ਉਸਦੇ ਸਿਸਕੀਆਂ ਤੇ ਹਾਵਿਆਂ ਦਾ
ਕਰਾਉਂਦੇ ਨੇ ਅਹਿਸਾਸ
ਵਿਹੜਿਆਂ ਦੇ ਬੰਜਰ ਹੋਣ ਦਾ
ਗੁਰੂਆਂ ਪੀਰਾਂ ਦੀ ਧਰਤੀ ਤੇ
ਹੁੰਦੀਆਂ ਨੇ ਅਨਾਊਂਸਮੈਂਟਾਂ ਗੁਰੂ ਘਰਾਂ ਤੋਂ
ਵਿਹੜਿਆਂ ਦੇ ਬਾਈਕਾਟ ਦੀਆਂ
ਬੋਹਲਾਂ ਵਿੱਚੋਂ ਨੀਰ ਤਾਂ ਵੱਗਦਾ ਹੈ ਅੱਜ ਵੀ
ਪਰ ਜੱਟ ਸੀਰੇ ਦੇ ਗਲ਼ ਲੱਗ ਰੋ
ਆਪਣੇ ਗ਼ਮ ਨਹੀਂ ਫਰੋਲ਼ਦਾ
ਉਸਨੇ ਤਾਂ ਪਾ ਲਈ ਹੈ ਯਾਰੀ
ਨਿਆਂਈ ਵਿੱਚ ਉੱਗੇ ਟਾਹਲੀ ਦੇ ਰੁੱਖ ਨਾਲ
ਪਾ ਲਿਆ ਹੈ ਮੋਹ ਸਲਫ਼ਾਸ ਨਾਲ
ਝੂਠੇ ਲੀਡਰਾਂ ਦੇ ਭਰਮ ਜਾਲ਼ 'ਚ ਫਸੇ
ਭੋਲ਼ੇ ਭਾਲ਼ੇ ਲੋਕ ਆਪਣੀ ਹੋਣੀ ਨਹੀਂ
ਬਦਲਦੇ ਹਨ ਪੱਗਾਂ ਟੋਪੀਆਂ ਦੇ ਰੰਗ
ਮਿਹਨਤਾਂ ਦਾ ਮਾਖਿਓਂ ਤਾਂ ਅੱਜ ਵੀ
ਚੋਂਦੀਆਂ ਹਨ ਅੰਬਾਨੀ ਤੇ ਵਿਜੈ ਮਾਲਿਆ
ਨਾਂ ਦੀਆਂ ਖਤਰਨਾਕ ਗਿਰਝਾਂ
ਕਾਮਿਆਂ ਦੇ ਹੱਥ ਤਾਂ ਆਉਂਦਾ ਹੈ
ਮਖਿਆਲ ਦਾ ਤਿੱਖਾ ਤੇ ਮਾਰੂ ਡੰਗ
ਖੇਤਾਂ ਵਿੱਚ ਬੋਹਲਾਂ ਦਾ ਮਗਰਾ ਮਾਰ ਕੇ
ਚਾਂਘਰਾਂ ਪਾਉਣ ਲਈ ਹੁਣ
ਕਿਸਾਨ ਦਾ ਦੁਸ਼ਮਣ ਵਿਆਜੂ ਬਾਣੀਆਂ ਹੀ ਨਹੀਂ
ਸਗੋਂ ਹੋ ਗਿਆ ਹੈ ਰਲ਼ਗੱਡ ਨਾਲ ਦਾ ਜੰਮਿਆ ਸ਼ਰੀਕ ਵੀ
ਕਦੇ ਚਿੱਟੇ ਤੇ ਭਗਵੇਂ ਹਿਟਲਰਾਂ ਦੇ ਰਾਜਭਾਗ ਦੇ ਕਬਜ਼ੇ ਕਰਕੇ
ਚਮਕੌਰ ਦੀ ਗੜ੍ਹੀ ਅੱਗੇ
ਦਿੱਲੀ ਦਾ ਕਿਲ੍ਹਾ ਝੁਕਾਉਣਾ
ਹੋ ਗਿਆ ਹੈ ਥੋੜ੍ਹਾ ਮੁਸ਼ਕਲ
ਪਰ ਲਾਲ ਕਿਲ੍ਹੇ ਵਿੱਚ ਲੋਕਾਂ ਦੇ ਲਹੂ ਨੂੰ
ਬਰ੍ਹੀ ਕਰਾਉਣ ਦੀ ਉਮੀਦ ਨਾਲ
ਤੇਰੇ ਸਾਥੀ ਲੱਖੀ ਦੇ ਜੰਗਲਾਂ ਵਿੱਚੋਂ ਨਿਕਲ
ਸੜਕਾਂ ਤੇ ਡਾਗਾਂ ਦੀ ਅੱਗ ਸੇਕਦੇ
ਲੈ ਆਉਣਗੇ ਇੱਕ ਨਾ ਇੱਕ ਦਿਨ
ਤੇਰੇ ਤੇ ਤੇਰੇ ਸਾਥੀਆਂ ਦੇ ਸੁਪਨਿਆਂ ਦਾ ਸੰਸਾਰ
ਫਿਰ ਸਦਾ ਗੂੰਜੇਗੀ ਤੇਰੀ ਅਵਾਜ਼ ਤੇ ਵੰਗਾਰ
ਹਰ ਕਾਫ਼ਲੇ ਵਿੱਚ।

**ਜਸਵੀਰ ਮੰਗੂਵਾਲ**

ਗੁਰਮੇਲ ਗਿੱਲ
98886 02191

# ਕੈਨੇਡਾ ਦੀ ਧਰਮ ਨਿਰਪੱਖਤਾ ਦਾ ਅਸਲੀ ਚਿਹਰਾ



***ਬਚਪਨ ਤੋਂ ਹੀ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇਣੀ ਤੇ ਆਪਣੇ ਧਾਰਮਿਕ ਵਿਸ਼ਵਾਸ਼ ਵਿੱਚ ਪਰਪੱਕ ਕਰਨਾ ਉਨ੍ਹਾਂ ਦੀ ਧਾਰਮਿਕ ਤੇ ਬੌਧਿਕ ਆਜ਼ਾਦੀ ਅਤੇ ਖੁਦਮੁਖਤਿਆਰੀ ਦੇ ਨਾਲ ਮੁਢਲੇ ਤੌਰ 'ਤੇ ਖਿਲਵਾੜ ਕਰਨ ਵਾਲੀ ਗੱਲ ਹੈ ।***

ਕਿਸੇ ਦੇਸ਼ ਦੇ ਧਰਮ ਨਿਰਪੱਖ ਹੋਣ ਦੀ ਕਸਵੱਟੀ ਹੈ ਕਿ ਉੱਥੇ ਦੀਆਂ ਸਰਕਾਰਾਂ ਨਾ ਹੀ ਕਿਸੇ ਧਰਮ ਦੀ ਸਰਪ੍ਰਸਤੀ ਕਰਦੀਆਂ ਹੋਣ, ਨਾ ਹੀ ਉਹ ਧਾਰਮਿਕ ਤੇ ਗੈਰ ਧਾਰਮਿਕ ਫਿਰਕਿਆਂ ਵਿੱਚ ਕੋਈ ਭੇਦ-ਭਾਵ ਕਰਦੀਆਂ ਹੋਣ ਅਤੇ ਨਾ ਹੀ ਕਿਸੇ ਧਰਮ ਦੀ ਉੱਥੇ ਦੀ ਰਾਜਨੀਤੀ ਵਿੱਚ ਕੋਈ ਦਖਲਅੰਦਾਜ਼ੀ ਹੋਵੇ। ਇਹ ਗੱਲ ਤਾਂ ਲਗਭਗ ਸੱਚ ਹੈ ਕਿ ਕੈਨੇਡਾ ਦੀ ਰਾਜਨੀਤੀ ਵਿੱਚ ਕਿਸੇ ਧਰਮ ਦੀ ਸਿੱਧੀ ਦਖਲਅੰਦਾਜ਼ੀ ਨਹੀਂ ਹੈ। ਓਪਰੀ ਜਿਹੀ ਨਜ਼ਰ ਮਾਰਿਆਂ ਇਹ ਵੀ ਲਗਦਾ ਹੈ ਕਿ ਉੱਥੇ ਦੀਆਂ ਸਰਕਾਰਾਂ ਕਿਸੇ ਧਰਮ ਦੀ ਸਰਪ੍ਰਸਤੀ ਨਹੀਂ ਕਰਦੀਆਂ ਪਰ ਬਰੀਕੀ ਨਾਲ ਜਾਂਚ ਕੀਤਿਆਂ ਪਤਾ ਲਗਦਾ ਹੈ ਇਹ ਗੱਲ ਹਕੀਕਤ ਤੋਂ ਕੋਹਾਂ ਦੂਰ ਹੈ।

ਕੈਨੇਡਾ ਦੀਆਂ ਸਰਕਾਰਾਂ ਨੇ ਵੀ ਧਰਮ ਨਿਰਪੱਖਤਾ ਦੇ ਸਿਧਾਂਤ ਨੂੰ ਆਪਣੀ ਵੋਟ ਰਾਜਨੀਤੀ ਅਨੁਸਾਰ ਤੋੜ-ਮਰੋੜ ਕੇ ਨਵੇਂ ਅਰਥ ਦੇਣੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਨੇ ਵੀ ਸਾਰੇ ਧਰਮਾਂ ਨੂੰ ਸਰਪ੍ਰਸਤੀ ਦੇਣੀ ਸ਼ੁਰੂ ਕਰ ਦਿੱਤੀ ਹੈ ਭਾਵੇਂ ਕਿ ਹਰ ਧਰਮ ਨੂੰ ਵੱਖਰੀ ਹੱਦ ਤੱਕ। ਸਰਕਾਰਾਂ ਧਾਰਮਿਕ ਸੰਸਥਾਵਾਂ ਨੂੰ ਅਰਬਾਂ ਡਾਲਰਾਂ ਦੀਆਂ ਟੈਕਸ ਛੋਟਾਂ, ਸਬਸਿਡੀਆਂ 'ਤੇ ਫੰਡ ਦੇ ਕੇ ਲੋਕਾਂ ਦੇ ਟੈਕਸਾਂ ਦਾ ਦੂਰ ਉਪਯੋਗ ਕਰਦੀਆਂ ਹਨ ਜਦੋਂ ਕਿ ਇਸ ਦੇ ਉਲਟ ਗੈਰ-ਧਾਰਮਿਕ, ਧਰਮ ਨਿਰਪੱਖ ਅਤੇ ਮਨੁੱਖਤਾਵਾਦੀ ਸੰਸਥਾਵਾਂ ਨੂੰ ਕੋਈ ਆਰਥਿਕ ਰਿਆਇਤ ਨਹੀਂ ਦਿੱਤੀ ਜਾਂਦੀ ਹਾਲਾਂ ਕਿ 2011 ਦੀ ਜਨ ਗਣਨਾ ਦੇ ਅਨੁਸਾਰ ਧਰਮ ਨੂੰ ਨਾ ਮੰਨਣ ਵਾਲੇ ਲੋਕਾਂ ਦੀ ਕੈਨੇਡਾ ਵਿੱਚ ਗਿਣਤੀ ਇਕ ਚੁਥਾਈ ਦੇ ਕਰੀਬ (24%) ਹੈ। ਧਾਰਮਿਕ ਆਗੂਆਂ ਨੂੰ ਖੁਸ਼ ਕਰਨ ਲਈ ਜਿਹੜੀਆਂ ਸਬਸਿਡੀਆਂ ਧਾਰਮਿਕ ਸੰਥਾਵਾਂ ਨੂੰ ਦਿੱਤੀਆਂ ਜਾਂਦੀਆਂ ਹਨ ਉਹ ਧਰਮ ਦੀ ਤਰੱਕੀ ਦੇ ਨਾਮ ਉੱਤੇ ਦਿੱਤੀਆਂ ਜਾਂਦੀਆਂ ਹਨ। ਕੇਂਦਰੀ ਵਿੱਤ ਮੰਤਰੀ ਨੇ ਜੁਲਾਈ 2012 ਵਿੱਚ ਇਸ ਸਬੰਧੀ ਆਪਣੀ ਸਰਕਾਰ ਦੀ ਸਥਿਤੀ ਸਪਸ਼ਟ ਕਰਦਿਆਂ ਕਿਹਾ ਧਰਮ ਦੀ ਤਰੱਕੀ ਨੂੰ ਚੈਰੀਟੇਬਲ ਦਰਜਾ ਦੇਣ ਪਿੱਛੇ ਇਹ ਮਾਨਤਾ ਹੈ ਕਿ ਧਰਮ ਲੋਕਾਂ ਦੀ ਜ਼ਿੰਦਗੀ ਲਈ ਸਦਾਚਾਰਿਕ ਅਤੇ ਨੈਤਿਕ ਚੌਖਟਾ ਮੁਹੱਈਆ ਕਰਦਾ ਹੈ ਅਤੇ ਸਮਾਜਿਕ ਸਰਮਾਇਆ ਤੇ ਸਮਾਜਿਕ ਏਕਤਾ ਬਣਾਉਣ ਵਿੱਚ ਮਹੱਤਵਪੂਰਨ ਰੋਲ ਨਿਭਾਉਂਦਾ ਹੈ।

ਆਪਣੇ ਆਪ ਨੂੰ ਧਰਮ ਨਿਰਪੱਖ ਕਹਾਉਣ ਵਾਲੀ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਸ ਦੇ ਪਾਲਿਸੀ ਫ਼ੈਸਲੇ ਠੋਸ ਪ੍ਰਮਾਣਾਂ ਉੱਤੇ ਅਧਾਰਿਤ ਹੋਣੇ ਚਾਹੀਦੇ ਹਨ ਨਾ ਕਿ ਸਮਾਜਿਕ ਮਾਨਤਾਵਾਂ ਜਾਂ ਅਨੁਮਾਨਾਂ ਉੱਤੇ ਅਧਾਰਿਤ। ਅਸਲੀਅਤ ਇਹ ਹੈ ਕਿ ਧਾਰਮਿਕ ਸੰਸਥਾਵਾਂ ਅੰਧਵਿਸ਼ਵਾਸ਼ਾਂ ਨੂੰ ਵਧਾਉਂਦੀਆਂ ਅਤੇ ਵਿਗਿਆਨਕ ਤਰੱਕੀ ਵਿਰੁੱਧ ਕੰਮ ਕਰਦੀਆਂ ਹਨ ਇਸ ਲਈ ਇਹ ਮਨੁੱਖ ਦੀ ਮਾਨਸਿਕ, ਸਮਾਜਿਕ ਅਤੇ ਆਰਥਿਕ ਤਰੱਕੀ ਦੇ ਰਾਹ ਵਿੱਚ ਰੋੜਾ ਬਣਦੀਆਂ ਹਨ। ਇਸ ਲਈ ਇਨ੍ਹਾਂ ਸੰਸਥਾਵਾਂ ਨੂੰ ਫੰਡ ਦੇਣ ਦਾ ਮਤਲਬ ਹੈ ਵਿਗਿਆਨਿਕ ਤਰੱਕੀ ਦੀ ਰੋਕ ਲਈ ਫੰਡ ਦੇਣਾ ਜਦੋਂ ਕਿ ਦੂਸਰੇ ਪਾਸੇ ਸਾਡੇ ਵਿਗਿਆਨੀ ਕੇਂਦਰੀ ਸਰਕਾਰ ਵਲੋਂ ਵਿਗਿਆਨਕ ਖੋਜ ਦੇ ਫੰਡਾਂ ਉੱਤੇ ਕੱਟ ਤੇ ਕੱਟ ਲਾਈ ਜਾਣ ਖਿਲਾਫ਼ ਰੌਲਾ ਪਾ ਰਹੇ ਹਨ ਅਤੇ ਸਰਕਾਰ ਇਨ੍ਹਾਂ ਦੀ ਸੁਣਦੀ ਨਹੀਂ ਜੋ ਕਿ ਬਹੁਤ ਹੀ ਨਜਾਇਜ਼ ਹੈ ਤੇ ਕੈਨੇਡੀਅਨ ਲੋਕਾਂ ਦੇ ਹਿੱਤਾਂ ਦੇ ਉਲਟ ਹੈ।

ਧਾਰਮਿਕ ਸਕੂਲਾਂ ਨੂੰ ਫੰਡਿੰਗ ਦੇਣ ਵਿੱਚ ਵੀ ਕੈਨੇਡੀਅਨ ਸਰਕਾਰਾਂ ਦੀ ਨੀਤੀ ਬਹੁਤ ਪੱਖਪਾਤੀ ਹੈ। ਕਿਉਂਕਿ ਵਿਦਿਆ ਪ੍ਰਾਂਤਿਕ ਸਰਕਾਰਾਂ ਦਾ ਮਸਲਾ ਹੈ ਇਸ ਲਈ ਧਾਰਮਿਕ ਸਕੂਲਾਂ ਦੀ ਪਬਲਿਕ ਫੰਡਿੰਗ ਬਾਰੇ ਕੈਨੇਡਾ ਦੇ ਸਾਰੇ ਪ੍ਰਾਂਤਾਂ ਦੀ ਨੀਤੀ ਵੱਖੋ-ਵੱਖਰੀ ਹੈ। ਓਨਟਾਰੀਓ, ਅਲਬਰਟਾ ਤੇ ਸੇਸਕੈਚਵਨ ਸੂਬਿਆਂ ਦੀਆਂ ਸਰਕਾਰਾਂ ਕੈਥੋਲਿਕ ਸਕੂਲਾਂ ਨੂੰ 100% ਫੰਡਿੰਗ ਦਿੰਦੀਆਂ ਹਨ। ਇਹ ਉਨ੍ਹਾਂ ਅਨੁਸਾਰ ਸੰਵਿਧਾਨਿਕ ਐਕਟ 1867 ਦੀ ਧਾਰਾ 93 ਦੇ ਅਨੁਸਾਰ "ਵੱਖਰੀ ਪਛਾਣ ਦੇ ਅਧਿਕਾਰਾਂ (denominational privileges)"ਦੇ ਵਿਚੋਂ ਪੈਦਾ ਹੋਈ ਇਤਿਹਾਸਿਕ ਕਲਾਤਮਕ ਸਚਾਈ (historical artifact) ਹੈ। ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਸੇਸਕੈਚਵਨ, ਮੈਨੀਟੋਬਾ, ਅਤੇ ਕਿਊਬੈਕ ਸੂਬਿਆਂ ਦੀਆਂ ਸਰਕਾਰਾਂ ਬਾਕੀ ਧਰਮਾਂ ਦੇ ਉਨ੍ਹਾਂ ਸਕੂਲਾਂ ਨੂੰ ਅੰਸ਼ਿਕ ਫੰਡਿੰਗ (40%-60%) ਦਿੰਦੀਆਂ ਹਨ ਜੋ ਪ੍ਰਾਂਤਿਕ ਸ਼ਰਤਾਂ ਪੂਰੀਆਂ ਕਰਦੀਆਂ ਹਨ। ਓਨਟਾਰੀਓ ਕੈਨੇਡਾ ਦਾ ਇੱਕ ਮਾਤਰ ਸੂਬਾ ਹੈ ਜੋ ਕੈਥੋਲਿਕ ਸਕੂਲਾਂ ਨੂੰ ਤਾਂ 100% ਫੰਡਿੰਗ ਦਿੰਦਾ ਹੈ ਪਰ ਬਾਕੀ ਕਿਸੇ ਧਰਮ ਦੇ ਸਕੂਲਾਂ ਨੂੰ ਕੋਈ ਫੰਡਿੰਗ ਨਹੀਂ ਦਿੰਦਾ। ਨਿਊ ਫਾਊਂਡਲੈਂਡ, ਨੋਵਾ ਸਕੋਚੀਆ, ਪ੍ਰਿੰਸ ਐਡਵਰਡ ਆਈਲੈਂਡ ਅਤੇ ਨਿਊ ਬਰੂਨਸਵਿਕ ਸੂਬਿਆਂ ਦੀਆਂ ਸਰਕਾਰਾਂ ਕਿਸੇ ਵੀ ਧਾਰਮਿਕ ਸਕੂਲ ਨੂੰ ਕੋਈ ਫੰਡਿੰਗ ਨਹੀਂ ਦਿੰਦੀਆਂ। ਸੰਯੁਕਤ ਰਾਸ਼ਟਰ ਓਨਟਾਰੀਓ ਸੂਬੇ ਦੀ ਸਰਕਾਰ ਨੂੰ 1999 ਅਤੇ 2006 ਵਿੱਚ ਦੋ ਵਾਰੀ ਤਾੜਨਾ (censure) ਕਰ ਚੁੱਕੀ ਹੈ ਕਿਉਂਕਿ ਇਹ ਸਿਵਲ ਤੇ ਰਾਜਨੀਤਕ ਅਧਿਕਾਰਾਂ ਦੇ ਅੰਤਰਰਾਸ਼ਟਰੀ ਨੇਮਾਂ ਦੀ ਧਾਰਾ 26 ਦੀ ਉਲੰਘਣਾ ਹੈ, ਪਰ ਇਸ ਦੇ ਬਾਵਜੂਦ ਇਹ ਸਰਕਾਰ ਕੈਥੋਲਿਕ ਸਕੂਲਾਂ ਦੀ ਫੰਡਿੰਗ ਦੀ ਇਸ ਨੀਤੀ ਨੂੰ ਜਾਰੀ ਰੱਖ ਰਹੀ ਹੈ। ਧਾਰਮਿਕ ਸਕੂਲਾਂ ਨੂੰ ਮਿਲਦੀ ਫੰਡਿੰਗ ਇਕ ਛੋਟੀ ਜਿਹੀ ਸੰਵਿਧਾਨਕ ਸੋਧ ਨਾਲ ਬੰਦ ਕੀਤੀ ਜਾ ਸਕਦੀ ਹੈ ਜਿਵੇਂ ਕੁੱਝ ਸੂਬਿਆਂ ਨੇ ਕੀਤਾ ਹੈ। ਉਨ੍ਹਾਂ ਦਾ ਇਹ ਕਦਮ ਸ਼ਲਾਘਾਯੋਗ ਹੈ।

ਵਿਦਵਾਨਾਂ ਅਨੁਸਾਰ ਧਾਰਮਿਕ ਸਕੂਲਾਂ ਰਾਹੀਂ ਦਿੱਤੀ ਜਾਂਦੀ ਵਿਦਿਆ ਬੱਚਿਆਂ ਦੇ ਆਪਣੇ ਹਿਤਾਂ ਦੇ ਉਲਟ ਹੈ। ਜਦੋਂ ਬੱਚੇ ਸਿਆਣੇ ਹੋ ਜਾਣ ਤਾਂ ਉਨ੍ਹਾਂ ਨੂੰ ਉਦੋਂ ਮੌਕਾ ਮਿਲੇ ਕਿ ਉਹ ਆਪਣੀ ਮਰਜ਼ੀ ਦਾ ਧਾਰਮਿਕ ਵਿਸ਼ਵਾਸ਼ ਆਪਣਾ ਸਕਣ ਨਾ ਕੇ ਉਨ੍ਹਾਂ ਨੂੰ ਛੋਟੇ ਹੁੰਦਿਆਂ ਹੀ ਉਨ੍ਹਾਂ ਦੇ ਮਾਪਿਆਂ ਦੇ ਧਾਰਮਿਕ ਵਿਸ਼ਵਾਸ਼ਾਂ ਵਿੱਚ ਢਾਲ ਦਿੱਤਾ ਜਾਵੇ ਜਿਸ ਨਾਲ ਉਨ੍ਹਾਂ ਦਾ ਦੂਸਰੇ ਧਰਮਾਂ ਪ੍ਰਤੀ ਅਤੇ ਸੰਸਾਰ ਪੱਧਰ ਦਾ ਨਜ਼ਰੀਆ ਸੁੰਗੜ ਕੇ ਰਹਿ ਜਾਂਦਾ ਹੈ। ਬਚਪਨ ਤੋਂ ਹੀ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇਣੀ ਤੇ ਆਪਣੇ ਧਾਰਮਿਕ ਵਿਸ਼ਵਾਸ਼ ਵਿੱਚ ਪਰਪੱਕ ਕਰਨਾ ਉਨ੍ਹਾਂ ਦੀ ਧਾਰਮਿਕ ਤੇ ਬੌਧਿਕ ਆਜ਼ਾਦੀ ਅਤੇ ਖੁਦਮੁਖਤਿਆਰੀ ਦੇ ਨਾਲ ਮੁਢਲੇ ਤੌਰ 'ਤੇ ਖਿਲਵਾੜ ਕਰਨ ਵਾਲੀ ਗੱਲ ਹੈ। ਉਨ੍ਹਾਂ ਨੂੰ ਉਨ੍ਹਾਂ ਦੇ ਮਾਪਿਆਂ ਦੇ ਸੰਸਾਰ ਪੱਧਰ ਦੇ ਨਜ਼ਰੀਏ ਅਨੁਸਾਰ ਵੰਡਣ ਅਤੇ ਉਨ੍ਹਾਂ ਨੂੰ 'ਭੜੋਲਿਆਂ'ਵਿਚ ਬੰਦ ਕਰਨ ਦੇ ਤੁਲ ਹੈ ਜਿਥੇ ਉਨ੍ਹਾਂ ਦਾ ਆਪਣੇ ਧਾਰਮਿਕ ਵਿਸ਼ਵਾਸ਼ਾਂ, ਜਿਨ੍ਹਾਂ ਵਿੱਚ ਉਹ ਪੈਦਾ ਹੋਏ ਤੋਂ ਬਾਹਰ ਸੰਪਰਕ ਨੂੰ ਖਤਮ ਕਰਨ ਬਰਾਬਰ ਹੈ। ਮਨੋਵਿਗਿਆਨੀਆਂ ਅਤੇ ਸਮਾਜ ਸ਼ਾਸ਼ਤਰੀਆਂ ਵਲੋਂ ਕੀਤੀ ਖੋਜ ਅਨੁਸਾਰ ਬਹੁਤ ਸਾਰੇ ਵਿਗਿਆਨਿਕ ਸਬੂਤ ਮੌਜੂਦ ਹਨ ਜੋ ਦਰਸਾਉਂਦੇ ਹਨ ਕਿ ਬੱਚਿਆਂ ਦੀ ਇਸ ਤਰ੍ਹਾਂ ਦੀ ਵੰਡ ਦਾ ਨਤੀਜਾ ਧਾਰਮਿਕ ਗਰੁਪਾਂ ਦੀ ਇਕ ਦੂਜੇ ਪ੍ਰਤੀ ਪੱਖਪਾਤੀ ਸੋਚ, ਅਸਹਿਣਸ਼ੀਲਤਾ ਅਤੇ ਅਵਿਸ਼ਵਾਸ਼ ਵਿੱਚ ਵਾਧੇ ਵਿੱਚ ਹੁੰਦਾ ਹੈ। ਕੈਨੇਡਾ ਵਰਗੇ ਬਹੁ-ਸਭਿਆਚਾਰਕ, ਬਹੁ-ਫਿਰਕਾ ਦੇਸ਼ ਦਾ ਇਹੋ ਜਿਹੀ ਵਿਦਿਆ ਨੂੰ ਆਰਥਿਕ ਮਦਦ ਦੇਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ ਸਗੋਂ ਇਹ ਗੈਰ-ਤਰਕਸ਼ੀਲ, ਅਣਉਚਿਤ ਅਤੇ ਗੈਰ-ਇਖਲਾਕੀ ਹੈ। ਇਹ ਬੱਚਿਆਂ ਨੂੰ ਬੌਧਿਕ ਪੱਧਰ 'ਤੇ ਬੌਣੇ ਬਣਾਉਣ ਤੇ ਸਮਾਜ ਵਿੱਚ ਵੰਡੀਆਂ ਪਾਉਣ ਨੂੰ ਉਤਸ਼ਾਹਿਤ ਕਰਦਾ ਹੈ।

ਕੁੱਝ ਧਰਮਾਂ ਦੇ ਵਿਸ਼ਵਾਸ਼ ਅਤੇ ਅਭਿਆਸ ਕੈਨੇਡਾ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਵਾਰੇ ਚਾਰਟ ਦੀ ਸਿੱਧੀ ਉਲੰਘਣਾ ਹਨ। ਇਨ੍ਹਾਂ ਸਕੂਲਾਂ ਨੂੰ ਆਰਥਿਕ ਮਦਦ ਦੇਣ ਦਾ ਮਤਲਬ ਕੈਨੇਡਾ ਦੇ ਭਵਿੱਖ ਦੇ ਸ਼ਹਿਰੀਆਂ ਨੂੰ ਇਸ ਦੀਆਂ ਲਿਬਰਲ-ਜਮਹੂਰੀ ਕੀਮਤਾਂ ਦੇ ਉਲਟ ਧਾਰਮਿਕ ਅਕੀਦਿਆਂ ਵਿੱਚ ਪੱਕੇ ਕਰਨ ਦੇ ਖ਼ਤਰਨਾਕ ਅਮਲ ਵਿੱਚ ਹਿੱਸੇਦਾਰ ਹੋਣ ਬਰਾਬਰ ਹੈ। ਉਦਾਰਹਣ ਦੇ ਤੌਰ 'ਤੇ 2007 ਵਿੱਚ ਪ੍ਰੈਸ ਵਿੱਚ ਇਕ ਇਸਲਾਮਿਕ ਸਕੂਲ ਬਾਰੇ ਆਇਆ ਕਿ ਉੱਥੇ 1) ਪ੍ਰਾਰਥਨਾ ਲਈ ਕਾਲ ਹਮੇਸ਼ਾ ਇਕ ਮੁੰਡੇ ਵਲੋਂ ਕੀਤੀ ਜਾਂਦੀ ਹੈ ਨਾ ਕਿ ਕਿਸੇ ਕੁੜੀ ਵਲੋਂ 2) ਪ੍ਰਾਰਥਨਾ ਵਿੱਚ ਮੁੰਡੇ ਕਮਰੇ ਵਿੱਚ ਅੱਗੇ ਖੜਦੇ ਹਨ ਅਤੇ ਕੁੜੀਆਂ ਪਿੱਛੇ 3) ਮੁੰਡੇ ਅਤੇ ਕੁੜੀਆਂ ਨੂੰ ਧਾਰਮਿਕ ਸ਼ਿਸ਼ਟਾਚਾਰ ਕਰਕੇ ਵੱਖੋ-ਵੱਖਰੇ ਬਿਠਾਇਆ ਜਾਂਦਾ ਹੈ 4) ਪ੍ਰਿੰਸੀਪਲ ਧਰਮ ਕਰਕੇ, ਆਉਣ ਵਾਲੀਆਂ ਮਹਿਮਾਨ ਔਰਤਾਂ ਨਾਲ ਹੱਥ ਨਹੀਂ ਮਿਲਾਉਂਦਾ 5) ਭਾਵੇਂ ਬੱਚੇ ਡਾਰਵਿਨ ਦਾ ਜੀਵ ਵਿਕਾਸ ਦਾ ਸਿਧਾਂਤ ਵੀ ਜਮਾਤ ਵਿੱਚ ਪੜ੍ਹਦੇ ਹਨ ਪਰ ਨਾਲ ਇਹ ਵੀ ਪੜ੍ਹਾਇਆ ਜਾਂਦਾ ਹੈ ਕਿ ਚੀਤਾ ਕਾਲਾ ਤੇ ਸੰਤਰੀ ਇਸ ਲਈ ਹੁੰਦਾ ਹੈ ਕਿਉਂਕਿ ਅੱਲ੍ਹਾ ਨੇ ਉਸ ਨੂੰ ਇਸ ਤਰ੍ਹਾਂ ਹੀ ਬਣਾਇਆ ਹੈ।

ਲੋਕਾਂ ਦੀ ਰਾਏ ਵੀ ਟੈਕਸਾਂ ਦਾ ਪੈਸਾ ਧਾਰਮਿਕ ਸਕੂਲਾਂ ਨੂੰ ਫੰਡਿਗ ਦੇਣ ਦੇ ਵਿਰੁੱਧ ਬਣਦੀ ਜਾ ਰਹੀ ਹੈ। 'ਐਂਗੁਸ ਰੀਡ' ਵਲੋਂ ਅਪ੍ਰੈਲ 2009 ਵਿੱਚ ਕੀਤੇ ਸਰਵੇ ਅਨੁਸਾਰ ਕੈਨੇਡਾ ਦੀ ਵੱਡੀ ਗਿਣਤੀ ਧਾਰਮਿਕ ਸਕੂਲਾਂ ਦੀ ਫੰਡਿੰਗ ਦੇ ਉਲਟ ਹੈ; 51% ਲੋਕ ਈਸਾਈ ਸਕੂਲਾਂ ਦੀ, 75% ਲੋਕ ਇਸਲਾਮਿਕ ਸਕੂਲਾਂ ਦੀ, 73% ਲੋਕ ਹਿੰਦੀ ਸਕੂਲਾਂ ਦੀ, 75% ਲੋਕ ਸਿੱਖ ਸਕੂਲਾਂ ਦੀ, 70% ਲੋਕ ਬੁਧਿਸਟ ਸਕੂਲਾਂ ਦੀ ਅਤੇ 68% ਲੋਕ ਜਹੂਦੀ ਸਕੂਲਾਂ ਦੀ ਫੰਡਿੰਗ ਦਾ ਵਿਰੋਧ ਕਰਦੇ ਹਨ। ਇਹ ਗਿਣਤੀ ਬਹੁਤ ਹੌਸਲਾ ਵਧਾਊ ਹੈ ਕਿਉਂਕਿ ਅੱਧੀ ਤੋਂ ਜਿਆਦਾ ਅਬਾਦੀ ਸੈਕੂਲਰ ਨਜ਼ਰੀਆ ਰੱਖਦੀ ਹੈ ਪਰ ਚਿੰਤਾਜਨਕ ਵੀ ਹੈ ਕਿਉਂਕਿ ਇਹ ਸਰਵੇ ਲੋਕਾਂ ਦਾ ਧਰਮਾਂ ਪ੍ਰਤੀ ਪੱਖਪਾਤੀ ਰਵੱਈਆ ਵੀ ਦਰਸਾਉਂਦਾ ਹੈ। ਪਰ ਜਿਵੇਂ ਕੈਨੇਡਾ ਦੇ ਲੋਕ ਦਿਨੋ-ਦਿਨ ਧਰਮ ਤੋਂ ਬੇਮੁੱਖ ਹੋ ਰਹੇ ਹਨ ਇਸ ਲਈ ਇਹ ਉਮੀਦ ਜਤਾਈ ਜਾਂਦੀ ਹੈ ਕਿ ਜੇ ਅੱਜ ਇਹ ਸਰਵੇਖਣ ਕਰਾਇਆ ਜਾਵੇ ਤਾਂ ਸੈਕੂਲਰ ਲੋਕਾਂ ਦੀ ਗਿਣਤੀ ਹੋਰ ਵਧੇਗੀ।

ਸੈਕੂਲਰ ਲੋਕਾਂ ਦਾ ਇਸ ਤੋਂ ਅਗਲਾ ਸਰੋਕਾਰ ਕੈਨੇਡਾ ਸਰਕਾਰ ਵਲੋਂ ਫਰਵਰੀ 2013 ਵਿੱਚ ਬਣਾਏ ਧਾਰਮਿਕ ਆਜ਼ਾਦੀਆਂ ਦੇ ਦਫਤਰ (Office of Religious Freedom)ਦੇ ਐਲਾਨਨਾਮੇ ਅਤੇ ਸੰਵਿਧਾਨ ਬਾਰੇ ਹੈ। ਇਸ ਸੰਸਥਾ ਦਾ ਐਲਾਨਨਾਮਾ ਇਹ ਕਹਿੰਦਾ ਹੈ ਕਿ ਇਹ ਸੰਸਥਾ ਧਾਰਮਿਕ ਵਿਸ਼ਵਾਸ਼ਾਂ ਨੂੰ ਉਤਸ਼ਾਹਿਤ ਕਰਨ ਲਈ ਬਣਾਈ ਜਾ ਰਹੀ ਹੈ। ਉਸ ਸਮੇਂ ਦਾ ਕੇਂਦਰੀ ਮੰਤਰੀ ਜੌਹਨ ਬੇਅਰਡ ਇਸ ਸੰਸਥਾ ਵਾਰੇ ਇਹ ਐਲਾਨ ਕਰਦਾ ਹੈ ਸਾਨੂੰ ਨਹੀਂ ਲਗਦਾ ਕਿ ਸ਼ੰਕਾਵਾਦ ਜਾਂ ਨਾਸਤਿਕਤਾ ਨੂੰ ਉਸ ਤਰ੍ਹਾਂ ਦੀ ਸੁਰੱਖਿਆ ਦੀ ਲੋੜ ਹੈ ਜਿਸ ਤਰ੍ਹਾਂ ਦੀ ਧਾਰਮਿਕ ਤੌਰ ਤੇ ਸਤਾਈਆਂ ਘੱਟ ਗਿਣਤੀਆਂ ਨੂੰ ਹੈ। ਅਸੀਂ ਧਾਰਮਿਕ ਲੋਕਾਂ ਦੇ ਸ਼ਾਂਤੀ ਨਾਲ ਪੂਜਾ ਅਤੇ ਅਭਿਆਸ ਕਰਨ ਦੇ ਹੱਕ ਦੀ ਗੱਲ ਕਰਦੇ ਹਾਂ ਨਾ ਕਿ ਪੂਜਾ ਅਸਥਾਨਾਂ ਤੋਂ ਬਾਹਰ ਰਹਿਣ ਦੇ ਹੱਕ ਦੀ। ਉਹ ਅੱਗੇ ਕਹਿੰਦਾ ਹੈ ਕਿ ਇਸ ਨੂੰ ਇਨ੍ਹਾਂ ਸ਼ਬਦਾਂ ਨਾਲ ਵੀ ਕਿਹਾ ਜਾ ਸਕਦਾ ਹੈ ਧਾਰਮਿਕ ਆਜ਼ਾਦੀ ਦਾ ਮਤਲਬ ਧਰਮ ਤੋਂ ਆਜ਼ਾਦੀ ਨਹੀਂ ਹੈ। ਕੈਨੇਡਾ ਸਰਕਾਰ ਨੇ ਸਾਫ ਸ਼ਬਦਾਂ ਵਿੱਚ ਇਹ ਸਪਸ਼ਟ ਕਰ ਦਿੱਤਾ ਕਿ ਉਹ ਗੈਰ-ਧਾਰਮਿਕ ਜਾਂ ਨਾਸਤਿਕ ਹੋਣ ਦੇ ਹੱਕ ਨੂੰ ਮਾਨਤਾ ਦੇਣ ਨੂੰ ਤਿਆਰ ਨਹੀਂ।

ਇਸ ਸੰਸਥਾ ਨਾਲ ਸਬੰਧਤ ਸਰਕਾਰੀ ਨੁਮਾਇੰਦਿਆਂ ਦਾ ਇਹੋ ਜਿਹਾ ਵਤੀਰਾ ਅਤੇ ਸੋਚ ਅਣਉਚਿਤ, ਪ੍ਰਮਾਣ-ਰਹਿਤ ਅਤੇ ਅਸਲੋਂ ਹੀ ਗਲਤ ਹੈ। ਜੇ ਕੈਨੇਡਾ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਅਤੇ ਜਮਹੂਰੀਅਤ ਦਾ ਚੈਂਪੀਅਨ ਸਮਝਦਾ ਹੈ ਤਾਂ ਇਸ ਸੰਸਥਾ ਦੇ ਨੁਮਾਇੰਦਿਆਂ ਨੂੰ ਗੈਰ-ਧਾਰਮਿਕ ਜਾਂ ਨਾਸਤਿਕ ਹੋਣ ਅਤੇ ਵੱਖਰੀ ਸੋਚ ਜਾਂ ਵਿਚਾਰ ਰੱਖਣ ਦੇ ਅਧਿਕਾਰ ਨੂੰ ਉਤਸ਼ਾਹਿਤ ਕਰਨ ਦੀ ਜ਼ਿੰਮੇਵਾਰੀ ਨੂੰ ਵੀ ਮਾਨਤਾ ਦੇਣ ਵਾਰੇ ਸਪਸ਼ਟ ਕਰਨਾ ਚਾਹੀਦਾ ਹੈ ਕਿਉਂਕਿ ਪੂਰੀ ਦੁਨੀਆ ਵਿੱਚ ਧਾਰਮਿਕ ਲੋਕਾਂ ਨਾਲੋਂ ਗੈਰ ਧਾਰਮਿਕ ਲੋਕ ਜ਼ਿਆਦਾ ਖਤਰੇ ਵਿੱਚ ਹਨ। ਅਨੇਕਾਂ ਹੀ ਨਾਸਤਿਕਾਂ ਨੂੰ ਆਪਣਾ ਧਰਮ ਛੱਡਣ ਕਰਕੇ ਜੁਰਮਾਨੇ, ਜੇਲ੍ਹਾਂ ਜਾਂ ਮੌਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤੇਰ੍ਹਾਂ ਦੇਸ਼ਾਂ ਵਿੱਚ ਨਾਸਤਿਕ ਹੋਣ ਤੇ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ ਅਤੇ ਹੋਰ ਅਨੇਕਾਂ ਵਿੱਚ ਜੇਲ੍ਹ ਦੀਆਂ ਸਲਾਖਾਂ। ਇਸ ਲਈ ਨਾਸਤਿਕ ਲੋਕਾਂ ਨੂੰ ਪੂਰੀ ਦੁਨੀਆ ਵਿਚੋਂ ਉਨ੍ਹਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਲੋਕਾਂ ਦੀ ਸਖਤ ਜਰੂਰਤ ਹੈ।

ਇਸ ਸੰਸਥਾ ਦੀ ਇਕ ਵਿਦੇਸ਼ੀ ਸਲਾਹਕਾਰ ਕਮੇਟੀ ਹੈ ਜਿਸ ਦੀ ਬਣਤਰ ਕੈਨੇਡਾ ਦੇ ਬਹੁਵਾਦ ਦਾ ਪ੍ਰਗਟਾਵਾ ਕਰਦੀ ਹੈ। ਇਸ ਦੇ 23 ਮੈਂਬਰ ਹਨ ਜੋ ਵੱਖ-ਵੱਖ ਧਾਰਮਿਕ ਫਿਰਕਿਆਂ, ਗਰੁਪਾਂ ਅਤੇ ਕਮਿਊਨਿਟੀਆਂ ਦੀ ਨੁਮਾਇੰਦਗੀ ਕਰਦੇ ਹਨ। ਇਸ ਦੀ ਪ੍ਰਧਾਨਗੀ ਇਕ ਰੋਮਨ ਕੈਥੋਲਿਕ ਸੰਸਥਾ ਦੇ ਫਾਦਰ ਰੇਮੰਡ ਜੇ ਡੀ ਸਜ਼ਾ ਕਰ ਰਹੇ ਹਨ। ਇਸ ਸੰਸਥਾ ਦਾ ਕੰਮ ਕੈਨੇਡਾ ਦੀ ਵਿਦੇਸ਼ ਨੀਤੀ ਦੇ ਕੇਂਦਰਬਿੰਦੂ, ਅੰਤਰਰਾਸ਼ਟਰੀ ਪੱਧਰ ਤੇ ਧਾਰਮਿਕ ਆਜ਼ਾਦੀਆਂ ਦੀ ਰਾਖੀ ਨੂੰ ਉਤਸ਼ਾਹਿਤ ਕਰਨ ਲਈ ਸਲਾਹ ਦੇਣਾ ਹੈ। ਇਸ ਕਮੇਟੀ ਦੇ 23 ਮੈਂਬਰਾਂ ਵਿਚੋਂ ਕੈਨੇਡਾ ਦੀ ਇਕ ਚੁਥਾਈ ਅਬਾਦੀ ਦੀ ਨੁਮਾਇੰਦਗੀ ਕਰਦੇ ਸੈਕੂਲਰ ਤੇ ਮਨੁੱਖਤਾਵਾਦੀ ਲੋਕਾਂ ਦਾ ਸਿਰਫ਼ ਇਕ ਨੁਮਾਇੰਦਾ ਹੈ। ਇਕ ਰੂੜ੍ਹੀਵਾਦੀ ਧਾਰਮਿਕ ਨੇਤਾ, ਜਿਸ ਦਾ ਦੂਜੇ ਧਰਮਾਂ ਦੇ ਅਤੇ ਗੈਰ-ਧਾਰਮਿਕ ਲੋਕਾਂ ਪ੍ਰਤੀ ਰਵੱਈਆ ਪੱਖਪਾਤ ਰਹਿਤ ਨਹੀਂ ਹੋ ਸਕਦਾ, ਕੋਲੋਂ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦੀ ਕਿਵੇਂ ਆਸ ਰੱਖੀ ਜਾ ਸਕਦੀ ਹੈ? ਇਸ ਸੰਸਥਾ ਵਿੱਚ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ, ਸੈਕੂਲਰ ਤੇ ਮਨੁੱਖਤਾਵਾਦੀ ਲੋਕਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਜਿਨ੍ਹਾਂ ਦਾ ਕਿਸੇ ਵਿਸ਼ਵਾਸ਼ ਪ੍ਰਤੀ ਪੱਖਪਾਤੀ ਰਵੱਈਆ ਨਹੀਂ ਹੁੰਦਾ।

ਕੈਨੇਡਾ ਦੇ ਰਾਸ਼ਟਰੀ ਗੀਤ ਅਤੇ ਅਧਿਕਾਰਾਂ ਅਤੇ ਆਜ਼ਾਦੀ ਦੇ ਚੈਪਟਰ ਵੀ ਧਰਮ ਨਿਰਪੱਖਤਾ ਦਾ ਪ੍ਰਗਟਾਵਾ ਨਹੀਂ ਕਰਦੇ ਕਿਉਂਕਿ ਉਨ੍ਹਾਂ ਵਿੱਚ ਵੀ ਰੱਬ ਦਾ ਹਵਾਲਾ ਆਉਂਦਾ ਹੈ। ਜੋ ਕਿ ਰਾਸ਼ਟਰੀ ਗੀਤ ਵਿੱਚ ਪ੍ਰਮਾਤਮਾ ਸਾਡੀ ਧਰਤੀ ਨੂੰ ਸ਼ਾਨਦਾਰ ਅਤੇ ਆਜ਼ਾਦ ਰੱਖੀਂਅਤੇ ਅਧਿਕਾਰਾਂ ਅਤੇ ਆਜ਼ਾਦੀ ਦੇ ਚੈਪਟਰ ਵਿਚ ਜਦੋਂ ਕਿ ਕੈਨੇਡਾ ਦੀ ਨੀਂਹ ਉਨ੍ਹਾਂ ਸਿਧਾਂਤਾਂ ਤੇ ਰੱਖੀ ਗਈ ਹੋਈ ਹੈ ਜੋ ਰੱਬ ਦੀ ਸਰਬਸ੍ਰੇਸ਼ਟਾ ਅਤੇ ਕਾਨੂੰਨ ਦੇ ਨਿਯਮ ਨੂੰ ਮਾਨਤਾ ਦਿੰਦੀ ਹੈ।ਸਤਰਾਂ ਤੋਂ ਸਪਸ਼ਟ ਹੋ ਜਾਂਦਾ ਹੈ। ਰੱਬ ਦੀ ਸਰਬਸ੍ਰੇਸ਼ਟਾ ਨੂੰ ਮਾਨਤਾ ਦੇਣ ਦਾ ਸਪਸ਼ਟ ਮਤਲਬ ਸ਼ੰਕਵਾਦੀਆਂ, ਨਾਸਤਿਕਾਂ ਅਤੇ ਤਰਕਸ਼ੀਲਾਂ ਨਾਲ ਪੱਖਪਾਤ ਕਰਨਾ ਹੈ। ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕੈਨੇਡਾ ਦੇ ਬਹੁਤ ਸਾਰੇ ਪੰਜਾਬੀ ਅਖਬਾਰ ਜੋਤਿਸ਼ੀਆਂ, ਤਾਂਤਰਿਕਾਂ ਵਗੈਰਾ, ਦੀਆਂ ਮਸ਼ਹੂਰੀਆਂ ਨਾਲ ਭਰੇ ਪਏ ਹੁੰਦੇ ਹਨ ਜੋ ਕਿ ਲੋਕਾਂ ਨੂੰ ਮਾਨਸਿਕ ਤੇ ਆਰਥਿਕ ਲੁੱਟ ਦਾ ਸ਼ਿਕਾਰ ਬਣਾਉਣ ਦੇ ਨਾਲ ਉਨ੍ਹਾਂ ਨੂੰ ਅੰਧਵਿਸ਼ਵਾਸ਼ਾਂ ਦੇ ਰਾਹ ਪਾਉਣ ਅਤੇ ਉਨ੍ਹਾਂ ਨੂੰ ਧਾਰਮਿਕ ਵਲਗਣਾਂ ਵਿੱਚ ਕੈਦ ਰੱਖਣ ਵੱਲ ਸੇਧਿਤ ਹੁੰਦੀਆਂ ਹਨ। ਤਰਕਸ਼ੀਲ ਸੁਸਾਇਟੀ ਵਲੋਂ ਸਰਕਾਰ ਨੂੰ ਵੱਖ-ਵੱਖ ਪੱਧਰ ਤੇ ਇਨ੍ਹਾਂ ਗੈਰ ਕਾਨੂੰਨੀ, ਗੈਰ ਇਖਲਾਕੀ ਅਤੇ ਗੈਰ ਵਿਗਿਆਨਿਕ ਮਸ਼ਹੂਰੀਆਂ ਨੂੰ ਬੰਦ ਕਰਨ ਲਈ ਦਿੱਤੀਆਂ ਦਰਖਾਸਤਾਂ ਅਤੇ ਡੈਪੂਟੇਸ਼ਨਾਂ ਦੇ ਬਾਵਜੂਦ ਸਰਕਾਰ ਦੇ ਕੰਨ ਤੇ ਕੋਈ ਜੂੰ ਨਹੀਂ ਸਰਕੀ। ਇੰਨਾ ਹੀ ਨਹੀਂ ਰਾਜਸੀ ਨੇਤਾ ਵੋਟਾਂ ਨੂੰ ਪ੍ਰਭਾਵਿਤ ਕਰਨ ਲਈ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਦੇ ਰਹਿੰਦੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਤਾਂ ਸਿੱਖ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ, ਸਾਰੇ ਹੱਦਾਂ ਬੰਨ੍ਹੇ ਟੱਪਦਿਆਂ ਸੰਨ 2016 ਵਿੱਚ ਪਾਰਲੀਮੈਂਟ ਹਾਊਸ ਵਿੱਚ ਅਖੰਡ ਪਾਠ ਕਰਾਕੇ ਵੈਸਾਖੀ ਮਨਾਉਂਦਿਆਂ ਆਪਣਾ ਧਰਮ ਨਿਰਪੱਖਤਾ ਦਾ ਬੁਰਕਾ ਲੀਰੋ-ਲੀਰ ਕਰ ਦਿੱਤਾ।

ਇਸ ਸਾਰੇ ਆਰਟੀਕਲ ਦਾ ਨਿਚੋੜ ਇਹ ਹੈ ਕਿ ਉੱਪਰ ਦਿੱਤੇ ਤੱਥਾਂ ਨੂੰ ਵਿਚਾਰਦਿਆਂ ਕੈਨੇਡੀਅਨ ਸਰਕਾਰਾਂ ਨੂੰ ਕਿਸੇ ਤਰ੍ਹਾਂ ਵੀ ਸੈਕੂਲਰ ਨਹੀਂ ਕਿਹਾ ਜਾ ਸਕਦਾ। ਉਹ ਜਿਡੇ ਮਰਜ਼ੀ ਵੱਡੇ ਦਮਗਜੇ ਮਾਰੀ ਜਾਣ ਪਰ ਉਹ ਆਪਣੇ ਵੋਟ ਬੈਂਕ ਨੂੰ ਧਿਆਨ ਵਿੱਚ ਰੱਖ ਕੇ ਧਰਮਾਂ ਦੇ ਨਾਮ ਤੇ ਰਾਜਨੀਤੀ ਕਰਦੀਆਂ ਰਹਿੰਦੀਆਂ ਹਨ। ਉਨ੍ਹਾਂ ਦੀ ਹਰ ਕੋਸ਼ਿਸ਼ ਧਰਮਾਂ ਅਤੇ ਅੰਧ ਵਿਸ਼ਵਾਸ਼ਾਂ ਨੂੰ ਉਤਸ਼ਾਹਿਤ ਕਰਨ ਦੀ ਹੁੰਦੀ ਹੈ। ਉਹ ਧਰਮ ਨਿਰਪੱਖਤਾ ਦੀ ਕਸਵਟੀ ਤੇ ਕਿਸੇ ਵੀ ਤਰ੍ਹਾਂ ਵੀ ਪੂਰੀਆਂ ਨਹੀਂ ਉਤਰਦੀਆਂ। ਉਹ ਧਰਮ ਨਿਰਪੱਖ ਸਰਕਾਰ ਬਣਨ ਦੀ ਨਾ ਹੀ ਨੀਅਤ ਰੱਖਦੀਆਂ ਹਨ ਅਤੇ ਨਾ ਹੀ ਨੀਤੀ।

ਪ੍ਰਿੰ. ਸਰਵਣ ਸਿੰਘ

*ਅਜਮੇਰ ਸਿੰਘ ਦੇ ਜਨਮ ਦਿਵਸ 'ਤੇ*

# ਚਕਰ ਦਾ ਚਾਨਣ ਮੁਨਾਰਾ ਸੀ ਅਜਮੇਰ ਸਿੱਧੂ



ਅਜਮੇਰ ਸਿੰਘ ਸਿੱਧੂ ਪੰਜਾਬ ਦੇ ਪਿੰਡਾਂ ਲਈ ਚਾਨਣ ਮੁਨਾਰਾ ਸੀ। ਉਹਦੇ ਉੱਦਮ ਨਾਲ 'ਚਾਨਣ ਮੁਨਾਰਾ ਚਕਰ' ਪੁਸਤਕ ਛਪੀ ਜਿਸ ਤੋਂ ਹੋਰਨਾਂ ਪਿੰਡਾਂ ਨੂੰ ਰੌਸ਼ਨੀ ਮਿਲ ਰਹੀ ਹੈ। ਉਹ ਪਰਉਪਕਾਰੀ ਜਿਊੜਾ ਸੀ। ਉਸ ਦਾ ਜਨਮ ਜ਼ਿਲ੍ਹਾ ਲੁਧਿਆਣੇ ਦੇ ਪਿੰਡ ਚਕਰ ਵਿਚ 7 ਮਾਰਚ 1953 ਨੂੰ ਸੁਤੰਤਰਤਾ ਸੰਗਰਾਮੀ ਸ. ਉਜਾਗਰ ਸਿੰਘ ਦੇ ਘਰ ਹੋਇਆ ਸੀ। ਬਚਪਨ ਪਿੰਡ ਦੀਆਂ ਬੀਹੀਆਂ, ਵਿਹੜਿਆਂ ਤੇ ਖੇਤਾਂ ਵਿਚ ਬੀਤਿਆ। ਮੁੱਢਲੀ ਸਿੱਖਿਆ ਉਸ ਨੇ ਚਕਰ ਦੇ ਸਰਕਾਰੀ ਸਕੂਲ ਵਿਚ ਹਾਸਲ ਕੀਤੀ। ਉਚੇਰੀ ਸਿੱਖਿਆ ਲਈ ਉਸ ਦੇ ਪਿਤਾ ਨੇ ਇੰਗਲੈਂਡ ਮੰਗਵਾ ਲਿਆ। ਇੰਗਲੈਂਡ ਵਿਚ ਪੜ੍ਹ-ਖੇਡ ਕੇ ਉਹ ਕੈਨੇਡਾ ਚਲਾ ਗਿਆ। 5 ਦਸੰਬਰ 2014 ਦੀ ਸਵੇਰ ਨੂੰ ਟੋਰਾਂਟੋ ਵਿਚ ਉਸ ਦਾ ਦੇਹਾਂਤ ਹੋਇਆ। ਪਿੰਡਾਂ 'ਚ ਚਾਨਣ ਦਾ ਛੱਟਾ ਦਿੰਦੇ ਉਸ ਸੁਹੇਲੜੇ ਸੱਜਣ ਦਾ ਸਿਰਫ਼ 61 ਸਾਲ ਦੀ ਉਮਰੇ ਤੁਰ ਜਾਣਾ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ।

ਇੰਗਲੈਂਡ ਵਿਚ ਉਹ ਕਬੱਡੀ ਤੇ ਸੌਕਰ ਦਾ ਨਾਮਵਰ ਖਿਡਾਰੀ ਬਣਿਆ ਤੇ ਅਜਮੇਰ ਵਲੈਤੀਏ ਦੇ ਨਾਂ ਨਾਲ ਮਸ਼ਹੂਰ ਹੋਇਆ। ਉਹ ਤਿੰਨ ਭਰਾ ਸਨ। ਦੋ ਭਰਾ ਅਜਮੇਰ ਸਿੰਘ ਤੇ ਬਲਦੇਵ ਸਿੰਘ ਕੈਨੇਡਾ ਜਾ ਵਸੇ। ਗਰੇਟਰ ਟੋਰਾਂਟੋ ਵਿਚ ਤੇ ਹੋਰ ਕਈ ਥਾਈਂ ਉਨ੍ਹਾਂ ਨੇ ਦਾਨ ਪੁੰਨ ਅਤੇ ਖੇਡਾਂ/ਖਿਡਾਰੀਆਂ ਦੀ ਬਿਹਤਰੀ ਦੇ ਅਨੇਕਾਂ ਕਾਰਜ ਕੀਤੇ। ਕਰੋੜਾਂ ਰੁਪਏ ਵਿਕਾਸ ਕਾਰਜਾਂ ਉਤੇ ਲਾਏ ਪਰ ਕਿਸੇ ਜਗ੍ਹਾ ਵੀ ਆਪਣੇ ਨਾਂ ਦੀ ਤਖਤੀ ਨਹੀਂ ਲਵਾਈ।

ਪੁਸਤਕ 'ਚਾਨਣ ਮੁਨਾਰਾ ਚਕਰ' ਦਾ ਮੁੱਖ ਬੰਦ ਉਨ੍ਹਾਂ ਨੇ ਇੰਜ ਲਿਖਿਆ ਸੀ, ਸਾਥੋਂ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਬਣੀ, ਕਿਵੇਂ ਸਰਕਾਰੀ ਮਦਦ ਤੋਂ ਬਿਨਾਂ ਹੀ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ, ਕਿਵੇਂ ਨੌਂ ਸੱਥਾਂ ਨਵਿਆਈਆਂ, ਕਿਵੇਂ ਗਲੀਆਂ ਨਵੇਂ ਸਿਰਿਓਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ? ਕਿਵੇਂ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ ਅਤੇ ਜੀਵ ਜੰਤੂਆਂ ਨੂੰ ਕੁਦਰਤੀ ਟਿਕਾਣੇ ਦਿੱਤੇ? ਕਿਵੇਂ ਜੀਵਾਂ ਦੀ ਸਹਿਹੋਂਦ ਨੂੰ ਅਮਲੀ ਜਾਮਾ ਪਹਿਨਾਇਆ? ਕਿਵੇਂ ਦੂਸ਼ਿਤ ਵਾਤਾਵਰਣ ਸ਼ੁਧ ਕੀਤਾ ਤੇ ਚਕਰੀਆਂ ਨੂੰ ਆਮ ਬਿਮਾਰੀਆਂ ਤੋਂ ਬਚਾਇਆ?

ਇਨ੍ਹਾਂ ਸੁਆਲਾਂ ਦੇ ਉੱਤਰ ਵਿਚ ਪਿੰਡ ਚਕਰ ਬਾਰੇ ਕਿਤਾਬ ਹੀ ਛਾਪ ਦਿੱਤੀ ਹੈ। ਇਸ ਦਾ ਲੇਖਕ ਡਾ. ਬਲਵੰਤ ਸਿੰਘ ਸੰਧੂ ਖ਼ੁਦ ਚਕਰ ਦੀ ਸ਼ੇਰੇ ਪੰਜਾਬ ਅਕੈਡਮੀ ਦਾ ਰੂਹੇਰਵਾਂ ਰਿਹਾ ਹੈ। ਅਸੀਂ ਇਕ ਦੀਵਾ ਬਾਲਿਆ ਹੈ ਤੇ ਚਾਹੁੰਦੇ ਹਾਂ ਇਹਦੀ ਲਾਟ ਨਾਲ ਹੋਰ ਦੀਵੇ ਜਗਣ। ਅਸੀਂ ਜੇ ਆਪਣੇ ਪਿੰਡ ਲਈ ਕੁਝ ਕਰ ਸਕੇ ਹਾਂ ਤਾਂ ਇਸ ਵਿਚ ਸਮੁੱਚੇ ਪਿੰਡ ਵਾਸੀਆਂ ਦਾ ਯੋਗਦਾਨ ਹੈ। ਪਿੰਡ ਦੇ ਵਿਕਾਸ ਵਿਚ ਯੋਗਦਾਨ ਪਾ ਕੇ ਕਿਸੇ ਨੇ ਕਿਸੇ 'ਤੇ ਕੋਈ ਅਹਿਸਾਨ ਨਹੀਂ ਕੀਤਾ ਸਗੋਂ ਆਪਣੀ ਜਨਮ ਭੋਇੰ ਦਾ ਕਰਜ਼ਾ ਹੀ ਉਤਾਰਿਆ ਹੈ।

ਪਿੰਡ ਦੇ ਵਿਕਾਸ ਵਿਚ ਬੇਸ਼ੱਕ ਦਸ ਕਰੋੜ ਤੋਂ ਉਪਰ ਲੱਗ ਚੁੱਕੇ ਹਨ ਤੇ ਕਰੋੜਾਂ ਹੋਰ ਲੱਗਣੇ ਹਨ ਪਰ ਕਰੋੜਾਂ ਰੁਪਿਆਂ ਦੀ ਅਣਮੁੱਲੀ ਕਾਰ ਸੇਵਾ ਜੋ ਪਿੰਡ ਦੇ ਬੱਚਿਆਂ, ਜੁਆਨਾਂ, ਬਜ਼ੁਰਗਾਂ ਤੇ ਮਾਈਆਂ ਬੀਬੀਆਂ ਨੇ ਕੀਤੀ ਉਹ ਦਸ ਕਰੋੜ ਤੋਂ ਕਿਤੇ ਵੱਧ ਹੈ। ਅਸੀਂ ਸੂਬਾਈ/ਕੇਂਦਰੀ ਸਰਕਾਰਾਂ ਤੋਂ ਹੱਥ ਅੱਡ ਕੇ ਮੰਗਣਾ ਮੰਗਤਾਪਣ ਸਮਝਦੇ ਹਾਂ। ਟੈਕਸ ਭਰਦੇ ਹਾਂ ਜਿਸ ਕਰਕੇ ਪਿੰਡ ਦੇ ਪ੍ਰੋਜੈਕਟਾਂ ਲਈ ਸਰਕਾਰੀ ਗਰਾਂਟਾਂ ਲੈਣਾ ਸਾਡਾ ਹੱਕ ਹੈ। ਆਪਣੇ ਪਿੰਡ ਵਾਸੀਆਂ ਨੂੰ ਸਾਡਾ ਇਹੋ ਸੁਨੇਹਾ ਹੈ ਕਿ ਆਪਣੇ ਹੱਥੀਂ ਅਪਣਾ ਆਪੇ ਹੀ ਕਾਜ ਸਵਾਰੀਏ ਦੇ ਗੁਰਵਾਕ ਦਾ ਪੱਲਾ ਨਹੀਂ ਛੱਡਣਾ ਤੇ ਜਿਸ ਚਕਰੀਏ ਦਾ ਅਜੇ ਤਕ ਯੋਗਦਾਨ ਨਹੀਂ ਪੈ ਸਕਿਆ ਉਹ ਦਸਵੰਧ ਦੇਣ 'ਚ ਢਿੱਲ ਨਾ ਕਰੇ। ਵਸੇ ਚਕਰ, ਵਧੇ ਚਕਰ।

ਚਕਰ ਬਾਰੇ ਉਨ੍ਹਾਂ ਨੇ ਲਿਖਿਆ, ਇਸਦੀ ਮਿੱਟੀ ਵਿੱਚ ਸਾਡੇ ਵੱਡ ਵਡੇਰਿਆਂ ਨੇ ਜਨਮ ਲਿਆ ਤੇ ਅਸੀਂ ਉਨ੍ਹਾਂ ਦੀ ਉਂਗਲ ਫੜ ਕੇ ਚੱਲਣਾ ਸਿੱਖਿਆ। ਇਸੇ ਮਿੱਟੀ 'ਚ ਅਸੀਂ ਵੱਡੇ ਹੋਏ ਤੇ ਦੁਨੀਆਦਾਰੀ ਸਿੱਖੀ। ਇਸ ਮਿੱਟੀ ਨੇ ਸਾਨੂੰ ਬੋਹੜਾਂ ਦੀ ਛਾਂ ਵਰਗੇ ਮਾਪੇ, ਮਿੱਠੇ ਮੇਵਿਆਂ ਵਰਗੇ ਧੀ-ਪੁੱਤ ਤੇ ਤੂਤ ਦੇ ਮੋਛਿਆਂ ਵਰਗੇ ਦੋਸਤ ਦਿੱਤੇ। ਇਸ ਦੇ ਖੇਤਾਂ ਨੇ ਪੀੜ੍ਹੀਆਂ ਤੋਂ ਸਾਡਾ ਢਿੱਡ ਭਰਿਆ ਹੈ। ਅਸੀਂ ਭਾਗਾਂ ਵਾਲੇ ਹਾਂ ਕਿ ਚਕਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੋਈ। ਉਨ੍ਹਾਂ ਦੀ ਮਿਹਰ ਨਾਲ ਚਕਰ ਪੰਜਾਬ ਦਾ ਨਾਮਵਰ ਪਿੰਡ ਬਣਿਆ। ਗੁਰੂ ਸਾਹਿਬਾਨ ਦੀ ਬਖ਼ਸ਼ੀ ਸੋਝੀ ਸਦਕਾ ਅਸੀਂ ਪੌਣ, ਪਾਣੀ ਤੇ ਧਰਤ ਦੀ ਮਹੱਤਤਾ ਨੂੰ ਸਮਝਦਿਆਂ ਦੁਨੀਆ ਸਾਹਮਣੇ ਸਰਬਸਾਂਝੇ ਕਾਰਜਾਂ ਨਾਲ ਵਿਕਾਸ ਦੀ ਮਿਸਾਲ ਪੇਸ਼ ਕੀਤੀ। ਅਸੀਂ ਚਾਹੁੰਦੇ ਹਾਂ, ਸਾਂਝੇ ਉੱਦਮ ਨਾਲ ਜਗਾਇਆ ਸਾਡਾ ਚੌਮੁਖੀਆ ਦੀਵਾ ਲਟ ਲਟ ਬਲਦਾ ਰਹੇ ਅਤੇ ਇਸ ਦੀਵੇ ਦੀ ਲੋਅ ਹੋਰਨਾਂ ਪਿੰਡਾਂ ਵਿੱਚ ਵੀ ਚਾਨਣ ਬਖੇਰੇ।

ਇੱਕੀਵੀਂ ਸਦੀ ਦੇ ਚੜ੍ਹਨ ਸਾਰ ਸਿੱਧੂ ਭਰਾਵਾਂ ਦੀ ਅਗਵਾਈ ਵਿਚ ਚਕਰ ਨੇ ਅਜਿਹਾ ਇਤਿਹਾਸ ਸਿਰਜਿਆ ਜਿਸਦੀ ਮਿਸਾਲ ਘੱਟ ਹੀ ਮਿਲਦੀ ਹੈ। ਚਕਰੀਆਂ ਨੇ ਆਪਣੇ ਆਪ ਨੂੰ ਪਛਾਣਿਆ ਤੇ ਆਪਣੀ ਪੱਧਰ 'ਤੇ ਪੰਜਾਬ ਅਤੇ ਭਾਰਤ ਨੂੰ ਮਾਡਲ ਪਿੰਡ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਯਕੀਨ ਹੈ ਕਿ ਜਿਸ ਦਿਨ ਸਰਕਾਰ ਵੀ ਉਨ੍ਹਾਂ ਨੂੰ ਸਹਿਯੋਗ ਦੇਣ ਲੱਗ ਪਈ, ਉਹ ਪੂਰੀ ਦੁਨੀਆ ਲਈ ਇਕ ਮਾਡਲ ਸਿਰਜ ਦੇਣਗੇ।

ਅਜਮੇਰ ਸਿੰਘ ਸਿੱਧੂ ਦਰਿਆਦਿਲ ਦਾਨੀ ਹੀ ਨਹੀਂ ਸੀ ਉਹ ਸਿਰੜੀ ਕਾਰ ਸੇਵਕ ਵੀ ਸੀ। ਉਸ ਦੀ ਅਗਵਾਈ ਵਿਚ ਕਹੀਆਂ ਨਾਲ ਨਾਲੀਆਂ ਪੁੱਟਣ ਦੇ ਕੰਮ ਕਰਨੇ, ਸੀਵਰੇਜ ਦੀਆਂ ਪਾਈਪਾਂ ਪਾਉਣੀਆਂ, ਹੌਦੀਆਂ ਬਣਾਉਣੀਆਂ ਤੇ ਹੋਰ ਸਾਂਝੇ ਕਾਰਜ ਕਰਨੇ ਨੌਜਵਾਨਾਂ ਦੇ ਸੁਭਾਅ ਵਿੱਚ ਸ਼ਾਮਲ ਹੋ ਗਏ। ਚਲਦੇ ਕੰਮ ਵਿੱਚ ਚੁਣੌਤੀਆਂ ਆਉਣੀਆਂ ਵੀ ਸੁਭਾਵਕ ਸਨ।

ਅਜਿਹਾ ਕਈ ਵਾਰ ਹੋਇਆ ਕਿ ਨੌਜਵਾਨਾਂ ਅੱਗੇ ਚੁਣੌਤੀਆਂ ਦੀਵਾਰ ਬਣ ਕੇ ਆ ਖੜ੍ਹਦੀਆਂ ਪਰ ਅਜਮੇਰ ਸਿੰਘ ਦੀ ਅਗਵਾਈ ਵਿਚ ਕੱਖ ਕਾਨ ਵਾਂਗ ਉਡ ਜਾਂਦੀਆਂ। ਇਕ ਵਾਰ ਸਾਰੀ ਰਾਤ ਕੰਮ ਕੀਤਾ ਗਿਆ ਕਿਉਂਕਿ ਰਾਤੋ ਰਾਤ ਰਸਤੇ ਨੂੰ ਚਾਲੂ ਕਰਨ ਬਾਰੇ ਫੈਸਲਾ ਲਿਆ ਗਿਆ ਸੀ। ਅਜਿਹੇ ਕੰਮਾਂ ਨੂੰ ਸਮੇਂ ਸਿਰ ਕਰਨ ਪਿੱਛੇ ਵੱਡੀ ਪ੍ਰੇਰਣਾ ਸੀਵਰੇਜ ਦੇ ਮੁੱਖ ਪ੍ਰਬੰਧਕ ਅਜਮੇਰ ਸਿੰਘ ਦੀ ਹਾਜ਼ਰੀ ਹੁੰਦੀ ਸੀ। ਕੋਈ ਵੀ ਕੰਮ ਚੱਲ ਰਿਹਾ ਹੁੰਦਾ ਉਹ ਇਸ ਵਿੱਚ ਹਿੱਸਾ ਲੈ ਕੇ ਖ਼ੁਸ਼ ਹੁੰਦਾ। ਇਹ ਕੰਮ ਚਾਹੇ ਇੱਟਾਂ ਢੋਣ ਦਾ ਹੁੰਦਾ, ਕਹੀ ਨਾਲ ਜ਼ਮੀਨ ਪੁੱਟਣ ਦਾ ਹੁੰਦਾ, ਇੱਟਾਂ ਦੀ ਚਿਣਾਈ ਦਾ ਹੁੰਦਾ ਭਾਵੇਂ ਪਲਸਤਰ ਕਰਨ ਦਾ ਹੁੰਦਾ। ਲੋਕਾਂ ਵਿਚ ਵਿਚਰ ਕੇ ਲੋਕ ਸੇਵਾ ਕਰਨ ਵਾਲਿਆਂ ਦਾ ਹੌਸਲਾ ਵਧਾਉਣ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਤੇ ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਦਾ ਉਹਦਾ ਆਪਣਾ ਤਰੀਕਾ ਸੀ। ਇਸਦੇ ਨਾਲ ਉਹ ਹਾਸਾ ਮਜ਼ਾਕ ਕਰਦਿਆਂ ਪੇਂਡੂਆਂ ਦਾ ਮਨੋਰੰਜਨ ਵੀ ਕਰਦਾ।

ਅਕਤੂਬਰ 2014 ਵਿਚ ਉਹ ਛੇ ਹਫ਼ਤਿਆਂ ਦੀ ਕਾਰ ਸੇਵਾ ਲਈ ਕੈਨੇਡਾ ਤੋਂ ਚਕਰ ਆਇਆ ਸੀ। ਦੋ ਹਫ਼ਤੇ ਬਾਅਦ ਉਹ ਬਿਮਾਰ ਹੋ ਗਿਆ ਤੇ ਡਾਕਟਰਾਂ ਦੇ ਕਹਿਣ ਉਤੇ ਵਾਪਸ ਟੋਰਾਂਟੋ ਪਰਤ ਗਿਆ। ਪਿੰਡ ਵਾਸੀਆਂ ਨੂੰ ਕਹਿ ਗਿਆ ਕਿ ਉਹ ਸਿਹਤਯਾਬ ਹੋ ਕੇ ਦੋ ਕੁ ਮਹੀਨਿਆਂ ਤਕ ਫਿਰ ਪਿੰਡ ਆਵੇਗਾ ਤੇ ਰਹਿ ਗਏ ਕੰਮ ਅਗਾਂਹ ਤੋਰਾਂਗੇ। ਟੋਰਾਂਟੋ ਜਾ ਕੇ ਪਤਾ ਲੱਗਾ ਉਸ ਨੂੰ ਕੈਂਸਰ ਹੋ ਗਈ ਹੈ। ਮੈਂ ਹਾਲ ਚਾਲ ਪੁੱਛਿਆ ਤਾਂ ਉਸ ਦਾ ਕਹਿਣਾ ਸੀ, ਬਾਈ ਜੀ, ਮੈਂ ਬੁਨਿਆਦੀ ਤੌਰ 'ਤੇ ਫਾਈਟਰ ਹਾਂ। ਕੈਂਸਰ ਨਾਲ ਤਕੜਾ ਹੋ ਕੇ ਫਾਈਟ ਕਰਾਂਗਾ। ਜਿੱਤ ਹਾਰ ਉਪਰਲੇ ਦੇ ਹੱਥ ਹੈ।

ਉਹ ਸੱਚਮੁੱਚ ਫਾਈਟਰ ਸੀ। ਹਨ੍ਹੇਰਿਆਂ ਵਿਰੁੱਧ ਲੜਨ ਵਾਲਾ ਤੇ ਚਾਨਣਾਂ ਦਾ ਛੱਟਾ ਦੇਣ ਵਾਲਾ ਸਿਦਕੀ ਜੋਧਾ। ਉਹ ਮਰਿਆ ਨਹੀਂ, ਉਹ ਅਜੇ ਵੀ ਜੂਝ ਰਿਹੈ ਤੇ ਚਕਰ ਦਾ ਚਾਨਣ ਮੁਨਾਰਾ ਬਣਿਆ ਸਦਾ ਨੂਰ ਵੰਡਦਾ ਰਹੇਗਾ। ਚਕਰ ਦੀਆਂ ਨਵੀਆਂ ਪੀੜ੍ਹੀਆਂ ਉਹਦੀ ਜਗਾਈ ਜੋਤ ਨੂੰ ਅੱਗੇ ਤੋਰਦੀਆਂ ਰਹਿਣਗੀਆਂ। ਜੀਵੇ ਚਕਰ ਜੀਵੇ ਅਜਮੇਰ! ਜੀਣ ਜੁਆਨ ਚਕਰ ਦੀ ਸ਼ਾਨ!

## ਸਰਵਉੱਚ ਅਦਾਲਤ ਵੱਲੋਂ ਜਮਹੂਰੀ ਹੱਕਾਂ ਦੇ ਮੁਦਈ ਅਤੇ ਬੁੱਧੀਜੀਵੀ ਗੌਤਮ ਨਵਲੱਖਾ ਅਤੇ ਆਨੰਦ ਤੇਲਤੂੰਬੜੇ ਦੀ ਅਗਾਊਂ ਜ਼ਮਾਨਤ ਰੱਦ ਕਰਨ ਦਾ ਹੁਕਮ ਮੰਦਭਾਗਾ ਅਤੇ ਬੇਇਨਸਾਫ਼ੀ ਭਰਿਆ - ਜਮਹੂਰੀ ਅਧਿਕਾਰ ਸਭਾ, ਪੰਜਾਬ



ਅੱਜ ਪ੍ਰੈੱਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ, ਪੰਜਾਬ ਨੇ, ਜਮਹੂਰੀ ਹੱਕਾਂ ਲਈ ਮੂਹਰਲੀਆਂ ਸਫ਼ਾਂ ਵਿਚ ਹੋ ਕੇ ਸੰਘਰਸ਼ ਕਰਨ ਵਾਲੇ, ਅਨੇਕਾਂ ਕਿਤਾਬਾਂ ਦੇ ਲੇਖਕ ਅਤੇ ਚੋਟੀ ਦੇ ਬੁੱਧੀਜੀਵੀਆਂ - ਗੌਤਮ ਨਵਲੱਖਾ ਅਤੇ ਅਨੰਦ ਤੇਲਤੂੰਬੜੇ ਦੀ ਭੀਮਾ ਕੋਰੇਗਾਓਂ ਦੀ ਘਟਨਾ ਨਾਲ ਸਬੰਧਿਤ ਇੱਕ ਬਿਲਕੁੱਲ ਝੂਠੇ ਕੇਸ ਵਿਚ, ਅਗਾਊਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰਨ ਅਤੇ ਤਿੰਨ ਹਫਤਿਆਂ ਦੇ ਅੰਦਰ ਕੌਮੀ ਤਫਤੀਸ਼ ਏਜੰਸੀ (ਐੱਨ.ਆਈ.ਏ) ਸਾਹਮਣੇ ਪੇਸ਼ ਹੋਣ ਦੇ ਸਰਵਉੱਚ ਅਦਾਲਤ ਦੇ ਫੈਸਲੇ ਨੂੰ ਮੰਦਭਾਗਾ, ਨਿਰਾਸ਼ਾਜਨਕ ਅਤੇ ਬੇਇਨਸਾਫ਼ੀ ਭਰਿਆ ਦੱਸਿਆ ਹੈ। ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ ਕੇ ਮਲੇਰੀ ਅਤੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਇਹਨਾਂ ਦੋਹਾਂ ਬੁੱਧੀਜੀਵੀਆਂ ਨੂੰ ਇਸ ਕੇਸ ਵਿਚ ਉਹਨਾਂ ਦੇ ਨਿਗਰ ਲੋਕ ਪੱਖੀ ਵਿਚਾਰਾਂ ਅਤੇ ਸਰਗਰਮੀਆਂ ਕਾਰਨ ਫਸਾਇਆ ਗਿਆ ਹੈ ਅਤੇ ਇਸ ਮਕਸਦ ਲਈ ਮਹਾਰਾਸ਼ਟਰ ਵਿਚ ਬੀ ਜੇ ਪੀ ਸਰਕਾਰ ਦੀ ਪੁਣੇ ਪੁਲਸ ਨੇ ਬਿਲਕੁੱਲ ਝੂਠੇ "ਸਬੂਤ" ਘੜੇ ਹਨ । ਇਸ ਤੋਂ ਪਹਿਲਾਂ ਪੁਲਸ ਨੇਂ ਇਸੇ ਮਾਮਲੇ ਦੇ ਬਹਾਨੇ 9 ਬੁਧੀਜੀਵੀ ਆਂ ਨੂੰ "ਗੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ" (ਯੂ.ਏ.ਪੀ.ਏ.) ਦੀਆਂ ਗੰਭੀਰ ਧਾਰਾਵਾਂ ਤਹਿਤ 2018 ਤੋਂ ਗ੍ਰਿਫਤਾਰ ਕਰਕੇ ਜੇਹਲ ਵਿਚ ਡੱਕਿਆ ਹੋਇਆ ਹੈ, ਜਿਨ੍ਹਾਂ ਵਿਚ ਸੁਧਾ ਭਾਰਦਵਾਜ, ਰੋਨਾ ਵਿਲਸਨ, ਸੁਰਿੰਦਰ ਗੈਡਲਿੰਗ, ਅਰੁਣ ਫਰੇਰਾ, ਵਰਵਰਾ ਰਾਓ ਅਤੇ ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ਼ ਆਦਿ ਸ਼ਾਮਿਲ ਹਨ। ਦੂਜੇ ਪਾਸੇ ਭੀਮਾ ਕੋਰੇਗਾਓਂ ਵਿਚ ਦਲਿਤਾਂ ਦੇ ਖਿਲਾਫ ਹਿੰਸਾ ਭੜਕਾਉਣ ਵਾਲੇ ਹਿੰਦੂਤਵੀ ਆਗੂ - ਸੰਭਾਜੀ ਭੀੜੇ ਅਤੇ ਮਿਲਿੰਦ ਏਕਬੋਟੇ, ਹਕੂਮਤੀ ਛਤਰ ਛਾਇਆ ਵਿਚ ਖੁੱਲੇ ਘੁੰਮ ਰਹੇ ਹਨ।

ਕੁਝ ਖੋਜੀ ਪੱਤਰਕਾਰਾਂ ਅਤੇ ਨਿਰਪੱਖ ਕੰਪਿਊਟਰ ਮਾਹਰਾਂ ਵੱਲੋਂ ਰੋਨਾ ਵਿਲਸਨ ਦੇ ਕੰਪਿਊਟਰ ਤੋਂ ਮਿਲੇ ਕੁਝ ਕਥਿਤ ਇਤਰਾਜ਼ਯੋਗ ਦਸਤਾਵੇਜ਼ਾਂ ਦੀ ਘੋਖ ਪੜਤਾਲ ਤੋਂ ਬਾਅਦ ਇਹ ਸਿੱਟਾ ਕੱਢਿਆ ਗਿਆ ਹੈ ਕਿ ਇਹ ਦਸਤਾਵੇਜ਼ ਦੂਰੋਂ-ਕੰਟਰੋਲ ਰਾਹੀਂ ਉਸ ਦੇ ਕੰਪਿਊਟਰ ਉੱਪਰ ਪਾਏ ਗਏ ਹਨ। ਜਦੋਂ ਹਾਲੀਆ ਵਿਧਾਨ ਸਭਾ ਚੋਣਾਂ ਤੋਂ ਬਾਅਦ ਮਹਾਰਾਸ਼ਟਰ ਵਿਚ ਨਵੀਂ ਸਰਕਾਰ ਬਣੀ ਅਤੇ ਉਸਨੇਂ ਇਸ ਸਾਰੇ ਮਾਮਲੇ ਦੀ ਨਵੇਂ ਸਿਰਿਓਂ ਤਫਤੀਸ਼ ਕਰਨ ਲਈ "ਵਿਸ਼ੇਸ਼ ਜਾਂਚ ਟੀਮ" ਬਣਾਉਣ ਦਾ ਫ਼ੈਸਲਾ ਲਿਆ ਤਾਂ ਕੇਂਦਰ ਦੀ ਭਾਜਪਾ ਸਰਕਾਰ ਨੇਂ ਆਪਣਾ ਝੂਠ ਨੰਗਾ ਹੋਣ ਤੋਂ ਬਚਾਉਣ ਲਈ, ਇਹ ਕੇਸ ਪੁਣੇ ਪੁਲਸ ਤੋਂ ਖੋਹ ਕੇ ਕੌਮੀ ਤਫਤੀਸ਼ ਏਜੰਸੀ ਦੇ ਹਵਾਲੇ ਕਰ ਦਿੱਤਾ ਜਿਸ ਦੀ ਭਰੋਸੇਯੋਗਤਾ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿਚ ਹੈ।

ਸਭਾ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਜਮਹੂਰੀ ਹੱਕਾਂ ਦੀ ਲਹਿਰ ਦੇ ਆਗੂਆਂ ਅਤੇ ਬੁਧੀਜੀਵੀਆਂ ਵਿਰੁੱਧ ਦਰਜ ਭੀਮਾ ਕੋਰੇਗਾਓਂ ਕੇਸ ਰੱਦ ਕੀਤੇ ਜਾਣ ਅਤੇ ਉਹਨਾਂ ਨੂੰ ਤੁਰੰਤ ਜੇਹਲਾਂ ਚੋਂ ਰਿਹਾ ਕੀਤਾ ਜਾਵੇ । ਸਭਾ ਦੇ ਆਗੂਆਂ ਨੇਂ ਸਾਰੀਆਂ ਇਕਾਈਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਸਮਰਥਾ ਅਨੁਸਾਰ ਗੌਤਮ ਨਵਲੱਖਾ ਅਤੇ ਅਨੰਦ ਤੇਲਤੂੰਬੜੇ ਦੀ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਗਟਾਉਣ।

**ਬੂਟਾ ਸਿੰਘ ਪ੍ਰੈੱਸ ਸਕੱਤਰ,**
**ਜਮਹੂਰੀ ਅਧਿਕਾਰ ਸਭਾ, ਪੰਜਾਬ**




# ਪੈਪਸੂ ਲਹਿਰ ਤੇ ਪੁਸਤਕ

ਖੇਤੀਂ ਉੱਗੇ ਸੂਰਖ਼ ਸਵੇਰੇ ਇੱਕ ਇਤਿਹਾਸਕ ਨਾਟਕ ਹੈ। ਇਸ ਦੇ ਲੇਖਕ ਡਾਕਟਰ ਜਗਜੀਤ ਸਿੰਘ ਕੋਮਲ ਹਨ। ਇਸ ਨਾਟਕ ਵਿੱਚ ਮੁਜ਼ਾਰਿਆਂ ਦੀ ਬਿਸਵੇਦਾਰਾਂ ਨਾਲ ਲੜਾਈ ਹੈ। ਕਮਾਲ ਦੀ ਰਚਨਾ ਹੈ। ਸਧਾਰਨ ਕਿਸਾਨ ਬਹੁਤ ਹੀ ਬਹਾਦਰੀ ਨਾਲ ਆਪਣੇ ਹੱਕਾਂ ਲਈ ਪੁਲਿਸ, ਫੌਜ ਤੇ ਬਿਸਵੇਦਾਰਾਂ ਦੇ ਗੁੰਡਿਆਂ ਨਾਲ ਰਵਾਇਤੀ ਹਥਿਆਰਾਂ ਨਾਲ ਮੁਕਾਬਲਾ ਕਰਦੇ ਹਨ। ਇਸ ਨਾਟਕ ਦੀ ਕਹਾਣੀ ਮਾਨਸਾ ਜਿਲੇ ਦੇ ਪਿੰਡ ਕਿਸਨਗੜ ਦੀ ਹੈ, ਜਿਹੜਾ ਬਟੇਰਾ ਮੰਡੀ ਦੇ ਕੋਲ ਹੈ। ਉਂਝ ਉਸ ਸਮੇਂ ਪੂਰੀ ਪਟਿਆਲਾ ਰਿਆਸਤ ਦੇ ਪਿੰਡ ਹੀ ਮੁਜ਼ਾਰਿਆਂ ਦੇ ਸਨ। ਬਿਸਵੇਦਾਰਾਂ ਨੇ ਆਪਣੀਆਂ ਦੁੱਧ ਮੱਖਣਾਂ ਨਾਲ ਪਾਲ਼ੀਆਂ ਧੀਆਂ ਇੱਕ ਰਾਜੇ ਦੇ ਤਬੇਲੇ ’ਚ ਬੰਨ੍ਹ ਦਿੱਤੀਆਂ ਸਨ, ਬੱਸ ਇਸੇ ਵਾਸਤੇ



ਕਿ ਉਹ ਆਪਣੇ ਹੀ ਪਿੰਡਾਂ ਦੇ ਕਿਸਾਨਾਂ ਦੀ ਜ਼ਮੀਨ ਦੇ ਮਾਲਕ ਬਣ ਜਾਣ। ਨਾਟਕ ਵਿੱਚ ਪਤਾ ਲਗਦਾ ਹੈ ਕਿ ਲਾਲ ਪਾਰਟੀ ਦੇ ਨੁਮਾਇੰਦੇ ਕਿੰਝ ਆਪਣੀ ਜਾਨ ’ਤੇ ਖੇਲ ਜਾਂਦੇ ਹਨ। ਪਤਾ ਚੱਲਦਾ ਹੈ ਕਿ ਦਿਲ ਵਾਲੇ ਬਾਣੀਏ ਕਿਵੇਂ ਜੱਟਾਂ ਦੀ ਮੱਦਦ ਕਰਦੇ ਹਨ। ਹੋਰ ਵੀ ਬਹੁਤ ਕੁਛ ਪਤਾ ਚੱਲਦਾ ਹੈ ਜਿਵੇਂ ਕਿ ਮਾਸਟਰ ਤਾਰਾ ਸਿੰਘ ਦਾ ਅਕਾਲੀ ਧੜਾ ਬਿਸਵੇਦਾਰਾਂ ਦੇ ਹੱਕ ਵਿੱਚ ਸੀ। ਕਾਂਗਰਸ ਪਾਰਟੀ ਸਰਮਾਏਦਾਰੀ ਜਮਾਤ ਦੀ ਪਾਰਟੀ ਹੁੰਦੇ ਹੋਏ ਵੀ ਮੁਜ਼ਾਰਿਆਂ ਨੂੰ ਜ਼ਮੀਨ ਦਿਵਾ ਗਈ, ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਸਰਮਾਏਦਾਰੀ ਨੇ ਬਿਸਵੇਦਾਰਾਂ ਦੇ ਖੰਡਰਾਂ ’ਤੇ ਹੀ ਉਸਰਨਾ ਹੈ। ਅੱਜ ਵੀ ਇਸ ਲੜਾਈ ਨੂੰ ਜਿੱਤਣ ਵਾਲੇ ਜੋਧੇ ਪੰਜਾਬ ਦੇ ਪਿੰਡਾਂ ਵਿੱਚ ਵੱਸਦੇ ਨੇ, ਖ਼ਾਸ ਕਰਕੇ ਪਿੰਡ




ਕਿਸਨਗੜ ਵਿੱਚ ਹਾਲੇ ਵੀ ਉਹ ਹੋਣਗੇ। ਉਹਨਾਂ ਦੇ ਪੁੱਤ ਪੋਤਿਆਂ ਨੂੰ ਆਪਣੇ ਪਿਛੋਕੜ ’ਤੇ ਜ਼ਰੂਰ ਝਾਤ ਮਾਰਨੀ ਚਾਹੀਂਦੀ ਹੈ... ਇਸ ਕਹਾਣੀ ਦਾ ਸਮਾਂ ਸੰਨ 1947 ਤੋਂ ਸੰਨ 1952 ਦਾ ਹੈ।

- ਗੁਰਮੇਲ ਬੀਰੋਕੇ


ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2020 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla BSc.Pharm
Satvachan Lal B.Sc.Pharm
#1150, 4818 Westwindus Drive NE. Calgary
403-293-9360

'The name people trust and recommend' Over 30 years of experience in Immigration Matters
HAYER LAW OFFICE
Immigration Law
- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases
DALWINDER HAYER
M.A. (Eco.) LL.B., LL.M
Barrister, Solicitor and Notary Public
SITAL (TINA)
B.A., LL.B. (Hons.) L.L.M.
Tel : 78377-00046 | Chandigarh (India)
AMANDEEP HAYER
B.A., J.D. (Canada) J.D. (U.S.)
Barrister, Solicitor, Notary Public
BALJINDER HAYER
Immigration Consultant & Public Notary
T0 SERVE OUR CLIENTS BETTER, WE FREQUENTLY VISIT INDIA.
Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca

Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LETER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO, CUBA, SOUTH AMERICA, CHINA, PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜ਼ਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)
Call us now @ 403-668-4800
www.Tripsbooker.ca
3650 Westwinds Drive NE, Suite #105, Calgary AB T3J 0W9
Email:reservation@Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

# ਬਜਟ: ਵਾਅਦੇ ਤੇ ਜੁਮਲੇ



ਨਰਾਇਣ ਦੱਤ

ਕੇਂਦਰੀ ਜਾਂ ਸੂਬਾਈ ਸਰਕਾਰਾਂ ਵੱਲੋਂ ਹਰ ਸਾਲ ਪੇਸ਼ ਕੀਤਾ ਜਾਣ ਵਾਲਾ ਬਜਟ ਉਸ ਵੱਲੋਂ ਲੋਕਾਂ ਨਾਲ ਚੋਣਾਂ ਮੌਕੇ ਕੀਤੇ ਵਾਅਦਿਆਂ ਅਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਦਿਸ਼ਾ ਵੱਲ ਸੇਧਤ ਹੋਣਾ ਚਾਹੀਦਾ ਹੈ। ਜਿਵੇਂ ਕੇਂਦਰੀ ਬਜਟ ਵਿਚ ਦੇਸੀ-ਵਿਦੇਸ਼ੀ ਘਰਾਣਿਆਂ ਨੂੰ ਲੱਖਾਂ ਕਰੋੜਾਂ ਦੀਆਂ ਛੋਟਾਂ ਨਾਲ ਨਿਵਾਜਿਆ ਗਿਆ ਹੈ, ਉਸ ਤਰ੍ਹਾਂ ਪੰਜਾਬ ਦੇ ਖ਼ਜ਼ਾਨਾ ਮੰਤਰੀ ਨੇ ਇਨ੍ਹਾਂ ਘਰਾਣਿਆਂ ਦੇ ਹਿੱਤ ਪੂਰਨ ਦੀ ਪੂਰੀ ਵਾਹ ਲਾਈ ਹੈ। ਸੱਚਾਈ ਇਹ ਹੈ ਕਿ 2013-14 ਵਿਚ ਪੰਜਾਬ ਸਿਰ 1,02,234 ਕਰੋੜ ਰੁਪਏ ਕਰਜ਼ ਦੀ ਪੰਡ ਹੁਣ 2,48,236 ਕਰੋੜ ਰੁਪਏ ਦੇ ਅੰਕੜੇ ਨੂੰ ਛੂਹ ਗਈ ਹੈ। ਜਿਸਦਾ ਸਿੱਟਾ ਇਹ ਹੈ ਪੰਜਾਬ ਦੇ ਹਰ ਵਾਸੀ ਦੇ ਹਿੱਸੇ 70,000 ਰੁਪਏ ਦਾ ਕਰਜ਼ਾ ਹੋ ਗਿਆ ਹੈ। ਅਸਲ ਵਿਚ ਇਹ ਬਜਟ ਪੰਜਾਬ ਦੇ ਲੋਕਾਂ ਸਿਰ ਮੜ੍ਹੇ ਕਰਜ਼ੇ ਨੂੰ ਵਿਧਾਨ ਸਭਾ ਰਾਹੀਂ ਮਨਜ਼ੂਰੀ ਲੈ ਕੇ ਲੋਕਾਂ ਉੱਪਰ ਮੜ੍ਹਨ ਦਾ ਜ਼ਰੀਆ ਬਣ ਗਿਆ ਹੈ। ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਘਾਟੇ ਦਾ ਬਜਟ ਇਸ ਗੱਲ ਦਾ ਸੂਚਕ ਹੈ ਕਿ ਸਰਕਾਰ ਹੋਰ ਵੱਧ ਟੈਕਸਾਂ ਦਾ ਬੋਝ ਕਮਾਊ ਲੋਕਾਂ ਉੱਪਰ ਮੜ੍ਹੇਗੀ। ਘਰ-ਘਰ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਕਾਂਗਰਸੀ ਹਕੂਮਤ ਨੇ ਲੋਕਾਂ ਨਾਲ ਕੀਤੇ ਵਾਅਦੇ ਵਿਸਾਰ ਦਿੱਤੇ ਹਨ। ਫੋਕੇ ਵਾਅਦਿਆਂ ਨਾਲ ਲੋਕਾਂ ਦਾ ਢਿੱਡ ਨਹੀਂ ਭਰਿਆ ਜਾ ਸਕਦਾ। ਪੜ੍ਹੇ ਲਿਖੇ ਨੌਜਵਾਨ ਰੁਜ਼ਗਾਰ ਹਾਸਲ ਕਰਨ ਲਈ ਹਕੂਮਤਾਂ ਤੋਂ ਡਾਂਗਾਂ ਦਾ ਸੇਕ ਆਪਣੇ ਪਿੰਡਿਆਂ ’ਤੇ ਝੱਲ ਰਹੇ ਹਨ। ਅਕਾਲੀ-ਭਾਜਪਾ ਸਰਕਾਰ ਸਮੇਂ ਬਠਿੰਡਾ ਸ਼ਹਿਰ ਸੰਘਰਸ਼ ਦੇ ਅਖਾੜਿਆਂ ਵਿਚ ਤਬਦੀਲ ਹੋਇਆ ਰਿਹਾ ਸੀ। ਹੁਣ ਸੰਗਰੂਰ ਅਤੇ ਪਟਿਆਲਾ ਬੇਰੁਜ਼ਗਾਰਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਆਂਗਨਵਾੜੀ ਵਰਕਰਾਂ, ਮਿਡ ਡੇਅ ਮੀਲ ਕਾਮਿਆਂ ਅਤੇ ਬੇਰੁਜ਼ਗਾਰਾਂ ਦੇ ਸੰਘਰਸ਼ਾਂ ਦਾ ਕੇਂਦਰ ਬਣ ਗਿਆ ਹੈ।

ਕੋਈ ਦਿਨ ਅਜਿਹਾ ਨਹੀਂ ਹੁੰਦਾ ਜਦੋਂ ਖਾਕੀ ਵਰਦੀ ਦੀਆਂ ਡਾਂਗਾਂ ਦੀ ਦਹਿਸ਼ਤ ਪਟਿਆਲਾ ਦੀਆਂ ਸੜਕਾਂ ’ਤੇ ਨੰਗਾ ਨਾਚ ਨਾ ਨੱਚਦੀ ਹੋਵੇ। ਮੋਦੀ ਹਕੂਮਤ ਦੇ ਜਿਸ ਤਰ੍ਹਾਂ ਹਰ ਸਾਲ ਦੋ ਕਰੋੜ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਜੁਮਲੇ ਸਾਬਤ ਹੀ ਨਹੀਂ ਹੋਏ ਸਗੋਂ ਪੇਂਡੂ ਖੇਤਰ ਦੇ ਇਕ ਕਰੋੜ ਦਸ ਲੱਖ ਲੋਕਾਂ ਦਾ ਰੁਜ਼ਗਾਰ ਵੀ ਖੁੱਸ ਗਿਆ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਵੀ ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ ਦੀ ਨੀਤੀ ਰਾਹੀਂ ਕਿਰਤੀਆਂ ਦੀ ਆਊਟਸੋਰਸਿੰਗ/ਠੇਕੇਦਾਰੀ ਪ੍ਰਬੰਧ ਰਾਹੀਂ ਰੱਤ ਨਿਚੋੜ ਰਹੀ ਹੈ। ਬੁਨਿਆਦੀ ਲੋੜਾਂ ਸਿੱਖਿਆ ਅਤੇ ਸਿਹਤ ਉੱਪਰ ਭਾਵੇਂ ਹਜ਼ਾਰਾਂ ਕਰੋੜਾਂ ਰੁਪਏ ਰੱਖੇ ਗਏ ਹਨ, ਪਰ ਸੱਚ ਇਹ ਹੈ ਕਿ ਸਿਵਲ ਹਸਪਤਾਲ ਵਿਚ ਡਾਕਟਰਾਂ ਤੋਂ ਲੈ ਕੇ ਪੈਰਾ ਮੈਡੀਕਲ ਅਤੇ ਚੌਥਾ ਦਰਜਾ ਕਾਮਿਆਂ ਦੀਆਂ ਹਜ਼ਾਰਾਂ ਅਸਾਮੀਆਂ, ਹਜ਼ਾਰਾਂ ਅਧਿਆਪਕਾਂ ਦੀਆਂ ਲੰਬੇ ਸਮੇਂ ਤੋਂ ਖਾਲੀ ਅਸਾਮੀਆਂ ਕਾਰਨ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਪੜ੍ਹਾਈ ਮੰਦੇਹਾਲ ਹੈ।

ਸਰਕਾਰੀ ਕਾਲਜਾਂ ਦਾ ਸਭ ਤੋਂ ਮਾੜਾ ਹਾਲ ਹੈ ਜਿੱਥੇ 25% ਤੋਂ ਵੀ ਘੱਟ ਸਟਾਫ ਨਾਲ ਬੁੱਤਾ ਸਾਰਿਆ ਜਾ ਰਿਹਾ ਹੈ। ਮਜ਼ਦੂਰਾਂ ਲਈ ਰੱਖੇ 542 ਕਰੋੜ ਰੁਪਏ ਲਾਲੀਪਾਪ ਤੋਂ ਵੱਧ ਕੁਝ ਨਹੀਂ ਕਿਉਂਕਿ ਪਿਛਲੇ ਸਮੇਂ ਇਕ ਮਜ਼ਦੂਰ ਜਥੇਬੰਦੀ ਵੱਲੋਂ ਕੀਤੇ ਸਰਵੇ ਅਨੁਸਾਰ ਮਜ਼ਦੂਰਾਂ ਸਿਰ ਸਭ ਤੋਂ ਵਧੇਰੇ ਕਰਜ਼ਾ ਪੇਂਡੂ ਧਨਾਢਾਂ ਦਾ ਹੈ, ਜਿੱਧਰ ਵਿੱਤ ਮੰਤਰੀ ਨੇ ਨਜ਼ਰ ਵੀ ਨਹੀਂ ਘੁੰਮਾਈ। ਇਸੇ ਤਰ੍ਹਾਂ ਕਾਂਗਰਸੀ ਹਕੂਮਤ ਦੇ ਮੁਖੀ ਨੇ 2017 ਦੀਆਂ ਚੋਣਾਂ ਮੌਕੇ ਪੰਜਾਬ ਵਿਚੋਂ ਇਕ ਮਹੀਨੇ ਵਿਚ ਨਸ਼ਿਆਂ ਦਾ ਖਾਤਮਾ, ਟਰਾਂਸਪੋਰਟ, ਰੇਤ, ਸ਼ਰਾਬ, ਕੇਬਲ ਮਾਫੀਆ ਨੂੰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ। ਨਸ਼ਿਆਂ ਦੇ ਸੌਦਾਗਰਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁੱਟਣ ਦਾ ਗੱਜ ਵੱਜਕੇ ਐਲਾਨ ਕੀਤਾ ਸੀ, ਪਰ ਵੱਡੇ ਨਸ਼ਿਆਂ ਦੇ ਸੌਦਾਗਰਾਂ ਨੂੰ ਨੱਥ ਪਾਉਣਾ ਤਾਂ ਇਕ ਪਾਸੇ ਰਿਹਾ, ਇਕ ਵੀ ਵੱਡੀ ਮੱਛੀ ਨੂੰ ਤੱਤੀ ਵਾਹ ਨਹੀਂ ਲੱਗੀ। ਇਸ ਬਜਟ ਵਿਚ ਇਨ੍ਹਾਂ ਮਸਲਿਆਂ ’ਤੇ ਵਿੱਤ ਮੰਤਰੀ ਦੀ ਸਵੱਲੀ ਨਜ਼ਰ ਨਹੀਂ ਪਈ।

ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀ 6% ਕਿਸ਼ਤ ਅਤੇ ਨਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਬਜਟ ਵਿਚ ਕੋਈ ਰਕਮ ਨਾ ਰੱਖਣਾ ਵੀ ਜੁਮਲਾ ਸਾਬਤ ਹੋਣ ਵੱਲ ਜਾਵੇਗਾ ਜਿਸਦੀ ਕੋਈ ਵਿਉਂਤਬੰਦੀ ਹੀ ਨਹੀਂ ਹੈ। ਕੇਂਦਰੀ ਹਕੂਮਤ ਕਿਸਾਨਾਂ ਨਾਲ ਕੀਤੇ ਵਾਅਦੇ ਅਨੁਸਾਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਫ਼ਸਲਾਂ ਦੇ ਭਾਅ ਮਿੱਥਣ ਤੋਂ ਭੱਜ ਗਈ ਤਾਂ ਪੰਜਾਬ ਸਰਕਾਰ ਵੀ 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਕਰਜ਼ਾ ਕੁਰਕੀ ਖ਼ਤਮ ਅਤੇ ਫ਼ਸਲਾਂ ਦੀ ਪੂਰੀ ਰਕਮ ਦੇ ਵਾਅਦੇ ਤੋਂ ਮੁੱਕਰ ਗਈ ਹੈ। ਪਹਿਲਾਂ ਪੰਜਾਬ ਸਰਕਾਰ ਕਿਸਾਨਾਂ ਦਾ ਪੂਰਾ ਕਰਜ਼ਾ ਖ਼ਤਮ ਕਰਨ ਦੇ ਵਾਅਦੇ ਤੋਂ ਭੱਜ ਕੇ ਪੰਜ ਏਕੜ ਦੀ ਮਾਲਕੀ ਵਾਲੇ ਕਿਸਾਨਾਂ ਦਾ ਸਿਰਫ਼ ਦੋ ਲੱਖ ਤਕ ਦਾ ਕਰਜ਼ਾ ਮੁਆਫ ਕਰਨ ’ਤੇ ਆਈ ਜੋ ਦਸ ਹਜ਼ਾਰ ਕਰੋੜ ਰੁਪਏ ਦੇ ਕਰੀਬ ਬਣਦਾ ਹੈ। ਤਿੰਨ ਸਾਲ ਦਾ ਸਮਾਂ ਬੀਤਣ ਬਾਅਦ ਵੀ ਸਰਕਾਰ ਨੇ ਹਾਲੇ ਤੱਕ ਸਿਰਫ਼ 4500 ਕਰੋੜ ਰੁਪਏ ਹੀ ਮੁਆਫ਼ ਕੀਤਾ ਹੈ। ਇਸ ਬਜਟ ਵਿਚ ਵੀ ਦੋ ਹਜ਼ਾਰ ਕਰੋੜ ਰੁਪਏ ਰੱਖ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਚਿੱਟੀ ਸਰਕਾਰ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਵੀ ਕਰਜ਼ੇ ਨੂੰ ਖ਼ਤਮ ਨਹੀਂ ਕਰੇਗੀ। ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਇਕ ਲੱਖ ਕਰੋੜ ਤੋਂ ਟੱਪ ਗਈ ਹੈ। ਇਨ੍ਹਾਂ ਨੀਤੀਆਂ ਕਾਰਨ ਜਦੋਂ ਕਰਜ਼ ਦਾ ਸੰਕਟ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ ਤਾਂ ਕਿਸਾਨਾਂ ਅਤੇ ਮਜ਼ਦੂਰਾਂ ਦੀ ਖ਼ੁਦਕੁਸ਼ੀਆਂ ਦੀ ਦਰ ਵਧਦੀ ਜਾ ਰਹੀ ਹੈ। ਖੇਤਾਂ ਵਿਚ ਖ਼ੁਦਕੁਸ਼ੀਆਂ ਦੀ ਖੇਤੀ ਉੱਗ ਰਹੀ ਹੈ। ਇਸ ਬਜਟ ਵਿਚ ਖ਼ੁਦਕੁਸ਼ੀਆਂ ਰੋਕਣ ਅਤੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਲਈ ਬਜਟ ਵਿਚ ਕੋਈ ਰਕਮ ਰਾਖਵੀਂ ਹੀ ਨਾ ਰੱਖਣਾ ਵੀ ਸਰਕਾਰ ਦੇ ਕਿਸਾਨ ਵਿਰੋਧੀ ਰਵੱਈਏ ਦੀ ਮੂੰਹ ਬੋਲਦੀ ਤਸਵੀਰ ਹੈ। ਜਦੋਂਕਿ ਕਿਸਾਨ ਜਥੇਬੰਦੀਆਂ ਦੀ ਮੰਗ ਹੈ ਕਿ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਾਰਾ ਕਰਜ਼ਾ ਸਰਕਾਰੀ ਅਤੇ ਪ੍ਰਾਈਵੇਟ ਖ਼ਤਮ ਕੀਤਾ ਜਾਵੇ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਪਾਸੇ ਤਾਂ ਸਰਕਾਰ ਨੇ ਪਾਸਾ ਹੀ ਫੇਰ ਲਿਆ ਹੈ।



ਬਜਟ ਵਿਚ ਸਾਰਾ ਜ਼ੋਰ ਸਰਕਾਰ ਨੇ ਫ਼ਸਲੀ ਚੱਕਰ ਬਦਲਣ ’ਤੇ ਲਾਇਆ ਹੈ ਜਦੋਂ ਕਿ ਸੱਚਾਈ ਇਹ ਹੈ ਕਿ ਕਿਸਾਨ ਕਣਕ, ਝੋਨੇ ਤੋਂ ਬਿਨਾਂ ਜਦੋਂ ਵੀ ਬਦਲਵੀਂ ਫ਼ਸਲ (ਸੂਰਜਮੁਖੀ, ਕਪਾਹ, ਨਰਮਾ, ਸਰੋਂ ਜਾਂ ਦਾਲਾਂ) ਬੀਜਦਾ ਹੈ ਤਾਂ ਉਸ ਨੂੰ ਆਪਣੀ ਫ਼ਸਲ (500 ਰੁਪਏ ਤੋਂ ਲੈ ਕੇ 1000 ਰੁਪਏ ਪ੍ਰਤੀ ਕੁਇੰਟਲ) ਘਾਟੇ ਵਿਚ ਮੰਡੀ ਵਿਚ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਇਕ ਹੋਰ ਫ਼ਸਲ ਗੰਨਾ ਪੰਜਾਬ ਦੇ ਕਿਸਾਨ ਬੀਜਦੇ ਹਨ, ਜਿਸਦੀ ਅਦਾਇਗੀ ਲਈ ਕਿਸਾਨਾਂ ਨੂੰ ਸੜਕਾਂ ਅਤੇ ਰੇਲ ਜਾਮ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਹਾਲਾਤ ਇਹ ਬਣ ਗਏ ਹਨ ਕਿ ਸਰਕਾਰ ਕਣਕ ਅਤੇ ਝੋਨੇ ਦੀ ਖ਼ਰੀਦ ਵੀ 50% ਘਟਾਉਣ ਦੇ ਕਿਸਾਨ ਵਿਰੋਧੀ ਫ਼ੈਸਲੇ ਲੈ ਰਹੀ ਹੈ। ਅਸਲ ਵਿਚ ਸਰਕਾਰ ਕਣਕ ਝੋਨੇ ਦੀ ਖ਼ਰੀਦ ਤੋਂ ਵੀ ਭੱਜਣ ਦੇ ਬਹਾਨੇ ਲੱਭ ਰਹੀ ਹੈ। ਪੰਜਾਬ ਅੰਦਰ ਸਭ ਤੋਂ ਚਰਚਿਤ ਮਸਲੇ ਝੋਨੇ ਦੀ ਪਰਾਲੀ ਸਾਂਭਣ ਦਾ ਕੋਈ ਹੱਲ ਨਹੀਂ ਪੇਸ਼ ਕੀਤਾ ਗਿਆ, ਨਾ ਫ਼ਸਲਾਂ ਦੀ ਬੀਮਾ ਸੁਰੱਖਿਆ ਲਈ ਕੋਈ ਰਕਮ ਰੱਖੀ ਗਈ ਹੈ। ਇਸ ਬਜਟ ਵਿਚ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਪੂਰੇ ਭਾਅ ’ਤੇ ਖ਼ਰੀਦਣ ਅਤੇ ਫ਼ਸਲਾਂ ਦੀ ਅਦਾਇਗੀ ਸਮੇਂ ਸਿਰ ਕਰਨ ਦੀ ਕੋਈ ਯੋਜਨਾ ਨਹੀਂ ਹੈ। ਆਗੂਆਂ ਨੇ ਕਿਹਾ ਕਿ ਅਸਲ ਵਿਚ ਸਰਕਾਰਾਂ ਕੋਲ ਕੋਈ ਖੇਤੀ ਨੀਤੀ ਹੀ ਨਹੀਂ ਹੈ ਜਦੋਂਕਿ ਹਾਲੇ ਵੀ ਮੁਲਕ ਦੀ 60% ਵਸੋਂ ਖੇਤੀ ਉੱਪਰ ਨਿਰਭਰ ਹੈ। ਮੁਲਕ ਭਰ ਦੀਆਂ 250 ਦੇ ਲਗਪਗ ਕਿਸਾਨ ਜਥੇਬੰਦੀਆਂ ਨੇ ਪਿਛਲੇ ਸਾਲ ਸੰਸਦ ਵੱਲ ਮਾਰਚ ਕਰਕੇ ਮੰਗ ਕੀਤੀ ਸੀ ਕਿ ਖੇਤੀ ਸੰਕਟ (ਪੇਂਡੂ ਸੱਭਿਅਤਾ) ਦੇ ਸੰਕਟ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ, ਪਰ ਸਰਕਾਰ ਨੇ ਕਿਸਾਨਾਂ ਦੀ ਇਸ ਮੰਗ ਨੂੰ ਅਣਗੌਲਿਆਂ ਕੀਤਾ ਹੋਇਆ ਹੈ। ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਸੰਕਟ ਆਏ ਦਿਨ ਹੋਰ ਗਹਿਰਾ ਹੁੰਦਾ ਜਾ ਰਿਹਾ ਹੈ। ਇਸ ਬਜਟ ਵਿਚ ਵੀ ਕੇਂਦਰ ਦੀ ਤਰਜ਼ ’ਤੇ ਦੇਸੀ ਵਿਦੇਸ਼ੀ ਘਰਾਣਿਆਂ ਲਈ ਟੈਕਸ ਛੋਟਾਂ ਅਤੇ ਸਸਤੀ ਬਿਜਲੀ ਦੇਣ ਦੀ ਜ਼ਰੂਰ ਝੜੀ ਲਾਈ ਹੋਈ ਹੈ। ਪਹਿਲਾਂ ਹੀ ਅਮੀਰਾਂ ਦੀ ਕਤਾਰ ਵਿਚ ਸ਼ੁਮਾਰ ਸਨਅਤਕਾਰਾਂ ਨੂੰ ਟੈਕਸ ਛੋਟਾਂ ਤੋਂ ਅੱਗੇ ਪੰਜ ਰੁਪਏ ਯੂਨਿਟ ਸਸਤੀ ਬਿਜਲੀ ਦੇਣ ਦਾ ਵਾਅਦਾ ਕਰਕੇ 9 ਰੁਪਏ ਪ੍ਰਤੀ ਯੂਨਿਟ ਅਦਾ ਕਰਨ ਵਾਲੇ ਪੰਜਾਬ ਵਾਸੀਆਂ ਨੂੰ ਆਉਣ ਵਾਲੇ ਸਮੇਂ ਵਿਚ ਹੋਰ ਮਹਿੰਗੀ ਬਿਜਲੀ ਦੇ ਦਰਸ਼ਨ ਦੀਦਾਰ ਹੋਣਗੇ। ਕੁੱਲ ਮਿਲਾ ਕੇ ਇਹ ਬਜਟ ਪੰਜਾਬ ਦੇ ਲੋਕਾਂ ਨਾਲ ਇਕ ਵਾਰ ਹੋਰ ਧੋਖਾ ਸਾਬਤ ਹੋਵੇਗਾ। ਕੇਂਦਰ ਸਰਕਾਰ ਵਾਂਗ ਪੰਜਾਬ ਦੀ ਕੈਪਟਨ ਸਰਕਾਰ ਨੇ ਵੀ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ, ਬੇਰੁਜ਼ਗਾਰਾਂ ਅਤੇ ਹੋਰ ਮਿਹਤਕਸ਼ ਲੋਕਾਂ ਨੂੰ ਕੰਗਾਲੀ ਵੱਲ ਧੱਕ ਦਿੱਤਾ ਹੈ ਅਤੇ ਲੋਕਾਂ ਨੂੰ ਜਿਉਂਦੇ ਰਹਿਣ ਲਈ ਸੰਘਰਸ਼ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਰਿਹਾ ਹੈ। ਹਾਕਮ ਜਮਾਤਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਮਹਿੰਗਾਈ, ਬੇਰੁਜ਼ਗਾਰੀ, ਆਰਥਿਕ ਮੰਦੀ ਅਤੇ ਗ਼ਰੀਬੀ ਤੇਜ਼ੀ ਨਾਲ ਵੱਧ ਰਹੀ ਹੈ ਜਿਸ ਕਰਕੇ ਲੋਕਾਂ ਨੂੰ ਜਿਉਂਦੇ ਰਹਿਣ ਲਈ ਮੌਜੂਦਾ ਪ੍ਰਬੰਧ ਵਿਰੁੱਧ ਲੜਨ ਤੋਂ ਬਿਨਾਂ ਕੋਈ ਚਾਰਾ ਨਹੀਂ।

ਸੰਪਰਕ: 84275-11770




BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।


Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk 416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal 416-671-1919


Hiring Drivers/Owners/Operators
GALAXY Frightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਗੱਲ ਜ਼ਰਾ ਲੰਮੀ ਹੈ, ਠਰੰਮੇ ਨਾਲ ਪੜ੍ਹਿਓ ....

ਇਹ ਇੱਕ ਟਵਿੱਟਰ ਥ੍ਰੈਡ ਹੈ ਇਟਲੀ ਦੇ ਲੋਕਾਂ ਦਾ, ਮੈਂ ਇਸਦਾ ਆਪਣੇ ਪੰਜਾਬੀ ਲੋਕਾਂ ਲਈ ਤਰਜ਼ਮਾ ਕਰ ਰਿਹਾ ਹਾਂ, ਇਸਨੂੰ ਥੋੜ੍ਹਾ ਸਹਿਜ ਨਾਲ ਪੜਿਓ ਤੇ ਸਮਝਿਓ ਕਿ ਤੁਹਾਡਾ ਸਾਹਮਣਾ ਕਿਸ ਖਤਰਨਾਕ ਆਪਦਾ ਨਾਲ ਹੋਣ ਵਾਲਾ ਹੈ ।

ਜੇ ਤੁਸੀਂ ਆਪਣੇ ਦੋਸਤਾਂ ਨਾਲ ਘੁੰਮ ਰਹੇ ਓ, ਪਾਰਟੀ ਕਰ ਰਹੇ ਓ ਤੇ ਥੋਨੂੰ ਲੱਗ ਰਿਹਾ ਕਿ ਇਹ (ਕਰੋਨਾਵਾਇਰਸ) ਥੋਡੇ ਲਈ ਕੋਈ ਵੱਡੀ ਮੁਸੀਬਤ ਨਹੀਂ ਹੈ ਤਾਂ ਤੁਸੀਂ ਬਹੁਤ ਵੱਡੇ ਭਰਮ ਚ ਹੋ, ਇਹ ਇਟਲੀ ਦੇ ਲੋਕਾਂ ਦੁਆਰਾ ਪੋਸਟ ਕੀਤਾ ਗਿਆ ਮੈਸੇਜ ਹੈ ਜਿਸਦਾ ਮੈਂ ਹੂ-ਬ-ਹੂ ਪੰਜਾਬੀ ਤਰਜ਼ਮਾ ਕਰ ਰਿਹਾ ਹਾਂ।

ਸਾਰੀ ਦੁਨੀਆਂ ਲਈ ਸੰਦੇਸ਼, ਜਿੰਨਾਂ ਨੂੰ ਇਹ ਪਤਾ ਨੀਂ ਕਿ ਉਹਨਾਂ ਦਾ ਸਾਹਮਣਾ ਕਿਸ ਆਫਤ ਨਾਲ ਹੋਣ ਵਾਲਾ ਹੈ । ਜਿਵੇਂ ਕਿ ਮੈਂ ਸਮਝਦਾ ਹਾਂ ਕਿ ਇਸ ਵੇਲੇ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਪੂਰਾ ਇਟਲੀ ਕਵਾਰਨਟਾਇਨ ਕੀਤਾ ਜਾ ਚੁੱਕਿਆ ਹੈ, ਯਾਨੀ ਉਸਨੂੰ ਪੂਰੀ ਤਰਾਂ ਬੰਦ ਕਰ ਦਿੱਤਾ ਗਿਆ ਹੈ । ਇਹ ਸਥਿਤੀ ਬਹੁਤ ਬੁਰੀ ਹੈ ਪਰ ਉਹਨਾਂ ਲੋਕਾਂ ਕਈ ਜ਼ਿਆਦਾ ਬੁਰੀ ਹੈ ਜੋ ਇਹ ਸੋਚਦੇ ਨੇ ਕਿ ਉਹਨਾਂ ਦੇ ਨਾਲ ਅਜਿਹਾ ਕੁਝ ਨਹੀਂ ਹੋਏਗਾ ।

ਮੈਨੂੰ ਪਤਾ ਹੈ ਤੁਸੀਂ ਕੀ ਸੋਚ ਰਹੇ ਓ, ਕਿਉਂਕਿ ਅਸੀਂ ਵੀ ਪਹਿਲਾਂ ਇਹੀ ਸੋਚ ਰਹੇ ਸੀ..ਖ਼ੈਰ..ਆਓ ਪਹਿਲਾਂ ਦੇਖੀਏ ਕਿ ਇਹ ਹੋਇਐ ਕਿਵੇਂ

**ਪਹਿਲਾ ਗੇੜ (1st Stage)**

ਤੁਹਾਨੂੰ ਪਤਾ ਹੋਏਗਾ ਕਿ ਕੋਰੋਨਾ ਵਾਇਰਸ ਕੋਈ ਚੀਜ਼ ਹੈ, ਪਰ ਤੁਹਾਡੇ ਦੇਸ਼ ਚ ਹਜੇ ਇਹ ਮਾੜਾ ਮੋਟਾ ਈ ਦਿਖਣਾ ਸ਼ੁਰੂ ਹੋਇਆ ਹੈ । ਇਸਲਈ ਤੁਸੀਂ ਸੋਚਦੇ ਓ ਕਿ ਡਰਨ ਦੀ ਕੀ ਲੋੜ ਐ, ਕਿਉਂਕਿ ਇਹ ਤਾਂ ਮਹਿਜ ਇੱਕ ਜੁਖਾਮ ਹੈ, ਵੈਸੇ ਵੀ ਮੈਂ 75 ਸਾਲ ਦਾ ਹਾਂ ਇਸਲਈ ਮੈਂ ਕੀ ਡਰਨਾ..

**ਪਹਿਲਾ ਗੇੜ ਅੱਗੇ ਵੱਧਦਾ ਹੈ....**

ਤੁਸੀਂ ਸੋਚਦੇ ਹੋ ਕਿ ਇਹ ਕੀ ਆ, ਪਾਗਲ ਨੇ ਕਈ ਜੋ ਮਾਸਕ ਤੇ ਟਾਇਲਟ ਪੇਪਰ ਖਰੀਦ ਰਹੇ ਨੇ, ਮੇਰੀ ਜ਼ਿੰਦਗੀ ਤਾਂ ਅਰਾਮ ਨਾਲ ਚੱਲ ਰਹੀ ਆ... ਫਿਰ ਆਉਂਦਾ ਹੈ..

**ਦੂਜਾ ਗੇੜ (2nd Stage)**

ਹੌਲੀ ਹੌਲੀ ਦੇਸ਼ ਚ ਮਰੀਜ਼ਾਂ ਦੀ ਸੰਖਿਆ ਵੱਧਣ ਲੱਗਦੀ ਹੈ, ਤੇ ਸਰਕਾਰ ਇੱਕ ਦੋ ਸ਼ਹਿਰਾਂ ਚ ਹੱਦਾਂ ਬੰਦ ਕਰ ਦਿੰਦੀ ਹੈ, ਨਾਲ ਹੀ ਥੋਨੂੰ ਸਮਝਾਂਉਦੀ ਹੈ ਕਿ ਡਰਨ ਦੀ ਕੋਈ ਲੋੜ ਨਹੀਂ ਸਭ ਕੁਝ ਠੀਕ ਹੈ (22 ਫਰਵਰੀ ਨੂੰ ਇਟਲੀ ਚ ਅਜਿਹਾ ਕੁਝ ਸੀ )

**ਦੂਜਾ ਗੇੜ ਅੱਗੇ ਵੱਧਦਾ ਹੈ...**

ਕੁਝ ਲੋਕਾਂ ਦੀ ਮੌਤ ਹੁੰਦੀ ਹੈ, ਪਰ ਉਹ ਸਭ ਬੁੱਢੇ ਲੋਕ ਹੁੰਦੇ ਨੇ, ਮੀਡੀਆ ਇਸ ਤੇ ਹਾਏ ਤੌਬਾ ਮਚਾਂਉਦਾ ਹੈ, ਅਸੀਂ ਮੀਡੀਆ ਨੂੰ ਕੋਸਦੇ ਹਾਂ ਕਿ ਇਹ ਚੰਗੀ ਗੱਲ ਨਹੀਂ ਹੈ । ਬਾਕੀ ਲੋਕ ਆਪਣੇ ਦੋਸਤਾਂ ਯਾਰਾਂ ਨੂੰ ਮਿਲਦੇ ਰਹਿੰਦੇ ਨੇ, ਨਾਰਮਲ ਜ਼ਿੰਦਗੀ ਜ਼ਾਰੀ ਹੈ, ਸਾਨੂੰ ਹਜੇ ਵੀ ਲੱਗਦੈ ਕਿ ਕੁਝ ਨਹੀਂ ਹੋਣਾ ।

**ਤੀਜਾ ਗੇੜ (3rd Stage)**

ਹੌਲੀ ਹੌਲੀ ਵਾਇਰਸ ਤੋਂ ਪ੍ਰਭਾਵਿਤ ਲੋਕਾਂ ਦਾ ਅੰਕੜਾ ਵੱਧਣ ਲਗਦਾ ਹੈ, ਇੱਕ ਦਿਨ ਚ ਈ ਦੁੱਗਣੇ ਲੋਕ ਪ੍ਰਭਾਵਿਤ ਹੋ ਜਾਂਦੇ ਨੇ, ਮੌਤਾਂ ਦਾ ਅੰਕੜਾ ਵੀ ਵੱਧ ਜਾਂਦਾ ਹੈ ਤੇ ਸਰਕਾਰ ਚਾਰ ਵੱਡੇ ਇਲਾਕਿਆਂ ਨੂੰ ਬੈਨ ਕਰ ਦਿੰਦੀ ਹੈ ਜਿੱਥੇ ਸਭ ਤੋਂ ਵੱਧ ਕੇਸ ਹਨ (ਇਹ 7 ਮਾਰਚ ਨੂੰ ਇਟਲੀ ਚ ਹੁੰਦਾ ਹੈ) ਤੇ ਫਿਰ ਇਟਲੀ ਦੇ 25% ਲੋਕਾਂ ਨੂੰ ਘਰਾਂ ਚ ਬੰਦ ਕਰ ਦਿੱਤਾ ਜਾਂਦਾ ਹੈ।



ਕੁਝ ਖੇਤਰਾਂ ਚ ਸਕੂਲ, ਬਾਰ, ਰੈਸਟੋਰੈਂਟ ਬੰਦ ਕਰ ਦਿੱਤੇ ਜਾਂਦੇ ਨੇ, ਪਰ ਦਫਤਰ ਹਾਲੇ ਵੀ ਖੁੱਲੇ ਨੇ, ਅਖਬਾਰ ਤੇ ਟੈਲੀਵਿਜ਼ਨ ਸਰਕਾਰੀ ਨਿਯਮਾਂ ਨੂੰ ਪ੍ਰਕਾਸ਼ਿਤ ਕਰ ਰਹੇ ਨੇ ।

**ਤੀਜਾ ਗੇੜ ਅੱਗੇ ਤੁਰਦਾ ਹੈ...**

ਇਟਲੀ ਚ ਕਰੀਬ 10 ਹਜ਼ਾਰ ਲੋਕ, ਜਿੰਨਾਂ ਨੂੰ ਦੂਜੇ ਇਲਾਕਿਆਂ ਚ ਸਰਕਾਰ ਨੇ ਰੋਕ ਰੱਖਿਆ ਸੀ, ਉਹ ਇੱਕੋ ਰਾਤ ਚ ਹੀ ਨਿੱਕਲ ਕੇ ਆਪੋ-ਆਪਣੇ ਘਰੀਂ ਵਾਪਿਸ ਪਹੁੰਚ ਜਾਂਦੇ ਨੇ ਤੇ ਇਟਲੀ ਦੇ ਕਰੀਬ 75% ਲੋਕ ਆਪੋ ਆਪਣੇ ਕੰਮੀਂ ਧੰਦੀ ਹਜੇ ਵੀ ਵਿਅਸਤ ਨੇ।

**ਤੀਜਾ ਗੇੜ ਹੋਰ ਅੱਗੇ ਵੱਧ ਰਿਹਾ ਹੈ ..**

ਇਟਲੀ ਦੇ ਲੋਕ ਹਾਲੇ ਵੀ ਇਸ ਵਾਇਰਸ ਦੀ ਆਪਦਾ ਨੂੰ ਸਮਝ ਨਹੀਂ ਪਾ ਰਹੇ, ਹਰ ਥਾਂ ਇਟਲੀ ਚ ਲੋਕਾਂ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਥੋੜ੍ਹੀ ਥੋੜ੍ਹੀ ਦੇਰ ਚ ਆਪਣੇ ਹੱਥ ਸਾਫ ਧੋਵੋ, ਲੋਕ ਭੀੜ੍ਹ ਚ ਨਾਂ ਜਾਣ, ਟੀਵੀ ਤੇ ਹਰ ਮਿੰਟ ਮਿੰਟ ਤੇ ਸਮਝਾਇਆ ਜਾ ਰਿਹਾ ਪਰ ਇਹ ਗੱਲਾਂ ਲੋਕਾ ਦੇ ਦਿਮਾਗ ਚ ਨਹੀਂ ਬੈਠ ਰਹੀਆਂ...

**ਫਿਰ ਆਉਂਦਾ ਹੈ ਚੌਥਾ ਗੇੜ (4th Stage)**

ਇਟਲੀ 'ਚ ਹਰ ਜਗ੍ਹਾ ਸਕੂਲ ਤੇ ਕਾਲਜ ਘੱਟੋ ਘੱਟ ਇੱਕ ਮਹੀਨੇ ਲਈ ਬੰਦ ਕਰ ਦਿੱਤੇ ਜਾਂਦੇ ਨੇ, ਕੌਮੀ ਐਮਰਜੰਸੀ ਲਗਾ ਦਿੱਤੀ ਜਾਂਦੀ ਹੈ, ਸਾਰੇ ਹਸਪਤਾਲਾਂ ਨੂੰ ਖਾਲੀ ਕਰਵਾ ਕੇ ਕੋਰੋਨਾਵਾਇਰਸ ਦੇ ਮਰੀਜ਼ਾਂ ਲਈ ਜਗ੍ਹਾ ਬਣਾ ਦਿੱਤੀ ਜਾਂਦੀ ਹੈ

**ਚੌਥਾ ਗੇੜ ਹੋਰ ਅੱਗੇ ਵੱਧਦਾ ਹੈ ....**

ਹੁਣ ਇਟਲੀ ਚ ਡਾਕਟਰ ਤੇ ਨਰਸਾਂ ਦੀ ਕਮੀ ਹੋਣ ਲੱਗੀ ਹੈ, ਜਿੰਨੇ ਵੀ ਡਾਕਟਰ ਰਿਟਾਇਰ ਹੋ ਚੁੱਕੇ ਨੇ ਉਹਨਾਂ ਨੂੰ ਵਾਪਿਸ ਨੌਕਰੀ ਤੇ ਬੁਲਾ ਲਿਆ ਜਾਂਦਾ ਹੈ, ਜਿੰਨਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਦੂਜਾ ਸਾਲ ਹੈ ਉਹਨਾਂ ਨੂੰ ਵੀ ਨੌਕਰੀ ਤੇ ਬੁਲਾ ਲਿਆ ਜਾਂਦਾ ਹੈ, ਕਿਸੇ ਵੀ ਡਾਕਟਰ ਤੇ ਨਰਸ ਦੀ ਕੋਈ ਸ਼ਿਫਟ ਨਹੀਂ ਹੈ, 24 ਘੰਟੇ ਕੰਮ ਕਰਨਾ ਹੈ ਸਭ ਨੇ, ਕਈ ਡਾਕਟਰ ਤੇ ਨਰਸਾਂ ਵੀ ਵਾਇਰਸ ਦੀ ਚਪੇਟ ਚ ਆਉਣ ਲੱਗੇ ਨੇ ਤੇ ਅੱਗੇ ਉਹਨਾਂ ਦੇ ਪਰਿਵਾਰਾਂ ਨੂੰ ਵੀ ਵਾਇਰਸ ਫੈਲ ਰਿਹਾ ਹੈ ।

**ਚੌਥਾ ਗੇੜ ਹੋਰ ਅੱਗੇ ਵੱਧਦਾ ਹੈ...**

ਹੁਣ ਨਿਮੋਨੀਆ ਦੇ ਮਰੀਜ਼ ਬਹੁਤ ਵੱਧ ਰਹੇ ਨੇ ਤੇ ਬਹੁਤ ਸਾਰੇ ਲੋਕਾਂ ਨੂੰ ICU ਦੀ ਲੋੜ ਹੈ ਪਰ ICU 'ਚ ਸਭ ਲਈ ਜਗ੍ਹਾ ਨਹੀਂ ਹੈ, ਇਟਲੀ 'ਚ ਉਹ ਸਥਿਤੀ ਆ ਚੁੱਕੀ ਹੈ ਜਿੱਥੇ ਡਾਕਟਰ ਸਿਰਫ ਉਹਨਾਂ ਦਾ ਇਲਾਜ਼ ਕਰ ਰਹੇ ਨੇ ਜਿੰਨਾਂ ਦੇ ਬਚਣ ਦੀ ਉਮੀਦ ਹੈ, ਮਤਲਬ ਹੁਣ ਬੁੱਢੇ ਤੇ ਹੋਰ ਬਿਮਾਰੀਆਂ ਤੋਂ ਪੀੜਿਤ ਮਰੀਜਾਂ ਦਾ ਡਾਕਟਰ ਇਲਾਜ਼ ਹੀ ਨਹੀਂ ਕਰ ਰਹੇ ਕਿਉਂਕਿ ਸਿਰਫ ਕੋਰੋਨਾ ਵਾਇਰਸ ਵਾਲੇ ਲੋਕਾਂ ਨੂੰ ਬਣਾਉਣਾ ਹੈ, ਕਿਉਂਕਿ ਹਸਪਤਾਲਾਂ ਚ ਸਭ ਲਈ ਜਗ੍ਹਾ ਹੀ ਨਹੀਂ ਬਚੀ ਹੈ ।

**ਚੌਥਾ ਗੇੜ ਹੋਰ ਅੱਗੇ ਵੱਧਦਾ ਹੈ....**

ਹੁਣ ਹਸਪਤਾਲਾਂ ਚ ਲੋਕ ਮਰ ਰਹੇ ਨੇ ਕਿਉਂਕਿ ICU ਚ ਜਗ੍ਹਾ ਹੀ ਨਹੀਂ ਹੈ, ਮੇਰੇ ਇੱਕ ਦੋਸਤ ਡਾਕਟਰ ਨੇ ਦੱਸਿਆ ਕਿ ਉਸਨੇ ਤਿੰਨ ਲੋਕਾਂ ਨੂੰ ਮਰਨ ਲਈ ਹੀ ਛੱਡ ਦਿੱਤਾ ਕਿਉਂਕਿ ਜਗ੍ਹਾ ਹੀ ਨਹੀਂ ਸੀ, ਨਰਸਾਂ ਰੋ ਰਹੀਆਂ ਨੇ ਕਿਉਂਕਿ ਉਹ ਮਰਦੇ ਹੋਏ ਲੋਕਾਂ ਲਈ ਕੁਝ ਨਹੀਂ ਕਰ ਸਕਦੀਆਂ ਸਿਵਾਏ ਆਕਸੀਜ਼ਨ ਦੇਣ ਦੇ ।

**ਹੁਣ ਆਉਂਦਾ ਹੇ ਪੰਜਵਥ ਗੇੜ (5th Stage)**

ਯਾਦ ਕਰੋ ਉਹਨਾਂ ਬੇਵਕੂਫਾਂ ਨੂੰ ਜਿੰਨਾਂ ਨੂੰ ਸਰਕਾਰ ਨੇ ਸ਼ੁਰੂਆਤ ਚ ਇਟਲੀ ਦੇ ਵੱਖ ਵੱਖ ਰਾਜਾਂ ਚ ਰੋਕ ਕੇ ਰੱਖਿਆ ਸੀ, ਕੁਆਰਨਟਾਇਨ ਕੀਤਾ ਸੀ, ਪਰ ਉਹ ਆਪਣੇ ਆਪਣੇ ਘਰਾਂ ਨੂੰ ਵਾਪਿਸ ਚਲੇ ਗਏ, ਉਹਨਾਂ ਦੀ ਵਜ੍ਹਾ ਨਾਲ ਹੁਣ ਸਾਰੀ ਇਟਲੀ ਨੂੰ 9 ਮਾਰਚ ਨੂੰ ਕੁਆਰਨਟਾਇਨ ਕਰ ਦਿੱਤਾ ਗਿਆ ।

ਹੁਣ ਸਰਕਾਰ ਦਾ ਇੱਕ ਹੀ ਟੀਚਾ ਹੈ ਕਿ ਕਿਵੇਂ ਇਸ ਵਾਇਰਸ ਨੂੰ ਜ਼ਿਆਦਾ ਤੋਂ ਜ਼ਿਆਦਾ ਫੈਲਣ ਤੋਂ ਰੋਕਿਆ ਜਾਵੇ...ਪਰ ਅਜੇ ਵੀ ਲੋਕਾਂ ਨੂੰ ਕੰਮ ਤੇ ਜਾਣ ਤੋਂ ਨਹੀਂ ਰੋਕਿਆ ਜਾ ਰਿਹਾ, ਜਰੂਰੀ ਸਮਾਨ ਦੀ ਖਰੀਦਦਾਰੀ ਕਰਨ ਦਿੱਤੀ ਜਾ ਰਹੀ ਹੈ, ਸਾਰੇ ਵਪਾਰ ਵੀ ਹਜੇ ਖੁੱਲੇ ਨੇ, ਕਿਉਂਕਿ ਅਜਿਹਾ ਨਾਂ ਕੀਤਾ ਤਾਂ ਸਾਰੀ ਇਕਾਨਮੀ ਬੈਠ ਜਾਏਗੀ, ਪਰ ਤੁਸੀਂ ਆਪਣੇ ਇਲਾਕੇ ਤੋਂ ਉਦੋਂ ਤੱਕ ਬਾਹਰ ਨੀ ਜਾਣਾ ਜਦੋਂ ਤੱਕ ਜਰੂਰੀ ਕੰਮ ਨਾਂ ਹੋਵੇ।

ਪਰ ਲੋਕ ਕਿੱਥੇ ਸਮਝਦੇ ਨੇ, ਹਰ ਕੰਮ ਨੂੰ ਜਰੂਰੀ ਕੰਮ ਦਾ ਅਧਾਰ ਬਣਾ ਰਹੇ ਨੇ, ਘੁੰਮ ਫਿਰ ਰਹੇ ਨੇ, ਗਰੁੱਪ ਚ ਬੈਠ ਰਹੇ ਨੇ, ਸ਼ਰਾਬਾਂ ਪੀ ਰਹੇ ਨੇ, ਐਸ਼ਪ੍ਰਸਤੀ ਕਰ ਰਹੇ ਨੇ...

**ਫਿਰ ਆਂਉਦਾ ਹੈ ਛੇਵਾਂ ਗੇੜ (6th Stage)**

ਦੋ ਦਿਨ ਪਹਿਲ਼ਾਂ ਐਲਾਨ ਕਰ ਦਿੱਤਾ ਗਿਆ ਕਿ ਹੁਣ ਸਾਰੇ ਵਪਾਰ, ਸ਼ਾਪਿੰਗ ਮਾਲ, ਰੈਸਟੋਰੈਨਟ, ਬਾਰ ਤੇ ਸਾਰੀਅਥ ਦੁਕਾਨਾਂ ਵੀ ਬੰਦ ਰਹਿਣਗੀਆਂ ਸਿਰਫ ਸੁਪਰ ਮਾਰਕਿਟ ਤੇ ਕੈਮਿਸਟ ਸ਼ਾਪ ਤੋਂ ਇਲਾਵਾ..ਹੁਣ ਤੁਸੀਂ ਸਿਰਫ ਉਦੋਂ ਈ ਆਪਣੇ ਇਲਾਕੇ ਚੋਂ ਬਾਹਰ ਜਾ ਸਕਦੇ ਓ ਜੇ ਥੋਡੇ ਕੋਲੇ ਕੋਈ ਬਹੁਤ ਵੱਡੀ ਵਜ੍ਹਾ ਹੋਵੇ ਤੇ ਉਹਦੇ ਲਈ ਬਕਾਇਦਾ ਸਰਟੀਫਿਕੇਟ ਹੋਵੇ । ਉਸ ਸਰਟੀਫਿਕੇਟ ਚ ਥੋਡੇ ਬਾਰੇ ਪੂਰੀ ਜਾਣਕਾਰੀ ਹੋਵੇ ਜਿਸਤੇ ਨਾਮ, ਪਤਾ ਤੇ ਹੋਰ ਸਭ ਲਿਖਿਆ ਹੋਵੇ ।

ਜਗ੍ਹਾ ਜਗ੍ਹਾ ਪੁਲਿਸ ਚੈਕ ਪੋਸਟ ਬਣ ਗਏ ਨੇ, ਜੇ ਤੁਸੀਂ ਘਰੋਂ ਬਾਹਰ ਨਿੱਕਲਦੇ ਫੜ੍ਹੇ ਜਾਂਦੇ ਹੋ ਤਾਂ 206 ਪੌਂਡ ਦਾ ਜ਼ੁਰਮਾਨਾ ਹੈ ਤੇ ਜੇ ਤੁਸੀਂ ਕੋਰੋਨਾ ਤੋਂ ਪੀੜਿਤ ਹੋ ਤੇ ਘਰੋਂ ਬਾਹਰ ਨਿੱਕਲੇ ਫੜਝੇ ਜਾਂਦੇ ਓ ਤਾਂ ਤੁਹਾਨੂੰ ਇੱਕ ਤੋਂ ਲੈ ਕੇ 12 ਸਾਲ ਤੱਕ ਦੀ ਜੇਲ੍ਹ ਵੀ ਹੋ ਸਕਦੀ ਹੈ ।

**ਆਖਰੀ ਸੰਦੇਸ਼ :**

ਮੈਂ ਇਹ 16 ਮਾਰਚ ਨੂੰ ਲਿਖ ਰਿਹਾ ਹਾਂ ਤੇ ਇਸ ਵੇਲੇ ਤੱਕ ਹਾਲਾਤ ਇਹ ਨੇ ਜੋ ਮੈਂ ਉੱਪਰ ਦੱਸੇ ਨੇ, ਖਾਸ ਗੱਲ ਇਹ ਹੈ ਕਿ ਇਟਲੀ ਚ ਇਹ ਸਭ ਦੋ ਹਫਤਿਆਂ ਚ ਈ ਹੋ ਗਿਆ, ਸਿਰਫ ਪੰਜ ਦਿਨ ਲੱਗੇ ਸਰੇਜ ਤਿੰਨ ਤੋਂ ਅੱਜ ਤੱਕ ਪਹੁੰਚਣ ਦੇ ਲਈ, ਦੁਨੀਆਂ ਸੇ ਦੂਜੇ ਦੇਸ਼ ਹੌਲੀ ਹੌਲੀ ਉਹਨਾਂ ਸਟੇਜਾਂ ਵੱਲ ਵੱਧ ਰਹੇ ਨੇ, ਜਿੰਨਾਂ ਚੋਂ ਅਸੀਂ ਲੰਘ ਗਏ ਹਾਂ ਇਸਲਈ ਮੈਂ ਥੋਨੂੰ ਸਿਰਫ ਇਹੀ ਕਹਿਣਾ ਹੈ ਕਿ ਥੋਨੂੰ ਕੋਈ ਅੰਦਾਜ਼ਾ ਹੀ ਨਹੀਂ ਕਿ ਅੱਗੇ ਕੀ ਹੋ ਸਕਦਾ ਹੈ, ਕਿਉਂਕਿ ਮੈਂ ਵੀ ਦੋ ਹਫਤੇ ਪਹਿਲਾਂ ਇਹੀ ਸੋਚਦਾ ਸੀ ਜੋ ਹੁਣ ਤੁਸੀਂ ਸੋਚ ਰਹੇ ਹੋ ਅਤੇ ਇਹ ਇਸਲਈ ਨਹੀਂ ਕਿ ਇਹ ਵਾਇਰਸ ਬਹੁਤ ਖਤਰਨਾਕ ਹੈ ਬਲਕਿ ਇਹ ਸਥਿਤੀਆਂ ਅਜਿਹੀਆਂ ਪੈਦਾ ਕਰ ਦੇਵੇਗਾ ਜਿਸ ਨਾਲ ਲੜਣ ਦੇ ਅਸੀਂ ਸਮਰੱਥ ਨਹੀਂ ਹਾਂ।

ਇਹ ਦੇਖਕੇ ਬਹੁਤ ਦੁੱਖ ਹੋ ਰਿਹਾ ਹੈ ਕਿ ਕੁਝ ਦੇਸ਼ਾਂ ਦੇ ਲੋਕ ਸੋਚ ਰਹੇ ਨੇ ਉਹਨਾਂ ਨੂੰ ਕੁਝ ਨਹੀਂ ਹੋਏਗਾ ਤੇ ਉਹ ਜਰੂਰੀ ਬਚਾਅ ਨਹੀਂ ਕਰ ਰਹੇ ਪਰ ਉਹ ਸਮੇਂ ਰਹਿੰਦੇ ਬਚਾਅ ਕਰ ਲੈਣ ਤਾਂ ਬਹੁਤ ਬੱਚਤ ਰਹਿ ਸਕਦੀ ਹੈ ਇਸਲਈ ਜੇ ਤੁਸੀਂ ਇਸ ਲਿਖਤ ਨੂੰ ਪੜ੍ਹ ਰਹੇ ਹੋ ਤਾਂ ਸਮੇਂ ਰਹਿੰਦੇ ਜਾਗ ਜਾਓ।

ਇਟਲੀ ਦੀ ਸਰਕਾਰ ਚੰਗਾ ਕੰਮ ਕਰ ਰਹੀ ਹੈ, ਬਾਕੀ ਦੇਸ਼ਾਂ ਦੀਆਂ ਸਰਕਾਰਾਂ ਵੀ ਚੰਗਾ ਕੰਮ ਕਰ ਰਹੀਆਂ ਨੇ ਪਰ ਲੋੜ੍ਹ ਹੈ ਲੋਕਾਂ ਦੇ ਸਹਿਯੋਗ ਦੀ, ਲੋਕਾਂ ਨੂੰ ਘਰਾਂ 'ਚ ਬੰਦ ਕਰਨ ਵਰਗੇ ਕਠੋਰ ਫੈਸਲੇ ਹੀ ਸਾਨੂੰ ਬਚਾ ਸਕਦੇ ਨੇ, ਇਸਲਈ ਜੇ ਤੁਸੀਂ ਕਿਸੇ ਅਜਿਹੇ ਇਲਾਕੇ ਚ ਹੋ ਜਿੱਥੇ ਕੋਰੋਨਾ ਦੇ ਮਰੀਜ਼ ਨੇ ਤਾਂ ਸਮਝੋ ਤੁਸੀਂ ਉਸ ਭਿਆਨਕ ਸਥਿਤੀ ਤੋਂ ਇੱਕ ਦੋ ਹਫਤੇ ਈ ਪਿੱਛੇ ਹੋ ਜੇ ਗੰਭੀਰ ਨਾਂ ਹੋਏ ਜਾਂ ਬਚਾਅ ਨਾਂ ਕੀਤਾ ਤਾਂ....

ਸਮਾਪਤ

(@JasonYanowitz ?? twitter ਅਕਾਂਊਟ ਦੀ ਮੈਸੇਜ ਲੜੀ ਤੋਂ ਅਨੁਵਾਦਿਤ)

ਸੋ ਦੋਸਤੋ ਇਹ ਹੈ ਸਾਰੀ ਕਹਾਣੀ ਜਿਸਨੂੰ ਮੈਂ ਹੂ-ਬ-ਹੂ ਪੰਜਾਬੀ ਚ ਤਰਜ਼ਮਾ ਕੀਤਾ ਹੈ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਲੋਕ ਪੜ੍ਹ ਸਕਣ ਤੇ ਸਮਝ ਸਕਣ...ਇੱਥੇ ਵੀ ਬਾਹਰੋਂ ਆਏ ਲੋਕ ਐਧਰ ਓਧਰ ਲਾਪਤਾ ਹੋ ਕੇ ਸਥਿਤੀ ਵਿਗਾੜ ਰਹੇ ਨੇ, ਸੋ ਕਿਸੇ ਨੂੰ ਵੀ ਪਤਾ ਲੱਗੇ ਤਾਂ ਅਜਿਹੇ ਸ਼ੱਕੀ ਲੋਕਾਂ ਬਾਰੇ ਤਾਂ ਸਰਕਾਰਾਂ ਨੂੰ ਤੁਰੰਤ ਜਾਣਕਾਰੀ ਦਿਓ, ਬਾਕੀ ਦੇਸ਼ ਹੈਰਾਨ ਨੇ ਕਿ ਭਾਰਤ ਹਜੇ ਤਾਂਈ ਬਚਿਆ ਕਿਵੇਂ ਐ, ਪਰ ਬਚਿਆ ਹੀ ਰਹੂਗਾ ਇਹਦੀ ਕੋਈ ਗਰੰਟੀ ਨਹੀਂ, ਸੋ ਇਹ ਇੱਕ ਦਿਨ ਦੀ ਜਨਤਾ ਐਮਰਜੰਸੀ ਅਗਲੇ ਦਿਨਾਂ ਦਾ ਟ੍ਰਾਇਲ ਵੀ ਹੋ ਸਕਦੀ ਹੈ, ਕ੍ਰਿਪਾ ਕਰਕੇ ਗੰਭੀਰਤਾ ਨੂੰ ਸਮਝੋ ਤੇ ਅੱਗੇ ਵੀ ਸਮਝਾਓ ??

ਇਟਲੀ ਚ ਵਧੇ ਅੰਕੜੇ ਦਾ ਇੱਕ ਵੀਡੀਓ ਵੀ ਪੋਸਟ ਕਰ ਰਿਹਾ ਹਾਂ!!!

**ਵਿਜੇਪਾਲ ਸਿੰਘ ਬਰਾੜ!!!!**
**ਡਿਪਟੀ ਨਿਊਜ਼ ਐਡੀਟਰ**
**ਨਿਊਜ਼ 18 ਪੰਜਾਬ**









# ਭਾਰਤੀ ਅਰਥਵਿਵਸਥਾ ਦਾ ਗੰਭੀਰ ਸੰਕਟ ਅਤੇ ਬਜਟ 2020-21

**-ਮੋਹਨ ਸਿੰਘ (ਡਾ:)**




ਕੇਂਦਰੀ ਵਿੱਤ ਮੰਤਰੀ ਸੀਤਾਰਮਨ ਨੇ 2020-21 ਦਾ ਬਜਟ ਉਸ ਸਮੇਂ ਪੇਸ਼ ਕੀਤਾ ਹੈ ਜਦੋਂ ਵਿਸ਼ਵ ਆਰਥਿਕਤਾ ਦੇ ਗੰਭੀਰ ਸੰਕਟ ਕਾਰਨ ਸਾਮਰਾਜੀ ਦੇਸ਼ਾਂ ਵਿਚਕਾਰ ਵਪਾਰਕ ਜੰਗ ਚੱਲ ਰਹੀ ਹੈ ਅਤੇ ਭਾਰਤੀ ਆਰਥਿਕਤਾ ਸਰਬਪੱਖੀ ਸੰਕਟ ਵਿਚ ਘਿਰੀ ਹੋਣ ਕਰਕੇ ਇਸ ਦੇ ਸਨਅਤੀ, ਸੇਵਾ ਅਤੇ ਜਰੱਈ ਸਭ ਖੇਤਰ ਸੰਕਟ 'ਚ ਫਸੇ ਹੋਏ ਹਨ। ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ 'ਚ ਗਿਰਾਵਟ ਅਤੇ ਮੰਦੇ ਦੇ ਬਾਵਜੂਦ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਨਵਉਦਾਰਵਾਦੀ ਨੀਤੀਆ ਕਾਰਨ ਗਰੀਬੀ ਅਤੇ ਅਮੀਰੀ ਵਿਚਕਾਰ ਓੜਕਾਂ ਦਾ ਪਾੜਾ ਵੱਧ ਗਿਆ ਹੈ ਅਤੇ ਦੇਸ਼ ਦੇ ਇਕ ਪ੍ਰਤੀਸ਼ਤ ਅਮੀਰਾਂ ਕੋਲ ਦੇਸ਼ ਦੀ ਜਾਇਦਾਦ ਦੇ 73 ਪ੍ਰਤੀਸ਼ਤ 'ਤੇ ਕਬਜ਼ਾ ਹੋ ਗਿਆ ਹੈ। ਪਰ ਮੋਦੀ ਸਰਕਾਰ ਅੰਡਾਨੀਆਂ-ਅੰਬਾਨੀਆਂ ਵਰਗੇ ਅਮੀਰਾਂ ਨੂੰ ਹੋਰ ਅਮੀਰ ਕਰਨ ਲਈ ਪਿਛਲੇ ਬਜਟ ਅੰਦਰ ਉਨ੍ਹਾਂ ਦੇ ਬੈਕਾਂ 'ਚ ਬਣੇ ਐਨਪੀਏ ਮੁਆਫ਼ ਕਰਨ ਲਈ ਬਜਟ ਵਿਚ 70,000 ਕਰੋੜ ਰੱਖੇ ਹੋਏ ਸਨ, ਪਿਛਲੇ 15 ਸਾਲਾਂ ਵਿਚ ਸਰਕਾਰਾਂ ਨੇ ਉਨ੍ਹਾਂ ਨੂੰ 53 ਲੱਖ ਕਰੋੜ ਦੀਆਂ ਟੈਕਸ ਰਿਆਇਤਾਂ ਦਿੱਤੀਆਂ ਹਨ ਤੇ7,00,000ਕਰੋੜਰੁਪਏ ਦੇ ਕਰਜ਼ੇ 'ਤੇ ਲੀਕ ਮਾਰੀ ਹੈ।

ਆਰਬੀਆਈ ਅਨੁਸਾਰ 2009 ਤੋਂ ਪਿਛਲੇ ਦਸ ਸਾਲਾਂ ਵਿਚ 7 ਲੱਖ ਕਰੋੜ ਰੁਪਏ ਦੇ ਵੱਟੇ ਖਾਤਿਆਂ 'ਤੇ ਲੀਕ ਮਾਰੀ ਗਈ। ਸਰਕਾਰ ਨੇ ਪਿਛਲੇ ਸਾਲ 2.11 ਲੱਖ ਕਰੋੜ ਰੁਪਏ ਬੈਕਾਂ ਦੀ ਭਰਪਾਈ ਕਰਨ ਬੈਕਾਂ ਨੂੰ ਦਿੱਤੇ ਸਨ।ਦੇਸ਼ ਦਾ ਕੁੱਲ ਖ਼ਰਚਾ ਦੇਸ਼ ਦੀ ਕੁੱਲ ਆਮਦਨ ਨਾਲੋਂ ਵੱਧ ਰਿਹਾ ਹੈ। ਜਿਸ ਨਾਲ ਰਾਜਕੋਸ਼ੀ ਘਾਟਾ ਖ਼ਤਰਨਾਕ ਹਾਲਤ ਤੱਕ ਪਹੁੰਚ ਗਿਆ ਹੈ ਅਤੇ ਵਧਦੇ ਰਾਜਕੋਸ਼ੀ ਘਾਟੇ 'ਤੇ ਪਰਦਾ ਪਾਉਣ ਲਈ 'ਰਾਜਕੋਸ਼ੀ ਜਿੰਮੇਵਾਰੀ ਅਤੇ ਬਜਟ ਪ੍ਰਬੰਧਨ' (ਐਫਆਰਬੀਐਮ) ਕਾਨੂੰਨ 2003 ਦੀ ਢੋਈ ਲਈ ਜਾ ਰਹੀ ਹੈ। ਜਿਸ ਅਨੁਸਾਰ ਜੰਗ ਜਾਂ ਕੁਦਰਤੀ ਆਫਤਾਂ ਆਦਿ ਵਰਗੀਆਂ ਐਮਰਜੈਂਸੀ ਹਾਲਤਾਂ ਵਿਚ ਰਾਜਕੋਸ਼ੀ ਘਾਟੇ ਨੂੰ 0.5 ਤੱਕ ਹੋਰ ਵਧਾਇਆ ਜਾ ਸਕਦਾ ਹੈ।ਬਜਟ ਵਿਚ ਰਾਜਕੋਸ਼ੀ ਘਾਟੇ ਨੂੰ 3.3 ਪ੍ਰਤੀਸ਼ਤ ਦਿਖਾਇਆ ਜਾ ਰਿਹਾ ਹੈ ਜੋ ਕੈਗ ਦੀ ਰਿਪੋਰਟ ਅਨੁਸਾਰ ਅਸਲ 'ਚ ਪਹਿਲਾਂ ਹੀ 5.9 ਪ੍ਰਤੀਸ਼ਤ ਹੈ। 2020-21 ਦੇ ਬਜਟ ਵਿਚ 'ਵਿਵਾਦ ਨਹੀਂ ਵਿਸ਼ਵਾਸ ਸਕੀਮ ਰਾਹੀਂ' ਵੱਡੇ ਧਨਾਢਾਂ ਦੇ ਸਰਕਾਰ ਨਾਲ ਝਗੜੇ ਵਾਲੇ 90 ਹਜਾਰ ਕਰੋੜ ਮੁਆਫ਼ ਕੀਤੇ ਜਾ ਰਹੇ ਹਨ।ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦਾ 40 ਪ੍ਰਤੀਸ਼ਤ ਪੈਦਾ ਕਰਨ ਵਾਲੇ ਸਅਨਤ ਦੇ ਅੱਠ ਕੋਰ ਖੇਤਰ ਬਿਜਲੀ, ਸਟੀਲ, ਕੱਚਾ ਤੇਲ, ਕੋਲਾ, ਕੁਦਰਤੀ ਗੈਸ ਅਤੇ ਰੀਫਾਇਨਰੀ ਦੀ ਪੈਦਾਵਾਰ 5.8 ਪ੍ਰਤੀਸ਼ਤ ਸੁੰਗੜ ਗਈ ਹੈ।

ਭਾਰਤੀ ਆਰਥਿਕ ਸੰਕਟ ਤਿੰਨ ਰੂਪਾਂ, (ਪਹਿਲਾ) 'ਵਾਧੂ ਪੈਦਾਵਾਰ' ਦਾ ਸੰਕਟ, (ਦੂਜਾ) ਵਿੱਤੀ ਪੂੰਜੀ ਦਾ ਸੰਕਟ ਅਤੇ (ਤੀਜਾ) ਜਰੱਈ ਸੰਕਟ ਵਿਚ ਪ੍ਰਗਟ ਹੋ ਰਿਹਾ ਹੈ। ਇਹ ਤਿੰਨੇ ਰੂਪ ਪੂੰਜੀਵਾਦੀ ਪ੍ਰਬੰਧ ਦੀਆਂ ਵਜੂਦ ਸਮੋਈਆ ਵਿਰੋਧਤਾਈਆਂ ਵਿਚੋਂ ਪੈਦਾ ਹੁੰਦੇ ਹਨ। ਵਾਧੂ ਪੈਦਾਵਾਰ ਕਾਰਨ ਰੀਅਲ਼ ਅਸਟੇਟ ਸਅਨਤ 'ਚ ਮੰਦਵਾੜਾ ਪੈ ਗਿਆ ਹੈ ਅਤੇ ਦੇਸ਼ ਦੇ 30 ਵੱਡੇ ਸ਼ਹਿਰਾਂ ਵਿਚ 30.76 ਲੱਖ ਫਲੈਟ ਅਣਵਿਕੇ ਪਏ ਹਨ। ਆਟੋਮੋਬਾਈਲ ਅਤੇ ਵਾਹਨ ਸਨਅਤ 'ਚ ਮੰਦੀ ਨਾਲ ਫੈਕਟਰੀਆਂ ਅਤੇ ਸਰਵਿਸ ਸੈਂਟਰ ਬੰਦ ਹੋ ਰਹੇ ਹਨ।ਟੈਕਸਟਾਈਲ ਸਅਨਤ ਵਿਚ ਗਿਨਿੰਗ ਅਤੇ ਹੈਂਡਲੂਮ ਇਕਾਈਆਂ ਅਤੇ ਸਪਿਨਿੰਗ ਫੈਕਟਰੀਆਂ ਠੱਪ ਹੋਣ ਨਾਲ 10 ਕਰੋੜ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ।ਦੇਸ਼ ਦੀ ਕੁੱਲ ਨਿਰਯਾਤ 'ਚ 50 ਪ੍ਰਤੀਸ਼ਤ ਹਿੱਸਾ ਪਾਉਣ ਅਤੇ 10 ਕਰੋੜ ਮਜ਼ਦੂਰਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਵਾਲੀਆਂਮਾਈਕਰੋ, ਛੋਟੀਆਂ ਅਤੇ ਮੀਡੀਅਮ ਸਨਅਤਾਂ ਦਮ ਤੋੜ ਰਹੀਆਂ ਹਨ। 'ਵਾਧੂ ਪੈਦਾਵਾਰ' ਦੇ ਸੰਕਟ ਤੋਂ ਭਾਵ ਇਹ ਨਹੀਂ ਕਿ ਭਾਰਤ ਅੰਦਰ ਸਾਰੇ ਲੋਕਾਂ ਦੀਆਂ ਜ਼ਰੂਰਤਾ ਤੋਂ ਵੱਧ ਉਤਪਾਦਨ ਹੋ ਗਿਆ ਹੈ। ਭਾਰਤ ਦੇ ਕਰੋੜਾਂ ਲੋਕਾਂ ਦੀਆਂ ਮੁੱਢਲ਼ੀਆਂ ਕੁੱਲੀ, ਜੁੱਲੀ, ਗੁੱਲੀ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋ ਰਹੀਆਂ। ਸਿਹਤ, ਜਲ ਸਪਲਾਈ, ਸੜਕਾਂ, ਬਿਜਲੀ ਸਪਲਾਈ, ਘਰੇਲੂ ਗੈਸ, ਵਾਤਾਵਰਨ, ਸਿੱਖਿਆ ਆਦਿ ਦਾ ਬੁਰਾ ਹਾਲ ਹੈ। ਭਾਰਤ ਅੰਦਰ ਇਕ ਲੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ।ਡਾਕਟਰ, ਇੰਜੀਨੀਅਰ, ਟੈਕਨੀਕਲ ਕਾਮੇ, ਪੜ੍ਹੇ-ਲਿਖੇ ਅਤੇ ਹੋਰ ਲੋਕ ਵਿਹਲੇ ਫਿਰਦੇ ਹਨ।

ਮੋਦੀ ਸਰਕਾਰ ਨੇ ਪਹਿਲੀਆਂ ਲੋਕ ਸਭਾ ਚੋਣਾਂ ਵੇਲੇ ਬੇਰੁਜ਼ਗਾਰੀ ਦੂਰ ਕਰਨ ਲਈ ਹਰ ਸਾਲ 2 ਕਰੋੜ ਰੁਜ਼ਗਾਰ ਪੈਦਾ ਕਰਨ ਦੇ ਵਾਅਦੇ ਕੀਤੇ ਸਨ। ਪਰ ਬੇਰੁਜ਼ਗਾਰੀ ਪਿਛਲੇ 45 ਸਾਲਾਂ ਦਾ ਰਿਕਾਰਡ ਤੋੜ ਚੁੱਕੀ ਹੈ ਅਤੇ ਇਹ ਕੁੱਲ ਕਾਮਾ ਸ਼ਕਤੀ ਦਾ 8.5 ਪ੍ਰਤੀਸ਼ਤ ਤੱਕ ਪਹੁੰਚ ਚੁੱਕੀ ਹੈ। ਉਲਟਾ ਪਿਛਲੇ ਛੇ ਸਾਲਾਂ ਦੌਰਾਨ ਰੁਜ਼ਗਾਰ ਵਧਣ ਦੀ ਬਜਾਏ ਪਹਿਲਾਂ ਤੋਂ ਮੌਜੂਦ ਰੁਜ਼ਗਾਰ ਵਿਚੋਂ ਇਕ ਕਰੋੜ ਰੁਜ਼ਗਾਰ ਉਜੜ ਗਿਆ ਹੈ।ਮੰਦੇ ਦੇ ਪਰਦੇ ਥੱਲੇ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣੇ ਮਜ਼ਦੂਰਾਂ ਦੀਆਂ ਉਜਰਤਾਂ ਵਿਚ ਕੱਟ ਲਾ ਰਹੇ ਹਨ।ਗਰੀਬੀ-ਅਮੀਰੀ ਦੇ ਪਾੜੇ ਵਧਣ ਕਾਰਨ ਗਰੀਬਾਂ ਦੀ ਆਮਦਨ ਘੱਟ ਰਹੀ ਹੈ। ਫਲਸਰੂਪ ਉਦਯੋਗਪਤੀਆਂ ਵੱਲੋਂ ਵਸਤਾਂ ਅਤੇ ਸੇਵਾਵਾਂ ਵਿਚ ਕੱਟ ਲਾਈ ਜਾ ਰਹੀ ਹੈ। ਇਸ ਨਾਲ ਉਦਯੋਗ ਅਤੇ ਸੇਵਾ ਖੇਤਰ ਬੰਦ ਹੋ ਰਹੇ ਹਨ।ਬੇਰੁਜ਼ਗਾਰੀ ਅਤੇ ਸਸਤੀ ਠੇਕਾ ਭਰਤੀ ਹੋਣ ਨਾਲ ਉਨ੍ਹਾਂ ਦੀ ਖ੍ਰੀਦ ਸ਼ਕਤੀ ਹੋਰ ਘੱਟ ਰਹੀ ਹੈ। ਖ੍ਰੀਦ ਸ਼ਕਤੀ ਘਟਣ ਨਾਲ ਅਰਥਵਿਵਥਾ ਵਿਚ ਮੰਗ ਘੱਟ ਗਈ ਹੈ, ਜਿਸ ਨਾਲ ਮੰਡੀ ਵਿਚ ਸੇਵਾਵਾਂ ਅਤੇ ਜਿਨਸਾਂ ਦੀ 'ਵਾਧੂ ਪੈਦਾਵਾਰ' ਦਾ ਸੰਕਟ ਪੈਦਾ ਹੋ ਗਿਆ ਹੈ।

ਮੌਜੂਦਾ ਪੂੰਜੀਵਾਦੀ ਸਾਮਰਾਜੀ ਪ੍ਰਬੰਧ ਦੇ ਦੌਰ ਅੰਦਰ ਵਿੱਤੀਪੂੰਜੀ ਨੇ ਸਮਾਜ ਅਤੇ ਆਰਥਿਕਤਾ ਦੇ ਸਾਰੇ ਖੇਤਰਾਂ ਨੂੰ ਕਲਾਵੇ ਵਿਚ ਲੈ ਲਿਆ ਹੈ। ਦੂਜੀ ਵਿਸ਼ਵ ਜੰਗ ਤੋਂ ਬਾਅਦ ਬੈਂਕਿੰਗ, ਗੈਰ-ਬੈਂਕਿੰਗ ਕਮਰਸ਼ੀਅਲ ਕੰਪਨੀਆਂ, ਸ਼ੇਅਰ ਬਾਜਾਰ, ਕਰੰਸੀ ਮੰਡੀ, ਵਾਅਦਾ ਵਪਾਰ ਅਤੇ ਤਰ੍ਹਾਂ-ਤਰ੍ਹਾਂ ਦੇ ਡੈਰੀਵੇਟਿਵ ਹੋਂਦ 'ਚ ਆਉਣ ਕਾਰਨ ਪੂੰਜੀਵਾਦੀ ਆਰਥਿਕਤਾ ਦਾ ਵਿੱਤੀਕਰਨ ਦਿਨੋ-ਦਿਨ ਵਧਿਆ ਹੈ ਅਤੇ ਵੱਡੀਆਂ-ਵੱਡੀਆਂ ਕੰਪਨੀਆਂ ਦੇ ਅਸਾਸੇ ਸ਼ੇਅਰ ਬਜ਼ਾਰ ਵਿਚੋਂ ਤੈਅ ਹੋਣ ਲੱਗ ਪਏ ਹਨ।

ਅੱਜ ਵਿੱਤੀ ਪੂੰਜੀ ਨੇ ਸੰਸਾਰ ਆਰਥਿਕਤਾ ਦੇ ਕੋਨੇ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਸਾਮਰਾਜੀ ਪੂੰਜੀਵਾਦੀ ਪ੍ਰਬੰਧ 'ਚ ਵਿੱਤੀਪੂੰਜੀ ਨੇ ਆਰਥਿਕਤਾ ਦੇ ਸਾਰੇ ਖੇਤਰਾਂ ਅੰਦਰ ਆਪਣੀ ਸਰਦਾਰੀ ਕਾਇਮ ਕਰ ਲਈ ਹੈ ਅਤੇ ਇਸ ਨੇ ਸਨਅਤੀ ਪੂੰਜੀ ਨੂੰ ਗੌਣ ਕਰ ਦਿੱਤਾ ਹੈ। ਬੈਂਕਿੰਗ ਪ੍ਰਣਾਲੀ ਪੂੰਜੀਵਾਦੀ ਪ੍ਰਬੰਧ ਦੀ ਸਾਹ-ਰਗ ਬਣ ਗਈ ਹੈ।2008 ਦਾ ਵਿਸ਼ਵ ਆਰਥਿਕ ਸੰਕਟ ਵਿੱਤੀ ਪੂੰਜੀ ਦਾ ਸੰਕਟ ਸੀ ਅਤੇ ਇਸ ਵਿਚੋਂ ਸਾਮਰਾਜੀ ਪ੍ਰਬੰਧ ਪੂਰੀ ਤਰ੍ਹਾਂ ਉਭਰ ਨਹੀਂ ਸਕਿਆ। ਇਸ ਸੰਕਟ ਵਿਚੋਂ ਉਭਰਨ ਲਈ ਭਾਰਤੀ ਸਰਕਾਰ ਨੇ ਵੱਡੇ ਕਾਰਪੋਰੇਟਾਂ ਨੂੰ ਪ੍ਰੇਰਕ ਦੇ ਨਾਂ ਹੇਠ ਵੱਡੇ-ਵੱਡੇ ਆਰਥਿਕ ਪੈਕੇਜ ਅਤੇ ਕਰਜ਼ੇ ਬੈਕਾਂ ਤੋਂ ਦਿਵਾਏ ਹਨ। ਪਰ ਆਰਥਿਕਤਾ ਦੇ ਸੰਕਟ ਵਿਚੋਂ ਨਾ ਉਭਰ ਸਕਣ ਕਾਰਨ ਬੈਕਾਂ ਦੇ ਪੈਸੇ ਵਾਪਿਸ ਨਹੀਂ ਹੋਏ ਅਤੇ ਇਸ ਨਾਲ ਭਾਰਤੀ ਬੈਕਾਂ ਵੀ ਸੰਕਟ ਵਿਚ ਫਸ ਗਈਆਂ ਹਨ।ਆਰਥਿਕ ਸੰਕਟ ਕਾਰਨ ਬੈਕਾਂ ਦੇ ਵੱਡੇ ਪੱਧਰ 'ਤੇ ਐਨਪੀਏ













ਬਣ ਗਏ ਹਨ ।ਹਜਾਰਾਂ ਕੰਪਨੀਆਂ ਅਤੇ ਬੈਕਾਂ ਦੇ ਦਿਵਾਲੇ ਨਿਕਲ ਗਏ ਹਨ ਅਤੇ ਇਹ ਅਜੇ ਵੀ ਜਾਰੀ ਹਨ ਅਤੇ ਇਹ ਘਾਟੇ ਪੈਣ ਕਾਰਨ ਬੰਦ ਹੋ ਰਹੀਆਂ ਹਨ। ਵੱਡੇ ਕਾਰਪੋਰੇਟਾਂ ਦੇ ਬੈਕਾਂ ਵੱਲ ਸਰਕਾਰੀ ਅੰਕੜਿਆ ਮੁਤਾਬਿਕ 10 ਲੱਖ ਕਰੋੜ ਰੁਪਏ ਅਤੇ ਗੈਰ-ਸਰਕਾਰੀ ਅੰਕੜਿਆਂ ਅਨੁਸਾਰ 16 ਲੱਖ ਕਰੋੜ ਰੁਪਏ ਦੇ ਵੱਟੇ ਖਾਤੇ ਬਣੇ ਹੋਣ ਕਰਕੇ ਬੈਕਾਂ ਵੱਲੋਂ ਹੋਰ ਕਰਜ਼ੇ ਦੇਣ ’ਤੇ ਆਰਬੀਆਈ ਨੂੰ ਰੋਕ ਲਾਉਣੀ ਪਈ ਹੈ। ਯੂਪੀਏ ਵੱਲੋਂ ਮਨਜੂਰ ਕੀਤੇ 299 ਮੈਗਾ ਪ੍ਰੋਜੈਕਟਾਂ ਅੱਧ ਵਿਚਾਲੇ ਫਸੇ ਹੋਣ ਕਰਕੇ ਇਨ੍ਹਾਂ ਪ੍ਰੋਜੈਕਟਾਂ ’ਚ 18.33 ਲੱਖ ਕਰੋੜ ਰੁਪਏ ਦੀ ਪੂੰਜੀ ਫਸੀ ਪਈ ਹੈ।

ਟੈਕਸ ਮਹਿਕਮੇ ਨਾਲ ਵੱਡੀਆਂ ਕੰਪਨੀਆਂ ਦੇ ਝਗੜਿਆਂ ਕਾਰਨ 90 ਹਜਾਰ ਕਰੋੜ ਰੁਪਏ ਫਸੇ ਹੋਏ ਹਨ। ਦਿਵਾਲਾਗ੍ਰਸਤ ਕੰਪਨੀਆਂ ਨੂੰ ਬਚਾਉਣ ਅਤੇ ਇਵਜ਼ਾਨਾ ਦੇਣ ਲਈ 2016 ਵਿਚ ਮੋਦੀ ਸਰਕਾਰ ਵੱਲੋਂ ਬਣਾਏ ਇਨਸੌਲਵੈਂਸੀ ਅਤੇ ਬੈਂਕਰਪਸੀ ਕੋਡ (ਆਈਬੀਸੀ) ਕੋਲ ਰਾਹਤ ਲ਼ੈਣ ਲਈ ਕੰਪਨੀਆਂ ਦਾ ਹੜ ਆ ਗਿਆ।977 ਕੰਪਨੀਆਂ ਨੇ ਦਿਵਾਲੀਏ ਤੋਂ ਮੁਕਤੀ ਲਈ ਅਰਜ਼ੀਆਂ ਦਿੱਤੀਆਂ। ਹੁਣ 2020-21 ਦੇ ਬਜਟ ਵਿਚ ਕਾਰਪੋਰੇਟਾਂ’ਤੇ ਕਾਨੂੰਨੀ ਕਾਰਵਾਈ ਕਰਕੇ ਟੈਕਸ ਉਗਰਾਉਣ ਦੀ ਥਾਂ ਉਨ੍ਹਾਂ ਨੂੰ 90 ਹਜਾਰ ਕਰੋੜ ਦਾ ਫਾਇਦਾ ਪਹੁੰਚਾਉਣ ਲਈ ‘ਵਿਵਾਦ ਨਹੀਂ ਵਿਸ਼ਵਾਸ’ ਸਕੀਮ ਲਿਆਂਦੀ ਗਈ ਹੈ। ਮੋਦੀ ਸਰਕਾਰ ਨੇ ਪਿਛਲੇ ਸਾਲ ਕਾਰਪੋਰੇਟ ਘਰਾਣਿਆਂ ਨੂੰ 1.45 ਲੱਖ ਕਰੋੜ ਰੁਪਏ ਦੀਆਂ ਟੈਕਸ ਰਿਆਇਤਾਂ ਦਿੱਤੀਆਂ, ਵੱਡੇ ਕਾਰਪੋਰੇਟਾਂ ਨੂੰ ਪੂੰਜੀ ਨਿਵੇਸ਼ ਲਈ ਉਤਸਾਹਿਤ ਕਰਨ ਦੇ ਨਾਂ ’ਤੇ ਇਕ ਲੱਖ ਕਰੋੜ ਦੇ ਪ੍ਰੇਰਕ ਅਤੇ ਇਸੇ ਤਰ੍ਹਾਂ ਹੁਣ 20-21 ਦੇ ਹਜਟ ਵਿਚ 1,55 ਲੱਖ ਕਰੋੜ ਰੁਪਏ ਕਾਰਪੋਰੇਟ ਘਰਾਣਿਆ ਨੂੰ ਪ੍ਰੇਰਕ ਦੇਣ ਲਈ ਰੱਖੇ ਗਏ ਹਨ। ਪਰ ਇਹ ਘਰਾਣੇ ਉਦਯੋਗਾਂ ’ਚ ਨਿਵੇਸ਼ ਕਰਨ ਦੀ ਬਜਾਏ ਮੰਦੇ ਕਾਰਨ ਜਾਂ ਜੇਬਾਂ ਵਿਚ ਪਾ ਰਹੇ ਹਨ ਅਤੇ ਜਾਂ ਸ਼ੇਅਰ ਬਾਜ਼ਾਰ ਵਿਚ ਲਾ ਰਹੇ ਹਨ। ਇਸੇ ਕਰਕੇ ਮੰਦਵਾੜੇ ਦੇ ਬਾਵਜੂਦ ਸ਼ੇਅਰ ਬਾਜ਼ਾਰ ਝੂੰਮ ਰਿਹਾ ਹੈ। ਬੈਕਾਂ ਨਾਲ ਫਰਾਡ ਕਰਕੇ ਉਹ ਬੈਕਾਂ ਦਾ ਕਰਜ਼ਾ ਨਹੀਂ ਮੋੜ ਰਹੇ ।ਬੈਕਾਂ ਸੰਕਟ ਵਿਚ ਫਸ ਗਈਆਂ ਹਨ। ਬੈਕਾਂ ਦੇ ਸੰਕਟ ਵਿਚ ਫਸਣ ਕਾਰਨ ਨਿਵੇਸ਼ ਦਾ ਵੱਡਾ ਸੰਕਟ ਪੈਦਾ ਹੋ ਗਿਆ ।ਗੈਰ-ਬੈਂਕ ਨਿੱਜੀ ਵਿੱਤੀ ਕੰਪਨੀਆਂ ਦੇ ਵੀ ਦਿਵਾਲੇ ਨਿਕਲ ਗਏ ਹਨ। ਭਾਰਤ ਅੰਦਰ ਵੱਡੇ ਪ੍ਰੋਜੈਕਟਾਂ ਅਤੇ ਬੁਨਿਆਦੀ ਢਾਂਚੇ ਲਈ ਕਰਜ਼ਾ ਦੇਣ ਵਾਲੀ ਸਭ ਤੋਂ ਵੱਡੀ ਪ੍ਰਾਈਵੇਟ ਇੰਫਰਾਸਟਰਕਚਰ ਲੀਜਿੰਗ ਅਤੇ ਫਾਈਨੈਂਸਲ ਸਰਵਿਸ (ਆਈਐਲ ਅਤੇ ਐਫਐਸ) ਦਿਵਾਲੀਆ ਹੋ ਗਈ ਹੈ। ਸਵਾਲ ਕੇਵਲ ਇਸ ਗੈਰ-ਬੈਂਕ ਵਿੱਤੀ ਕੰਪਨੀ ਦਾ ਨਹੀਂ ਹੈ ਸਗੋਂ ਬੈਂਕ ਖੇਤਰ ਦਾ ਸੰਕਟ ਐਨਾ ਵਿਆਪਕ ਹੈ ਕਿ ਆਰਬੀਆਈ ਨੇ ਨਵੰਬਰ ਅਤੇ ਅਕਤੂਬਰ 2018 ਵਿਚ 779 ਕੰਪਨੀਆਂ ਦਾ ਕਾਰੋਬਾਰ ਬੰਦ ਕਰਨ ਲਈ ਲਾਈਸੰਸ ਕੈਂਸਲ ਕਰਨੇ ਸਨ ਪਰ ਬੈਕਾਂ ਉਦਯੋਗਪਤੀਆਂ ਅੰਦਰ ਭੈਅ ਹੋਣ ਦੇ ਡਰੋਂ ਇਹ ਕਦਮ ਵਾਪਿਸ ਲੈ ਲਿਆ ਗਿਆ। ਵਿੱਤੀ ਪੂੰਜੀ ਦੇ ਸੰਕਟ ਕਾਰਨ ਬੈਕਾਂ ਅਤੇ ਕਈ ਵੱਡੀਆਂ ਵੋਡਾਫੋਨ ਵਰਗੀਆਂ ਕੰਪਨੀਆਂ ਤਬਾਹੀ ਦੇ ਕੰਢੇ ’ਤੇ ਹਨ। ਇਸ ਤਰ੍ਹਾਂ ਭਾਰਤੀ ਆਰਥਿਕ ਸੰਕਟ ਦੀ ਦੂਜੀ ਸ਼ਕਲ ਵਿੱਤੀਪੂੰਜੀ ਦੇ ਸੰਕਟ ਦੀ ਹੈ।

ਤੀਜਾ ਭਾਰਤ ਦਾ ਜਰੱਈ ਖੇਤਰ, ਜਿਸ ਦਾ ਕੁੱਲ ਘਰੇਲੂ ਪੈਦਾਵਾਰ ਵਿਚ ਭਾਵੇਂ 13 ਪ੍ਰਤੀਸ਼ਤ ਹਿੱਸਾ ਹੀ ਹੈ, ਪਰ ਅਜੇ ਵੀ ਭਾਰਤੀ ਅਰਥਵਿਵਥਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਹ ਖੇਤਰ ਵੀ ਗੰਭੀਰ ਸੰਕਟ ਵਿਚ ਫਸਿਆ ਹੋਇਆ ਹੈ ।ਜਰੱਈ ਖੇਤਰ ਵਿਚ ਦੇਸ਼ ਦੀ ਕੁੱਲ ਕਾਮਾ ਸ਼ਕਤੀ ਵਿਚੋਂ 50 ਪ੍ਰਤੀਸ਼ਤ ਕਾਮਾ ਸ਼ਕਤੀ ਲੱਗੀ ਹੋਈ ਹੈ ਅਤੇ ਦੇਸ਼ ਦੀ ਆਬਾਦੀ ਦਾ 70 ਪ੍ਰਤੀਸ਼ਤ ਸਿੱਧੇ ਅਤੇ ਅਸਿੱਧੇ ਰੂਪ ਵਿਚ ਖੇਤੀਬਾੜੀ ’ਤੇ ਨਿਰਭਰ ਹੈ ।ਪਰ ਖੇਤੀਬਾੜੀ ਲਈ ਬਜਟ ਦਾ ਕੇਵਲ 0.4 ਪ੍ਰਤੀਸ਼ਤ ਰੱਖਿਆ ਜਾਂਦਾ ਹੈ ।ਸਅਨਤ ਦਾ ਵਿਕਾਸ ਖੇਤੀਬਾੜੀ ਖੇਤਰ ਨੂੰ ਨਿਚੋੜ ਕੇ ਕੀਤਾ ਜਾਂਦਾ ਹੈ ਅਤੇ ਖੇਤੀਬਾੜੀ ਸਨਅਤੀ ਖੇਤਰ ਨਾਲੋਂ ਪੱਛੜੀ ਰਹਿੰਦੀ ਹੈ। ਆਮ ਤੌਰ ’ਤੇ ਕਿਸਾਨਾਂ ਦੀ ਆਮਦਨ ਨਾਲੋਂ ਖਰਚਾ ਵੱਧ ਹੋਣ ਕਰਕੇ ਉਹ ਲਗਾਤਾਰ ਕਰਜ਼ਈ ਰਹਿੰਦੇ ਹਨ। 2016 ਦੇ ਆਰਥਿਕ ਸਰਵੇ ਅਨੁਸਾਰ ਦੇਸ਼ ਦੇ 17 ਰਾਜਾਂ ਅੰਦਰ ਪ੍ਰਤੀ ਪਰਿਵਾਰ ਦੀ ਸਾਲਾਨਾ ਆਮਦਨ 20 ਹਜਾਰ ਸੀ ਅਤੇ ਉਨ੍ਹਾਂ ਦੀ ਪ੍ਰਤੀ ਮਹੀਨੇ ਦੀ ਆਮਦਨ 1700 ਰੁਪਏ ਬਣਦੀ ਸੀ। 2015 ’ਚ ਲੋਕ ਸਭਾ ਵਿਚ ਖੇਤੀ ਰਾਜ ਮੰਤਰੀ ਵੱਲੋਂ ਪੇਸ਼ ਕੀਤੀ ਰਿਪੋਰਟ ਅਨੁਸਾਰ ਦੇਸ਼ ਦੇ ਕਿਸਾਨਾਂ ਸਿਰ 12.6 ਲੱਖ ਕਰੋੜ ਰੁਪਏ ਦਾ ਕਰਜ਼ਾ ਹੋ ਚੁੱਕਾ ਸੀ। ਵਿਕਸਤ ਦੇਸ਼ਾਂ ਦੀ ‘ਆਰਥਿਕ ਅਤੇ ਵਿਕਾਸ ਜਥੇਬੰਦੀ’ (ਓਈਸੀਡੀ) ਦੀ ਰਿਪੋਰਟ ਅਨੁਸਾਰ ਭਾਰਤ ਦੇ ਕਿਸਾਨਾਂ ਨੂੰ 2000-2017 ਵਿਚਕਾਰ 45 ਲੱਖ ਕਰੋੜ ਰੁਪਏ ਦਾ ਘਾਟਾ ਪਿਆ ਹੈ ।ਕਰਜ਼ੇ ਕਾਰਨ ਉਹ ਖੁਦਕੁਸ਼ੀਆਂ ਕਰ ਰਹੇ ਹਨ ਅਤੇ ਦੇਸ਼ ਵਿਚ 3.5 ਲੱਖ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਪਰ ਨਾ ਯੂਪੀਏ ਸਰਕਾਰ ਅਤੇ ਨਾ ਹੁਣ ਮੋਦੀ ਦੀ ਐਨਡੀਏ ਸਰਕਾਰ ਨੇ ਬਜਟ 2020-21 ਵਿਚ ਸਵਾਮੀਨਾਥਨ ਦੀਆਂ ਸਿਫਾਰਸ਼ਾਂ ‘ਸੀ-2’ ਅਨੁਸਾਰ ਫਸਲਾਂ ਦੀਆਂ ਲਾਗਤਾਂ ਦਾ ਦੁਗਣਾ ਭਾਅ ਨਹੀਂ ਕੀਤਾ ਅਤੇ ਨਾ ਹੀ ਕਿਸਾਨਾਂ ਸਿਰ ਕਰਜ਼ੇ ਨੂੰ ਲਾਹੁਣ ਅਤੇ ਖੁਦਕੁਸ਼ੀਆਂ ਕਰ ਚੁੱਕੇ ਪਰਿਵਾਰਾਂ ਨੂੰ ਰਾਹਤ ਪੈਕੇਜ ਦਾ ਉਪਬੰਧ ਕੀਤਾ ਹੈ।

ਵਿਸ਼ਵ ਸੰਸਰ ਸੰਸਥਾ ਦੀਆਂ ਸਰਤਾਂ ਤਹਿਤ ਮੋਦੀ ਸਰਕਾਰ ਫ਼ਸਲਾਂ ਦੀ ਸਰਕਾਰੀ ਖਰੀਦ ਕਰਨ ਅਤੇ ਘੱਟੋ ਘੱਟ ਸਮੱਰਥਨ ਮੁੱਲ ਤੋਂ ਭੱਜ ਰਹੀ ਹੈ। ਇਸ ਲਈ ਐਫਸੀਆਈ ਨੂੰ ਤਾੜਿਆ ਜਾ ਰਿਹਾ ਹੈ ਅਤੇ 2020-21 ਕੇਂਦਰੀ ਬਜਟ ਵਿਚ ਕਣਕ-ਝੋਨਾ ਦੀ ਸਰਕਾਰੀ ਖਰੀਦ ਲਈ ਕੇਂਦਰ ਸਰਕਾਰ ਵੱਲੋਂ ਮਨਜੂਰ ਕੀਤੀ ਜਾਣ ਵਾਲੀ ਕੈਸ਼ ਕਰੈਡਿਟ ਲਿਮਟ (ਸੀਸੀਐਲ) ਘਟਾ ਦਿੱਤੀ ਗਈ ਹੈ ਅਤੇ ਕਾਰਪੋਰੇਟਾਂ ਨੂੰ ਕਿਸਾਨਾਂ ਤੋਂ ਫ਼ਸਾਲਾਂ ਦੀ ਸਿੱਧੀ ਖਰੀਦ ਕਰਨ ਲਈ ਫ਼ਸਾਲਾਂ ਦੀ ਸਿੱਧੀ ਅਦਾਇਗੀ ਕਰ ਦਿੱਤੀ ਗਈ ਹੈ। 2020-21 ਦੇ ਬਜਟ ਵਿਚ ਵੱਡੇ ਕਾਰਪੋਰੇਟਾਂ ਵੱਲੋਂ ਖੇਤੀ ਕਰਵਾਉਣ ਦਾ ਰਸਤਾ ਖੋਲ੍ਹਣ ਲਈ ਠੇਕਾ ਖੇਤੀ ਦਾ ਮਾਡਲ ਅਪਨਾਉਣ ਰਾਹੀਂ ਫ਼ਲਾਂ ਅਤੇ ਸਬਜ਼ੀਆ ਦੀ ਢੋਆ ਢੂਆਈ ਲਈ ਰੇਲਵੇ ਅਤੇ ਹਵਾਈ ਟਰਾਂਸਪੋਰਟ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੇ ਉਲਟ ਖੇਤੀਬਾੜੀ ਦਾ ਬਜਟ ਘਟਾਇਆ ਜਾ ਰਿਹਾ ਹੈ। ਖਾਧ ਸਬਸਿਡੀ 1.84 ਲੱਖ ਕਰੋੜ ਰੁਪਏ ਤੋਂ ਘਟਾ ਕੇ 1.15 ਲੱਖ ਕਰੋੜ ਰੁਪਏ, ਖਾਦਾਂ ’ਤੇ ਸਬਸਿਡੀ 79 ਹਜਾਰ ਕਰੋੜ ਤੋਂ ਘਟਾ ਕੇ 71 ਹਜਾਰ ਕਰੋੜ ਰੁਪਏ, ਮਨਰੇਗਾ ਫੰਡ 71 ਹਜਾਰ ਤੋਂ ਘਟਾ ਕੇ 61 ਹਜਾਰ ਕਰੋੜ ਰੁਪਏ ਕਰ ਦਿੱਤੇ ਗਏ ਹਨ। 2019 ਦੀਆਂ ਲੋਕ ਸਭਾ ਚੋਣਾਂ ਵੇਲੇ ਕਿਸਾਨਾਂ ਨੂੰ ਭਰਮਾਉਣ ਲਈ ਪੀਐਮ ਕਿਸਾਨ ਨਿੱਧੀ ਯੋਜਨਾ ਤਹਿਤ 6 ਹਜਾਰ ਪ੍ਰਤੀ ਕਿਸਾਨ ਨੂੰ ਦੇਣ ਲਈ 75 ਹਜਾਰ ਕਰੋੜ ਰੱਖੇ ਗਏ ਸਨ ਪਰ ਅੱਧੇ ਕਿਸਾਨਾਂ ਨੂੰ ਤਿੰਨਾਂ ਵਿਚੋਂ ਦੋ ਕਿਸ਼ਤਾਂ ਹੀ ਮਿਲੀਆਂ ਹਨ। ਫ਼ਸਲ ਬੀਮਾ ਯੋਜਨਾ ਦਾ ਬੈਕਾਂ ਨੂੰ 19 ਹਜਾਰ ਕਰੋੜ ਰੁਪਏ ਦੇ ਵਿੰਡਫਾਲ ਮੁਨਾਫ਼ੇ ਕਮਾਉਣ ਦੇ ਮੌਕੇ ਦਿੱਤੇ ਗਏ ਹਨ। ਪਰ ਹੁਣ ਕਿਸਾਨਾਂ ਨੂੰ ਇਸ ਯੋਜਨਾ ਦਾ ਕੋਈ ਫਾਇਦਾ ਨਾ ਹੋਣ ਦਾ ਬਹਾਨਾ ਬਣਾਕੇ ਇਸ ਦੀ ਸਮੀਖਿਆ ਦੇ ਬਹਾਨੇ ਇਸ ਨੂੰ ਬੰਦ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਭਾਰਤੀ ਹੁਕਮਰਾਨਾਂ ਨੇ ਨਵਉਦਾਰਵਾਦੀ ਵਿਕਾਸ ਦਾ ਕਾਰਪੋਰੇਟ ਮਾਡਲ ਅਪਣਾਅ ਕੇ ਇਕ ਪਾਸੇ ਖੇਤੀਬਾੜੀ ਵਿਚੋਂ ਵਸੋਂ ਨੂੰ ਉਜਾੜਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਦੇਸ਼ ਅੰਦਰ ਕਿਰਤ-ਸੰਘਣਤਾ ਵਾਲੇ ਮਾਡਲ ਦੀ ਬਜਾਏ ਪੂੰਜੀ ਸੰਘਣਤਾ ਵਾਲਾ ਰੁਜ਼ਗਾਰ ਰਹਿਤ ਮਾਡਲ ਅਪਣਾਇਆ ਹੋਇਆ ਹੈ ।ਇਸੇ ਕਰਕੇ ਭਾਰਤ ਅੰਦਰ ਕੁੱਲ ਕਿਰਤ ਸ਼ਕਤੀ ਵਿਚ ਗੈਰ-ਰਸਮੀ ਕਿਰਤ ਸ਼ਕਤੀ ਦਾ ਹਿੱਸਾ (ਠੇਕੇਦਾਰੀ) 46 ਪ੍ਰਤੀਸ਼ਤ ਹੋ ਗਿਆ ਹੈ ਅਤੇ ਇਥੋਂ ਤੱਕ ਕਿ ਕਾਰਪੋਰੇਟ (ਜਥੇਬੰਦਕ) ਖੇਤਰ ਵਿਚ ਵੀ 27 ਪ੍ਰਤੀਸ਼ਤ ਹਿੱਸਾ ਠੇਕਾ ਭਾਰਤੀ ਦਾ ਹੈ ।ਠੇਕਾ ਭਾਰਤੀ ਮਜ਼ਦੂਰਾਂ ਨੂੰ ਵੱਧ ਘੰਟੇ ਕੰਮ ਕਰਕੇ ਬਹੁਤ ਨੀਵੀਂਆਂ ਤਨਖਾਹਾਂ ਅਤੇ ਉਜ਼ਰਤਾਂ ਮਿਲ ਰਹੀਆਂ ਹਨ। ਵਪਾਰ ਦੀਆਂ ਸ਼ਰਤਾਂ ਲਗਾਤਾਰ ਸਅਨਤ ਦੇ ਪੱਖ ਵਿਚ ਰੱਖ ਕੇ ਕਿਸਾਨਾਂ ਨੂੰ ਕੰਗਾਲ ਕੀਤਾ ਜਾ ਰਿਹਾ ਹੈ ਅਤੇ ਆਰਥਿਕ ਸੰਕਟ ਦਾ ਸਾਰਾ ਭਾਰ ਮਜ਼ਦੂਰਾਂ ਅਤੇ ਕਿਸਾਨਾਂ ਉਪਰ ਸੁੱਟਿਆ ਜਾ ਰਿਹਾ ਹੈ। ਜ਼ਮੀਨ ਦੀ ਕਾਣੀ ਵੰਡ ਜਰੱਈ ਸੰਕਟ ਨੂੰ ਹੋਰ ਵਧਾ ਰਹੀ ਹੈ। ਭਾਰਤ ਅੰਦਰ 60 ਪ੍ਰਤੀਸ਼ਤ ਖੇਤੀਬਾੜੀ ਅਜੇ ਵੀ ਬਰਸਾਤ ’ਤੇ ਨਿਰਭਰ ਹੈ। ਸਿੰਜਾਈ ਦਾ ਪ੍ਰਬੰਧ ਕਰਨ ਲਈ ਵੱਡੇ ਪੱਧਰ ’ਤੇ ਪੂੰਜੀ ਨਿਵੇਸ਼ ਦੀ ਲੋੜ ਹੈ ਪਰ ਪੂੰਜੀ ਇਕ ਪ੍ਰਤੀਸ਼ਤ ਵੱਡੇ ਧੰਨਾ-ਸੇਠਾਂ ਕੋਲ ਕੇਂਦਰਤ ਹੋ ਰਹੀ ਹੈ। ਮੋਦੀ ਸਰਕਾਰ ਖੇਤੀਬਾੜੀ ਵਿਚ ਪੂੰਜੀ ਨਿਵੇਸ਼ ਕਰਨ ਦੀ ਬਜਾਏ ਸਿਫਰ (ਜ਼ੀਰੋ) ਖ਼ਰਚਾ ਖੇਤੀਬਾੜੀ ਦਾ ਗ਼ੈਰ-ਅਮਲੀ ਮਾਡਲ ਪੇਸ਼ ਕਰਕੇ ਲੋਕਾਂ ਨੂੰ ਇਕ ਹੋਰ ਅੰਨ ਸੰਕਟ ਵਿਚ ਧੱਕਣ ਜਾ ਰਹੀ ਹੈ। ਖੇਤੀਬਾੜੀ ਦੇ ਵਿਕਸਤ ‘ਹਰੇ ਇਨਕਲਾਬ’ ਦੇ ਇਲਾਕਿਆਂ ਅੰਦਰ ਮਸ਼ੀਨੀਕਰਨ ਅਤੇ ਰਸਾਇਣੀਕਰਨ ਨੇ ਪੇਂਡੂ ਖੇਤਰ ਅੰਦਰ ਵੱਡੇ ਪੱਧਰ ’ਤੇ ਬੇਰੁਜ਼ਗਾਰੀ ਪੈਦਾ ਕਰ ਦਿੱਤੀ ਹੈ ਅਤੇ ਪੱਛੜੇ ਖੇਤਰਾਂ ਅੰਦਰ ਵੀ ਹੌਲੀ-ਹੌਲੀ ਮਸ਼ੀਨੀਕਰਨ ਅਤੇ ਰਸਾਇਣੀਕਰਨ ਨਾਲ ਪੇਂਡੂ ਰੁਜ਼ਗਾਰ ਖੁੱਸ ਰਿਹਾ ਹੈ। ਪਿਛਲੇ 45 ਸਾਲਾਂ ਤੋਂ ਬਾਅਦ ਬੇਰੁਜ਼ਗਾਰੀ ਸਭ ਤੋਂ ਗੰਭੀਰ ਹੋਣ ਦਾ ਕਾਰਨ ਜਰੱਈ ਖੇਤਰ ਅੰਦਰ ‘ਵਾਧੂ ਵਸੋਂ’ ਦਾ ਹੋਣਾ ਹੈ।

ਰੁਜ਼ਗਾਰ ਦੀ ਭਾਲ ਲਈ ਲੋਕ ਦੇਸ਼ ਅਤੇ ਪ੍ਰਦੇਸ਼ ਲਈ ਹਿਜਰਤ ਕਰ ਰਹੇ ਹਨ। ਇਕ ਪਾਸੇ ਭਾਰਤ ਅੰਦਰ ਅੰਨ ਦੇ ‘ਵਾਧੂ’ ਭੰਡਾਰ ਭਰੇ ਪਏ ਹਨ ਪਰ ਦੂਜੇ ਪਾਸੇ ਭਾਰਤ ਦਾ ਭੁੱਖਮਰੀ ’ਚ 117 ਦੇਸ਼ਾਂ ਵਿਚੋਂ 102ਵਾਂ ਦਰਜਾ ਹੈ। ਯੂਐਨਓ ਦੀ ਜੁਲਾਈ 2019 ਦੀ ਰਿਪੋਰਟ ਅਨੁਸਾਰ ਭਾਰਤ ਅੰਦਰ ਅਜੇ ਵੀ 19 ਕਰੋੜ ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ। ਭਾਰਤ ਦੇ ਇਕ ਕਰੋੜ ਬੱਚੇ ਬਾਲ ਮਜਦੂਰੀ ਕਰ ਰਹੇ ਹਨ ।ਮੋਦੀ ਸਰਕਾਰ ਨਾ ਬੇਰੁਜ਼ਗਾਰੀ ਦੀ ਗੰਭੀਰ ਸਮੱਸਿਆ ਨੂੰ ਤਸਲੀਮ ਕਰ ਰਹੀ ਹੈ ਅਤੇ ਨਾ ਹੀ ਭਾਰਤੀ ਅਰਥਵਿਵਸਥਾ ਅੰਦਰ ਆਰਥਿਕ ਮੰਦਵਾੜੇ ਦੀ ਹੋਂਦ ਨੂੰ ਸਵੀਕਾਰ ਕਰ ਰਹੀ ਹੈ। ਇਸੇ ਕਰਕੇ ਵਿੱਤ ਮੰਤਰੀ ਸੀਤਾਰਮਨ ਨੇ ਬਜਟ ਦੇ ਸਵਾ ਦੋ ਘੰਟੇ ਦੇ ਭਾਸ਼ਨ ਵਿੱਚ ਆਰਥਿਕ ਮੰਦੀ ਅਤੇ ਬੇਰੁਜ਼ਗਾਰੀ ਦਾ ਜ਼ਿਕਰ ਤੱਕ ਨਹੀਂ ਕੀਤਾ। ਜੇ ਕੋਈ ਡਾਕਟਰ ਬਿਮਾਰੀ ਹੀ ਨਾ ਮੰਨੇ ਤਾਂ ਉਹ ਉਸ ਦਾ ਇਲਾਜ ਕਿਵੇਂ ਕਰ ਸਕਦਾ ਹੈ ? ਇਸੇ ਤਰ੍ਹਾਂ ਜੇ ਮੋਦੀ ਸਰਕਾਰ ਬੇਰੁਜ਼ਗਾਰੀ ਅਤੇ ਮੰਦੀ ਹੀ ਸਵੀਕਾਰ ਨਹੀਂ ਕਰ ਰਹੀ ਤਾਂ ਉਹ ਮੰਦੀ ਅਤੇ ਬੇਰੁਜ਼ਗਾਰੀ ਦੇ ਹੱਲ ਬਾਰੇ ਕਦਮ ਨਹੀਂ ਪੁੱਟ ਸਕਦੀ। ਦਰਅਸਲ ਆਰਐਸਐਸ-ਭਾਜਪਾ ਕੋਲ ਦੇਸ਼ ਦੀ ਆਰਥਿਕ ਮੰਦੀ, ਬੇਰੁਜ਼ਗਾਰੀ, ਮਹਿੰਗਾਈ ਅਤੇ ਭੁੱਖਮਰੀ ਵਰਗੀਆਂ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਕੋਈ ਰੋਡਮੈਪ ਨਹੀਂ ਹੈ। ਇਸੇ ਕਰਕੇ ਇਹ ਨਾਗਰਿਕਤਾ ਸੋਧ ਕਾਨੂੰਨ, ਐਨਪੀਆਰ ਅਤੇ ਐਨਆਰਸੀ ਵਰਗੇ ਮੁਸਲਿਮ ਅਤੇ ਗੈਰ-ਮੁਸਲਿਮ ਭਾਈਚਾਰਿਆਂ ਵਿਚਕਾਰ ਪਾੜਾ ਪਾਕੇ ਫਿਰਕੂ ਧਰੁਵੀਕਰਨ ਰਾਹੀਂ ਆਪਣੇ ਫਿਰਕੂ ਏਜੰਡੇ ਨੂੰ ਅੱਗੇ ਵਧਾ ਰਹੀ ਹੈ।

ਸੰਪਰਕ: 78883-27695









# 'ਸਿਮਰ ਚੱਕਰ' ਤੋਂ ਓਲੰਪਿਕ ਖੇਡਾਂ ਦੇ ਮੈਡਲ ਦੀ ਆਸ

- ਪ੍ਰਿੰ. ਸਰਵਣ ਸਿੰਘ ਚਕਰ

ਬੌਕਸਿੰਗ ਦੇ ਏਸ਼ੀਆ/ਓਸ਼ਨੀਆ ਓਲੰਪਿਕ ਕੁਆਲੀਫਾਈਡ ਮੁਕਾਬਲਿਆਂ ਵਿਚ ਪੰਜਾਬ ਦੀ ਸ਼ੇਰਨੀ ਸਿਮਰਨਜੀਤ ਕੌਰ ਬਾਠ ਨੇ ਕਜ਼ਾਕਸਤਾਨ ਦੀ ਬੌਕਸਰ ਨੂੰ 5-0 'ਤੇ ਵਿਸ਼ਵ ਦੀ ਨੰਬਰ ਦੋ ਬੌਕਸਰ ਮੰਗੋਲੀਆ ਦੀ ਐਂਨ. ਮੋਨਖੋਰ ਨੂੰ ਵੀ 5-0 ਨਾਲ ਹਰਾ ਕੇ ਟੋਕੀਓ ਦੀਆਂ ਓਲੰਪਿਕ ਖੇਡਾਂ ਲਈ ਟਿਕਟ ਪੱਕੀ ਕਰ ਲਈ ਹੈ। ਸੈਮੀ ਫਾਈਨਲ ਵਿਚ ਉਹ ਤੈਪਈ ਦੀ ਬੌਕਸਰ ਸ਼ੀ-ਯੂ-ਵੂ ਨੂੰ 4-1 ਨਾਲ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਇਹ ਪੰਜਾਬ ਦੀ ਸਾਧਾਰਨ ਪੇਂਡੂ ਲੜਕੀ ਦਾ ਐਸਾ ਕਮਾਲ ਹੈ ਜਿਸ ਉਤੇ ਦੇਸ਼ ਵਿਦੇਸ਼ ਵਿਚ ਵਸਦੇ ਭਾਰਤੀ ਮਾਣ ਕਰ ਸਕਦੇ ਹਨ। ਹੁਣ ਉਹਤੋਂ ਓਲੰਪਿਕ ਮੈਡਲ ਜਿੱਤਣ ਦੀਆਂ ਆਸਾਂ ਹੋਰ ਵੀ ਪੱਕੀਆਂ ਹੋ ਗਈਆਂ ਹਨ। ਪੰਜਾਬ ਦੇ ਮੁੱਖ ਮੰਤਰੀ, ਭਾਰਤ ਦੇ ਖੇਡ ਮੰਤਰੀ, ਪੰਜਾਬ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ, ਪੰਜਾਬ ਦੇ ਖੇਡ ਮੰਤਰੀ, ਡਾਇਰੈਕਟਰ ਖੇਡਾਂ ਪੰਜਾਬ, ਸ਼੍ਰੋਮਣੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਅਤੇ ਦੇਸ਼ ਵਿਦੇਸ਼ ਵਿਚ ਵਸਦੇ ਭਾਰਤੀਆਂ ਵੱਲੋਂ ਸਿਮਰਨਜੀਤ ਕੌਰ ਨੂੰ ਮੁਬਾਰਕਾਂ ਦਿੱਤੀਆਂ ਜਾ ਰਹੀਆਂ ਹਨ।

ਸਿਮਰਨਜੀਤ ਸਾਡੇ ਪਿੰਡ ਚਕਰ ਦੀ ਧੀ ਹੈ। ਚਕਰ ਦੇ ਸਰਕਾਰੀ ਸਕੂਲ ਵਿਚ ਪੜ੍ਹਦਿਆਂ ਛੋਟੀ ਉਮਰ ਤੋਂ ਹੀ ਉਸ ਨੇ ਕੱਚੇ ਬੌਕਸਿੰਗ ਰਿੰਗ 'ਚੋਂ ਮੁੱਕੇਬਾਜ਼ੀ ਸਿੱਖਣੀ ਸ਼ੁਰੂ ਕੀਤੀ ਸੀ। ਪੰਜਾਹ ਪਚਵੰਜਾ ਵਰ੍ਹਿਆਂ ਤੋਂ ਖੇਡ ਲੇਖਕ ਹੋਣ ਕਰਕੇ ਮੇਰੀ ਚਿਰੋਕਣੀ ਰੀਝ ਸੀ ਕਿ ਸਾਡੇ ਪਿੰਡ ਦਾ ਕੋਈ ਲੜਕਾ/ਲੜਕੀ ਓਲੰਪੀਅਨ ਬਣੇ ਤੇ ਮੈਂ ਉਹਦੇ ਬਾਰੇ ਚਾਅ ਨਾਲ ਲਿਖਾਂ। ਨੈਸ਼ਨਲ ਚੈਂਪੀਅਨ ਤਾਂ ਮੇਰੇ ਪੁੱਤਰਾਂ ਸਮੇਤ ਕਈ ਹੋਰ ਚਕਰੀਏ ਵੀ ਬਣੇ ਪਰ ਓਲੰਪੀਅਨ ਬਣਨ ਦੀ ਪਹਿਲ 'ਸਿਮਰ ਚਕਰ' ਨੇ ਕੀਤੀ ਹੈ। ਚਕਰ 'ਚ ਮੁੱਕੇਬਾਜ਼ੀ ਦੀ ਸ਼ੁਰੂਆਤ ਮੇਰੇ ਭਤੀਜੇ ਪ੍ਰਿੰ. ਬਲਵੰਤ ਸਿੰਘ ਸੰਧੂ ਨੇ 14 ਨਵੰਬਰ 2005 ਨੂੰ ਬਾਲ ਦਿਵਸ ਉਤੇ ਪੈੜਾਂ ਦੀ ਸੱਥ ਤੋਂ ਸ਼ੁਰੂ ਕੀਤੀ ਸੀ। ਉਸ ਨੂੰ ਸਾਰੇ ਨਗਰ ਨਿਵਾਸੀਆਂ ਨੇ ਭਰਵਾਂ ਸਹਿਯੋਗ ਦਿੱਤਾ। ਡਸਿਪਲਿਨ ਦਾ ਐਸਾ ਖੇਡ ਮਾਹੌਲ ਸਿਰਜਿਆ ਗਿਆ ਕਿ ਪਿੰਡ ਦੀਆਂ ਕੁੜੀਆਂ ਵੀ ਬੇਝਿਜਕ ਬੌਕਸਿੰਗ ਰਿੰਗ ਵਿਚ ਆਉਣ ਲੱਗ ਪਈਆਂ। ਮਾਰਚ 2006 ਤੋਂ ਕੈਨੇਡਾ ਵਸਦੇ ਸਿੱਧੂ ਭਰਾਵਾਂ ਅਜਮੇਰ ਸਿੰਘ/ਬਲਦੇਵ ਸਿੰਘ ਪਰਿਵਾਰ ਨੇ ਚਕਰ ਦੀ ਖੇਡ ਅਕੈਡਮੀ ਨੂੰ ਅਪਨਾ ਲਿਆ। ਹੁਣ ਚਕਰ ਨੂੰ ਮੁੱਕੇਬਾਜ਼ੀ ਦਾ ਕਿਊਬਾ ਕਿਹਾ ਜਾ ਸਕਦੈ।

ਸਿਮਰ ਚਕਰ, ਮੇਰੇ ਮੋਏ ਮਿੱਤਰ ਮਹਿੰਦਰ ਸਿੰਘ ਚਕਰ ਦੀ ਪੋਤਰੀ ਹੈ। ਉਹ ਲੇਖਕ ਸੀ ਤੇ ਪਿੰਡ ਦੀ ਸਹਿਕਾਰੀ ਸਭਾ ਦਾ ਸੈਕਟਰੀ। ਉਹਦੇ ਪਹਿਲੇ ਨਾਵਲ ਦਾ ਨਾਂ 'ਕੱਲਰ ਦੇ ਕੰਵਲ' ਸੀ ਤੇ ਦੂਜੇ ਦਾ 'ਸੂਰਾ ਸੋ ਪਹਿਚਾਨੀਏ'। ਉਸ ਦੀ ਪੋਤੀ ਸੱਚਮੁੱਚ ਕੱਲਰ ਦਾ ਕੰਵਲ ਬਣ ਕੇ ਨਿਤਰੀ ਹੈ। ਕਾਮਰੇਡ ਮਹਿੰਦਰ ਸਿੰਘ ਨੂੰ ਦਹਿਸ਼ਤੀ ਦੌਰ ਵਿਚ ਦੋ ਅਣਜਾਣੇ ਬੰਦਿਆਂ ਨੇ ਏ. ਕੇ. 47 ਦਾ ਬ੍ਰੱਸਟ ਮਾਰ ਕੇ 'ਸ਼ਹੀਦ' ਕਰ ਦਿੱਤਾ ਸੀ। ਉਸ ਦਿਨ ਮੈਂ ਉਹਦੇ ਨਾਲ ਨਹੀਂ ਸਾਂ ਜਿਸ ਕਰਕੇ ਬਚ ਗਿਆ। ਨਾਲ ਹੁੰਦਾ ਤਾਂ ਸ਼ਾਇਦ ਉਹ ਵੀ ਬਚ ਜਾਂਦਾ ਜਾਂ ਮੈਂ ਹੀ ਉਹਦੇ ਨਾਲ ਤੁਰ ਜਾਂਦਾ। ਪੂਰਾ ਵੇਰਵਾ ਮੇਰੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਦੇ ਕਾਂਡ 'ਮੌਤ ਦਾ ਪਹਿਰਾ' ਵਿਚ ਦਰਜ ਹੈ।



ਅੱਜ ਮੈਂ ਸੋਚਦਾਂ, ਮਹਿੰਦਰ ਜਿਊਂਦਾ ਹੁੰਦਾ ਤਾਂ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਵੇਖਦਾ। ਹੁਣ ਤਾਂ ਸਿਮਰ ਦਾ ਪਿਤਾ ਕਮਲਜੀਤ ਵੀ ਜੱਗ 'ਤੇ ਨਹੀਂ ਰਿਹਾ। ਹਾਂ, ਉਹਦੀ ਮਾਂ ਜੱਗ 'ਤੇ ਜ਼ਰੂਰ ਹੈ ਜੋ ਔਖੇ ਸੌਖੇ ਦੋ ਧੀਆਂ ਤੇ ਦੋ ਪੁੱਤਰਾਂ ਨੂੰ ਪਾਲਦੀ ਹੈ। ਸਿਮਰ ਨੇ ਆਪਣੀ ਜਿੱਤ ਦਾ ਸਿਹਰਾ ਆਪਣੀ ਮਾਂ ਦੇ ਸਿਰ ਬੰਨ੍ਹਿਆ ਹੈ। ਪਰਿਵਾਰ ਦੀ ਆਰਥਿਕ ਹਾਲਤ ਅਜਿਹੀ ਹੈ ਕਿ ਮਹਿੰਦਰ ਸਿੰਘ ਦੀ ਅੱਠ ਕਿੱਲਿਆਂ ਦੀ ਜਾਇਦਾਦ ਚਾਰ ਪੁੱਤਰਾਂ ਵਿਚ ਵੰਡੀਦੀ ਸਾਰੀ ਦੀ ਸਾਰੀ ਖੁਰ ਚੁੱਕੀ ਹੈ। ਹੁਣ ਜ਼ਮੀਨ ਦਾ ਇਕ ਓਰਾ ਵੀ ਨਹੀਂ ਹੈ ਸਿਮਰ ਦੀ ਮਾਂ ਕੋਲ। ਮਾਂ ਕੋਲ ਕੇਵਲ ਮਜਦੂਰੀ ਤੇ ਮਜਬੂਰੀ ਹੈ। ਪਰ ਲਾਲ ਰੂੜੀਆਂ 'ਚੋਂ ਵੀ ਦਗ ਉਠਦੇ ਹਨ! ਗੱਲਾਂ ਬਹੁਤ ਹਨ ਜੋ ਕਦੇ ਫੇਰ ਕਰਾਂਗਾ।

ਪੰਜਾਬ ਦੀ ਮੈਰੀਕਾਮ ਕਹੀ ਜਾਂਦੀ ਸਿਮਰ ਚਕਰ ਨੇ 2018 ਵਿਚ ਵਿਸ਼ਵ ਬੌਕਸਿੰਗ ਚੈਂਪੀਅਨਸ਼ਿਪ ਦਿੱਲੀ 'ਚੋਂ ਕਾਸੀ ਦਾ ਮੈਡਲ ਜਿੱਤ ਕੇ ਆਪਣਾ ਪਿੰਡ ਚਕਰ ਚਰਚਾ ਵਿਚ ਲੈ ਆਂਦਾ ਸੀ। ਪਹਿਲਾਂ ਇਸੇ ਪਿੰਡ ਦੀ ਮਨਦੀਪ ਕੌਰ ਸੰਧੂ ਨੇ ਜੂਨੀਅਰ ਵਰਲਡ ਚੈਂਪੀਅਨ ਬਣ ਕੇ ਚਕਰ ਚਰਚਾ ਵਿਚ ਲਿਆਂਦਾ ਸੀ। ਇਹ ਪਹਿਲੀ ਵਾਰ ਹੋਇਆ ਸੀ ਕਿ ਪੰਜਾਬ ਦੀ ਕੋਈ ਲੜਕੀ ਔਰਤਾਂ ਦੀ ਵਿਸ਼ਵ ਬੌਕਸਿੰਗ ਚੈਂਪੀਅਨਸ਼ਿਪ ਦੇ ਜਿੱਤਮੰਚ 'ਤੇ ਚੜ੍ਹਨ ਵਿਚ ਕਾਮਯਾਬ ਹੋਈ ਸੀ। ਚਕਰ ਦੇ ਸਰਕਾਰੀ ਸਕੂਲ ਵਿਚ ਪੜ੍ਹੀ, ਚਕਰ ਅਕੈਡਮੀ ਦੀ ਤਰਾਸ਼ੀ ਮੁੱਕੇਬਾਜ਼ ਕੁੜੀ ਦਾ ਵਿਸ਼ਵ ਦੀਆਂ ਉਪਰਲੀਆਂ ਚਾਰ ਮੁੱਕੇਬਾਜ਼ਾਂ ਵਿਚ ਆ ਖੜ੍ਹਨਾ ਬੜੀ ਵੱਡੀ ਪ੍ਰਾਪਤੀ ਸੀ।

ਬੌਕਸਿੰਗ ਅਕੈਡਮੀ ਦੀ ਜਿੰਦ ਜਾਨ, ਚਕਰ ਦਾ ਮਸੀਹਾ, ਸਵਰਗੀ ਅਜਮੇਰ ਸਿੰਘ ਸਿੱਧੂ ਅੱਜ ਜ਼ਿੰਦਾ ਹੁੰਦਾ ਤਾਂ ਬੇਹੱਦ ਖ਼ੁਸ਼ ਹੁੰਦਾ! ਉਹ ਪਤਾ ਨਹੀਂ ਸਿਮਰ ਚਕਰ ਤੋਂ ਕੀ ਕੁਝ ਵਾਰਦਾ? ਵੇਖਦੇ ਹਾਂ, ਪੰਜਾਬ ਸਰਕਾਰ ਜਾਂ ਕੇਂਦਰ ਸਰਕਾਰ ਸਿਮਰਨਜੀਤ ਦੀ ਕਿਹੋ ਜਿਹੀ ਸਰਪ੍ਰਸਤੀ ਕਰਦੀ ਹੈ?

ਸਾਡੇ ਦੇਸ਼ ਦੀਆਂ ਕੁੜੀਆਂ ਨੂੰ ਸਹੀ ਸੇਧ ਮਿਲੇ ਤਾਂ ਉਹ ਕੁਝ ਦਾ ਕੁਝ ਕਰ ਕੇ ਵਿਖਾ ਸਕਦੀਆਂ ਹਨ। ਚਕਰ ਦੀਆਂ ਧੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ। ਮੁੱਕੇਬਾਜ਼ੀ ਵਰਗੀ ਜੁਝਾਰੂ ਖੇਡ ਵਿਚ ਚਕਰ ਦੀਆਂ ਕੁੜੀਆਂ ਨੇ ਪੰਜਾਬ, ਭਾਰਤ ਤੇ ਅੰਤਰਰਾਸ਼ਟਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਹਨ। 2006 ਵਿਚ ਪਹਿਲੀ ਮੁੱਕੇਬਾਜ਼ ਸ਼ਵਿੰਦਰ ਕੌਰ 2012 ਦੀ ਜੂਨੀਅਰ ਨੈਸ਼ਨਲ ਬਾਕਸਿੰਗ ਚੈਂਪੀਅਨ ਬਣੀ ਸੀ ਜੋ ਭਾਰਤ ਦੀ ਸਰਬੋਤਮ ਮੁੱਕੇਬਾਜ਼ ਐਲਾਨੀ ਗਈ। ਉਹ ਭਾਰਤੀ ਟੀਮ ਦੀ ਮੈਂਬਰ ਬਣ ਕੇ ਸ੍ਰੀਲੰਕਾ ਦਾ ਬਾਕਸਿੰਗ ਕੱਪ ਵੀ ਖੇਡੀ। ਮਨਦੀਪ ਕੌਰ ਸੰਧੂ ਏਸ਼ੀਆ ਦੀ ਬੈੱਸਟ ਜੂਨੀਅਰ ਬੌਕਸਰ ਐਲਾਨੀ ਗਈ। ਇਹ ਲੜਕੀ 24 ਮਈ 2015 ਨੂੰ ਤੈਪਈ ਵਿਚ ਮੁੱਕੇਬਾਜ਼ੀ ਦੀ ਜੂਨੀਅਰ ਵਿਸ਼ਵ ਚੈਂਪੀਅਨ ਬਣੀ। ਅਕਾਲ ਤਖਤ ਵੱਲੋਂ ਪਿੰਡ ਵਿਚ ਇਕੋ ਗੁਰਦਵਾਰਾ ਰੱਖਣ ਦੀ ਮੁਹਿੰਮ ਵੀ ਪਿੰਡ ਚਕਰ ਤੋਂ ਹੀ ਸ਼ੁਰੂ ਕੀਤੀ ਗਈ ਸੀ। ਚਕਰ ਦਸ ਹਜ਼ਾਰ ਤੋਂ ਵੱਧ ਆਬਾਦੀ ਵਾਲਾ ਪਿੰਡ ਹੈ ਪਰ ਗੁਰਦਵਾਰਾ ਇਕੋ ਹੈ।

ਪੁਰਸ਼ਾਂ ਵਿਚ ਸੁਖਦੀਪ ਚਕਰੀਆ ਭਾਰਤ ਦਾ ਨੈਸ਼ਨਲ ਚੈਂਪੀਅਨ ਬਣਿਆ ਜੋ ਦੇਸ਼ ਦਾ ਸਰਬੋਤਮ ਮੁੱਕੇਬਾਜ਼ ਐਲਾਨਿਆ ਗਿਆ। ਉਹ ਭਾਰਤ ਵੱਲੋਂ ਅੰਤਰਰਾਸ਼ਟਰੀ ਮੁਕਾਬਲੇ ਲੜਦਾ ਰਿਹਾ ਅਤੇ ਹੁਣ ਪ੍ਰੋਫੈਸ਼ਨਲ ਮੁੱਕੇਬਾਜ਼ੀ ਕਰ ਰਿਹੈ। ਉਸ ਦੀ ਭੈਣ ਪਰਮਿੰਦਰ ਕੌਰ ਕੌਮੀ ਪੱਧਰ 'ਤੇ ਮੈਡਲ ਜਿੱਤ ਰਹੀ ਹੈ। ਅਮਨਦੀਪ ਕੌਰ ਪੰਜਾਬ ਦੀ ਚੈਂਪੀਅਨ ਬਣੀ ਤੇ ਸੀਨੀਅਰ ਨੈਸ਼ਨਲ ਵਿਚ ਜਿੱਤ ਮੰਚ 'ਤੇ ਚੜ੍ਹੀ। ਅਮਨਦੀਪ ਦੀ ਛੋਟੀ ਭੈਣ ਸਿਮਰ ਚਕਰ ਨੈਸ਼ਨਲ ਚੈਂਪੀਅਨ ਬਣਨ ਉਪਰੰਤ 2013 ਵਿਚ 'ਦੂਜੀ ਗੋਲਡਨ ਗਲੱਵਜ਼ ਇੰਟਰਨੈਸ਼ਨਲ ਯੂਥ ਬਾਕਸਿੰਗ ਚੈਂਪੀਅਨਸ਼ਿਪ' ਖੇਡਣ ਸਰਬੀਆ ਗਈ। ਫਿਰ ਸਤੰਬਰ 2013 ਵਿਚ ਉਸ ਨੇ ਬੁਲਗਾਰੀਆ ਵਿਖੇ ਹੋਈ 'ਯੂਥ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ' ਵਿਚੋਂ ਬਰਾਂਜ ਮੈਡਲ ਜਿੱਤਿਆ। ਭਾਰਤ ਦੇ ਦੋ ਮੈਡਲਾਂ ਵਿਚੋਂ ਇਕ ਮੈਡਲ ਚਕਰ ਦਾ ਸੀ। 2016 ਦੀ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਹਰਦੁਆਰ 'ਚੋਂ ਉਸ ਨੇ ਕਾਸੀ ਦਾ ਤਗਮਾ ਜਿੱਤਿਆ। 2017 ਵਿਚ ਆਇਰਲੈਂਡ ਤੋਂ ਚਾਂਦੀ ਦਾ ਤਗਮਾ, ਕਜ਼ਾਖਸਤਾਨ ਤੋਂ ਬਰਾਂਜ਼ ਮੈਡਲ, ਜੂਨ 2017 ਵਿਚ ਓਪਨ ਨੈਸ਼ਨਲ ਨਵੀਂ ਦਿੱਲੀ ਵਿਚੋਂ ਤਾਂਬੇ ਦਾ ਤਗਮਾ ਤੇ ਸਤੰਬਰ ਨੈਸ਼ਨਲ ਰੋਹਤਕ ਤੋਂ ਚਾਂਦੀ ਦਾ ਅਤੇ ਸਤੰਬਰ 18 ਵਿਚ ਤੁਰਕੀ ਤੋਂ ਗੋਲਡ ਮੈਡਲ ਜਿੱਤਿਆ। ਨਵੰਬਰ 2018 ਦੀ ਵਰਲਡ ਬੌਕਸਿੰਗ ਚੈਂਪੀਅਨਸ਼ਿਪ ਦਿੱਲੀ ਲਈ ਪੰਜਾਬ ਤੋਂ ਉਹ ਕੇਵਲ ਇਕੋ-ਇਕ ਬੌਕਸਰ ਭਾਰਤੀ ਟੀਮ ਵਿਚ ਚੁਣੀ ਗਈ ਸੀ। ਉਹ ਤਿੰਨ ਮੁਕਾਬਲੇ ਜਿੱਤ ਕੇ ਸੈਮੀ ਫਾਈਨਲ ਵਿਚ ਪੁੱਜੀ ਸੀ ਜਿਸ ਨਾਲ ਬਰਾਂਜ਼ ਮੈਡਲ ਜਿੱਤੀ।

ਸਿਮਰ ਚਕਰ ਦਾ ਪਿਤਾ ਕਮਲਜੀਤ ਸਿੰਘ ਆਰਥਿਕ ਤੰਗੀ ਕਾਰਨ ਕੰਮ ਕਾਰ ਬਦਲਦਾ ਠੇਕੇ ਦਾ ਕਾਰਿੰਦਾ ਜਾ ਬਣਿਆ ਸੀ ਜੋ ਅਧਖੜ ਉਮਰ ਵਿਚ ਹੀ ਜੁਲਾਈ 2018 'ਚ ਚਲਾਣਾ ਕਰ ਗਿਆ। ਵਿਧਵਾ ਰਾਜਪਾਲ ਕੌਰ ਦੋ ਕਮਰਿਆਂ ਦੇ ਨਿੱਕੇ ਜਿਹੇ ਘਰ ਵਿਚ ਘਰੇਲੂ ਤੇ ਬਾਹਰਲੇ ਨਿੱਕੇ ਮੋਟੇ ਕੰਮ ਕਰਦੀ ਆਪਣੇ ਚਾਰਾਂ ਬੱਚਿਆਂ ਨੂੰ ਪਾਲਦੀ ਰਹੀ। ਉਸ ਦੀਆਂ ਦੋਵੇਂ ਲੜਕੀਆਂ ਅਮਨਦੀਪ ਤੇ ਸਿਮਰਨਜੀਤ ਅਤੇ ਦੋਵੇਂ ਲੜਕੇ ਅਰਸ਼ਦੀਪ ਤੇ ਕੰਵਲਪ੍ਰੀਤ ਬੌਕਸਿੰਗ ਕਰ ਰਹੇ ਹਨ। ਪੰਜਾਬ ਸਰਕਾਰ ਨੂੰ ਚਾਹੀਦੈ ਕਿ ਵਿਸ਼ਵ ਚੈਂਪੀਅਨਸ਼ਿਪ 'ਚੋਂ ਮੈਡਲ ਜਿੱਤਣ ਵਾਲੀ ਅਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦੀ ਪੂਰੀ ਸੰਭਾਵਨਾ ਰੱਖਣ ਵਾਲੀ ਗਰੀਬ ਘਰ ਦੀ ਇਸ ਬੀ. ਏ. ਪਾਸ ਹੁਸ਼ਿਆਰ ਲੜਕੀ ਨੂੰ ਚੱਜ ਦੀ ਨੌਕਰੀ ਦੇ ਕੇ ਪੰਜਾਬ ਵਿਚ ਰੱਖ ਲਵੇ, ਨਹੀਂ ਤਾਂ ਹਰਿਆਣੇ ਵਾਲੇ ਜਾਂ ਕਿਸੇ ਹੋਰ ਸੂਬੇ/ਮਹਿਕਮੇ ਵਾਲੇ ਲੈ ਜਾਣਗੇ। ਚਕਰੀਏ ਚਾਹੁੰਦੇ ਹਨ ਕਿ ਉਹ ਆਪਣੇ ਪਿੰਡ, ਪੰਜਾਬ, ਤੇ ਦੇਸ਼ ਲਈ ਹੋਰ ਮੈਡਲ ਜਿੱਤੇ। ਇਸ ਮੌਕੇ ਪੰਜਾਬ ਸਰਕਾਰ ਨੂੰ ਸਿਮਰ ਚਕਰ ਦਾ ਉਚੇਚਾ ਮਾਨ ਸਨਮਾਨ ਕਰਨਾ ਚਾਹੀਦੈ।

ਚਕਰ ਅਕੈਡਮੀ ਸਰਕਾਰੀ ਸਹਿਯੋਗ ਤੋਂ ਵਿਰਵੀ ਹੀ ਖਿਡਾਰੀਆਂ ਦੀ ਪਨੀਰੀ ਤਿਆਰ ਕਰਦੀ ਆ ਰਹੀ ਹੈ। ਮੁੱਕੇਬਾਜ਼ੀ ਤੇ ਫੁੱਟਬਾਲ ਇਸ ਦੀਆਂ ਮੁੱਖ ਖੇਡਾਂ ਹਨ। ਇਸ ਨੂੰ ਕੈਨੇਡਾ ਰਹਿੰਦਾ ਸਵਰਗੀ ਅਜਮੇਰ ਸਿੰਘ ਸਿੱਧੂ ਦਾ ਸਮੁੱਚਾ ਪਰਿਵਾਰ, ਪਿੰਡ ਵਿਚ ਮੁੱਕੇਬਾਜ਼ੀ ਦੀ ਖੇਡ ਦਾ ਮੁੱਢ ਬੰਨ੍ਹਣ ਵਾਲਾ ਪ੍ਰਿੰ. ਬਲਵੰਤ ਸਿੰਘ ਸੰਧੂ, ਸਾਬਕਾ ਪੁਲਿਸ ਅਫਸਰ ਦੇਵਿੰਦਰ ਸਿੰਘ, ਚੀਫ ਕੋਚ ਗੁਰਬਖ਼ਸ਼ ਸਿੰਘ ਸੰਧੂ ਤੇ ਹੋਰ ਖੇਡ ਪ੍ਰਮੋਟਰ ਆਪਣੀ ਨਿਗਰਾਨੀ ਹੇਠ ਚਲਾ ਰਹੇ ਹਨ। ਅਕੈਡਮੀ ਦੇ ਬਾਨੀ ਅਜਮੇਰ ਸਿੰਘ ਸਿੱਧੂ ਦਾ ਦਸੰਬਰ 2014 ਵਿਚ ਦਿਹਾਂਤ ਹੋ ਗਿਆ ਸੀ ਜਿਸ ਦਾ ਅਕੈਡਮੀ ਤੇ ਪਿੰਡ ਚਕਰ ਨੂੰ ਵੱਡਾ ਸਦਮਾ ਲੱਗਾ ਸੀ। ਇਸ ਅਕੈਡਮੀ ਦੀ ਪ੍ਰਾਪਤੀ ਸਾਰਾ ਸਾਲ 300 ਬੱਚੇ ਬੱਚੀਆਂ ਨੂੰ ਖੇਡਾਂ ਦੀ ਟ੍ਰੇਨਿੰਗ ਦੇਣਾ ਹੈ। ਖੇਡਾਂ ਦਾ ਸਮਾਨ, ਟ੍ਰੈਕ ਸੂਟ, ਰਨਿੰਗ ਸ਼ੂਅ, ਰੈਫਰੈਸ਼ਮੈਂਟ, ਕੋਚਿੰਗ ਤੇ ਖੇਡ ਮੁਕਾਬਲਿਆਂ ਲਈ ਲਿਜਾਣ ਲਿਆਉਣ ਦੇ ਪ੍ਰਬੰਧ ਅਕੈਡਮੀ ਵੱਲੋਂ ਕੀਤੇ ਜਾਂਦੇ ਹਨ। ਵਿਸ਼ੇਸ਼ ਗੱਲ ਇਹ ਕਿ ਲੜਕੀਆਂ, ਲੜਕਿਆਂ ਨਾਲੋਂ ਵੀ ਵੱਧ ਖੇਡਾਂ ਵਿਚ ਭਾਗ ਲੈਂਦੀਆਂ ਹਨ।

ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ ਇਕ ਵਾਰ ਚਕਰ ਆਇਆ ਤਾਂ ਉਸ ਨੇ ਖੇਡ ਅਕੈਡਮੀ ਵੇਖਣ ਪਿੱਛੋਂ ਕਿਹਾ, ਚਕਰ ਨੂੰ ਦੇਖ ਕੇ ਯਕੀਨ ਹੋ ਗਿਆ ਕਿ ਪੰਜਾਬ ਮਰਨ ਵਾਲਾ ਨਹੀਂ। ਚਕਰ 'ਚ ਜੋ ਮਾਹੌਲ ਦੇਖਿਆ ਇਹ ਮੈਨੂੰ ਕਦੇ ਨਹੀਂ ਭੁੱਲ ਸਕਦਾ। ਚਕਰ ਦੀ ਸਪੋਰਟਸ ਅਕੈਡਮੀ, ਚਕਰ ਦੇ ਖਿਡਾਰੀ, ਚਕਰ ਦੀਆਂ ਝੀਲਾਂ ਦੇ ਕੁਦਰਤੀ ਨਜ਼ਾਰੇ ਤੇ ਮੇਰੀ ਉਮਰ ਦੇ ਨੇੜ ਪਹੁੰਚੇ ਸਾਥੀਆਂ ਦਾ ਗਰਮਜੋਸ਼ੀ ਨਾਲ ਮਿਲਣਾ ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਬਣ ਗਈਆਂ ਹਨ।

ਚਕਰੀਆਂ ਨੇ ਪਿੰਡ ਦਾ ਵਿਕਾਸ ਕਰਨ ਅਤੇ ਖੇਡ ਅਕੈਡਮੀ ਚਲਾਉਣ ਦਾ, ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰਿਆ ਹੈ। ਜੇਕਰ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਚਕਰ ਦੇ ਸਟੇਡੀਅਮ ਵਿਚ 'ਸਾਈ ਸੈਂਟਰ' ਅਤੇ ਸਰਕਾਰੀ ਸੀਨੀਅਰ ਸਕੂਲ ਚਕਰ ਵਿਚ 'ਸਪੋਰਟਸ ਵਿੰਗ' ਦੇ ਦੇਵੇ ਤਾਂ ਚਕਰਵਾਸੀ ਧੰਨਵਾਦੀ ਹੋਣਗੇ। ਹਾਲ ਦੀ ਘੜੀ 'ਸਿਮਰ ਚਕਰ' ਨੂੰ ਹਾਰਦਿਕ ਵਧਾਈਆਂ! ਉਹ ਉਚੇਰੀਆਂ ਮੰਜ਼ਲਾਂ ਮਾਰਨ ਵੱਲ ਵਧ ਰਹੀ ਹੈ। ਉਹਦਾ ਨਿਸ਼ਾਨਾ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤਣਾ ਹੈ। ਜਿੱਦਣ ਉਹ ਜੌਰਡਨ ਤੋਂ ਵਾਪਸ ਦਿੱਲੀ, ਚੰਡੀਗੜ੍ਹ ਤੇ ਲੁਧਿਆਣੇ ਹੁੰਦੀ ਹੋਈ ਆਪਣੇ ਪਿੰਡ ਚਕਰ ਪਰਤੇਗੀ ਉੱਦਣ ਉਹਦਾ ਪਿੰਡ ਦੇ ਗੁਰਦਵਾਰੇ ਅਤੇ ਭਾਈ ਮੱਘਰ ਸਿੰਘ ਸਟੇਡੀਅਮ ਵਿਚ ਭਰਵਾਂ ਮਾਣ ਸਨਮਾਨ ਹੋਵੇਗਾ।

## ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੀ ਜਿਤਨੀ ਹੋ ਸਕੇ ਮਦਦ ਜ਼ਰੂਰ ਕਰੋ !

ਪਿਛਲੇ ਕੁਝ ਮਹੀਨਿਆਂ ਤੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ ਅਤੇ ਅਦਾਰਾ ਸਰੋਕਾਰਾਂ ਦੀ ਆਵਾਜ਼ ਟਰਾਂਟੋ ਵਲੋਂ ਅੰਤਰ-ਰਾਸ਼ਟਰੀ ਵਿਦਿਆਰਥੀਆਂ ਅਤੇ ਵਰਕ ਪਰਮਿਟ ਹੋਲਡਰਾਂ ਦੀਆਂ ਸਮੱਸਿਆਵਾਂ ਸਬੰਧੀ ਇੱਕ ਮੁਹਿੰਮ ਚਲਾਈ ਹੋਈ ਸੀ। ਜਿਸ ਵਿੱਚ ਦੋ ਸੈਮੀਨਾਰ ਵੀ ਕੀਤੇ ਗਏ ਸਨ, ਇੱਕ ਪਟੀਸ਼ਨ ਕਨੇਡਾ ਦੇ ਸਾਰੇ ਐਮ ਪੀਆਂ ਅਤੇ ਅਲਬਰਟਾ, ਬੀ ਸੀ, ਓਨਟੇਰੀਓ ਦੇ ਐਮ ਐਲ ਏਆਂ ਨੂੰ ਕਾਰਵਾਈ ਕਰਨ ਲਈ ਭੇਜੀ ਗਈ ਸੀ। ਜਿਸ ਤਹਿਤ ਅਗਲੀ ਕਾਰਵਾਈ ਕਰਦੇ ਹੋਏ, ਕਰੋਨਾ ਵਾਇਰਸ ਦੇ ਫੈਲਣ ਤੋਂ ਕੁਝ ਦਿਨ ਪਹਿਲਾਂ ਤਿੰਨੇ ਸੰਸਥਾਵਾਂ ਦੇ ਨੁਮਾਇੰਦਿਆਂ ਵਲੋਂ ਪਟੀਸ਼ਨ ਅਧਾਰਿਤ ਮੰਗ ਪੱਤਰ ਕੈਲਗਰੀ ਦੇ ਵੱਖ-ਵੱਖ ਐਮ ਪੀਆਂ ਅਤੇ ਐਮ ਐਲ ਏਆਂ ਦੇ ਦਫਤਰਾਂ ਵਿੱਚ ਦੇਣਾ ਸ਼ੁਰੂ ਕੀਤਾ ਗਿਆ ਸੀ ਤੇ ਕੁਝ ਨੂੰ ਨਿੱਜੀ ਤੌਰ ਤੇ ਮਿਲ ਕੇ ਇਸ ਮਸਲੇ ਤੇ ਪਾਰਲੀਮੈਂਟ ਜਾਂ ਅਸੰਬਲੀ ਵਿੱਚ ਆਵਾਜ ਉਠਾਉਣ ਦੀ ਮੰਗ ਕੀਤੀ ਗਈ ਸੀ। ਪਰ ਕਰੋਨਾ ਵਾਇਰਸ ਕਰਕੇ ਇਸ ਮੁਹਿੰਮ ਨੂੰ ਵਿੱਚੇ ਰੋਕਣਾ ਪਿਆ। ਇਸ ਔਖੇ ਸਮੇਂ ਵਿੱਚ ਜਦੋਂ ਸਭ ਪਾਸੇ ਕੰਮ ਬੰਦ ਹੋ ਰਹੇ ਹਨ ਜਾਂ ਘਟ ਰਹੇ ਹਨ ਤਾਂ ਅੰਤਰ ਰਾਸ਼ਟਰੀ ਵਿਦਿਆਰਥੀਆਂ ਅਤੇ ਵਰਕ ਪਰਮਿਟ ਹੋਲਡਰਾਂ ਲਈ ਹੋਰ ਵੀ ਸਮੱਸਿਆਵਾਂ ਵਧ ਰਹੀਆਂ ਹਨ।ਅਸੀਂ ਤਿੰਨੇ ਸੰਸਥਾਵਾਂ ਵਲੋਂ ਅੰਤਰ ਰਾਸ਼ਟਰੀ ਵਿਦਿਆਰਥੀਆਂ ਅਤੇ ਵਰਕ ਪਰਮਿਟ ਹੋਲਡਰਾਂ ਨਾਲ ਹਰ ਤਰ੍ਹਾਂ ਦੇ ਸਹਿਯੋਗ ਲਈ ਵਚਨਬੱਧ ਹਾਂ। ਅਸੀਂ ਸਾਰੀ ਕਮਿਊਨਿਟੀ ਨੂੰ ਅਪੀਲ ਕਰਦੇ ਹਾਂ ਕਿ ਜੇ ਕਿਸੇ ਅੰਤਰ ਰਾਸ਼ਟਰੀ ਵਿਦਿਆਰਥੀ ਅਤੇ ਵਰਕ ਪਰਮਿਟ ਹੋਲਡਰ ਨੂੰ ਕਿਸੇ ਤਰ੍ਹਾਂ ਦੀ ਕੋਈ ਮੱਦਦ ਦੀ ਲੋੜ ਹੋਵੇ ਤਾਂ ਜਰੂਰ ਆਪਣੀ ਸਮਰੱਥਾ ਅਨੁਸਾਰ ਮਦਦ ਕੀਤੀ ਜਾਵੇ।ਅੰਤਰ ਰਾਸ਼ਟਰੀ ਵਿਦਿਆਰਥੀ ਅਤੇ ਵਰਕ ਪਰਮਿਟ ਹੋਲਡਰ, ਕਿਸੇ ਵੀ ਵਿਅਕਤੀ ਨੂੰ ਕਿਸੇ ਤਰ੍ਹਾਂ ਦੀ ਸਾਡੇ ਕੋਲੋਂ ਕੋਈ ਮੱਦਦ ਜਾਂ ਸਲਾਹ ਚਾਹੀਦੀ ਹੋਵੇ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ, ਅਸੀਂ ਜੋ ਵੀ ਸੰਭਵ ਹੋਵੇ, ਮਦਦ ਕਰਨ ਦੀ ਕੋਸ਼ਿਸ਼ ਕਰਾਂਗੇ। ਅਜਿਹੀ ਕੁਦਰਤੀ ਆਫਤ ਮੌਕੇ ਸਾਨੂੰ ਸਭ ਨੂੰ ਭਾਈਚਾਰੇ ਦਾ ਸਬੂਤ ਦਿੰਦੇ ਹੋਏ, ਇੱਕ ਦੂਜੇ ਦੀ ਜਿਤਨੀ ਵੀ ਹੋ ਸਕੇ ਮਦਦ ਜ਼ਰੂਰ ਕਰਨੀ ਚਾਹੀਦੀ ਹੈ।

## ਸੁਪਰੀਮ ਕੋਰਟ ਵੱਲੋਂ ਜਮਹੂਰੀ ਹੱਕਾਂ ਦੇ ਮੁਦਈ ਅਤੇ ਬੁੱਧੀਜੀਵੀ ਗੌਤਮ ਨਵਲੱਖਾ ਅਤੇ ਆਨੰਦ ਤੇਲਤੂੰਬੜੇ ਦੀ ਅਗਾਊਂ ਜ਼ਮਾਨਤ ਰੱਦ ਕਰਨ ਦਾ ਹੁਕਮ ਘੋਰ ਬੇਇਨਸਾਫੀ : ਜਮਹੂਰੀ ਅਧਿਕਾਰ ਸਭਾ ਪੰਜਾਬ

ਬਠਿੰਡਾ: ਜਮਹੂਰੀ ਅਧਿਕਾਰ ਸਭਾ, ਪੰਜਾਬ ਨੇ, ਜਮਹੂਰੀ ਹੱਕਾਂ ਲਈ ਮੂਹਰਲੀਆਂ ਸਫ਼ਾਂ ਵਿਚ ਹੋ ਕੇ ਸੰਘਰਸ਼ ਕਰਨ ਵਾਲੇ, ਅਨੇਕਾਂ ਕਿਤਾਬਾਂ ਦੇ ਲੇਖਕ ਅਤੇ ਚੋਟੀ ਦੇ ਬੁੱਧੀਜੀਵੀਆਂ - ਗੌਤਮ ਨਵਲੱਖਾ ਅਤੇ ਅਨੰਦ ਤੇਲਤੂੰਬੜੇ ਦੀ ਭੀਮਾ ਕੋਰੇਗਾਓਂ ਦੀ ਘਟਨਾ ਨਾਲ ਸਬੰਧਿਤ ਇੱਕ ਬਿਲਕੁੱਲ ਝੂਠੇ ਕੇਸ ਵਿਚ, ਅਗਾਊਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰਨ ਅਤੇ ਤਿੰਨ ਹਫਤਿਆਂ ਦੇ ਅੰਦਰ ਕੌਮੀ ਤਫਤੀਸ਼ ਏਜੰਸੀ (ਐੱਨ.ਆਈ.ਏ) ਸਾਹਮਣੇ ਪੇਸ਼ ਹੋਣ ਦੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਘੋਰ ਬੇਇਨਸਾਫ਼ੀ ਭਰਿਆ ਦੱਸਿਆ ਹੈ। ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ ਕੇ ਮਲੇਰੀ, ਮੀਤ ਪ੍ਰਧਾਨ ਪ੍ਰਿੰ. ਬੱਗਾ ਸਿੰਘ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ, ਸਕੱਤਰੇਤ ਮੈਂਬਰ ਡਾ. ਅਜੀਤਪਾਲ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਇਹਨਾਂ ਦੋਹਾਂ ਬੁੱਧੀਜੀਵੀਆਂ ਨੂੰ ਇਸ ਕੇਸ ਵਿਚ ਉਹਨਾਂ ਦੇ ਲੋਕ ਪੱਖੀ ਵਿਚਾਰਾਂ ਅਤੇ ਸਰਗਰਮੀਆਂ ਕਾਰਨ ਫਸਾਇਆ ਗਿਆ ਹੈ ਅਤੇ ਇਸ ਮਕਸਦ ਲਈ ਮਹਾਰਾਸ਼ਟਰ ਵਿਚ ਬੀ ਜੇ ਪੀ ਸਰਕਾਰ ਦੀ ਪੁਣੇ ਪੁਲਸ ਨੇ ਬਿਲਕੁੱਲ ਝੂਠੇ "ਸਬੂਤ" ਘੜੇ ਹਨ । ਇਸ ਤੋਂ ਪਹਿਲਾਂ ਪੁਲਸ ਨੇਂ ਇਸੇ ਮਾਮਲੇ ਦੇ ਬਹਾਨੇ 9 ਬੁਧੀਜੀਵੀ ਆਂ ਨੂੰ "ਗੈਰ ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ" (ਯੂ.ਏ.ਪੀ.ਏ.) ਦੀਆਂ ਗੰਭੀਰ ਧਾਰਾਵਾਂ ਤਹਿਤ 2018 ਤੋਂ ਗ੍ਰਿਫਤਾਰ ਕਰਕੇ ਜੇਹਲ ਵਿਚ ਡੱਕਿਆ ਹੋਇਆ ਹੈ, ਜਿਨ੍ਹਾਂ ਵਿਚ ਸੁਧਾ ਭਾਰਦਵਾਜ, ਰੋਨਾ ਵਿਲਸਨ, ਸੁਰਿੰਦਰ ਗੈਡਲਿੰਗ, ਅਰੁਣ ਫਰੇਰਾ, ਵਰਵਰਾ ਰਾਓ ਅਤੇ ਪ੍ਰੋਫੈਸਰ ਵਰਨੋਨ ਗੋਜ਼ਾਲਵੇਜ਼ ਆਦਿ ਸ਼ਾਮਿਲ ਹਨ । ਦੂਜੇ ਪਾਸੇ ਭੀਮਾ ਕੋਰੇਗਾਓਂ ਵਿਚ ਦਲਿਤਾਂ ਦੇ ਖਿਲਾਫ ਹਿੰਸਾ ਭੜਕਾਉਣ ਵਾਲੇ ਹਿੰਦੂਤਵੀ ਆਗੂ - ਸੰਭਾਜੀ ਭੀੜੇ ਅਤੇ ਮਿਲਿੰਦ ਏਕਬੋਟੇ, ਹਕੂਮਤੀ ਛਤਰ ਛਾਇਆ ਵਿਚ ਖੁੱਲੇ ਘੁੰਮ ਰਹੇ ਹਨ। ਕੁਝ ਖੋਜੀ ਪੱਤਰਕਾਰਾਂ ਅਤੇ ਨਿਰਪੱਖ ਕੰਪਿਊਟਰ ਮਾਹਰਾਂ ਵੱਲੋਂ ਰੋਨਾ ਵਿਲਸਨ ਦੇ ਕੰਪਿਊਟਰ ਤੋਂ ਮਿਲੇ ਕੁਝ ਕਥਿਤ ਇਤਰਾਜ਼ਯੋਗ ਦਸਤਾਵੇਜ਼ਾਂ ਦੀ ਘੋਖ ਪੜਤਾਲ ਤੋਂ ਬਾਅਦ ਇਹ ਸਿੱਟਾ ਕੱਢਿਆ ਗਿਆ ਹੈ ਕਿ ਇਹ ਦਸਤਾਵੇਜ਼ ਦੂਰੋਂ-ਕੰਟਰੋਲ ਰਾਹੀਂ ਉਸ ਦੇ ਕੰਪਿਊਟਰ ਉੱਪਰ ਪਾਏ ਗਏ ਹਨ। ਜਦੋਂ ਹਾਲੀਆ ਵਿਧਾਨ ਸਭਾ ਚੋਣਾਂ ਤੋਂ ਬਾਅਦ ਮਹਾਰਾਸ਼ਟਰ ਵਿਚ ਨਵੀਂ ਸਰਕਾਰ ਬਣੀ ਅਤੇ ਉਸਨੇਂ ਇਸ ਸਾਰੇ ਮਾਮਲੇ ਦੀ ਨਵੇਂ ਸਿਰਿਓਂ ਤਫਤੀਸ਼ ਕਰਨ ਲਈ "ਵਿਸ਼ੇਸ਼ ਜਾਂਚ ਟੀਮ" ਬਣਾਉਣ ਦਾ ਫ਼ੈਸਲਾ ਲਿਆ ਤਾਂ ਕੇਂਦਰ ਦੀ ਭਾਜਪਾ ਸਰਕਾਰ ਨੇਂ ਆਪਣਾ ਝੂਠ ਨੰਗਾ ਹੋਣ ਤੋਂ ਬਚਾਉਣ ਲਈ, ਇਹ ਕੇਸ ਪੁਣੇ ਪੁਲਸ ਤੋਂ ਖੋਹ ਕੇ ਕੌਮੀ ਤਫਤੀਸ਼ ਏਜੰਸੀ ਦੇ ਹਵਾਲੇ ਕਰ ਦਿੱਤਾ ਜਿਸ ਦੀ ਭਰੋਸੇਯੋਗਤਾ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿਚ ਹੈ। ਸਭਾ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਜਮਹੂਰੀ ਹੱਕਾਂ ਦੀ ਲਹਿਰ ਦੇ ਆਗੂਆਂ ਅਤੇ ਬੁਧੀਜੀਵੀਆਂ ਵਿਰੁੱਧ ਦਰਜ ਭੀਮਾ ਕੋਰੇਗਾਓਂ ਕੇਸ ਰੱਦ ਕੀਤੇ ਜਾਣ ਅਤੇ ਉਹਨਾਂ ਨੂੰ ਤੁਰੰਤ ਜੇਹਲਾਂ ਚੋਂ ਰਿਹਾ ਕੀਤਾ ਜਾਵੇ । ਸਭਾ ਦੇ ਆਗੂਆਂ ਨੇਂ ਸਾਰੀਆਂ ਇਕਾਈਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਸਮਰਥਾ ਅਨੁਸਾਰ ਗੌਤਮ ਨਵਲੱਖਾ ਅਤੇ ਅਨੰਦ ਤੇਲਤੂੰਬੜੇ ਦੀ ਗਿਰਫਤਾਰੀ ਵਿਰੁੱਧ ਰੋਸ ਪ੍ਰਗਟਾਉਣ।

# ਸੁਆਲ-ਜਵਾਬ




**ਪ੍ਰਸ਼ਨ- ਟਰਾਈਗਲਿਸਰਾਈਡ ਕੀ ਹੁੰਦੇ ਹਨ?**

**ਉੱਤਰ**-ਜਿਵੇਂ ਕਿ ਨਾਮ (ਟਰਾਈ) ਤੋਂ ਹੀ ਸਪੱਸ਼ਟ ਹੈ ਇਹ ਗਲਿਸਰੋਲ ਨਾਮ ਦੇ ਇੱਕ ਅਣੂ ਦੁਆਲੇ ਚਿੰਬੜਿਆ ਤਿੰਨ ਫੈਟੀ ਐਸਿਡਾਂ ਦਾ ਹੀ ਇੱਕ ਸਮੂਹ ਹੁੰਦਾ ਹੈ। ਸਾਡੇ ਸਰੀਰ ਵਿੱਚ ਫੈਟ, ਟਰਾਈਗਲਿਸਰਾਈਡ ਦੇ ਰੂਪ ਵਿੱਚ ਹੀ ਜਮਾਂ ਹੁੰਦਾ ਹੈ। ਵੱਖ-ਵੱਖ 23 ਫੈਟੀ ਐਸਿਡਾਂ 'ਚੋਂ ਕੁੱਝ ਫੈਟੀ ਐਸਿਡ ਆਪਸ ਵਿੱਚ ਮਿਲ ਕੇ ਹੀ ਫੈਟ ਦੀ ਸਿਰਜਣਾ ਕਰਦੇ ਹਨ। ਭਾਵੇਂ ਕਿ ਇਹ ਸਿੱਧੇ ਰੂਪ ਵਿੱਚ ਤਾਂ ਫੈਟ ਵਿੱਚ ਹੀ ਹੁੰਦੇ ਹਨ ਪਰੰਤੂ ਕਾਰਬੋਹਾਈਡਰੇਟ ਨਾਲ ਭਰਪੂਰ ਖੁਰਾਕ ਖਾਣ ਨਾਲ ਇਨਸੂਲਿਨ ਦੀ ਹਾਜਰੀ ਵਿੱਚ ਇਹ ਗੁਲੂਕੋਜ ਤੋਂ ਜੰਗੀ ਪੱਧਰ 'ਤੇ ਬਨਣੇ ਸ਼ੁਰੂ ਹੋ ਜਾਂਦੇ ਹਨ। ਅਤੇ ਸਾਡੇ ਫੈਟ ਸੈੱਲਾਂ ਵਿੱਚ ਫੈਟ ਦੇ ਰੂਪ ਵਿਟ ਜਮ੍ਹਾਂ ਹੋਣਾ ਸ਼ੁਰੂ ਕਰ ਦਿੰਦੇ ਹਨ। ਵਧੇ ਹੋਏ ਟਰਾਈਗਲਿਸਰਾਈਡ ਬਹੁਤ ਹੀ ਮਾੜੇ ਮੰਨੇ ਜਾਂਦੇ ਹਨ ਇਸ ਲਈ ਮਾੜੇ ਕਾਰਬੋਹਾਈਡਰੇਟ ਖਾਣ ਤੋਂ ਪਰਹੇਜ ਹੀ ਕਰਨਾ ਚਾਹੀਦਾ ਹੈ।

**ਪ੍ਰਸ਼ਨ- ਟਰਾਂਸ ਫੈਟਸ ਦਾ ਮਨੁੱਖੀ ਸਿਹਤ ਉੱਪਰ ਕੀ ਅਸਰ ਹੁੰਦਾ ਹੈ?**

**ਉੱਤਰ**- ਕੰਜੂਗੇਟਡ ਲਿਨੋਲੀਕ ਐਸਿਡ (CLA) ਜੋ ਕਿ ਸਾਕਾਹਾਰੀ ਜਾਨਵਰਾਂ ਦੀਆਂ ਪਾਚਣ ਕਿਰਿਆਵਾਂ ਦੇ ਉਪ-ਉਤਪਾਦ ਵਜੋਂ ਪੈਦਾ ਹੁੰਦਾ ਹੈ ਅਤੇ ਉਹਨਾਂ ਦੇ ਦੁੱਧ ਅਤੇ ਮਾਸ ਵਿੱਚ ਜਮ੍ਹਾਂ ਹੁੰਦਾ ਹੈ। ਇਹ ਵੀ ਇੱਕ ਤਰ੍ਹਾਂ ਦਾ ਟਰਾਂਸ ਫੈਟ ਹੀ ਹੈ। ਪਰੰਤੂ ਇਹ ਕੈਂਸਰ ਨੂੰ ਕਾਬੂ ਕਰਨ ਅਤੇ ਮਨੁੱਖ ਨੂੰ ਸਿਹਤਮੰਦ ਰੱਖਣ ਵਿੱਚ ਸਹਾਈ ਹੁੰਦਾ ਹੈ। ਜਦੋਂ ਕਿ ਦਸੌਰੂ ਘੀ ਵਾਲੇ ਟਰਾਂਸ ਫੈਟ ਉਲਟਾ ਸਗੋਂ ਕੈਂਸਰ, ਅਲਜ਼ੀਮਰ ਵਰਗੀਆਂ ਨਾ ਮੁਰਾਦ ਬਿਮਾਰੀਆਂ, ਔਰਤਾਂ ਵਿੱਚ ਬਾਂਝਪਣ ਅਤੇ ਹਿਰਦੇ ਰੋਗਾਂ ਨੂੰ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ। ਇੱਕ ਅਧਿਐਨ ਮੁਤਾਬਿਕ ਦੁੱਧ ਅਤੇ ਮਾਸ ਵਿੱਚੋਂ ਮਿਲਣ ਵਾਲੇ ਟਰਾਂਸ ਫੈਟ ਮਨੁੱਖ ਦਾ ਚੰਗਾ ਅਤੇ ਮਾੜਾ ਕੋਲੈਸਟਰੋਲ ਦੋਵੇਂ ਵਧਾਉਂਦੇ ਹਨ ਜਦੋਂ ਕਿ ਦਸੌਰੂ ਘੀ ਵਿੱਚ ਮਿਲਣ ਵਾਲੇ ਟਰਾਂਸ ਫੈਟ ਸਿਰਫ ਮਾੜਾ ਕੋਲੈਸਟਰੋਲ ਹੀ ਵਧਾਉਂਦੇ ਹਨ। ਇਸੇ ਲਈ 2013 ਵਿੱਚ FDA ਨੂੰ ਮਜਬੂਰਨ ਇਨ੍ਹਾਂ ਦੀ ਵਿੱਕਰੀ ਅਤੇ ਵਰਤੋਂ 'ਤੇ ਪਬੰਦੀ ਲਾਉਣੀ ਪਈ। ਪਰ ਪੂਰੀ 20ਵੀਂ ਸਦੀ ਇਹ ਅਮਰੀਕਨ ਅਤੇ ਹੋਰ ਲੋਕਾਂ ਨੂੰ ਧੜੱਲੇ ਨਾਲ ਵੇਚੇ ਅਤੇ ਖਵਾਏ ਜਾਂਦੇ ਰਹੇ। ਪਰ ਸਾਡੇ ਇੱਥੇ ਇਹ ਅੱਜ ਕੱਲ ਵੀ ਆਮ ਹੀ ਵੇਚੇ ਅਤੇ ਖਵਾਏ ਜਾ ਰਹੇ ਹਨ।

5 ਫਰਵਰੀ 2009 ਦੇ 'ਦ ਹਿੰਦੂ' ਅਖਬਾਰ ਵਿੱਚ ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ ਦੀ ਛਪੀ ਇੱਕ ਰਿਪੋਰਟ ਅਨੁਸਾਰ ਮਵਾਨਾ ਸ਼ੂਗਰ ਵੱਲੋਂ ਬਣਾਏ ਅਤੇ ਵੇਚੇ ਜਾ ਰਹੇ 'ਪਨ ਘਟ' ਨਾਮ ਦੇ ਦਸੌਰੂ ਘੀ ਅਤੇ ਅਡਾਨੀ ਵਿਲਮਰ ਕੰਪਨੀ ਵੱਲੋਂ ਤਿਆਰ ਕੀਤੇ ਜਾਂਦੇ 'ਰਾਗ' ਨਾਮ ਦੇ ਦਸੌਰੂ ਘੀ ਵਿੱਚ ਇਹ ਕ੍ਰਮਵਾਰ 23.7 ਪ੍ਰਤੀਸ਼ਤ ਅਤੇ 23.31 ਪ੍ਰਤੀਸ਼ਤ ਤੱਕ ਹਨ। ਜੋ ਕਿ ਆਮ ਨਾਲੋਂ 12 ਗੁਣਾ ਜਿਆਦਾ ਹਨ। ਇਸ ਦੇ ਉਲਟ ਦੇਸੀ ਘੀ ਵਿੱਚ ਇਹ ਸਿਰਫ 3.73 ਪ੍ਰਤੀਸ਼ਤ ਹੀ ਹੁੰਦੇ ਹਨ।

**ਪ੍ਰਸ਼ਨ- ਜੇ 20 ਦੇ 20 ਅਮੀਨੋ ਐਸਿਡ ਵਾਲਾ ਸੰਪੂਰਨ ਪ੍ਰੋਟੀਨ ਸਿਰਫ ਸੋਇਆਬੀਨ ਜਾਂ ਕਿਨੋਆ ਨੂੰ ਛੱਡ ਕੇ ਪ੍ਰਾਣੀ ਜਗਤ ਦੇ ਸ੍ਰੋਤਾਂ ਤੋਂ ਹੀ ਪ੍ਰਾਪਤ ਹੁੰਦਾ ਹੈ ਤਾਂ ਫਿਰ ਸਾਕਾਹਾਰੀ ਜਾਨਵਰ ਅਤੇ ਪਸ਼ੂ-ਪੰਛੀ ਜਰੂਰੀ ਅਮੀਨੋ ਐਸਿਡ ਕਿੱਥੋਂ ਲੈਂਦੇ ਹਨ?**

**ਉੱਤਰ**- ਸਾਕਾਹਾਰੀ ਜਾਨਵਰ ਦੋ ਕਿਸਮ ਦੇ ਹੁੰਦੇ ਹਨ।

**ਚਾਰ ਮਿਹਦਿਆਂ ਵਾਲੇ ਸਾਕਾਹਾਰੀ** – ਜਿਨ੍ਹਾਂ ਨੂੰ ਰੁਮੀਨੈਂਟਸ ਵੀ ਕਿਹਾ ਜਾਂਦਾ ਹੈ, ਜਿਵੇਂ ਕਿ ਸਾਡੀਆਂ ਮੱਝਾਂ, ਗਾਂਵਾਂ ਅਤੇ ਭੇਡ, ਬੱਕਰੀ ਆਦਿ।

**ਇੱਕੋ ਮਿਹਦੇ ਵਾਲੇ ਸਾਕਾਹਾਰੀ** – ਜਿਨ੍ਹਾਂ ਨੂੰ ਮੋਨੋਗੈਸਟਰਿਕ ਹਰਬੀਵੋਰਜ ਵੀ ਕਿਹਾ ਜਾਂਦਾ ਹੈ, ਜਿਵੇਂ ਗਧਾ, ਘੋੜਾ, ਹਾਥੀ , ਹਿਰਨ ਅਤੇ ਖਰਗੋਸ਼ ਆਦਿ।

ਉਪਰੋਕਤ ਕਿਸਮ ਦੇ ਸਾਰੇ ਸਾਕਾਹਾਰੀ ਜਾਨਵਰ ਮਹਿਜ ਘਾਹ-ਫੂਸ ਭਾਵ ਹਰਾ ਚਾਰਾ, ਦਰਖਤਾਂ ਜਾਂ ਫਸਲਾਂ ਦੇ ਪੱਤੇ ਖਾ ਕੇ ਹੀ ਗੁਜਾਰਾ ਕਰਦੇ ਹਨ। ਇਸ ਲਈ ਲੱਖਾਂ ਸਾਲਾਂ ਦੇ ਕੁਦਰਤੀ ਵਿਕਾਸ ਦੌਰਾਨ ਅਪਣੀਆਂ ਵਿਸ਼ੇਸ਼ ਲੋੜਾਂ ਦੇ ਸਨਮੁੱਖ ਇੱਕ ਤਾਂ ਇਨ੍ਹਾਂ ਦੀਆਂ ਅੰਤੜੀਆਂ ਦੀ ਲੰਬਾਈ ਮਨੁੱਖ ਨਾਲੋਂ ਕਈ ਗੁਣਾ ਜਿਆਦਾ ਹੋ ਗਈ ਹੈ। ਰੁਮੀਨੈਂਟ ਜਾਨਵਰਾਂ ਵਿੱਚ ਚਾਰ ਮਿਹਦੇ ਹੋਣ ਕਰਕੇ ਉਹਨਾਂ ਦਾ ਪਾਚਣ ਪ੍ਰਬੰਧ ਸਾਡੇ ਨਾਲੋਂ ਬਹੁਤ ਹੀ ਵੱਖਰਾ ਅਤੇ ਵਿਸ਼ਾਲ ਹੁੰਦਾ ਹੈ। ਇਹ ਇਸ ਲਈ ਤਾਂ ਜੋ ਕੱਚੇ ਅਤੇ ਅਪਣੇ ਕੁਦਰਤੀ ਰੂਪ ਵਿੱਚ ਹੀ ਖਾਧੇ ਗਏ ਖਾਣੇ (ਹਰਾ ਚਾਰਾ ਅਤੇ ਤੂੜੀ ਆਦਿ) ਨੂੰ ਹਜ਼ਮ ਹੋਣ ਲਈ ਲੋੜੀਂਦਾ ਅਤੇ ਵਧੇਰੇ ਵਕਤ ਮਿਲ ਸਕੇ। ਦੂਜਾ, ਕਿਉਂਕਿ ਇਹ ਖਾਣਾ ਬਿਲਕੁਲ ਹੀ ਕੱਚਾ ਖਾਧਾ ਗਿਆ ਹੁੰਦਾ ਹੈ ਇਸ ਲਈ ਇਸ ਨੂੰ ਹਜ਼ਮ ਕਰਨ ਲਈ ਦਰਜਣਾਂ ਪਾਚਕ ਰਸਾਂ ਤੋਂ ਇਲਾਵਾ ਅੰਤੜੀਆਂ ਵਿੱਚ ਹਜ਼ਾਰਾਂ ਕਿਸਮ ਦੇ ਅਰਬਾਂ ਖਰਬਾਂ ਸੂਖ਼ਮ ਜੀਵਾਣੂਆਂ ਦੀ ਲੋੜ ਹੁੰਦੀ ਹੈ। ਉਦਾਹਰਣ ਵਜੋਂ, ਅੰਤੜੀਆਂ ਵਿੱਚ ਅਧ-ਪਚੇ ਭੋਜਨ ਦੀ ਮਹਿਜ ਇੱਕ ਮਿਲੀਲੀਟਰ ਮਾਤਰਾ ਵਿੱਚ 200 ਵੱਖ-ਵੱਖ ਤਰ੍ਹਾਂ ਦੇ *$10^{11}$ ਸੂਖਮ ਜੀਵਾਣੂ, 25 ਕਿਸਮ ਦੇ $10^{6}$ ਪ੍ਰੋਟੋਜੋਆ ਅਤੇ 5 ਕਿਸਮ ਦੀਆਂ $10^{5}$ ਉੱਲੀਆਂ ਅਤੇ $10^{9}$ ਬੈਕਟੀਰੀਓਫੇਜ ਹੁੰਦੇ ਹਨ। ਇਸ ਅਧਪਚੇ ਭੋਜਨ ਦੀ ਮਾਤਰਾ ਜਾਨਵਰ ਦੇ ਅਕਾਰ ਮੁਤਾਬਿਕ ਕੁੱਝ ਕਿੱਲੋਂ ਤੋਂ ਲੈ ਕੇ ਕੁੱਝ ਕੁਇੰਟਲ ਤੱਕ ਹੁੰਦੀ ਹੈ। ਇੱਕ ਆਮ ਭੇਡ 10 ਲੀਟਰ ਅਤੇ ਮੱਝ 150 ਲੀਟਰ ਇਕੱਲਾ ਥੁੱਕ ਹੀ ਰੋਜਾਨਾ ਪੈਦਾ ਕਰਦੀ ਹੈ। ਬੇਹਿਸਾਬੀ ਗਿਣਤੀ ਵਾਲੇ ਇਹ ਸਾਰੇ ਸੂਖ਼ਮ ਜੀਵ ਜਿੱਥੇ ਭੋਜਨ ਨੂੰ ਪਚਾ ਕੇ ਉਸਨੂੰ ਹਜ਼ਮ ਕਰਨ ਦੇ ਕੰਮ ਵਿੱਚ ਦਿਨ-ਰਾਤ ਜੰਗੀ ਪੱਧਰ 'ਤੇ ਲੱਗੇ ਰਹਿੰਦੇ ਹਨ, ਉੱਥੇ ਇਹ ਸੂਖ਼ਮ ਜੀਵ ਹੀ ਇਨ੍ਹਾਂ ਜਾਨਵਰਾਂ ਲਈ ਸੰਪੂਰਨ ਪ੍ਰੋਟੀਨ ਪੈਦਾ ਕਰਨ ਦੇ ਕੰਮ ਆਉਂਦੇ ਹਨ। ਇੱਕ ਅੰਦਾਜੇ ਮੁਤਾਬਿਕ ਅਜਿਹੇ ਜਾਨਵਰਾਂ ਲਈ 60 ਪ੍ਰਤੀਸ਼ਤ ਤੋਂ ਵੀ ਵੱਧ ਪ੍ਰੋਟੀਨ ਦਾ ਸ੍ਰੋਤ ਇਹ ਸੂਖ਼ਮ ਜੀਵ ਹੀ ਹੁੰਦੇ ਹਨ। ਮਨੁੱਖਾਂ ਵਿੱਚ ਇਹ ਵਰਤਾਰਾ ਬਹੁਤ ਹੇਠਲੀ ਪੱਧਰ 'ਤੇ ਹੀ ਹੁੰਦਾ ਹੈ। ਕਿਉਂਕਿ ਪੱਕਿਆ ਹੋਇਆ ਤੇ ਤਿਆਰ ਭੋਜਨ ਖਾਂਦੇ ਹੋਣ ਕਰਕੇ ਨਾ ਤਾਂ ਸਾਨੂੰ ਚਾਰ-ਚਾਰ ਮਿਹਦਿਆਂ ਦੀ ਲੋੜ ਹੈ ਅਤੇ ਨਾ ਹੀ ਏਨੀਆਂ ਲੰਮੀਆਂ ਅਤੇ ਵਿਸ਼ਾਲ ਅੰਤੜੀਆਂ ਦੀ। ਅਤੇ ਨਾ ਹੀ ਇਨ੍ਹਾਂ ਵਿੱਚ ਪਲਦੇ ਅਨੇਕਾਂ ਕਿਸਮ ਦੇ ਅਸੰਖਾਂ ਸੂਖ਼ਮ ਜੀਵਾਂ ਦੇ ਏਨੇ ਵੱਡੇ ਘੜਮੱਸ ਦੀ।

ਇਨ੍ਹਾਂ ਜਾਨਵਰਾਂ ਦੀ ਪਾਚਣ ਪ੍ਰਕਿਰਿਆ ਦੌਰਾਨ ਜਰੂਰੀ ਅਤੇ ਨਵੇਂ ਅਮੀਨੋ ਐਸਿਡ ਸਿਰਜੇ ਜਾਣ ਵਿੱਚ ਸੂਖ਼ਮ ਜੀਵਾਂ ਦੀ ਇਸ ਵਿਸ਼ੇਸ਼ ਭੂਮਿਕਾ ਕਰਕੇ ਇਨ੍ਹਾਂ ਸਾਕਾਹਾਰੀ ਜਾਨਵਰਾਂ ਨੂੰ ਬਾਹਰੋਂ ਸੰਪੂਰਨ ਪ੍ਰੋਟੀਨ ਲੈਣਾ ਜਰੂਰੀ ਨਹੀਂ ਹੁੰਦਾ। ਪਾਠਕ ਹੈਰਾਨ ਹੋਣਗੇ ਕਿ ਮੱਝਾਂ ਗਾਂਵਾਂ ਨੂੰ ਤਾਂ ਬਾਹਰੋਂ ਯੂਰੀਆ ਖਵਾ ਕੇ ਵੀ ਅਸੀਂ ਉਨ੍ਹਾਂ ਦੇ ਸਰੀਰ ਅੰਦਰ ਬਣਨ ਵਾਲੇ ਪ੍ਰੋਟੀਨ ਦੀ ਮਾਤਰਾ ਵਧਾ ਸਕਦੇ ਹਾਂ। ਕਿਉਂਕਿ ਯੂਰੀਏ ਦੇ ਰੂਪ ਵਿੱਚ ਖਾਧੇ ਗਏ ਨਾਈਟਰੋਜਨ ਨੂੰ ਇਹ ਸੂਖ਼ਮ ਜੀਵ ਹੋਰ ਜਿਆਦਾ ਅਮੀਨੋ ਐਸਿਡ ਬਨਾਉਣ ਲਈ ਵਰਤ ਲੈਂਦੇ ਹਨ। ਪਰੰਤੂ ਅਜਿਹਾ ਵੈਟਰਨਰੀ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ।

**ਪ੍ਰਸ਼ਨ- ਮੱਝ ਦਾ ਦੁੱਧ ਜਿਆਦਾ ਵਧੀਆ ਹੁੰਦਾ ਹੈ ਜਾਂ ਗਾਂ ਦਾ?**

**ਉੱਤਰ**- ਮੱਝ ਦਾ, ਕਿਉਂਕਿ ਇੱਕ ਤਾਂ ਇਸ ਵਿੱਚ ਫੈਟ ਜਿਆਦਾ ਹੁੰਦੀ ਹੈ ਦੂਜਾ ਗਾਂ ਦੇ ਦੁੱਧ ਨਾਲੋਂ ਇਸ ਵਿੱਚ ਕੈਲਸ਼ੀਅਮ ਲੱਗਭੱਗ ਦੁੱਗਣਾ ਹੁੰਦਾ ਹੈ ਅਤੇ ਇਸਦਾ ਪ੍ਰੋਟੀਨ ਵੀ ਵੱਧ ਹੁੰਦਾ ਹੈ।

**ਪ੍ਰਸ਼ਨ- ਦੁੱਧ, ਦਹੀਂ ਅਤੇ ਪਨੀਰ ਵਿੱਚੋਂ ਕਿਹੜੀ ਚੀਜ ਜਿਆਦਾ ਵਧੀਆ ਹੈ?**

**ਉੱਤਰ**- ਤਿਨਾਂ ਵਿੱਚੋਂ ਦਹੀਂ ਸੱਭ ਤੋਂ ਵੱਧ ਵਧੀਆ ਹੈ ਕਿਉਂਕਿ ਇੱਕ ਤਾਂ ਦਹੀਂ ਜੰਮਣ ਦੀ ਪ੍ਰਕਿਰਿਆ ਦੌਰਾਨ ਦੁੱਧ ਵਿਚਲੀ ਮਿਠਾਸ (ਲੈਕਟੋਜ) ਦਾ ਲੈਕਟਿਕ ਐਸਿਡ ਬਣ ਜਾਂਦਾ ਹੈ। ਜੋ ਤੁਹਾਡੀ ਬਲੱਡ ਸ਼ੂਗਰ ਨਹੀਂ ਵਧਾਉਂਦਾ। ਦੂਸਰਾ ਇਹ ਹਜ਼ਮ ਵੀ ਛੇਤੀ ਹੋ ਜਾਂਦਾ ਹੈ ਅਤੇ ਪੇਟ ਵਿੱਚ ਗੈਸ ਵੀ ਨਹੀਂ ਬਣਦੀ। ਦਹੀਂ ਵਿੱਚ ਖਮੀਰੀਕਰਨ ਦੀ ਪ੍ਰਕਿਰਿਆ ਦੌਰਾਨ ਪੈਦਾ ਹੋਏ ਸਿਹਤ ਵਰਧਕ ਜੀਵਾਣੂ ( probiotics ) ਸਾਡਾ ਹਾਜ਼ਮਾ ਅਤੇ ਸੁਰੱਖਿਆ ਤੰਤਰ ਠੀਕ ਰੱਖਣ ਵਿੱਚ ਸਾਡੀ ਮੱਦਦ ਕਰਦੇ ਹਨ। ਇਹ ਦਹੀਂ ਵਿਚਲੇ ਪ੍ਰੋਟੀਨ ਦੀ ਗੁਣਵੱਤਾ ਵਿੱਚ ਵੀ ਵਾਧਾ ਕਰਦੇ ਹਨ ਅਤੇ ਮਾੜੇ ਕੀਟਾਣੂਆਂ ਤੋਂ ਸਾਡੀ ਭੋਜਨ ਪ੍ਰਣਾਲੀ ਦੀ ਰੱਖਿਆ ਕਰਦੇ ਹਨ। ਇਸ ਤੋਂ ਵੀ ਅੱਗੇ ਪਨੀਰ ਨਾਲੋਂ ਇਸ ਵਿੱਚ 18 ਪ੍ਰਤੀਸ਼ਤ ਦੇ ਲੱਗਭੱਗ ਪ੍ਰੋਟੀਨ ਜਿਆਦਾ ਹੁੰਦਾ ਹੈ। ਕਿਉਂਕਿ ਦੁੱਧ ਵਿਚਲਾ ਕੇਸੀਨ (casein) ਨਾਮ ਦਾ ਪ੍ਰੋਟੀਨ (ਜੋ ਕਿ ਦੁੱਧ ਵਿਚਲੀ ਕੁੱਲ ਪ੍ਰੋਟੀਨ ਦਾ 82 ਪ੍ਰਤੀਸ਼ਤ ਹੁੰਦਾ ਹੈ) ਹੀ ਪਨੀਰ ਵਿੱਚ ਫੁੱਟੀਆਂ ਦੇ ਰੂਪ ਵਿੱਚ ਜੰਮਦਾ ਹੈ ਜਦੋਂ ਕਿ ਬਾਕੀ ਬਚਦਾ 18 ਪ੍ਰਤੀਸ਼ਤ ਵੇਅ (whey) ਪ੍ਰੋਟੀਨ ਪਨੀਰ ਵਿੱਚ ਆ ਹੀ ਨਹੀਂ ਸਕਦਾ ਅਤੇ ਫੋਕਟ ਲਗਦੇ ਬਾਕੀ ਬਚਦੇ ਪਾਣੀ ਨਾਲ ਹੀ ਅਜਾਈਂ ਚਲਿਆ ਜਾਂਦਾ ਹੈ। ਜਦੋਂ ਕਿ ਦਹੀਂ ਵਿੱਚ ਇਹ ਸਾਰੇ ਦਾ ਸਾਰਾ ਹੀ ਹੁੰਦਾ ਹੈ।

**ਪ੍ਰਸ਼ਨ- ਕੀ ਦੁੱਧ ਕੱਚਾ ਪੀਣਾ ਚਾਹੀਦਾ ਹੈ ਜਾਂ ਉਬਾਲ ਕੇ?**

**ਉੱਤਰ**- ਦੁੱਧ ਨੂੰ ਚੰਗੀ ਤਰ੍ਹਾਂ ਉਬਾਲ ਕੇ ਹੀ ਪੀਣਾ ਚਾਹੀਦਾ ਹੈ। ਕਿਉਂਕਿ ਦੁੱਧ ਵਿੱਚ ਟੀ.ਬੀ ਅਤੇ ਬਰੂਸੀਲੋਸਿਸ ਵਰਗੀਆਂ ਨਾ ਮੁਰਾਦ ਬਿਮਾਰੀਆਂ ਦੇ ਕੀਟਾਣੂ ਹੋਣ ਦੀ ਬਹੁਤ ਸੰਭਾਵਨਾ ਹੁੰਦੀ ਹੈ ਜੋ ਉਬਾਲਣ ਦੌਰਾਨ ਉੱਚ ਤਾਪਮਾਨ 'ਤੇ ਨਕਾਰਾ ਹੋ ਜਾਂਦੇ ਹਨ। ਇਸ ਲਈ ਜਨਮ ਦਿਨ ਜਾਂ ਹੋਰ ਰਸਮਾਂ ਵੇਲੇ ਵਰਤੇ ਜਾਂਦੇ ਕੇਕ ਵਾਲੀ ਕਰੀਮ ਖਾਣ ਤੋਂ ਵੀ ਪ੍ਰਹੇਜ ਹੀ ਕਰਨਾ ਚਾਹੀਦਾ ਹੈ ਕਿਉਂਕਿ ਆਮ ਤੌਰ 'ਤੇ ਇਨ੍ਹਾਂ ਉੱਪਰ ਕੱਚੇ ਦੁੱਧ ਦੀ ਕਰੀਮ ਹੀ ਲੱਗੀ ਹੁੰਦੀ ਹੈ।

**ਪ੍ਰਸ਼ਨ- ਕੀ ਸਾਕਾਹਾਰੀ ਹੋਣ ਨਾਲ ਉਮਰ ਵਧਦੀ ਹੈ ਅਤੇ ਕੈਂਸਰ ਦਾ ਖਤਰਾ ਘਟਦਾ ਹੈ?**

**ਉੱਤਰ**- ਅਜਿਹਾ ਸੰਭਵ ਨਹੀਂ ਲੱਗਦਾ। ਕਿਉਂਕਿ ਇਹ ਦੇਖਿਆ ਗਿਆ ਹੈ ਕਿ ਸਰਬਪੱਖੀ (omnivorous) ਲੋਕਾਂ ਦੀ ਸਿਹਤ ਅਕਸਰ ਨਿਰੋਲ ਸਾਕਾਹਾਰੀ ਭੋਜਨ ਖਾਣ ਵਾਲਿਆਂ ਨਾਲੋਂ ਚੰਗੀ ਹੁੰਦੀ ਹੈ। ਸੰਸਾਰ ਕੈਂਸਰ ਖੋਜ ਫੰਡ ਅਤੇ ਅਮਰੀਕਾ ਦੀ ਕੈਂਸਰ ਖੋਜ ਸੰਸਥਾ ਨੇ 2007 ਵਿੱਚ ਛਪੀ ਅਪਣੀ ਇੱਕ ਰਿਪੋਰਟ ਵਿੱਚ ਇਹ ਖੁਲਾਸਾ ਕੀਤਾ ਹੈ ਕਿ ਸਾਕਾਹਾਰੀ ਅਤੇ ਸਰਬਪੱਖੀਆਂ ਨੂੰ ਕੈਂਸਰ ਹੋਣ ਦਾ ਖਤਰਾ ਇੱਕੋ ਜਿੰਨਾ ਹੀ ਹੁੰਦਾ ਹੈ। ਲੰਮੀ ਉਮਰ ਦੇ ਮੁੱਦੇ ਉੱਪਰ ਯੂਰਪ ਵਿੱਚ ਹੋਏ ਹੁਣ ਤੱਕ ਦੇ ਸੱਭ ਤੋਂ ਵੱਡੇ ਅਧਿਐਨ, ਜਿਸ ਵਿੱਚ ਅਧਖੜ੍ਹ ਉਮਰ ਦੇ 63550 ਮਰਦ-ਔਰਤਾਂ ਨੂੰ ਸ਼ਾਮਲ ਕੀਤਾ ਗਿਆ ਸੀ, ਤੋਂ ਸਾਹਮਣੇ ਆਏ ਨਤੀਜਿਆਂ ਵਿੱਚ ਵੀ ਸਾਕਾਹਾਰੀ ਅਤੇ ਸਰਬਪੱਖੀ ਮਨੁੱਖਾਂ ਵਿੱਚ ਮੌਤ ਦਰ ਇੱਕੋ ਜਿੰਨੀ ਪਾਈ ਗਈ।

1926 ਵਿੱਚ ਇੰਗਲੈਂਡ ਦੇ ਡਾਕਟਰਾਂ ਨੇ ਕੀਨੀਆ ਦੇ ਲੱਗਭੱਗ ਇੱਕੋ ਜਿਹੀਆਂ ਹਾਲਤਾਂ ਵਿੱਚ ਰਹਿੰਦੇ ਮਸਾਈ (ਸਰਬਭੱਖੀ) ਅਤੇ ਆਕੀਕਿਊ (ਸਾਕਾਹਾਰੀ) ਨਾਮ ਦੇ ਦੋ ਕਬੀਲਿਆਂ ਦੀ ਅਬਾਦੀ ਦਾ ਅਧਿਐਨ ਕੀਤਾ। ਜਿਸ ਵਿੱਚ 6349 ਆਕੀਕਿਊ ਅਤੇ 1546 ਮਸਾਈ ਬਾਲਗ ਮਨੁੱਖਾਂ ਨੂੰ ਸ਼ਾਮਿਲ ਕੀਤਾ ਗਿਆ। ਕਈ ਸਾਲ ਚੱਲੇ ਇਸ ਅਧਿਐਨ ਵਿੱਚ ਆਕੀਕਿਊ ਕਬੀਲੇ ਦੇ ਲੋਕਾਂ ਵਿੱਚ ਹੱਡੀਆਂ, ਦੰਦਾਂ, ਫੇਫੜਿਆਂ ਦੇ ਰੋਗ, ਖੂਨ ਦੀ ਘਾਟ, ਖੂਨ ਦੀਆਂ ਬਿਮਾਰੀਆਂ ਅਤੇ ਅਲਸਰ ਮਸਾਈ ਅਬਾਦੀ ਨਾਲੋਂ ਵੱਧ ਪਾਏ ਗਏ। ਜਦੋਂ ਕਿ ਮਸਾਈ ਲੋਕਾਂ ਵਿੱਚ ਗਠੀਏ ਦਾ ਰੋਗ ਵੱਧ ਪਾਇਆ ਗਿਆ।

ਮਸਾਈ ਮਰਦ ਆਕੀਕਿਊ ਮਰਦਾਂ ਨਾਲੋਂ ਔਸਤ 5 ਇੰਚ ਲੰਮੇ ਅਤੇ ਲੱਗਭੱਗ 10 ਕਿੱਲੋਂ ਵੱਧ ਭਾਰੇ ਪਾਏ ਗਏ। ਇਹ ਵੀ ਨੋਟ ਕੀਤਾ ਗਿਆ ਕਿ ਇਹ 10 ਕਿੱਲੋਂ ਵਜਨ ਮੁੱਖ ਰੂਪ ਵਿੱਚ ਮਾਸਪੇਸ਼ੀਆਂ ਦਾ ਹੀ ਭਾਰ ਸੀ ਕਿਉਂਕਿ ਆਕੀਕਿਊ ਮਰਦਾਂ ਦੇ ਮੁਕਾਬਲੇ ਮਸਾਈ ਮਰਦਾਂ ਦੀ ਕਮਰ ਜਿਆਦਾ ਤੰਗ ਅਤੇ ਮੋਢੇ ਜਿਆਦਾ ਚੌੜੇ ਸਨ। ਇੱਕ ਫੌਜੀ ਭਰਤੀ ਵੇਲੇ 65 ਪ੍ਰਤੀਸ਼ਤ ਆਕੀਕਿਊ ਮਰਦਾਂ ਨੂੰ ਦੇਖਦੇ ਸਾਰ ਹੀ ਰੱਦ ਕਰ ਦਿੱਤਾ ਗਿਆ।

ਵੈਸੇ ਵੀ ਨਿਰੋਲ ਸਾਕਾਹਾਰੀ ਹੋਣ ਨਾਲ ਕਾਰਬੋਹਾਈਡਰੇਟ ਤੇ ਉਹ ਵੀ ਵੱਧ ਮਾਤਰਾ ਚ ਖਾਧੇ ਜਾਣ ਦੀ ਲੋੜ ਕੁਦਰਤੀ ਤੌਰ 'ਤੇ ਹੀ ਵਧ ਜਾਂਦੀ ਹੈ। ਕਿਉਂਕਿ ਖਾਧ ਪਦਾਰਥਾਂ ਦਾ ਇੱਕ ਪੂਰਾ ਸੂਰਾ ਸਮੂਹ ਹੀ ਤੁਹਾਡੀ ਖਾਣਾ ਸੂਚੀ (menu) ਤੋਂ ਬਾਹਰ ਹੋ ਜਾਂਦਾ ਹੈ ਅਤੇ ਤੁਹਾਡੇ ਸਾਹਮਣੇ ਚੰਗੇ ਖਾਣੇ ਦੇ ਬਹੁਤ ਥੋੜੇ ਵਿਕਲਪ ਹੀ ਬਾਕੀ ਰਹਿ ਜਾਂਦੇ ਹਨ। ਖਾਸ ਕਰ ਸਾਡੇ ਵਰਗੇ ਪਛੜੇ ਮੁਲਕ ਵਿੱਚ।

**ਪ੍ਰਸ਼ਨ- ਕਿਹਾ ਜਾਂਦਾ ਹੈ ਕਿ ਸਾਡੇ ਦਿਮਾਗ ਅਤੇ ਰੀੜ੍ਹ ਦੀ ਹੱਡੀ (central nervous system) ਦਾ ਗੁਲੂਕੋਜ ਤੋਂ ਬਿਨ੍ਹਾਂ ਨਹੀਂ ਸਰਦਾ, ਤਾਂ ਫਿਰ ਅਪਣੀ ਖੁਰਾਕ ਵਿੱਚੋਂ ਕਾਰਬੋਹਾਈਡਰੇਟ ਵੱਡੇ ਪੱਧਰ 'ਤੇ ਘਟਾਉਣ ਨਾਲ ਖੂਨ ਵਿੱਚ ਗੁਲੂਕੋਜ ਦਾ ਪੱਧਰ ਕਾਫੀ ਹੇਠਾਂ ਆ ਜਾਣ ਨਾਲ, ਇਹਨਾਂ ਅੰਗਾਂ ਲਈ ਊਰਜਾ ਕਿੱਥੋਂ ਮਿਲਦੀ ਹੈ?**

**ਉੱਤਰ**- ਕਾਰਬੋਹਾਈਡਰੇਟ ਯੁਕਤ ਭੋਜਨ ਛੱਡਣ ਨਾਲ ਨਿਸ਼ਚੇ ਹੀ ਸਾਡੇ ਖੂਨ ਵਿਚਲੇ ਗੁਲੂਕੋਜ ਦਾ ਪੱਧਰ ਕਾਫੀ ਹੇਠਾਂ (hypoglycemia) ਆ ਜਾਂਦਾ ਹੈ। ਪ੍ਰੰਤੂ ਕਾਰਬੋਹਾਈਡਰੇਟ ਤੋਂ ਗੁਲੂਕੋਜ ਦੇ ਰੂਪ ਵਿੱਚ ਮਿਲਣ ਵਾਲੀ ਊਰਜਾ ਦੀ ਉਪਲਭਧਤਾ ਘਟਣ ਨਾਲ ਸਾਡਾ ਸਰੀਰ ਅਜਿਹੇ ਸਮੇਂ ਖਾਧੀ ਜਾ ਰਹੀ ਵਧੇਰੇ ਫੈਟ ਅਤੇ ਪਹਿਲੋਂ ਜਮ੍ਹਾ ਹੋਈ ਸਰੀਰਕ ਫੈਟ ਤੋਂ ਊਰਜਾ ਲੈਣੀ ਸ਼ੁਰੂ ਕਰ ਦਿੰਦਾ ਹੈ। ਇਸ ਨਵੀਂ ਹਾਲਤ ਵਿੱਚ ਸਰੀਰਕ ਕ੍ਰਿਆਵਾਂ ਲਈ ਲੋੜੀਂਦੇ ਗੁਲੂਕੋਜ ਦੀ ਪੂਰਤੀ ਨਾ ਹੁੰਦੀ ਹੋਣ ਕਰਕੇ ਸਾਡਾ ਜਿਗਰ ਫਿਰ ਫੈਟ ਤੋਂ ਕੀਟੋਨ* (ketone) ਨਾਂ ਦੇ ਜੈਵਿਕ ਅਣੂ ਬਣਾਉਣੇ (ketogenesis) ਸ਼ੁਰੂ ਕਰ ਦਿੰਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਹੀ ਪੜ੍ਹ ਆਏ ਹਾਂ ਕਿ ਫੈਟ ਭਾਵ ਟਰਾਈਗਲਿਸਰਾਈਡ ਗਲਿਸਰੋਲ ਦੇ ਇੱਕ ਅਣੂ ਨਾਲ ਚਿਪਕੇ ਤਿੰਨ ਫੈਟੀ ਐਸਿਡ ਹੀ ਹੁੰਦੇ ਹਨ। ਅਨੇਕਾਂ ਟਰਾਈਗਲਿਸਰਾਈਡਜ ਦੇ ਵਿਖੰਡਣ ਉਪਰੰਤ ਪੈਦਾ ਹੋਏ ਅਜਾਦ ਫੈਟੀ ਐਸਿਡਾਂ ਤੋਂ ਬਣੇ ਕੀਟੋਨ ਸਾਡੇ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੀਆਂ ਲੱਗਭੱਗ 3/4 ਊਰਜਾ ਲੋੜਾਂ ਪੂਰੀਆਂ ਕਰਨਾ ਸ਼ੁਰੂ ਕਰ ਦਿੰਦੇ ਹਨ। ਜਦੋਂ ਕਿ ਬਾਕੀ ਬਚਦੀ 1/4 ਊਰਜਾ ਟਰਾਈਗਲਿਸਰਾਈਡ 'ਚੋਂ ਨਿਕਲੇ ਗਲਿਸਰੋਲ ਤੋਂ ਆਉਣੀ ਸ਼ੁਰੂ ਹੋ ਜਾਂਦੀ ਹੈ।

ਪਰੰਤੂ ਸਾਨੂੰ ਕਾਰਬੋਹਾਈਡਰੇਟ ਯੁਕਤ ਖੁਰਾਕ ਇੱਕ ਦਮ ਨਹੀਂ ਛੱਡਣੀ ਚਾਹੀਦੀ ਸਗੋਂ ਹੌਲ਼ੀ ਹੌਲ਼ੀ ਘਟਾਉਣੀ ਚਾਹੀਦੀ ਹੈ ਕਿਉਂਕਿ ਸਰੀਰ ਵਿੱਚ ਗੁਲੂਕੋਜ ਤੋਂ ਕੀਟੋਨ ਵਾਲਾ ਬਦਲਾਅ ਹੋਣ ਨੂੰ ਦੋ ਕੁ ਹਫਤਿਆਂ ਦਾ ਸਮਾਂ ਲੱਗ ਹੀ ਜਾਂਦਾ ਹੈ। ਜਿਸ ਨੂੰ ਡਾਕਟਰੀ ਭਾਸ਼ਾ ਵਿੱਚ ਕੀਟੋ ਅਨੁਕੂਲਨ (keto adaptation) ਕਿਹਾ ਜਾਂਦਾ ਹੈ। ਅਨੁਕੂਲਨ ਦੀ ਇਹ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਤੁਹਾਡੇ ਖੂਨ ਵਿੱਚ ਕੀਟੋਨ ਦਾ ਪੱਧਰ 5 ਤੋਂ 20 ਮਿਲੀਗ੍ਰਾਮ ਪ੍ਰਤੀ ਡੈਸੀਲੀਟਰ ਤੱਕ ਵਧ ਸਕਦਾ ਹੈ। ਇਸ ਹਾਲਤ ਨੂੰ ਕੀਟੋਸਿਸ (ketosis) ਕਿਹਾ ਜਾਂਦਾ ਹੈ।

**ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੇ ਮਰੀਜਾਂ ਨੂੰ ਅਜਿਹੀਆਂ ਖੁਰਾਕੀ ਤਬਦੀਲੀਆਂ ਗਿਆਨਵਾਨ ਡਾਕਟਰ ਦੀ ਸਲਾਹ ਤੋਂ ਬਿਨਾਂ ਬਿਲਕੁੱਲ ਵੀ ਨਹੀਂ ਕਰਨੀਆਂ ਚਾਹੀਦੀਆਂ।**

**ਪ੍ਰਸ਼ਨ- ਸ਼ੁਰੂ ਸ਼ੁਰੂ ਵਿੱਚ ਕਾਰਬੋਹਾਈਡਰੇਟ ਯੁਕਤ ਖੁਰਾਕ ਘਟਾਉਣ ਅਤੇ ਫੈਟ ਯੁਕਤ ਖੁਰਾਕ ਵਧਾਉਣ ਤੋਂ ਬਾਅਦ ਕੋਲੈਸਟਰੋਲ ਕਿਉਂ ਵਧਦਾ ਹੈ? ਕੀ ਅਜਿਹਾ ਵੱਧ ਫੈਟ ਖਾਣੀ ਸ਼ੁਰੂ ਹੋਣ ਕਰਕੇ ਹੁੰਦਾ ਹੈ?**

**ਉੱਤਰ**- ਹਾਂ ਇਹ ਸੱਚ ਹੈ ਕਿ ਕਾਰਬੋਹਾਈਡਰੇਟ ਭਰਪੂਰ ਭੋਜਨ ਪਦਾਰਥਾਂ ਨੂੰ ਛੱਡਣ ਤੋਂ ਬਾਅਦ ਤੁਹਾਡਾ ਕੋਲੈਸਟਰੋਲ ਥੋੜੇ ਸਮੇਂ ਲਈ ਪਹਿਲਾਂ ਨਾਲੋਂ ਵਧ (transient hypercholesterolemia) ਜਾਂਦਾ ਹੈ। ਪਰ ਇਹ ਉਸ ਸਮੇਂ ਖਾਧੀ ਜਾ ਰਹੀ ਵੱਧ ਫੈਟ ਕਰਕੇ ਨਹੀਂ ਸਗੋਂ ਕੀਟੋ ਅਨੁਕੂਲਨ ਦੀ ਪ੍ਰਕਿਰਿਆ ਸ਼ੁਰੂ ਹੋ ਜਾਣ ਕਰਕੇ ਵਧ ਰਿਹਾ ਹੁੰਦਾ ਹੈ ਕਿਉਂਕਿ ਖੂਨ ਵਿੱਚ ਗੁਲੂਕੋਜ ਦੇ ਘਟਣ ਕਰਕੇ ਤੁਹਾਡੇ ਫੈਟ ਸੈਲਾਂ ਵਿੱਚੋਂ ਬਾਹਰ ਆ ਰਹੇ ਫੈਟੀ ਐਸਿਡ (ਟਰਾਈਗਲਿਸਰਾਈਡ) ਦੇ ਟੁੱਟਣ ਕਾਰਨ ਥੋੜੇ ਦਿਨਾਂ ਲਈ ਅਜਿਹਾ ਵਾਪਰਦਾ ਹੈ। ਸਰੀਰ ਵਿਚਲੀ ਵਾਧੂ ਫੈਟ ਦੇ ਭੰਡਾਰ ਘਟ ਜਾਣ ਉਪਰੰਤ ਕੋਲੈਸਟਰੋਲ ਪੱਧਰ ਅਪਣੇ ਆਪ ਹੀ ਸਾਵਾਂ ਹੋ ਜਾਂਦਾ ਹੈ ਤੇ ਉਹ ਵੀ ਪੱਕੇ ਤੌਰ 'ਤੇ।

**ਪ੍ਰਸ਼ਨ- ਮਿੱਠੇ/ਕਾਰਬੋਹਾਈਡਰੇਟ ਦਾ ਬਲੱਡ ਪ੍ਰੈਸ਼ਰ ਨਾਲ ਕੀ ਸਬੰਧ ਹੈ?**

**ਉੱਤਰ**- ਬਲੱਡ ਪ੍ਰੈਸ਼ਰ ਦੇ ਨਿਯੰਤਰਣ ਦੀ ਕਾਰਜ ਪ੍ਰਣਾਲੀ ਉਂਝ ਤਾਂ ਬਹੁਤ ਸਾਰੇ ਕਾਰਕਾਂ ਦੇ ਪ੍ਰਸਪਰ ਪ੍ਰਭਾਵ ਰਾਹੀਂ ਸੰਚਾਲਿਤ ਹੁੰਦੀ ਹੈ। ਪ੍ਰੰਤੂ ਕਿਉਂਕਿ ਮਿੱਠਾ/ਕਾਰਬੋਹਾਈਡਰੇਟ ਯੁਕਤ ਖੁਰਾਕ ਖਾਣ ਨਾਲ ਸਾਡੇ ਖੂਨ ਵਿੱਚ ਗੁਲੂਕੋਜ ਦਾ ਪੱਧਰ ਵੱਧ ਜਾਂਦਾ ਹੈ ਇਸ ਲਈ ਇਸ ਦੇ ਲਾਜਮੀ ਸਿੱਟੇ ਵਜੋਂ ਇਨਸੂਲਿਨ ਦਾ ਪੱਧਰ ਵੀ ਵਧ ਜਾਂਦਾ ਹੈ। ਵਧੀ ਹੋਈ ਇਨਸੂਲਿਨ ਅਪਣੇ ਸੁਭਾਅ ਪੱਖੋਂ ਹੀ ਸਾਡੇ ਗੁਰਦਿਆਂ ਨੂੰ ਪਿਸ਼ਾਬ ਰਾਹੀਂ ਸੋਡੀਅਮ ਬਾਹਰ ਕੱਢਣ ਤੋਂ ਰੋਕਦੀ ਹੈ। ਜਿਸ ਨਾਲ ਪਿਸ਼ਾਬ ਵੀ ਘੱਟ ਆਉਂਦਾ ਹੈ। ਜਿਸ ਦੇ ਸਿੱਟੇ ਵਜੋਂ ਸਰੀਰ ਵਿੱਚ ਵਧਿਆ ਹੋਇਆ ਇਹ ਪਾਣੀ (metabolic water) ਸਾਡੇ ਬਲੱਡ ਪ੍ਰੈਸ਼ਰ ਨੂੰ ਵਧਾਉਣ ਵਿੱਚ ਸਹਾਈ ਹੁੰਦਾ ਹੈ।

ਪ੍ਰੰਤੂ ਅਪਣੀ ਖੁਰਾਕ ਵਿੱਚ ਕਾਰਬੋਹਾਈਡਰੇਟ ਘਟਾਉਣ ਤੋਂ ਬਾਅਦ ਉਪਰੋਕਤ ਤੋਂ ਉਲਟ ਵਾਪਰਨਾ ਸ਼ੁਰੂ ਹੋ ਜਾਂਦਾ ਹੈ ਅਤੇ ਸਾਡਾ ਬਲੱਡ ਪ੍ਰੈਸ਼ਰ ਵੀ ਘਟਣਾ ਸ਼ੁਰੂ ਹੋ ਜਾਂਦਾ ਹੈ। ਇੱਥੇ ਇਹ ਦੱਸਣਾ ਦਿਲਚਸਪ ਹੋਵੇਗਾ ਕਿ ਕਾਰਬੋਹਾਈਡਰੇਟ ਛੱਡਣ ਤੋਂ ਬਾਅਦ ਆਦਮੀ ਕੁੱਝ ਹਫਤਿਆਂ ਲਈ ਆਮ ਨਾਲੋਂ ਵੱਧ ਵਾਰ ਗ਼ੁਸਲਖ਼ਾਨੇ ਜਾਂਦਾ ਹੈ ਅਤੇ ਵੱਧ ਪਿਸ਼ਾਬ ਆਉਣ ਕਰਕੇ ਉਸ ਦਾ ਭਾਰ ਵੀ ਘਟਣਾ ਸ਼ੁਰੂ ਹੋ ਜਾਂਦਾ ਹੈ। ਪ੍ਰੰਤੂ ਅਸਲ ਵਿੱਚ ਉਹ ਹਾਲੇ ਪਤਲਾ ਹੋਣਾ ਸ਼ੁਰੂ ਨਹੀਂ ਹੋਇਆ ਹੁੰਦਾ। ਕੀਟੋ ਅਨੁਕੂਲਨ ਤੋਂ ਬਾਅਦ ਹੀ ਉਹ ਸਹੀ ਮਾਅਨਿਆਂ ਵਿੱਚ ਪਤਲਾ ਹੋਣਾ ਸ਼ੁਰੂ ਹੁੰਦਾ ਹੈ ਕਿਉਂਕਿ ਇਸ ਤੋਂ ਬਾਅਦ ਹੀ ਅਸਲ 'ਚ ਸਰੀਰਕ ਫੈਟ ਖੁਰਣੀ ਸ਼ੁਰੂ ਹੋਣੀ ਹੁੰਦੀ ਹੈ।

ਇੱਥੇ ਇਹ ਗੱਲ ਵੀ ਧਿਆਨ ਰੱਖਣਯੋਗ ਹੈ ਕਿ ਕਈਂ ਵਿਅਕਤੀਆਂ ਦਾ ਸਰੀਰ ਅਪਣੇ ਸੋਡੀਅਮ ਦੇ ਬਚਾਅ ਲਈ ਪੋਟਾਸ਼ੀਅਮ ਨੂੰ ਦਾਅ 'ਤੇ ਲਾ ਦਿੰਦਾ ਹੈ। ਭਾਵ ਪਿਸ਼ਾਬ ਰਾਹੀਂ ਆਮ ਨਾਲੋਂ ਵੱਧ ਪੋਟਾਸ਼ੀਅਮ ਬਾਹਰ ਆਉਣਾ ਸ਼ੁਰੂ ਹੋ ਜਾਂਦਾ ਹੈ। ਕਿਉਂਕਿ ਸਰੀਰ ਵਿੱਚ ਜਿਆਦਾ ਪੋਟਾਸ਼ੀਅਮ ਸੋਡੀਅਮ ਨੂੰ ਬਾਹਰ ਧੱਕਦਾ ਹੈ ਇਸ ਲਈ ਸਰੀਰ ਸੋਡੀਅਮ ਦੀ ਰੱਖਿਆ ਲਈ ਪੋਟਾਸ਼ੀਅਮ ਨੂੰ ਹੀ ਪਿਸ਼ਾਬ ਰਾਹੀਂ ਬਾਹਰ ਕੱਢਣਾ ਸ਼ੁਰੂ ਕਰ ਦਿੰਦਾ ਹੈ। ਇਸ ਸੋਡੀਅਮ ਪੋਟਾਸ਼ੀਅਮ ਅਸੰਤੁਲਨ (electrolyte imbalance) ਨਾਲ ਸਰੀਰ ਦੀਆਂ ਬਹੁਤ ਸਾਰੀਆਂ ਰਸਾਇਣਿਕ ਕ੍ਰਿਆਵਾਂ ਦਾ ਆਪਸੀ ਤਾਲਮੇਲ ਗੜਬੜਾ ਜਾਂਦਾ ਹੈ। ਪ੍ਰੰਤੂ ਚਮਚਾ-ਅੱਧਾ ਚਮਚਾ ਨਮਕ ਖਾਣ ਨਾਲ ਇਹ ਹਾਲਤ ਅਕਸਰ ਠੀਕ ਹੋ ਜਾਂਦੀ ਹੈ।

**ਪ੍ਰੰਤੂ ਅਜਿਹੇ ਪੇਚੀਦਾ ਮਾਮਲਿਆਂ ਵਿੱਚ ਸਿਆਣੇ ਅਤੇ ਤਜਰਬੇਕਾਰ ਡਾਕਟਰ ਦੀ ਸਲਾਹ ਜਰੂਰ ਲੈ ਲੈਣੀ ਚਾਹੀਦੀ ਹੈ।**

**ਨੋਟ-ਪੁਸਤਕ ਵਿੱਚ ਚਰਚਾ ਅਧੀਨ ਆਏ ਅਧਿਐਨਾਂ, ਅਜਮਾਇਸ਼ਾਂ ਅਤੇ ਹਵਾਲਿਆਂ ਦੇ ਸਹੀ ਸਦੰਰਭ ਅਤੇ ਸ੍ਰੋਤ ਜਾਨਣ ਲਈ ਲੋੜੀਂਦੀ ਕਿਤਾਬ ਸੂਚੀ ( bibliography) ਅਤਿਅੰਤ ਲੰਮੀ ਅਤੇ ਅੰਗਰੇਜੀ ਭਾਸ਼ਾ ਵਿੱਚ ਹੋਣ ਕਾਰਨ ਇੱਥੇ ਦਿੱਤੀ ਨਹੀਂ ਜਾ ਰਹੀ। ਵਧੇਰੇ ਰੁਚੀ ਰੱਖਣ ਵਾਲੇ ਲੋੜਵੰਦ ਵਿਅਕਤੀ ਇਹ ਇੰਟਰਨੈਟ ਤੋਂ ਜਾਂ ਲੇਖਕ ਕੋਲੋਂ ਪ੍ਰਾਪਤ ਕਰ ਸਕਦੇ ਹਨ। (ਸਮਾਪਤ)**

- ਚਰਨਜੀਤ ਭੁੱਲਰ

## ਹੱਥ ਖਾਲੀ, ਚੁੱਲ੍ਹੇ ਠੰਢੇ

# ਚੱਕੀ ਦੇ ਪੁੜਾਂ 'ਚ ਪਿਸ ਗਈ ਜ਼ਿੰਦਗੀ

ਚੰਡੀਗੜ੍ਹ : ਪੰਜਾਬ 'ਚ ਇੱਕ ਬੰਨ੍ਹੇ ਖੂਹ ਤੇ ਦੂਜੇ ਪਾਸੇ ਖਾਈ ਹੈ। ਕਰੋਨਾ... ਦੀ ਅਲਾਮਤ ਵੀ ਵੱਡੀ ਹੈ ਤੇ ਭੁੱਖ ਦਾ ਮਸਲਾ ਵੀ ਛੋਟਾ ਨਹੀਂ। ਗਰੀਬ ਪੁੱਛ ਰਹੇ ਹਨ ਕਿ ਉਹ ਕਿਧਰ ਜਾਣ। ਕਰੋਨਾ ਤੋਂ ਬਚ ਗਏ ਤਾਂ ਭੁੱਖ ਤੋਂ ਕਿਵੇਂ ਬਚਾਂਗੇ। ਹੱਥ ਖਾਲੀ ਹਨ ਤੇ ਚੁੱਲ੍ਹੇ ਠੰਢੇ ਹਨ। ਹੱਥ ਧੋਣ ਲਈ ਸਾਬਣ ਤਾਂ ਦੂਰ ਦੀ ਗੱਲ, ਪੀਪਿਆਂ 'ਚ ਆਟਾ ਨਹੀਂ। ਬਰਨਾਲੇ ਦੀ ਮਹਿਲਾ ਆਸ਼ਾ ਨੂੰ ਕੋਈ ਉਮੀਦ ਨਹੀਂ ਬਚੀ। ਦੋ ਦਿਨਾਂ ਤੋਂ ਬੱਚੇ ਭੁੱਖੇ ਹਨ। ਅੱਜ ਪਤੀ ਨੂੰ ਲੈ ਕੇ ਗੁਰੂ ਘਰ ਵੱਲ ਗਈ ਤਾਂ ਪੁਲੀਸ ਨੇ ਮੋੜ ਦਿੱਤਾ। ਇਕੱਲੀ ਆਸ਼ਾ ਨਹੀਂ, ਕਰੀਬ ਦੋ ਸੌ ਝੁੱਗੀ ਝੌਂਪੜੀ ਵਾਲੇ ਨਿਹੱਥੇ ਹੋ ਗਏ ਹਨ। ਵਿਧਵਾ ਰਾਣੀ ਦੇਵੀ ਗਠੀਏ ਦੀ ਮਰੀਜ਼ ਹੈ । ਦੋਵੇਂ ਬੱਚੇ ਬਿਮਾਰ ਪੈ ਗਏ ਹਨ ਤੇ ਘਰ ਚੁੱਲ੍ਹਾ ਠੰਢਾ ਹੈ। ਮਜ਼ਦੂਰ ਦਿਆ ਰਾਮ ਪੁੱਛਦਾ ਹੈ ਕਿ ਘਰ 'ਚ ਆਟਾ ਨਹੀਂ, ਬੱਚੇ ਰੋਟੀ ਮੰਗਦੇ ਹਨ, ਕਿਧਰ ਜਾਈਏ। ਮੋਹਾਲੀ ਦੇ ਫੇਜ਼ ਛੇ ਦੇ ਨੇੜੇ ਜੁਝਾਰ ਨਗਰ 'ਚ ਸਿਕਲੀਗਰਾਂ ਦੇ 150 ਘਰ ਹਨ। ਦਿਹਾੜੀਦਾਰ ਮਹਾਂ ਸਿੰਘ ਦੱਸਦਾ ਹੈ ਕਿ ਕਰੋਨਾ ਤੋਂ ਪਹਿਲਾਂ ਭੁੱਖ ਹੀ ਕਿਤੇ ਚਪੇਟ 'ਚ ਨਾ ਲੈ ਲਵੇ। ਨਾ ਸ਼੍ਰੋਮਣੀ ਕਮੇਟੀ ਬਹੁੜੀ ਹੈ ਅਤੇ ਨਾ ਹੀ ਸਰਕਾਰ। ਗਿੱਦੜਬਾਹਾ ਦੇ ਭਾਰੂ ਚੌਂਕ 'ਚ 25 ਪ੍ਰਵਾਸੀ ਪਰਿਵਾਰ ਹਨ। ਰਿਕਸ਼ਾ ਚਾਲਕ ਮਹਿਤਾਬ ਬਿਮਾਰ ਹੈ ਤੇ ਅਪਰੇਸ਼ਨ ਦੀ ਫੌਰੀ ਲੋੜ ਹੈ। ਉਹ ਸਿਰਫ਼ ਰੋਟੀ ਮੰਗਦਾ ਹੈ। 'ਖ਼ੁਸ਼ੂ ਫਾਊਡੇਸ਼ਨ' ਵਾਲੇ ਜਦੋਂ ਰੋਟੀ ਦੇ ਗਏ, ਲੂਣ ਨਾਲ ਖਾਣ ਲੱਗ ਪਿਆ। ਚੀਮਾ ਮੰਡੀ (ਸੰਗਰੂਰ) ਦੀ ਝੁੱਗੀ ਝੌਂਪੜੀ 'ਚ ਸਮਾਜ ਸੇਵੀ ਮਾਸਕ ਵੰਡਣ ਗਏ। ਅੱਗਿਓਂ ਔਰਤਾਂ ਨੇ ਕਿਹਾ ਕਿ ਪਹਿਲੋਂ ਭੁੱਖ ਵਾਲੀ ਭੱਠੀ ਬੁਝਾਓ।

ਮੁਕਤਸਰ ਦੀ ਚੱਕ ਬੀੜ ਸਰਕਾਰ ਬਸਤੀ 'ਚ ਕਰੀਬ 44 ਘਰ ਹਨ। ਨਿੱਤ ਕਮਾ ਕੇ ਖਾਣ ਵਾਲਾ ਹਰੀ ਚੰਦ ਅੱਜ ਸਾਥੀਆਂ ਨਾਲ ਡਿਪਟੀ ਕਮਿਸ਼ਨਰ ਦਫ਼ਤਰ ਰਾਸ਼ਨ ਮੰਗਣ ਗਿਆ। ਕਿਸੇ ਨੇ ਦਰਖਾਸਤ ਹੀ ਨਹੀਂ ਫੜੀ। ਖੁੰਡੇ ਹਲਾਲ ਦਾ ਹਰਜਿੰਦਰ ਸਿੰਘ ਦਾ ਸੱਤ ਜੀਆਂ ਦਾ ਪਰਿਵਾਰ ਇੱਕੋ ਕਮਰੇ 'ਚ ਰਹਿੰਦਾ ਹੈ, ਕਿਵੇਂ ਦੂਰੀ ਬਣਾ ਕੇ ਰੱਖੇ। ਨਵੇਂ ਸਰਵੇ ਅਨੁਸਾਰ ਮਜ਼ਦੂਰਾਂ ਦੇ 39 ਫੀਸਦੀ ਪਰਿਵਾਰਾਂ ਕੋਲ ਇੱਕ ਇੱਕ ਕਮਰਾ ਹੈ। ਪਰਹੇਜ਼ ਤੇ ਘਰਾਂ 'ਚ ਰਹਿਣ ਨਾਲ ਸਭ ਪੂਰੀ ਤਰ੍ਹਾਂ ਸਹਿਮਤ ਹਨ। ਮਸਲਾ ਬੱਸ ਰੋਟੀ ਪਾਣੀ ਦੇ ਗੁਜ਼ਾਰਾ ਦਾ ਹੈ। ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਜੱਸੀ ਪੇਧਨੀ ਦੀ ਮੰਗ ਹੈ ਕਿ ਸਰਕਾਰ ਇਨ੍ਹਾਂ ਗਰੀਬ ਪਰਿਵਾਰਾਂ ਨੂੰ ਮਾਸਕ ਵੀ ਵੰਡੇ ਤੇ ਰਾਸ਼ਨ ਵੀ। ਪੰਜਾਬ 'ਚ ਕਰੀਬ 7.50 ਲੱਖ ਖੇਤ ਮਜ਼ਦੂਰ ਪਰਿਵਾਰ ਹਨ। ਆਗੂ ਲਛਮਣ ਸੇਵੇਵਾਲਾ ਆਖਦਾ ਹੈ ਕਿ ਕਰੋਨਾ ਦੀ ਆਫਤ ਵਾਂਗ ਮਜ਼ਦੂਰਾਂ ਦੀਆਂ ਲੋੜਾਂ ਦਾ ਮਸਲਾ ਵੀ ਵੱਡਾ ਹੈ। ਆਲੂ ਕਾਸ਼ਤਕਾਰ ਹਰਚਰਨ ਢਿੱਲੋਂ (ਕਰਾੜ ਵਾਲਾ) ਆਖਦਾ ਹੈ ਕਿ ਆਲੂ ਦੀ ਪੁਟਾਈ ਲਈ ਮਜ਼ਦੂਰ ਨਹੀਂ ਮਿਲ ਰਹੇ ਹਨ। ਅਬੋਹਰ 'ਚ ਸਰ੍ਹੋਂ ਦੀ ਪੱਕੀ ਫਸਲ ਝੜਨ ਲੱਗੀ ਹੈ ਤੇ ਕਿੰਨੂ ਦੇ ਬਾਗਾਂ ਨੂੰ ਲੇਬਰ ਦਾ ਟੋਟਾ ਹੈ। ਪਿੰਡ ਰਾਜਪੁਰਾ ਦੇ ਨਸ਼ੀਰ ਸਿੰਘ ਦਾ ਕਹਿਣਾ ਹੈ ਕਿ ਪੁਲੀਸ ਲੇਬਰ ਨੂੰ ਰੋਕ ਰਹੀ ਹੈ। ਕਿਸਾਨ ਵਿਨੋਦ ਨੇ ਦੱਸਿਆ ਕਿ ਖੇਤਾਂ ਵਿਚ ਅਵਾਰਾ ਪਸ਼ੂ ਖੁੱਲ੍ਹੇ ਫਸਲਾਂ ਨੂੰ ਚਪਟ ਕਰਨ ਲੱਗੇ ਹਨ ਅਤੇ ਕਿਸਾਨ ਪੁਲੀਸ ਦੇ ਡਰੋਂ ਖੇਤ ਨਹੀਂ ਜਾਂਦੇ। ਰਾਖੇ ਵੀ ਭੱਜ ਗਏ ਹਨ।



ਦੁੱਧ, ਸਬਜ਼ੀਆਂ ਅਤੇ ਦਵਾਈਆਂ ਦੀ ਡਲਿਵਰੀ ਦੇ ਸਰਕਾਰੀ ਦਾਅਵੇ ਹਨ। ਤਸਵੀਰਾਂ ਵਿਚ ਸਰਕਾਰ ਮੁਸਤੈਦ ਹੈ ਪ੍ਰੰਤੂ ਜ਼ਮੀਨੀ ਹਕੀਕਤ ਏਦਾਂ ਦੀ ਨਹੀਂ। ਪੰਜਾਬ ਦੇ ਕਰੀਬ 35 ਹਜ਼ਾਰ ਕੈਂਸਰ ਮਰੀਜ਼ਾਂ ਬਿਪਤਾ 'ਚ ਹਨ। ਰਾਮਪੁਰਾ ਦੀ ਕੈਂਸਰ ਮਰੀਜ਼ ਕਿਰਨਜੀਤ ਕੌਰ ਸਧਾਣਾ ਓ.ਪੀ.ਡੀ ਬੰਦ ਹੋਣ ਕਰਕੇ ਕੀਮੋਥਰੈਪੀ ਨਹੀਂ ਕਰਾ ਸਕੀ। ਓ.ਪੀ.ਡੀ ਬੰਦੀ ਕਰਕੇ ਕੈਂਸਰ ਮਰੀਜ਼ਾਂ ਨੂੰ ਜ਼ਿੰਦਗੀ ਛੋਟੀ ਜਾਪਣ ਲੱਗੀ ਹੈ। ਮੈਡੀਕਲ ਸਟੋਰ ਵੀ ਬੰਦ ਹਨ। ਪਿੰਡ ਸ਼ਾਹਪੁਰ (ਸੰਗਰੂਰ) 'ਚ ਪੁਲੀਸ ਨੇ ਆਰ.ਐਮ.ਪੀ ਡਾਕਟਰ ਕੁੱਟੇ ਜਿਸ ਮਗਰੋਂ ਸਭ ਦੁਕਾਨਾਂ ਬੰਦ ਹਨ। ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਧੰਨਾ ਮੱਲ ਗੋਇਲ ਆਖਦੇ ਹਨ ਕਿ ਉਹ ਸਰਕਾਰੀ ਮਦਦ ਲਈ ਬਤੌਰ ਵਲੰਟੀਅਰ ਕੰਮ ਕਰਨ ਲਈ ਤਿਆਰ ਹਨ। ਪਿੰਡ ਤੂੰਗਾਂ (ਪਟਿਆਲਾ) 'ਚ ਕੋਈ ਮੈਡੀਕਲ ਸਹੂਲਤ ਨਹੀਂ। ਕਿਸਾਨ ਭੁਪਿੰਦਰ ਸਿੰਘ ਨੂੰ ਫੌਰੀ ਇਲਾਜ ਵਾਸਤੇ ਥਾਣੇ ਤੋਂ ਪ੍ਰਵਾਨਗੀ ਲੈਣੀ ਪਈ। ਗੋਨਿਆਣਾ ਦੇ ਸਾਬਕਾ ਚੇਅਰਮੈਨ ਸੁਖਮਿੰਦਰ ਸਿੰਘ ਦਾ ਕਹਿਣਾ ਸੀ ਕਿ ਮੈਡੀਕਲ ਸਟੋਰ ਨਾ ਖੁੱਲ੍ਹੇ ਤਾਂ ਲੋਕਾਂ ਦੀ ਜ਼ਿੰਦਗੀ ਦਾਅ 'ਤੇ ਲੱਗ ਜਾਵੇਗੀ। ਕਪੂਰਥਲਾ ਦੇ ਪਿੰਡਾਂ ਵਿਚ ਦੁੱਧ ਖਰਾਬ ਹੋਣ ਲੱਗਾ ਹੈ। ਪਿੰਡ ਖੱਸਣ ਦੇ ਸਾਬਕਾ ਸਰਪੰਚ ਐਨ.ਐਸ.ਕੰਗ ਨੇ ਦੱਸਿਆ ਕਿ ਪਹਿਲੋਂ ਰੋਜ਼ਾਨਾ 50 ਕੁਇੰਟਲ ਦੁੱਧ ਪਿੰਡੋਂ ਸ਼ਹਿਰ ਜਾਂਦਾ ਸੀ। ਹੁਣ ਦੋਧੀ ਨਹੀਂ ਆ ਰਹੇ ਜਿਸ ਕਰਕੇ ਘਰਾਂ ਵਿਚ ਦੁੱਧ ਸੰਭਾਲਣਾ ਔਖਾ ਹੋ ਗਿਆ ਹੈ। ਦੋਧੀ ਸਸਤੇ ਭਾਅ ਦੁੱਧ ਖਰੀਦਣ ਲੱਗੇ ਹਨ।

ਰਾਮਪੁਰਾ ਦਾ ਡੇਅਰੀ ਮਾਲਕ ਜਸਵਿੰਦਰ ਬੱਲ੍ਹੋ ਕਰੀਬ ਡੇਢ ਦਰਜਨ ਪਿੰਡਾਂ ਚੋਂ ਪਹਿਲਾਂ ਦੁੱਧ ਇਕੱਠਾ ਕਰਦਾ ਸੀ। ਹੁਣ ਸਭ ਕੁਝ ਬੰਦ ਹੈ। ਦੋਧੀ ਯੂਨੀਅਨ ਪੰਜਾਬ ਦੇ ਸਾਬਕਾ ਪ੍ਰਧਾਨ ਸੋਹਣ ਸਿੰਘ ਦੱਸਦੇ ਹਨ ਕਿ ਪੰਜਾਬ 'ਚ ਕਰੀਬ ਢਾਈ ਲੱਖ ਦੋਧੀ ਹਨ ਜਿਨ੍ਹਾਂ ਵੱਲੋਂ 60 ਫੀਸਦੀ ਦੁੱਧ ਦੀ ਕੁਲੈਕਸ਼ਨ ਕੀਤੀ ਜਾਂਦੀ ਹੈ। ਹੁਣ ਦੁੱਧ ਘਰਾਂ ਵਿਚ ਖਰਾਬ ਹੋ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਸਪਲਾਈ ਦਾ ਸੀਮਿਤ ਸਮਾਂ ਕਰਕੇ ਕੋਈ ਢੁਕਵਾਂ ਹੱਲ ਕੱਢੇ। ਪੇਂਡੂ ਲੋਕਾਂ ਆਖਦੇ ਹਨ ਕਿ ਪੁਲੀਸ ਦਹਿਸ਼ਤ ਕਰਕੇ ਕਿਸਾਨ ਖੇਤਾਂ ਨੂੰ ਪਾਣੀ ਵੀ ਲਾਉਣ ਤੋਂ ਡਰਦੇ ਹਨ। ਹਾਲਾਂਕਿ ਸਰਕਾਰੀ ਸਖ਼ਤੀ ਜਾਇਜ਼ ਹੈ ਅਤੇ ਲੋਕ ਆਫਤ ਨੂੰ ਸਮਝਦੇ ਵੀ ਹਨ। ਲੋਕ ਇਸ ਗੱਲੋਂ ਦੁੱਖੀ ਹਨ ਕਿ ਬਦਲਵੇਂ ਪ੍ਰਬੰਧ ਨਹੀਂ ਕੀਤੇ। ਸ਼ਹਿਰਾਂ 'ਚ ਸਬਜ਼ੀਆਂ ਦੀ ਸਪਲਾਈ ਨਹੀਂ।ਡਿਪਟੀ ਕਮਿਸ਼ਨਰ ਆਖਦੇ ਹਨ ਕਿ ਸਬਜ਼ੀਆਂ ਦੀ ਹੋਮ ਡਲਿਵਰੀ ਹੈ ਬਠਿੰਡਾ ਦੇ ਜ਼ਿਲ੍ਹਾ ਮੰਡੀ ਅਫਸਰ ਪ੍ਰੀਤ ਕੰਵਰ ਸਿੰਘ ਦਾ ਕਹਿਣਾ ਸੀ ਕਿ ਸ਼ਹਿਰ ਵਿਚ 250 ਰੇਹੜੀਆਂ ਤੇ ਟਰਾਲੀਆਂ ਹੋਮ ਡਲਿਵਰੀ ਲਈ ਭੇਜੀਆਂ ਹਨ। ਹਰ ਜ਼ਿਲ੍ਹਾ ਪ੍ਰਸ਼ਾਸਨ ਤਰਫ਼ੋਂ ਐਮਰਜੈਂਸੀ ਨੰਬਰ ਵੀ ਜਾਰੀ ਕੀਤੇ ਗਏ ਹਨ। ਭਗਤਾ ਭਾਈ ਦੇ ਨਛੱਤਰ ਸਿੱਧੂ ਇਸ ਗੱਲੋਂ ਪ੍ਰੇਸ਼ਾਨ ਹੈ ਕਿ ਦੋ ਦਿਨਾਂ ਤੋਂ ਫੋਨ ਨਹੀਂ ਲੱਗ ਰਿਹਾ। ਇੱਥੋਂ ਦਾ ਹੀ ਪੋਲਟਰੀ ਮਾਲਕ ਰਾਜਵਿੰਦਰ ਸਿੰਘ ਪੁਲੀਸ ਡਰੋਂ ਫਾਰਮ 'ਤੇ ਜਾ ਨਹੀਂ ਸਕਿਆ। ਦੂਸਰੇ ਸੂਬਿਆਂ ਤੋਂ ਸਬਜ਼ੀਆਂ ਆਮਦ ਰੁਕ ਗਈ ਹੈ।

ਜਲੰਧਰ ਦੀ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਡਿੰਪੀ ਸਚਦੇਵਾ ਦਾ ਕਹਿਣਾ ਸੀ ਕਿ ਗੁਜਰਾਤ, ਮਹਾਰਾਸ਼ਟਰ ਤੇ ਕਰਨਾਟਕਾ ਤੋਂ ਆਉਣ ਵਾਲੀ ਸਬਜ਼ੀ ਦੀ ਆਮਦ ਘਟੀ ਹੈ ਜਿਸ ਦਾ ਕੋਈ ਹੱਲ ਕੱਢਣਾ ਪਵੇਗਾ। ਪ੍ਰਸ਼ਾਸਨ ਨੇ ਰੇਹੜੀ ਵਾਲਿਆਂ ਨੂੰ ਪਾਸ ਜਾਰੀ ਕੀਤੇ ਹਨ ਪ੍ਰੰਤੂ ਹਾਲੇ ਗੱਡੀ ਲੀਹ ਨਹੀਂ ਪਈ ਹੈ। ਸਿਹਤ ਮੰਤਰੀ ਬਲਵੀਰ ਸਿੰਘ ਸਿੱਧੂ ਦਾ ਪ੍ਰਤੀਕਰਮ ਸੀ ਕਿ ਕੌਮਾਂਤਰੀ ਆਫਤ ਦੇ ਟਾਕਰੇ ਲਈ ਪੰਜਾਬੀਆਂ ਨੂੰ ਕੁਝ ਤੰਗੀ ਕੱਟਣੀ ਪੈ ਸਕਦੀ ਹੈ ਪ੍ਰੰਤੂ ਇਹ ਸਭ ਕੁਝ ਮਨੁੱਖੀ ਭਲੇ ਲਈ ਹੈ। ਅਗਰ ਕੈਂਸਰ ਮਰੀਜ਼ਾਂ ਨੂੰ ਕੋਈ ਮੁਸ਼ਕਲ ਹੈ ਤਾਂ ਉਹ ਫੌਰੀ ਮਹਿਕਮੇ ਨਾਲ ਸੰਪਰਕ ਕਰਨ। ਮਹਿਕਮਾ ਦਵਾਈ ਦੀ ਹੋਮ ਡਲਿਵਰੀ ਦੇਵੇਗਾ। ਦੋਧੀਆਂ ਨੂੰ ਰਿਆਇਤ ਦਿੱਤੀ ਗਈ ਹੈ ਅਤੇ ਸਬਜ਼ੀ ਉਤਪਾਦਕਾਂ ਲਈ ਨਵੀਂ ਅਡਵਾਈਜ਼ਰੀ ਜਾਰੀ ਹੋਵੇਗੀ। ਗਰੀਬ ਬਸਤੀਆਂ ਵਿਚ ਪ੍ਰਸ਼ਾਸਨ ਤਰਫ਼ੋਂ ਰਾਸ਼ਨ ਵਗੈਰਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਅਪੀਲ ਕੀਤੀ ਕਿ ਲੋਕ ਕਰੋਨਾ ਦੇ ਕਹਿਰ ਨੂੰ ਸਮਝਣ ਅਤੇ ਆਪਣੀ ਜ਼ਿੰਦਗੀ ਲਈ ਸਹਿਯੋਗ ਕਰਨ।

**ਸੈਂਕੜੇ ਸ਼ਹਿਦ ਮੱਖੀ ਪਾਲਕ ਕਸੂਤੇ ਫਸੇ**

ਪੰਜਾਬ ਦੇ ਸੈਂਕੜੇ ਸ਼ਹਿਦ ਮੱਖੀ ਪਾਲਕ ਦੂਜੇ ਰਾਜਾਂ ਵਿਚ ਫਸ ਗਏ ਹਨ। ਪ੍ਰੋਗਰੈਸਿਵ ਬੀ-ਕੀਪਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਨਰਪਿੰਦਰ ਧਾਲੀਵਾਲ ਅਤੇ ਜਨਰਲ ਸਕੱਤਰ ਜਗਤਾਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮਧੂ ਮੱਖੀ ਪਾਲਕਾਂ ਦੀ ਸੁਰੱਖਿਅਤ ਘਰ ਵਾਪਸੀ ਦੀ ਮੰਗ ਕੀਤੀ ਹੈ। ਇਹ ਮੱਖੀ ਪਾਲਕ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਯੂ.ਪੀ ਵਿਚ ਸਰ੍ਹੋਂ ਦੀ ਫਸਲ ਕਰਕੇ ਗਏ ਹੋਏ ਸਨ ਪ੍ਰੰਤੂ ਹੁਣ ਆਵਾਜਾਈ ਬੰਦ ਹੋਣ ਕਰਕੇ ਫਸ ਗਏ ਹਨ। ਉਨ੍ਹਾਂ ਨੂੰ ਤਾਪਮਾਨ ਕਰਕੇ ਮਧੂ ਕਲੋਨੀਆਂ ਦੇ ਖਤਮ ਹੋਣ ਦਾ ਡਰ ਵੀ ਬਣਿਆ ਹੈ। ਫਿਰੋਜ਼ਪੁਰ, ਬਠਿੰਡਾ ਤੇ ਮਾਨਸਾ ਦੇ ਮਧੂ ਮੱਖੀ ਪਾਲਕਾਂ ਨੂੰ ਦੂਸਰੇ ਰਾਜਾਂ ਵਿਚ ਰਾਸ਼ਨ ਦੀ ਮੁਸ਼ਕਲ ਵੀ ਆ ਗਈ ਹੈ।









# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

**TEAM OF OVER 550 REALTORS**

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
# 905.913.8500
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






AMAR
Developments
CAMBRIDGE
Cambridge Park - Phase 3
Map & Lot Pricing
Manjit Dubra : 403-690-2885
Rani Dubra : 403-612-7881
Amar Dubra : 403-470-2627
Cambridge
PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.